PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
18th - 25th April 2024 • Issue No. 3026
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫ਼ੋਨ ਕਰੋ !

Tel: 020 8571 6680
India:+91-181 5086389

# ਬੀਬੀ ਰਾਜਵਿੰਦਰ ਕੌਰ ਗਿੱਲ ਨੇ ਯੂ ਕੇ ਵਿੱਚ ਰਚਿਆ ਇਤਿਹਾਸ

## ਇੰਗਲੈਂਡ ਵਿੱਚ ‘ਹਾਈ ਸ਼ੈਰਿਫ’ ਦਾ ਅਹੁਦਾ ਪ੍ਰਾਪਤ ਕਰਕੇ ਪਹਿਲੀ ਸਿੱਖ ਬੀਬੀ ਨੇ ਵਾਰਿਕਸ਼ਾਇਰ ਕਾਊਂਟੀ ਵਿੱਚ ਨਾਮਜ਼ਦ ਹੋ ਸਿੱਖ ਕੌਮ ਦਾ ਵਧਾਇਆ ਮਾਣ








ਖ਼ਬਰ ਅੰਦਰ ਦੇਖੋ:







# ਸਿੱਖ ਅਜਾਇਬਘਰ ਡਰਬੀ ਨੂੰ ਰੌਇਲ ਨੇਵੀ ਵੱਲੋਂ ਸਿੱਖ ਨਾਮ ਵਾਲਾ ਜੰਗੀ ਸਮੁੰਦਰੀ ਜਹਾਜ਼ ਭੇਂਟ

## (ਐਚ ਐਮ ਐਸ ਸਿੱਖ) ਸ਼ਿੱਪ ਬ੍ਰਿਟਿਸ਼ ਸਿੱਖ ਫੌਜ ਵੱਲੋਂ ਦੂਜੇ ਮਹਾਂ ਯੁੱਧ ਵਿੱਚ ਵਰਤਿਆ ਗਿਆ ਸੀ, ਤੇ ਦੁਸ਼ਮਣ ਫੌਜ ਨੇ ਜਹਾਜ਼ ਤਬਾਹ ਕਰਕੇ ਫੌਜੀ ਕੈਦ ਕਰ ਲਏ ਸਨ







ਖ਼ਬਰ 13 ਪੰਨੇ ਤੇ ਦੇਖੋ:

# ਡਰਬੀ ਵਿਖੇ ਆਯੋਜਿਤ ਕੀਤੇ ਗਏ ਵਿਸਾਖੀ ਨਗਰ ਕੀਰਤਨ ਦੀਆਂ ਝਲਕੀਆਂ



# ਸੁੰਯਕਤ ਰਾਸ਼ਟਰ ਨਕਾਮ, ਤੀਜੇ ਵਿਸ਼ਵ ਯੁੱਧ ਵੱਲ ਵਧੀ ਦੁਨੀਆ

**✪ ਈਰਾਨ ਨੇ ਇਜ਼ਰਾਈਲ 'ਤੇ ਕੀਤਾ ਹਮਲਾ, 300 ਤੋਂ ਵੱਧ ਡਰੋਨ ਅਤੇ ਮਿਜ਼ਾਈਲਾਂ ਦਾਗੀਆਂ ✪ ਅਮਰੀਕਾ ਈਰਾਨ ਖਿਲਾਫ ਜਵਾਬੀ ਕਾਰਵਾਈ ਵਿਚ ਨਹੀਂ ਲਵੇਗਾ ਹਿੱਸਾ ✪ ਬ੍ਰਿਟੇਨ ਨੇ ਦਿੱਤਾ ਇਜ਼ਰਾਈਲ ਦਾ ਸਾਥ, ਆਰਏਐਫ ਜੈੱਟ ਨੇ ਸੁੱਟੇ ਕਈ ਇਰਾਨੀ ਡਰੋਨ ✪ ਰੂਸ ਤੇ ਚੀਨ ਇਰਾਨ ਦੇ ਹੱਕ ਵਿਚ ਡਟੇ**

// ਖਾਸ ਖਬਰ //

ਕੀ ਸੰਸਾਰ ਤੀਜੇ ਵਿਸ਼ਵ ਯੁੱਧ ਵੱਲ ਵਧ ਰਿਹਾ ਹੈ ? ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੇ ਤਣਾਅ ਨੇ ਇਸ ਦੀਆਂ ਚਰਚਾਵਾਂ ਤੇਜ਼ ਕਰ ਦਿੱਤੀਆਂ ਹਨ। 79 ਸਾਲਾਂ ਬਾਅਦ ਵਿਸ਼ਵ ਯੁੱਧ ਸਬੰਧੀ ਇਸ ਚਰਚਾ ਦੇ ਤਿੰਨ ਅਹਿਮ ਕਾਰਨ ਹਨ। ਪਹਿਲਾ ਕਾਰਨ ਮੱਧ ਪੂਰਬ ਅਤੇ ਯੂਰਪ ਵਿੱਚ ਪੂਰੀ ਤਰ੍ਹਾਂ ਨਾਲ ਅਸ਼ਾਂਤੀ ਹੈ। ਦੂਜਾ ਕਾਰਨ ਸੰਯੁਕਤ ਰਾਸ਼ਟਰ ਦੀ ਨਾਕਾਮੀ ਹੈ, ਜਦਕਿ ਤੀਜਾ ਅਤੇ ਮਹੱਤਵਪੂਰਨ ਕਾਰਨ ਇਹ ਹੈ ਕਿ ਜ਼ਿਆਦਾਤਰ ਵੱਡੇ ਦੇਸ਼ ਸਿੱਧੇ ਜਾਂ ਅਸਿੱਧੇ ਤੌਰ 'ਤੇ ਯੁੱਧ ਵਿਚ ਸ਼ਾਮਲ ਹਨ। ਸੰਸਾਰ ਵਿੱਚ ਆਖਰੀ ਵਿਸ਼ਵ ਯੁੱਧ 1945 ਵਿੱਚ ਲੜਿਆ ਗਿਆ ਸੀ। ਇਸ ਜੰਗ ਵਿੱਚ ਤਕਰੀਬਨ 6 ਕਰੋੜ ਲੋਕ ਮਾਰੇ ਗਏ ਸਨ।

## ਈਰਾਨ ਅਤੇ ਇਜ਼ਰਾਈਲ ਵਿਚਾਲੇ ਕੀ ਹੈ ਵਿਵਾਦ ?

ਇਜ਼ਰਾਈਲ ਅਕਸਰ ਈਰਾਨ 'ਤੇ ਪ੍ਰੌਕਸੀ ਯੁੱਧ ਦਾ ਦੋਸ਼ ਲਗਾਉਂਦਾ ਹੈ। ਅਕਤੂਬਰ ਵਿੱਚ ਜਦੋਂ ਹਮਾਸ ਨੇ ਇਜ਼ਰਾਈਲ ਉੱਤੇ ਹਮਲਾ ਕੀਤਾ ਸੀ ਤਾਂ ਇਜ਼ਰਾਈਲ ਨੇ ਵੀ ਇਸ ਦੇ ਪਿੱਛੇ ਇਰਾਨ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਦੋਵਾਂ ਵਿਚਾਲੇ ਤਾਜ਼ਾ ਵਿਵਾਦ 1 ਅਪ੍ਰੈਲ ਨੂੰ ਐਬੈਂਸੀ 'ਤੇ ਹਵਾਈ ਹਮਲਾ ਹੈ। ਇਸ ਦਿਨ, ਇਜ਼ਰਾਈਲੀ ਫੌਜ ਨੇ ਸੀਰੀਆ ਵਿੱਚ ਈਰਾਨੀ ਦੂਤਾਵਾਸ ਦੇ ਨੇੜੇ ਇੱਕ ਹਵਾਈ ਹਮਲਾ ਕੀਤਾ। ਇਸ ਵਿੱਚ ਈਰਾਨ ਦੇ ਦੋ ਚੋਟੀ ਦੇ ਸੈਨਾ ਕਮਾਂਡਰਾਂ ਸਮੇਤ 13 ਲੋਕ ਮਾਰੇ ਗਏ ਸਨ। ਉਦੋਂ ਤੋਂ ਈਰਾਨ ਭੜਕਿਆ ਹੋਇਆ ਸੀ। ਇਰਾਨੀ ਸੁਪਰੀਮ ਲੀਡਰ ਆਇਤੁੱਲ੍ਹਾ ਅਲੀ ਖ਼ਮਨੇਈ ਨੇ ਐਲਾਨ ਕੀਤਾ ਸੀ ਕਿ ਇਜ਼ਰਾਈਲ ਨੂੰ ਇਸ ਦੀ 'ਸਜ਼ਾ' ਮਿਲੇਗੀ।



**ਪੰਜਾਬ ਟਾਈਮਜ਼ ਅਨੁਸਾਰ ਯੂਕਰੇਨ ਤੋਂ ਬਾਅਦ ਪੱਛਮੀ ਏਸ਼ੀਆ ਵਿੱਚ ਵੀ ਵੱਡੀਆਂ ਤਾਕਤਾਂ ਦੀ ਸਿੱਧੀ ਜਾਂ ਅਸਿੱਧੀ ਲਾਮਬੰਦੀ ਦਿਖਾਈ ਦੇ ਰਹੀ ਹੈ। ਇਹ ਸਪੱਸ਼ਟ ਤੌਰ 'ਤੇ ਸੰਯੁਕਤ ਰਾਸ਼ਟਰ ਦੇ ਅਧੀਨ ਬਣੀ ਵਿਸ਼ਵ ਪ੍ਰਣਾਲੀ ਦੀ ਬੇਅਸਰਤਾ ਦਾ ਸਬੂਤ ਹੈ। ਸੰਯੁਕਤ ਰਾਸ਼ਟਰ ਦੀ ਅਪੀਲ ਹੁਣ ਤੱਕ ਕਿਸੇ ਵੀ ਜੰਗ ਨੂੰ ਰੋਕਣ ਲਈ ਕਾਰਗਰ ਸਾਬਤ ਨਹੀਂ ਹੋਈ। ਅੱਜ ਇਹ ਖ਼ਤਰਨਾਕ ਅਤੇ ਮੰਦਭਾਗੀ ਸਥਿਤੀ ਸਾਡੇ ਸਾਹਮਣੇ ਹੈ, ਜਿਸ ਵਿੱਚ ਜੰਗ ਦਾ ਘੇਰਾ ਵਧਦਾ ਜਾ ਰਿਹਾ ਹੈ।**

ਇਰਾਨ ਨੇ ਬੀਤੇ ਹਫਤੇ ਇਜ਼ਰਾਈਲ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹੱਲਾ ਬੋਲ ਦਿੱਤਾ ਸੀ। ਇਜ਼ਰਾਇਲੀ ਫ਼ੌਜ ਬੁਲਾਰੇ ਰਿਅਰ ਐਡਮਿਰਨ ਡੈਨਿਅਲ ਹਗਾਰੀ ਨੇ ਕਿਹਾ ਕਿ 300 ਤੋਂ ਵੱਧ ਡਰੋਨ, ਕਰੂਜ਼ ਮਿਜ਼ਾਈਲਾਂ ਅਤੇ ਬੈਲਿਸਟਿਕ ਮਿਜ਼ਾਈਲਾਂ 'ਚੋਂ 99 ਫ਼ੀਸਦੀ ਨੂੰ ਦੇਸ਼ ਦੀਆਂ ਸਰਹੱਦਾਂ ਦੇ ਬਾਹਰ ਤਬਾਹ ਕਰ ਦਿਤਾ ਸੀ, ਜਹਾਜ਼ ਨੇ 10 ਤੋਂ ਵੱਧ ਕਰੂਜ਼ ਮਿਜ਼ਾਈਲਾਂ ਨੂੰ ਰੋਕ ਦਿੱਤਾ ਸੀ। ਈਰਾਨ ਦੇ ਇਸ ਹਮਲੇ ਨੇ ਪੱਛਮੀ ਏਸ਼ੀਆ ਨੂੰ ਖੇਤਰੀ ਜੰਗ ਦੇ ਨੇੜੇ ਧੱਕ ਦਿੱਤਾ ਹੈ।

ਦੂਜੇ ਪਾਸੇ ਇਜ਼ਰਾਈਲ ਦਾ ਦਾਅਵਾ ਸੀ ਕਿ ਉਨ੍ਹਾਂ ਇਰਾਨ ਦਾ ਹਮਲਾ 'ਨਾਕਾਮ' ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ, ਇੰਗਲੈਂਡ ਤੇ ਹੋਰਨਾਂ ਸਾਥੀਆਂ ਦੀ ਮਦਦ ਨਾਲ ਸੈਂਕੜੇ ਮਿਜ਼ਾਈਲਾਂ ਤੇ ਡਰੋਨ ਹਵਾ ਵਿੱਚ ਹੀ ਤਬਾਹ ਕਰ ਦਿੱਤੇ ਗਏ ਹਨ। ਇਜ਼ਰਾਈਲ ਮੁਤਾਬਕ ਇਸ ਬੰਬਾਰੀ ਵਿਚ 12 ਜਣੇ ਫੱਟੜ ਹੋਏ ਹਨ ਜਿਨ੍ਹਾਂ ਵਿਚ ਸੱਤ ਸਾਲ ਦਾ ਬੱਚਾ ਵੀ ਸ਼ਾਮਲ ਹੈ। ਹਵਾਈ ਸੈਨਾ ਦੇ ਇਕ ਟਿਕਾਣੇ ਦਾ 'ਹਲਕਾ ਨੁਕਸਾਨ' ਵੀ ਹੋਇਆ ਹੈ।

ਪਹਿਲੀ ਅਪਰੈਲ ਦੀ ਬੰਬਾਰੀ ਤੋਂ ਬਾਅਦ ਇਰਾਨੀ ਲੀਡਰਸ਼ਿਪ ਨੇ ਬਦਲਾ ਲੈਣ ਦਾ ਅਹਿਦ ਕੀਤਾ ਸੀ। ਉਸਨੇ ਆਪਣੇ ਤਾਜ਼ਾ ਹਮਲੇ ਰਾਹੀਂ ਇਹ ਦਰਸਾ ਕੇ ਕਿ ਉਹ ਇਜ਼ਰਾਈਲ ਦੇ ਧੁਰ ਅੰਦਰ ਤੱਕ ਮਾਰ ਕਰ ਸਕਦਾ ਹੈ, ਇਰਾਨ ਨੇ ਸੰਯੁਕਤ ਰਾਸ਼ਟਰ ਵਿਚ ਆਪਣੇ ਸਥਾਈ ਪ੍ਰਤੀਨਿਧ ਰਾਹੀਂ ਸਪੱਸ਼ਟ ਕੀਤਾ ਹੈ ਕਿ ਜਵਾਬੀ ਕਾਰਵਾਈ 'ਪੂਰੀ' ਹੋ ਗਈ ਹੈ। ਇਸ ਦੇ ਨਾਲ ਹੀ ਇਰਾਨ ਨੇ ਇਜ਼ਰਾਈਲ ਨੂੰ ਚਿਤਾਵਨੀ ਵੀ ਦਿੱਤੀ ਹੈ ਕਿ ਉਹ ਹੁਣ ਕਿਸੇ ਤਰ੍ਹਾਂ ਦੀ ਜਵਾਬੀ ਕਾਰਵਾਈ ਨਾ ਕਰੇ।

ਅਮਰੀਕਾ ਤੋਂ ਇਲਾਵਾ ਇਜ਼ਰਾਈਲ ਦੇ ਕਈ ਹੋਰਾਂ ਸਾਥੀਆਂ ਜਿਨ੍ਹਾਂ ਵਿਚ ਬਰਤਾਨੀਆ ਤੇ ਫਰਾਂਸ ਸ਼ਾਮਿਲ ਹਨ, ਨੇ ਇਜ਼ਰਾਈਲ ਦੀ ਰਾਖੀ ਪ੍ਰਤੀ ਆਪਣੀ ਵਚਨਬੱਧਤਾ ਜ਼ਾਹਿਰ ਕੀਤੀ ਹੈ ਤੇ ਇਸ ਹਮਲੇ ਦੀ ਨਿਖੇਧੀ ਕੀਤੀ ਹੈ। ਰਿਸ਼ੀ ਸੁਨਕ ਨੇ ਪੁਸ਼ਟੀ ਕੀਤੀ ਹੈ ਕਿ ਈਰਾਨ ਵਲੋਂ ਇਜ਼ਰਾਈਲ 'ਤੇ ਹਮਲਾ ਕਰਨ ਤੋਂ ਬਾਅਦ ਆਰਏਐਫ ਜੈੱਟ ਜਹਾਜ਼ਾਂ ਨੇ 'ਕਈ' ਹਮਲਾਵਰ ਡਰੋਨਾਂ ਨੂੰ ਮਾਰ ਸੁੱਟਿਆ।

ਓਧਰ ਤਣਾਅ ਦੇ ਚੱਲਦਿਆਂ ਈਰਾਨੀ ਫ਼ੌਜ ਨੇ ਪੁਰਤਗਾਲੀ ਝੰਡੇ ਵਾਲਾ ਜਿਹੜਾ ਮਾਲਵਾਹਕ ਸਮੁੰਦਰੀ ਬੇੜਾ ਐੱਮਐੱਸਸੀ ਅਰਾਈਜ਼ ਆਪਣੇ ਕਬਜ਼ੇ 'ਚ ਲੈ ਲਿਆ ਸੀ, ਉਸ ਦੇ ਅਮਲੇ ਵਿਚ 17 ਭਾਰਤੀ ਮੌਜੂਦ ਹਨ। ਭਾਰਤ ਸਰਕਾਰ ਦੇ ਦਬਾਅ ਹੇਠ ਈਰਾਨ ਸਰਕਾਰ ਨੇ ਭਾਰਤੀ ਅਧਿਕਾਰੀਆਂ ਨੂੰ ਅਮਲੇ ਦੇ 17 ਮੈਂਬਰਾਂ ਨੂੰ ਮਿਲਣ ਦੀ ਇਜਾਜ਼ਤ ਦੇ ਦਿੱਤੀ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਫੋਨ 'ਤੇ ਇਹ ਮੁੱਦਾ ਈਰਾਨੀ ਵਿਦੇਸ਼ ਮੰਤਰੀ ਕੋਲ ਉਠਾਇਆ ਸੀ।

ਅਹਿਮ ਪੱਖ ਇਹ ਹੈ ਕਿ ਜੇਕਰ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਰਾਨ 'ਤੇ ਜਵਾਬੀ ਹਮਲਾ ਕੀਤਾ ਤਾਂ ਇਸ ਨਾਲ ਮੱਧ ਪੂਰਬ ਵਿਚ ਮੁਕੰਮਲ ਜੰਗ ਲੱਗਣ ਦਾ ਮਾਹੌਲ ਬਣ ਸਕਦਾ ਹੈ। ਇਸੇ ਕਰਕੇ ਦੋਵਾਂ ਦੇਸ਼ਾਂ ਨਾਲ ਚੰਗੇ ਸਬੰਧ ਰੱਖਣ ਵਾਲਾ ਭਾਰਤ ਸੰਜਮ ਵਰਤਣ ਦੀ ਅਪੀਲ ਕਰ ਰਿਹਾ ਹੈ।ਅਮਰੀਕਾ ਨੇ ਤਾਂ ਪਹਿਲਾਂ ਹੀ ਈਰਾਨ ਨੂੰ ਚੇਤਾਵਨੀ ਦੇ ਦਿੱਤੀ ਸੀ ਕਿ ਇਜ਼ਰਾਈਲ ਉਸ ਦਾ ਭਾਈਵਾਲ ਹੈ, ਇਸ ਲਈ ਉਹ ਉਸ 'ਤੇ ਹੋਰ ਹਮਲਾ ਕਰਨ ਦੀ ਕੋਸ਼ਿਸ਼ ਨਾ ਕਰੇ। ਹੁਣ ਵਾਸ਼ਿੰਗਟਨ - ਵ੍ਹਾਈਟ ਹਾਊਸ ਦੇ ਇਕ ਅਧਿਕਾਰੀ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਸਪਸ਼ਟ ਕਰ ਦਿਤਾ ਹੈ ਕਿ ਅਮਰੀਕਾ ਈਰਾਨ ਦੇ ਖਿਲਾਫ ਕਿਸੇ ਵੀ ਇਜ਼ਰਾਈਲੀ ਜਵਾਬੀ ਹਮਲੇ ਵਿਚ ਹਿੱਸਾ ਨਹੀਂ ਲਵੇਗਾ।

ਵ੍ਹਾਈਟ ਹਾਊਸ ਦੇ ਚੋਟੀ ਦੇ ਰਾਸ਼ਟਰੀ ਸੁਰੱਖਿਆ ਬੁਲਾਰੇ ਜੌਨ ਕਿਰਬੀ ਨੇ ਏਬੀਸੀ ਦੇ ''ਦਿਸ ਵੀਕ'' ਨੂੰ ਦੱਸਿਆ ਕਿ ਸੰਯੁਕਤ ਰਾਜ ਇਜ਼ਰਾਈਲ ਨੂੰ ਆਪਣੇ ਬਚਾਅ ਵਿੱਚ ਮਦਦ ਕਰਨਾ ਜਾਰੀ ਰੱਖੇਗਾ, ਪਰ ਇਰਾਨ ਨਾਲ ਜੰਗ ਨਹੀਂ ਚਾਹੁੰਦਾ।

ਦੂਜੇ ਪਾਸੇ ਈਰਾਨ ਨਾਲ ਰੂਸ ਦੇ ਸਮਰਥਨ ਦੇ ਠੋਸ ਸੰਕੇਤ ਮਿਲੇ ਹਨ। ਅਜਿਹੇ ਵਿਚ ਪੱਛਮੀ ਏਸ਼ੀਆ ਦੇ ਜੰਗ ਦੇ ਮੈਦਾਨ ਵਿਚ ਵੱਡੀਆਂ ਤਾਕਤਾਂ ਦੇ ਫਸਣ ਦਾ ਡਰ ਹੋਰ ਵੀ ਡੂੰਘਾ ਹੋ ਗਿਆ ਹੈ।

ਬਾਕੀ ਹਿਸਾ ਸਫਾ 4 ਤੇ ਪੜ੍ਹੋ

## ਇਜ਼ਰਾਈਲ 'ਤੇ ਇਰਾਨੀ ਹਮਲੇ ਕਾਰਣ ਭਾਰਤ ਦੇ 1.1 ਲੱਖ ਕਰੋੜ ਰੁਪਏ ਦੇ ਕਾਰੋਬਾਰ ਦਾ ਵਧਿਆ ਸੰਕਟ

ਈਰਾਨ ਨੇ ਇਜ਼ਰਾਈਲ 'ਤੇ ਹਮਲੇ ਵਿਚ ਦੂਜੇ ਦੇਸ਼ਾਂ ਸ਼ਾਮਲ ਹੁੰਦੇ ਹਨ ਤਾਂ ਭਾਰਤ 'ਤੇ ਇਸ ਦਾ ਡੂੰਘਾ ਪ੍ਰਭਾਵ ਪੈ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਦੋਵਾਂ ਦੇਸ਼ਾਂ ਨਾਲ ਭਾਰਤ ਦੇ ਵਪਾਰਕ ਸਬੰਧ ਹਨ। ਦੋਵਾਂ ਦੇਸ਼ਾਂ ਨਾਲ ਭਾਰਤ ਦਾ ਵਪਾਰ ਪਿਛਲੇ ਸਾਲ ਕਰੀਬ 1.1 ਲੱਖ ਕਰੋੜ ਰੁਪਏ ਦਾ ਸੀ। ਇਨ੍ਹਾਂ ਵਿੱਚੋਂ ਈਰਾਨ ਨਾਲ ਲਗਭਗ 20,800 ਕਰੋੜ ਰੁਪਏ ਦਾ ਕਾਰੋਬਾਰ ਸ਼ਾਮਲ ਹੈ।

ਭਾਰਤ ਈਰਾਨ ਨੂੰ ਚਾਹ, ਕੌਫੀ ਅਤੇ ਖੰਡ ਭੇਜਦਾ ਹੈ। ਪਿਛਲੇ ਸਾਲ ਈਰਾਨ ਨੂੰ ਲਗਭਗ 15,300 ਕਰੋੜ ਰੁਪਏ ਦਾ ਨਿਰਯਾਤ ਕੀਤਾ ਗਿਆ ਸੀ। ਇਸ ਦੇ ਨਾਲ ਹੀ ਅਸੀਂ ਈਰਾਨ ਤੋਂ ਪੈਟਰੋਲੀਅਮ ਕੋਕ, ਨਟਸ ਅਤੇ ਏਸਾਈਕਲ ਅਲਕੋਹਲ ਸਮੇਤ 5500 ਕਰੋੜ ਰੁਪਏ ਦੀਆਂ ਵਸਤਾਂ ਦੀ ਦਰਾਮਦ ਕੀਤੀ। ਭਾਰਤ ਈਰਾਨ ਦੀ ਚਾਬਹਾਰ ਬੰਦਰਗਾਹ ਅਤੇ ਇਸ ਦੇ ਨਾਲ ਲੱਗਦੇ ਚਾਬਹਾਰ ਸਪੈਸ਼ਲ ਇੰਡਸਟਰੀਅਲ ਜ਼ੋਨ ਵਿੱਚ ਵੀ ਭਾਈਵਾਲ ਹੈ। ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਨੇ 2023 'ਚ ਇਜ਼ਰਾਈਲ ਨਾਲ ਕਰੀਬ 89 ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਕੀਤਾ ਸੀ। ਇਸ ਵਿੱਚੋਂ ਕਰੀਬ 70 ਹਜ਼ਾਰ ਕਰੋੜ ਰੁਪਏ ਦੀ ਬਰਾਮਦ ਸ਼ਾਮਲ ਹੈ। ਇਸ ਤੋਂ ਇਲਾਵਾ ਦੋਵਾਂ ਦੇਸ਼ਾਂ ਵਿਚ ਭਾਰਤੀ ਦੇ ਲੋਕ ਵੱਡੀ ਗਿਣਤੀ ਵਿਚ ਰਹਿ ਰਹੇ ਹਨ। ਇਰਾਨ ਵਿਚ ਲਗਭਗ 4000 ਭਾਰਤ ਦੇ ਲੋਕ ਰਹਿ ਰਹੇ ਹਨ। ਇਸ ਦੇ ਨਾਲ ਹੀ ਇਜ਼ਰਾਈਲ ਵਿਚ 18500 ਪ੍ਰਵਾਸੀ ਭਾਰਤੀ ਰਹਿ ਰਹੇ ਹਨ। ਟਕਰਾਅ ਦੀ ਸਥਿਤੀ ਵਿਚ ਪ੍ਰਵਾਸੀ ਭਾਰਤੀਆਂ ਨੂੰ ਕੱਢਣ ਦੀ ਤਿਆਰੀ ਕੀਤੀ ਜਾ ਰਹੀ ਹੈ। ਹਮਲੇ ਦੇ ਡਰੋਂ ਕੱਚਾ ਤੇਲ 1% ਵਧਿਆ। ਪ੍ਰਤੀ ਬੈਰਲ ਦੀ ਕੀਮਤ 85 ਤੋਂ ਵਧ ਕੇ 90 ਡਾਲਰ ਹੋ ਗਈ। ਨੀਦਰਲੈਂਡ ਨੇ ਤਹਿਰਾਨ ਵਿੱਚ ਆਪਣਾ ਦੂਤਾਵਾਸ ਬੰਦ ਕਰ ਦਿੱਤਾ ਹੈ। ਆਸਟ੍ਰੇਲੀਆ ਨੇ ਪਠਾਨ ਤੋਂ ਲੰਡਨ ਲਈ ਉਡਾਣਾਂ ਦਾ ਰੂਟ ਬਦਲ ਦਿੱਤਾ ਹੈ।

ਇਜ਼ਰਾਈਲ ਅਤੇ ਈਰਾਨ ਵਿਚਾਲੇ ਤਣਾਅ ਦਾ ਭੈੜਾ ਅਸਰ ਦੁਨੀਆ ਦੇ ਅਨੇਕ ਦੇਸ਼ਾਂ ਦੇ ਅਰਥਚਾਰਿਆਂ ਤੇ ਸਟਾਕ ਮਾਰਕਿਟਸ ਅਤੇ ਇਕਵਿਟੀਜ਼ 'ਤੇ ਪਵੇਗਾ। ਜੇ ਕਿਤੇ ਇਹ ਤਣਾਅ ਹੋਰ ਵਧ ਗਿਆ ਤਾਂ ਕੱਚੇ ਤੇਲ ਦੀਆਂ ਕੀਮਤਾਂ ਅਸਮਾਨੀਂ ਚੜ੍ਹ ਜਾਣਗੀਆਂ। ਇਸ ਤਣਾਅ ਸਦਕਾ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਭਾਰਤ ਸਮੇਤ ਦੁਨੀਆ ਦੇ ਹੋਰਨਾਂ ਦੇਸ਼ਾਂ 'ਚ ਬਹੁਤ ਜ਼ਿਆਦਾ ਵਧ ਜਾਣਗੀਆਂ।

### 3 ਸਫੇ ਦੀ ਬਾਕੀ

ਹਾਲਾਂਕਿ ਚੀਨ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਹੈ, ਪਰ ਉਸ ਨੇ ਦਮਿਸ਼ਕ ਵਿੱਚ ਹੋਏ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਪੱਛਮੀ ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਅਮਰੀਕਾ ਨੇ ਚੀਨ ਨੂੰ ਕਿਹਾ ਸੀ ਕਿ ਉਹ ਈਰਾਨ 'ਤੇ ਜਵਾਬੀ ਕਾਰਵਾਈ ਨਾ ਕਰਨ ਲਈ ਦਬਾਅ ਬਣਾਏ ਪਰ ਚੀਨ ਨੇ ਇਸ ਤੋਂ ਇਨਕਾਰ ਕਰ ਦਿੱਤਾ।

### ਵਿਸ਼ਵ ਜੰਗ ਦਾ ਖਤਰਾ ਕਿਉਂ ?

ਹੁਣ ਜੇ ਕਿਤੇ ਅਮਰੀਕਾ ਨੇ ਈਰਾਨ 'ਤੇ ਹੱਲਾ ਬੋਲ ਦਿੱਤਾ, ਤਾਂ ਰੂਸ ਸਿੱਧੇ ਤੌਰ 'ਤੇ ਆਪਣੇ ਮਿੱਤਰ ਦੇਸ਼ ਈਰਾਨ ਦੇ ਹੱਕ ਵਿਚ ਆ ਡਟੇਗਾ। ਇੰਜ ਜਿਹੜੇ ਤੀਜੇ ਵਿਸ਼ਵ ਯੁੱਧ ਵਰਗੇ ਹਾਲਾਤ ਬਣਨਗੇ, ਤਾਂ ਉਸ ਤੋਂ ਸਮੁੱਚੀ ਮਨੁੱਖਤਾ ਨੂੰ ਕੋਈ ਨਹੀਂ ਬਚਾ ਸਕੇਗਾ।

ਕੌਮਾਂਤਰੀ ਮਾਹਿਰਾਂ ਅਨੁਸਾਰ ਈਰਾਨ ਦਾ ਇਹ ਤਾਜ਼ਾ ਹਮਲਾ ਕੋਈ ਬਹੁਤਾ ਵਧੀਆ ਸੰਕੇਤ ਨਹੀਂ ਹੈ ਕਿਉਂਕਿ ਜੇ ਕਿਤੇ ਹੋਰ ਇਸਲਾਮਿਕ ਦੇਸ਼ ਇਸ ਜੰਗ ਵਿਚ ਕੁੱਦ ਪਏ, ਤਾਂ ਕੌਮਾਂਤਰੀ ਪੱਧਰ 'ਤੇ ਇਸ ਦਾ ਬਹੁਤ ਭੈੜਾ ਅਸਰ ਪਵੇਗਾ। ਉਂਜ ਵੀ ਇਜ਼ਰਾਇਲੀ ਹਮਲਿਆਂ ਨਾਲ ਹੁਣ ਤੱਕ ਲੈਬਨਾਨ ਤੇ ਸੀਰੀਆ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ ਹਨ। ਅੱਧੀ ਤੋਂ ਵੱਧ ਦੁਨੀਆ ਨੂੰ ਤੇਲ ਦੀ ਸਪਲਾਈ ਭੂ-ਮੱਧ ਸਾਗਰ ਨੂੰ ਲਾਲ ਸਾਗਰ ਨਾਲ ਜੋੜਨ ਵਾਲੀ 120 ਮੀਲ ਲੰਮੀ ਸਵੇਜ਼ ਨਹਿਰ ਰਾਹੀਂ ਹੁੰਦੀ ਹੈ। ਯੂਰਪ ਅਤੇ ਏਸ਼ੀਆ ਵਿਚਾਲੇ ਇਹ ਮੁੱਖ ਵਪਾਰਕ ਰੂਟ ਹੈ।

ਇਥੇ ਜ਼ਿਕਰਯੋਗ ਹੈ ਕਿ ਰੂਸ ਅਤੇ ਯੂਕਰੇਨ ਵਿਚਾਲੇ ਫਰਵਰੀ 2022 ਤੋਂ ਜੰਗ ਚੱਲ ਰਹੀ ਹੈ। ਦੋਵੇਂ ਦੇਸ਼ ਯੂਰਪ ਦਾ ਹਿੱਸਾ ਹਨ। ਇਸ ਜੰਗ ਵਿੱਚ ਯੂਕਰੇਨ ਦੇ 10 ਤੋਂ ਵੱਧ ਸ਼ਹਿਰ ਤਬਾਹ ਹੋ ਚੁੱਕੇ ਹਨ। ਸੰਯੁਕਤ ਰਾਸ਼ਟਰ ਦੇ ਅਨੁਸਾਰ, ਯੁੱਧ ਵਿੱਚ ਹੁਣ ਤੱਕ 600 ਬੱਚਿਆਂ ਸਮੇਤ 10,810 ਯੂਕਰੇਨੀ ਨਾਗਰਿਕ ਮਾਰੇ ਜਾ ਚੁੱਕੇ ਹਨ। ਯੂਕਰੇਨ ਦੇ ਸਥਾਨਕ ਅਖਬਾਰ ਕੀਵ ਇੰਡੀਪੈਂਡੈਂਟ ਮੁਤਾਬਕ ਇਸ ਯੁੱਧ 'ਚ 45 ਹਜ਼ਾਰ ਤੋਂ ਜ਼ਿਆਦਾ ਰੂਸੀ ਫੌਜੀ ਵੀ ਮਾਰੇ ਗਏ ਹਨ। ਮਨੁੱਖੀ ਅਧਿਕਾਰ ਸੰਗਠਨਾਂ ਮੁਤਾਬਕ ਦੋਹਾਂ ਦੇਸ਼ਾਂ ਵਿਚਾਲੇ ਜੰਗ ਕਾਰਨ ਲੱਖਾਂ ਲੋਕਾਂ ਨੂੰ ਘਰ ਛੱਡ ਕੇ ਬੇਘਰ ਹੋਣਾ ਪਿਆ ਹੈ।

ਯੂਰਪ ਵਿਚ ਚੱਲ ਰਹੀ ਜੰਗ ਦੇ ਵਿਚਕਾਰ ਮੱਧ ਪੂਰਬ ਵਿਚ ਵੀ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ ਹੈ। ਮੱਧ ਪੂਰਬ ਵਿੱਚ ਗਾਜ਼ਾ ਅਤੇ ਇਜ਼ਰਾਈਲ ਵਿਚਾਲੇ ਪਿਛਲੇ 6 ਮਹੀਨਿਆਂ ਤੋਂ ਵੱਧ ਸਮੇਂ ਤੋਂ ਜੰਗ ਚੱਲ ਰਹੀ ਹੈ। ਇਸ ਜੰਗ ਵਿੱਚ ਹੁਣ ਤੱਕ 35 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਨ੍ਹਾਂ ਦੋਹਾਂ ਦੇਸ਼ਾਂ ਵਿਚਾਲੇ ਜੰਗ ਕਾਰਨ ਈਰਾਨ ਨੇ ਵੀ ਇਜ਼ਰਾਈਲ ਖਿਲਾਫ ਕਾਰਵਾਈ ਕਰਨ ਦੀ ਗੱਲ ਕਹੀ ਹੈ। ਜੇਕਰ ਈਰਾਨ ਅਤੇ ਇਜ਼ਰਾਈਲ ਵਿਚਾਲੇ ਜੰਗ ਹੁੰਦੀ ਹੈ ਤਾਂ ਮੱਧ ਪੂਰਬ ਦੇ ਕਈ ਦੇਸ਼ ਇਸ ਵਿੱਚ ਸ਼ਾਮਲ ਹੋ ਸਕਦੇ ਹਨ।

ਏਸ਼ੀਆ ਵਿੱਚ ਵੀ ਸਥਿਤੀ ਚੰਗੀ ਨਹੀਂ ਹੈ। ਇੱਥੇ ਭਾਰਤ ਦਾ ਚੀਨ ਅਤੇ ਪਾਕਿਸਤਾਨ ਨਾਲ ਸਰਹੱਦੀ ਵਿਵਾਦ ਹੈ।

ਵੱਡੀ ਗੱਲ ਇਹ ਹੈ ਕਿ ਜਿਹੜੇ ਦੇਸ਼ ਅਮਰੀਕਾ, ਫਰਾਂਸ, ਬਰਤਾਨੀਆ, ਜਰਮਨੀ, ਇਟਲੀ ਅਤੇ ਰੂਸ ਮੁੱਖ ਤੌਰ 'ਤੇ ਦੂਜੇ ਵਿਸ਼ਵ ਯੁੱਧ ਵਿਚ ਸ਼ਾਮਲ ਸਨ, ਉਹ ਇਸ ਵਾਰ ਵੀ ਭੜਕੀ ਜੰਗ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਹਨ। ਮੱਧ ਪੂਰਬ ਦੀ ਜੰਗ ਵਿੱਚ ਅਮਰੀਕਾ ਇਜ਼ਰਾਈਲ ਦੇ ਨਾਲ ਹੈ, ਜਦੋਂ ਕਿ ਰੂਸ-ਯੂਕਰੇਨ ਯੁੱਧ ਵਿੱਚ ਰੂਸ ਯੂਕਰੇਨ ਦੇ ਨਾਲ ਹੈ। ਮੱਧ ਪੂਰਬ ਦੇ ਇਜ਼ਰਾਈਲ ਅਤੇ ਈਰਾਨ ਸਿੱਧੇ ਤੌਰ 'ਤੇ ਯੁੱਧ ਵਿੱਚ ਸ਼ਾਮਲ ਹਨ, ਜਦੋਂ ਕਿ ਇੱਥੇ ਕਈ ਹੋਰ ਦੇਸ਼ ਇੱਕ ਦੂਜੇ ਦੇ ਪਿੱਛੇ ਖੜ੍ਹੇ ਹਨ। ਏਸ਼ੀਆਈ ਅਤੇ ਅਫਰੀਕੀ ਦੇਸ਼ਾਂ ਬਾਰੇ ਸਥਿਤੀ ਅਜੇ ਸਪੱਸ਼ਟ ਨਹੀਂ ਹੈ। ਹਾਲਾਂਕਿ, ਹੁਣ ਤੱਕ ਚੀਨ ਯੂਕਰੇਨ ਅਤੇ ਰੂਸ ਦੀ ਲੜਾਈ ਵਿੱਚ ਰੂਸ ਦਾ ਸਮਰਥਨ ਕਰਦਾ ਰਿਹਾ ਹੈ। ਤਾਈਵਾਨ ਦੇ ਮੁੱਦੇ 'ਤੇ ਚੀਨ ਦੇ ਅਮਰੀਕਾ ਨਾਲ ਡੂੰਘੇ ਮਤਭੇਦ ਹਨ। ਜਦਕਿ ਭਾਰਤ ਦਾ ਰਵੱਈਆ ਨਿਰਪੱਖ ਰਿਹਾ

ਹਾਲ ਹੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਨ ਨਾਲ ਸਰਹੱਦੀ ਵਿਵਾਦ ਨੂੰ ਲੈ ਕੇ ਬਿਆਨ ਦਿੱਤਾ ਸੀ। ਪੀਐਮ ਮੋਦੀ ਨੇ ਕਿਹਾ ਸੀ ਕਿ ਇਸ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਪਾਕਿਸਤਾਨ ਦਾ ਅਫਗਾਨਿਸਤਾਨ ਨਾਲ ਵੀ ਸਰਹੱਦੀ ਵਿਵਾਦ ਹੈ। ਇਸ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਕਈ ਵਾਰ ਝੜਪਾਂ ਹੋ ਚੁੱਕੀਆਂ ਹਨ।

# ਰੂਸ ਵਲੋਂ ਪਰਮਾਣੂ ਜੰਗ ਦੀ ਤਿਆਰੀ !

## ✪ ਰੂਸੀ ਵਿਗਿਆਨੀ ਦਾ ਹੈਰਾਨ ਕਰਨ ਵਾਲਾ ਦਾਅਵਾ

ਰੂਸੀ ਪ੍ਰੋਫ਼ੈਸਰ ਦਮਿਤਰੀ ਇਵਸਟਾਫ਼ੀਏਵ ਦੇ ਅਨੁਸਾਰ ਰੂਸ ਪ੍ਰਮਾਣੂ ਹਮਲਿਆਂ ਨਾਲ ਲਗਭਗ 25 ਕਰੋੜ ਯੂਰਪੀਅਨਾਂ ਦਾ ਸਫਾਇਆ ਕਰਨ ਜਾ ਰਿਹਾ ਹੈ। ਰੂਸੀ ਪ੍ਰੋਫ਼ੈਸਰ ਦਮਿਤਰੀ ਇਵਸਟਾਫ਼ੀਏਵ ਨੇ ਇਸ ਹਫ਼ਤੇ ਦੇਸ਼ ਦੇ ਸਰਕਾਰੀ ਮਾਲਕੀ ਵਾਲੇ ਰੋਸੀਆ 1 ਟੀਵੀ ਚੈਨਲ 'ਤੇ ਇੱਕ ਬਿਆਨ ਜਾਰੀ ਕੀਤਾ, ਜਿਸ ਵਿੱਚ ਦਾਅਵਾ ਕੀਤਾ ਸੀ ਕਿ ਇਹ ਅਟੱਲ ਹੈ ਕਿ ਵਲਾਦੀਮੀਰ ਪੁਤਿਨ ਪ੍ਰਮਾਣੂ ਹਥਿਆਰਾਂ ਨਾਲ ਯੂਰਪ ਨੂੰ ਨਿਸ਼ਾਨਾ ਬਣਾਏਗਾ। ਇਵਸਟਾਫ਼ੀਏਵ ਨੂੰ ਨਹੀਂ ਲੱਗਦਾ ਕਿ ਅਮਰੀਕਾ ਫਾਇਰਿੰਗ ਲਾਈਨ ਵਿੱਚ ਹੋਵੇਗਾ। ਪਰ ਉਸ ਦੇ ਅਨੁਸਾਰ, ਬਦਕਿਸਮਤੀ ਨਾਲ ਯੂਰਪੀਅਨਾਂ ਦੇ ਮਨਾਂ ਨੂੰ ਉਤੇਜਿਤ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਹਨ।

ਉਹ ਮਹਿਸੂਸ ਕਰਦੇ ਹਨ ਕਿ ਅਮਰੀਕਾ ਨੂੰ ਆਪਣੀਆਂ ਝੂਠੀਆਂ ਸੰਵੇਦਨਾਵਾਂ ਨੂੰ ਪਾਸੇ ਰੱਖਣਾ ਚਾਹੀਦਾ ਹੈ ਕਿ ਕੋਈ ਯੂਰਪੀਅਨ ਪ੍ਰਮਾਣੂ ਯੁੱਧ ਨਹੀਂ ਹੋਵੇਗਾ। ਇਹ ਹੋਵੇਗਾ ਅਤੇ ਇਸ ਨੂੰ ਸਿੱਧੇ ਤੌਰ 'ਤੇ ਦੱਸਿਆ ਜਾਣਾ ਚਾਹੀਦਾ ਹੈ।

**ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।**

# ਬਲੋਚ ਅੱਤਵਾਦੀਆਂ ਨੇ 9 ਪੰਜਾਬੀ ਬੱਸ ਵਿਚੋਂ ਕੱਢਕੇ ਮਾਰੇ

## ✪ ਪਾਕਿਸਤਾਨੀ ਪੰਜਾਬ ਵਿਚ ਪੰਜਾਬੀਆਂ ਦਾ ਬੋਲਬਾਲਾ ਹੋਣ ਕਾਰਨ ਫੈਲਾਈ ਜਾ ਰਹੀ ਏ ਨਫਰਤ



ਨੌਸ਼ਕੀ-ਪਾਕਿਸਤਾਨ ਵਿੱਚ ਬਲੋਚ, ਪਸ਼ਤੂਨ ਅਤੇ ਮੁਹਾਜਿਰਾਂ ਦੀ ਪਛਾਣ ਲਈ ਅੰਦੋਲਨ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਪਸ਼ਤੂਨ ਇਹ ਮੰਨਦੇ ਰਹੇ ਹਨ ਕਿ ਉਨ੍ਹਾਂ ਦੀ ਪਛਾਣ 5000 ਸਾਲ ਪੁਰਾਣੀ ਹੈ ਅਤੇ ਉਹ ਇਸਲਾਮ ਅਤੇ ਪਾਕਿਸਤਾਨ ਨਾਲੋਂ ਪੁਰਾਣੀ ਸਭਿਅਤਾ ਹਨ। ਇਹੀ ਕਾਰਨ ਹੈ ਕਿ ਉਹ ਅਫਗਾਨਿਸਤਾਨ ਤੇ ਖੈਬਰ ਪਖਤੂਨਖਵਾ ਨੂੰ ਇੱਕ ਯੂਨਿਟ ਮੰਨਦੇ ਹਨ ਅਤੇ ਪਾਕਿਸਤਾਨ ਦੀ ਸਰਹੱਦ ਨੂੰ ਵੀ ਰੱਦ ਕਰਦੇ ਹਨ। ਬਲੋਚਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰਕੇ ਉਨ੍ਹਾਂ ਨਾਲ ਗਲਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਸਰੋਤਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਪਾਕਿਸਤਾਨ ਵਿੱਚ ਪੰਜਾਬ ਸੂਬੇ ਦਾ ਦਬਦਬਾ ਸਭ ਤੋਂ ਵੱਧ ਬਣਿਆ ਹੋਇਆ ਹੈ। ਫੌਜ ਤੋਂ ਲੈ ਕੇ ਸੱਤਾ ਤੱਕ ਹਰ ਚੀਜ਼ ਵਿੱਚ ਪੰਜਾਬੀਆਂ ਦਾ ਦਬਦਬਾ ਹੈ। ਅਜਿਹੇ ਵਿਚ ਕਈ ਥਾਵਾਂ 'ਤੇ ਪੰਜਾਬੀ ਵਿਰੋਧ ਹਿੰਸਕ ਰੂਪ ਧਾਰਨ ਕਰ ਰਹੇ ਹਨ। ਬੀਤੇ ਸ਼ਨੀਵਾਰ ਨੂੰ ਹੀ ਬਲੋਚਿਸਤਾਨ ਵਿੱਚ 11 ਲੋਕ ਮਾਰੇ ਗਏ, ਜੋ ਮੂਲ ਰੂਪ ਵਿੱਚ ਪਾਕਿਸਤਾਨੀ ਪੰਜਾਬ ਦੇ ਸਨ। ਬਲੋਚ ਅੱਤਵਾਦੀਆਂ ਨੇ ਵੱਖ-ਵੱਖ ਹਮਲਿਆਂ ਵਿਚ 11 ਲੋਕਾਂ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਹੈ।

ਸ਼ਨੀਵਾਰ ਨੂੰ ਬਲੋਚਿਸਤਾਨ ਸੂਬੇ ਦੇ ਨੌਸ਼ਕੀ ਇਲਾਕੇ ਵਿਚ ਬੰਦੂਕਧਾਰੀਆਂ ਨੇ ਪੰਜਾਬ ਸੂਬੇ ਦੇ 9 ਨੌਜਵਾਨਾਂ ਨੂੰ ਬੱਸ ਵਿਚੋਂ ਜ਼ਬਰਦਸਤੀ ਕੱਢਿਆ ਤੇ ਪੰਜਾਬੀ ਹੋਣ ਦੀ ਪੁਸ਼ਟੀ ਕਰਨ ਤੋਂ ਬਾਅਦ ਅਗਵਾ ਕਰ ਲਿਆ। ਬੰਦੂਕਧਾਰੀਆਂ ਨੇ ਬਾਅਦ ਵਿਚ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਨੇੜੇ ਦੇ ਪੁਲ ਹੇਠਾਂ ਸੁੱਟ ਦਿੱਤਾ।

# ਅੰਮ੍ਰਿਤਪਾਲ ਸਿੰਘ ਦੀ ਮਾਤਾ ਸਣੇ ਛੇ ਜਣੇ ਜ਼ਮਾਨਤ 'ਤੇ ਰਿਹਾਅ



ਅੰਮ੍ਰਿਤਸਰ-ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਮਾਤਾ, ਹੋਰ ਪਰਿਵਾਰਕ ਮੈਂਬਰਾਂ ਸਮੇਤ ਛੇ ਵਿਅਕਤੀਆਂ ਨੂੰ ਬੀਤੇ ਦਿਨੀਂ ਜੇਲ੍ਹ ਵਿੱਚੋਂ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਜਥੇਬੰਦੀ ਦੇ ਇੱਕ ਆਗੂ ਨੇ ਦੱਸਿਆ ਕਿ ਉਨ੍ਹਾਂ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਖਾਲਸਾ ਮਾਰਚ ਕੱਢਣ ਤੋਂ ਰੋਕਣ ਲਈ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਸੀ। ਪੁਲੀਸ ਨੇ ਉਨ੍ਹਾਂ ਖਿਲਾਫ ਅਗਾਊਂ ਬਚਾਓ ਨੀਤੀ ਤਹਿਤ ਕਾਰਵਾਈ ਕਰਦਿਆਂ ਜੇਲ੍ਹ ਭੇਜ ਦਿੱਤਾ ਸੀ। ਇਸ ਸਬੰਧ ਵਿੱਚ ਗ੍ਰਿਫਤਾਰ ਕੀਤੇ ਮੈਂਬਰਾਂ ਵੱਲੋਂ ਜ਼ਮਾਨਤ ਲਈ ਅਪੀਲ ਸੈਸ਼ਨ ਕੋਰਟ ਵਿੱਚ ਦਾਇਰ ਕੀਤੀ ਗਈ ਸੀ ਪਰ ਇਸ ਤੋਂ ਪਹਿਲਾਂ ਹੀ ਪੁਲੀਸ ਵੱਲੋਂ ਉਨ੍ਹਾਂ ਨੂੰ ਜ਼ਮਾਨਤ 'ਤੇ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਰਿਹਾਅ ਕੀਤੇ ਗਏ ਵਿਅਕਤੀਆਂ ਵਿੱਚ ਅੰਮ੍ਰਿਤ ਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ, ਇੱਕ ਚਾਚਾ, ਚਾਚੀ ਤੇ ਭੂਆ ਸਮੇਤ ਹੋਰ ਸ਼ਾਮਿਲ ਸਨ।

# ਭਾਰਤੀ ਮੂਲ ਦੀ ਰਿਧੀ ਪਟੇਲ ਕੌਂਸਲ ਮੈਂਬਰਾਂ ਤੇ ਮੇਅਰ ਨੂੰ ਧਮਕੀਆਂ ਦੇਣ ਦੇ ਮਾਮਲੇ ਵਿਚ ਹੋਈ ਗ੍ਰਿਫਤਾਰ

***ਬੇਕਰਸਫੀਲਡ ਸਿਟੀ ਕੌਂਸਲ ਮੀਟਿੰਗ ਦੌਰਾਨ ਕੀਤੀਆਂ ਟਿੱਪਣੀਆਂ ਕਾਰਨ ਪੈਦਾ ਹੋਇਆ ਵਿਵਾਦ***

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਬੇਕਰਸਫੀਲਡ (ਕੈਲੀਫੋਰਨੀਆ) ਸਿਟੀ ਕੌਂਸਲ ਦੀ ਮੀਟਿੰਗ ਦੌਰਾਨ ਇਤਰਾਜਯੋਗ ਟਿਪਣੀਆਂ ਕਰਨ ਕਾਰਨ ਭਾਰਤੀ ਅਮਰੀਕੀ ਰਿਧੀ ਪਟੇਲ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਉਸ ਨੂੰ ਕੌਂਸਲ ਮੀਟਿੰਗ ਦੌਰਾਨ ਕੌਂਸਲ ਮੈਂਬਰਾਂ ਤੇ ਮੇਅਰ ਕਰੇਨ ਗੋਹ ਨੂੰ ਮਾਰ ਦੇਣ ਦੀਆਂ ਧਮਕੀਆਂ ਦੇਣ ਸਮੇਤ 18 ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਕੌਂਸਲ ਮੀਟਿੰਗ ਵਿਚ ਜਨਤਿਕ ਮੁੱਦਿਆਂ ਸਬੰਧੀ ਚਰਚਾ ਦੌਰਾਨ ਬੋਲਦਿਆਂ ਪਟੇਲ (28) ਨੇ ਇਸਰਾਈਲ 'ਤੇ ਸ਼ਬਦੀ ਹਮਲਾ ਕੀਤਾ। ਮਹਾਤਮਾ ਗਾਂਧੀ ਤੇ ਹਿੰਦੂ ਉਤਸਵ ਚੇਤਰ ਨਵਰਾਤਿਆਂ ਦੀ ਗੱਲ ਕੀਤੀ। ਉਪਰੰਤ ਉਸ ਦੇ ਭਾਸ਼ਣ ਕਾਰਨ ਉਸ ਵੇਲੇ ਵਿਵਾਦ ਪੈਦਾ ਹੋ ਗਿਆ ਜਦੋਂ ਉਸ ਨੇ ਮੇਅਰ ਗੋਹ ਸਮੇਤ ਕੌਂਸਲ ਮੈਂਬਰਾਂ ਨੂੰ ਹਿੰਸਕ ਧਮਕੀਆਂ ਦਿੱਤੀਆਂ। ਪਟੇਲ ਦੀਆਂ ਟਿਪਣੀਆਂ ਵੀਡੀਓ ਵਿਚ ਰਿਕਾਰਡ ਹੋ ਗਈਆਂ ਤੇ ਵੱਡੀ ਪੱਧਰ ਉਪਰ ਆਨ ਲਾਈਨ ਫੈਲ ਗਈਆਂ ਜਿਸ ਦੀ ਕਈ ਪਾਸਿਆਂ ਤੋਂ ਅਲੋਚਨਾ ਹੋਈ। ਪਟੇਲ ਦੀ ਅਦਾਲਤ ਵਿਚ ਅਗਲੀ ਪੇਸ਼ੀ 24 ਅਪ੍ਰੈਲ ਨੂੰ ਹੋਵੇਗੀ। ਇਕ ਜਨਤਿਕ ਬਚਾਅ ਪੱਖ ਦੇ ਵਕੀਲ ਨੇ ਪਟੇਲ ਦੀ ਤਰਫੋਂ ਪਟੀਸ਼ਨ ਦਾਇਰ ਕੀਤੀ ਹੈ ਜਿਸ ਵਿਚ ਕਿਹਾ ਹੈ ਕਿ ਉਹ ਨਿਰਦੋਸ਼ ਹੈ।

# ਲੋਕ ਸਭਾ 2024 ਦੌਰਾਨ ਪੰਜਾਬ ਵਿੱਚ ਕਿਸਾਨੀ ਵੱਡਾ ਮੁੱਦਾ ਬਣਿਆ

**ਵਿਸ਼ੇਸ਼ ਰਿਪੋਟ**

**✪ ਭਾਜਪਾ ਉਮੀਦਵਾਰਾਂ ਦਾ ਘਿਰਾਓ ਦੀ ਕਿਸਾਨ ਮੁਹਿੰਮ ਜਾਰੀ ✪ ਕਾਰਪੋਰੇਟਾਂ ਦੇ ਬਣਾਏ ਸਾਈਲੋਜ਼ ਵਿਰਧ ਕਿਸਾਨਾਂ ਨੇ ਛੇੜੀ ਮੁਹਿੰਮ**

## ਕਿਸਾਨ ਧਿਰਾਂ ਨੇ ਭਾਜਪਾ ਉਮੀਦਵਾਰਾਂ ਤੋਂ ਪੁੱਛੇ ਗਿਆਰਾਂ ਸਵਾਲ

ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਬਲਵੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਅੰਗਰੇਜ਼ ਸਿੰਘ ਭਦੌੜ, ਰਵਨੀਤ ਸਿੰਘ ਬਰਾੜ ਨੇ ਗਿਆਰਾਂ ਸਵਾਲ ਜਾਰੀ ਕੀਤੇ ਹਨ ਤੇ ਕਿਸਾਨਾਂ ਤੇ ਲੋਕਾਂ ਨੂੰ ਭਾਜਪਾ ਉਮੀਦਵਾਰਾਂ ਤੋ ਸਵਾਲ ਪੁੱਛਣ ਦੀ ਅਪੀਲ ਕੀਤੀ ਹੈ।

1) ਅੰਦੋਲਨ ਸਮੇਂ ਕਿਸਾਨਾਂ ਸਾਹਮਣੇ ਕਿੱਲ ਕਿਉਂ ਗੱਡੇ, ਬੈਰੀਕੇਡ ਕਿਉਂ ਲਾਏ, ਅੱਥਰੂ ਗੈਸ ਕਿਉਂ ਛੱਡੀ, ਗੋਲੀਆਂ ਕਿਉਂ ਚਲਾਈਆਂ ? ਕੀ ਅਸੀਂ ਵਿਦੇਸ਼ੀ ਹਾਂ ? ਕਿਸਾਨਾਂ ਨੂੰ ਦਿੱਲੀ ਕਿਉਂ ਨਹੀਂ ਜਾਣ ਦਿੱਤਾ ?
2) ਨੌਜਵਾਨ ਕਿਸਾਨ ਸ਼ੁਭਕਰਨ ਨੂੰ ਗੋਲੀ ਮਾਰ ਕੇ ਸ਼ਹੀਦ ਕਿਉਂ ਕੀਤਾ ? ਕਿਸਾਨਾਂ ਦੇ ਟਰੈਕਟਰ ਕਿਉਂ ਭੰਨੇ ? 400 ਕਿਸਾਨ ਕਿਉਂ ਫੱਟੜ ਕੀਤੇ ?
3) ਐਮਐਸਪੀ ਦੀ ਕਾਨੂੰਨੀ ਗਰੰਟੀ ਦਾ ਵਾਅਦਾ ਕਰਕੇ ਕਿਉਂ ਮੁੱਕਰੇ ? ਸਵਾਮੀਨਾਥਨ ਰਿਪੋਰਟ ਕਿਉਂ ਲਾਗੂ ਨਹੀਂ ਕੀਤੀ ? ਸੀ-2 50% ਫਾਰਮੂਲਾ ਲਾਗੂ ਕਰਨ ਵਿੱਚ ਕੀ ਮੁਸ਼ਕਲ ਹੈ ?
4) ਲਖੀਮਪੁਰ ਖੀਰੀ ਦੇ ਕਤਲਾਂ ਵਿੱਚ ਇਨਸਾਫ ਲਈ ਰੋੜੇ ਕਿਉਂ ਅਟਕਾਏ ਗਏ ? ਅਜੈ ਮਿਸ਼ਰਾ ਟੈਨੀ ਨੂੰ ਸਰਕਾਰੀ ਪਨਾਹ ਦੇਣ ਲਈ ਮੰਤਰੀ ਮੰਡਲ ਵਿੱਚ ਕਿਉਂ ਰੱਖਿਆ ਗਿਆ ?
5) ਦਿੱਲੀ ਅੰਦੋਲਨ ਸਮੇਂ ਕਿਸਾਨਾਂ ਉੱਤੇ ਦਰਜ ਕੀਤੇ ਸਾਰੇ ਕੇਸ ਵਾਪਸ ਕਿਉਂ ਨਹੀਂ ਲਏ ?
6) ਕਾਰਪੋਰੇਟਾਂ ਦਾ ਕਰਜ਼ਾ ਮਾਫ ਕਰਨ ਵਿੱਚ ਜੇ ਦਿੱਕਤ ਨਹੀਂ ਤਾਂ ਕਿਸਾਨਾਂ ਦੀ ਕਰਜ਼ਾ ਮੁਕਤੀ ਵਿੱਚ ਕੀ ਮੁਸ਼ਕਲ ਹੈ ?
7) ਬਿਜਲੀ ਸੋਧ ਬਿੱਲ 2020 ਵਾਅਦਾ ਖਿਲਾਫੀ ਕਰਕੇ ਪਾਰਲੀਮੈਂਟ ਵਿੱਚ ਕਿਉਂ ਪੇਸ਼ ਕੀਤਾ ?
8) ਪ੍ਰਦੂਸ਼ਣ ਵਾਲੇ ਕਾਨੂੰਨ ਵਿੱਚੋਂ ਖੇਤੀ ਖੇਤਰ ਬਾਹਰ ਕਿਉਂ ਨਹੀਂ ਕੱਢਿਆ ?
9) ਚੋਣ ਬਾਂਡਾਂ ਦੇ ਭਰਿਸ਼ਟਾਚਾਰ ਰਾਹੀਂ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਕੋਲ ਕਿਉਂ ਵੇਚਿਆ ਗਿਆ ?
10) ਭਾਖੜਾ ਅਤੇ ਪੌਂਗ ਡੈਮਾਂ ਉੱਤੇ ਡੈਮ ਸੇਫਟੀ ਐਕਟ ਬਣਾ ਕੇ ਪੰਜਾਬ ਤੋਂ ਕਿਉਂ ਖੋਹੇ ਗਏ ?
11) ਸਾਈਲੇਜ ਦੇ ਬਹਾਨੇ ਪੰਜਾਬ ਦੀਆਂ ਮੰਡੀਆਂ ਕਿਉਂ ਤੋੜ ਰਹੇ ਹੋ ?

ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਲਈ ਵੋਟਿੰਗ ਆਖਰੀ ਗੇੜ ਵਿੱਚ 1 ਜੂਨ ਨੂੰ ਹੋਣੀ ਹੈ। ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਮੋਹਰੀ ਚਿਹਰਾ ਬਣੇ ਇਸ ਸੂਬੇ ਪੰਜਾਬ ਦੇ ਆਪਣੇ ਮੁੱਦੇ ਹਨ ਜਿਨ੍ਹਾਂ ਦੇ ਹੱਲ ਅਜੇ ਤੱਕ ਨਹੀਂ ਹੋਏ ਹਨ। ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ’ਤੇ ਕਿਸਾਨਾਂ ਦੁਆਰਾ ਪੰਜਾਬ ਵਿਚ ਭਾਜਪਾ ਦੇ ਉਮੀਦਵਾਰਾਂ ਦਾ ਲਗਾਤਾਰ ਵਿਰੋਧ ਜਾਰੀ ਹੈ। ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਦੇ ਉਮੀਦਵਾਰਾਂ ਫਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਗਾਇਕ ਹੰਸ ਰਾਜ, ਪਟਿਆਲਾ ਤੋਂ ਉਮੀਦਵਾਰ ਪਰਨੀਤ ਕੌਰ, ਤਰੁਣਜੀਤ ਸਿੰਘ ਸੰਧੂ ਲੋਕ ਸਭਾ ਹਲਕਾ ਅੰਮ੍ਰਿਤਸਰ ਦਾ ਪਿੰਡਾਂ ਵਿਚ ਚੋਣ ਪ੍ਰਚਾਰ ਕਰਨਾ ਮੁਸ਼ਕਿਲ ਹੋਇਆ ਪਿਆ ਹੈ। ਕਿਸਾਨ ਤਾਂ ਭਾਜਪਾ ਦੇ ਉਮੀਦਵਾਰਾਂ ਦੇ ਬਾਈਕਾਟ ਦੇ ਪਿੰਡਾਂ ਵਿੱਚ ਹੋਰਡਿੰਗਜ਼ ਲਾਉਣ ਲੱਗ ਪਏ ਹਨ। ਚਰਚਾ ਤਾਂ ਇਹ ਵੀ ਹੈ ਕਿ ਕੇਂਦਰ ਦੀਆਂ ਹਦਾਇਤਾਂ ’ਤੇ ਭਾਰਤੀ ਚੋਣ ਕਮਿਸ਼ਨ ਨੇ ਕਿਸਾਨਾਂ ਦੇ ਵਿਰੋਧ ਤੋਂ ਡਰਦਿਆਂ ਪੰਜਾਬ ਵਿੱਚ ਚੋਣਾਂ ਸਭ ਤੋਂ ਆਖਰੀ ਪੜਾਅ ’ਤੇ ਰੱਖੀਆਂ ਹਨ। ਕਿਸਾਨਾਂ ਨੇ ਇਹ ਵੀ ਧਾਰ ਰੱਖੀ ਹੈ ਕਿ ਜਿਨ੍ਹਾਂ ਨੇ ਕਿਸਾਨਾਂ ਨੂੰ ਦਿੱਲੀ ਵਿੱਚ ਨਹੀਂ ਵੜਨ ਦਿੱਤਾ, ਉਹ ਉਸੇ ਪਾਰਟੀ ਦੇ ਉਮੀਦਵਾਰਾਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ। ਕਿਸਾਨਾਂ ਦੀ ਇਹ ਸੋਚ ਕਾਫੀ ਹੱਦ ਤਕ ਜਾਇਜ਼ ਵੀ ਹੈ ਅਤੇ ਲੋਕ ਇਸ ਨਾਲ ਆਪਣੀ ਸਹਿਮਤੀ ਵੀ ਦਿਖਾ ਰਹੇ ਹਨ।

ਸਿਆਸੀ ਮਾਮਲਿਆਂ ਦੇ ਮਾਹਿਰ ਜਸਪਾਲ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਜਦੋਂ 2020 ਵਿੱਚ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਪ੍ਰਦਰਸ਼ਨ ਸ਼ੁਰੂ ਹੋਇਆ ਤਾਂ ਪੰਜਾਬ ਦੇ ਕਿਸਾਨਾਂ ਦੀ ਉਸ ਵਿੱਚ ਵੱਡੀ ਸ਼ਮੂਲੀਅਤ ਸੀ। ਉਹ ਅੰਦੋਲਨ ਸਫਲ ਵੀ ਹੋਇਆ ਤੇ ਤਿੰਨ ਖੇਤੀ ਕਾਨੂੰਨ ਕੇਂਦਰ ਸਰਕਾਰ ਨੂੰ ਵਾਪਸ ਵੀ ਲੈਣੇ ਪਏ ਸਨ।ਸਰਕਾਰ ਨੇ ਐੱਮਐੱਸਪੀ ’ਤੇ ਕਾਨੂੰਨ ਬਣਾਉਣ ਸਣੇ ਕਈ ਮੰਗਾਂ ਉੱਤੇ ਅਜੇ ਕੰਮ ਨਹੀਂ ਕੀਤਾ ਹੈ ਕਿਸਾਨਾਂ ਮੁਤਾਬਕ ਉਸ ਵੇਲੇ ਕੀਤੇ ਕਈ ਵਾਅਦੇ ਸਰਕਾਰ ਵੱਲੋਂ ਪੂਰੇ ਨਹੀਂ ਕੀਤੇ ਗਏ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਕਿਸਾਨਾਂ ਉੱਤੇ ਪੂਰੇ ਦੇਸ਼ ਦੇ ਮੁਕਾਬਲੇ ਵੱਧ ਕਰਜ਼ਾ ਹੈ। ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਉੱਤੇ 2 ਲੱਖ 95 ਹਜ਼ਾਰ ਰੁਪਏ ਦਾ ਕਰਜ਼ਾ ਹੈ। ਪੰਜਾਬ ਦੇ ਖੇਤੀ ਸੰਕਟ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਲ 2000 ਤੋਂ 2024 ਤੱਕ 20 ਤੋਂ 22 ਹਜ਼ਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਪੰਜਾਬ ਵਿੱਚ ਖੁਦਕੁਸ਼ੀ ਕੀਤੀ ਹੈ।

ਖੇਤੀ ਮਾਹਿਰ ਆਰ ਐੱਸ ਘੁੰਮਣ ਕਹਿੰਦੇ ਹਨ ਕਿ ਕਿਸਾਨੀ ਧਰਨੇ ਦੌਰਾਨ ਸ਼ੁਭਕਰਨ ਦੀ ਮੌਤ ਵੀ ਵੋਟ ਪਾਉਣ ਵੇਲੇ ਕਿਸਾਨਾਂ ਦੇ ਦਿਮਾਗ ਵਿੱਚ ਰਹਿ ਸਕਦੀ ਹੈ। ਉਹ ਮੰਨਦੇ ਹਨ ਕਿ ਅਸਲ ਵਿੱਚ ਪੰਜਾਬ ਦੇ ਕਿਸਾਨਾਂ ਦੇ ਲਈ ਇੱਕ ਖੇਤੀ ਨੀਤੀ ਦੀ ਲੋੜ ਹੈ। ਕਿਸਾਨਾਂ ਨੂੰ ਸਿਆਸੀ ਪਾਰਟੀਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਹ ਕਿਸਾਨਾਂ ਲਈ ਕਿਹੜੀ ਨੀਤੀ ਬਣਾਉਣ ਦੀ ਵਾਅਦਾ ਕਰ ਰਹੇ ਹਨ। ਪ੍ਰੋਫ਼ੈਸਰ ਘੁੰਮਣ ਅਨੁਸਾਰ ਖੇਤੀ ਵਿੱਚ ਰੁਜ਼ਗਾਰ ਤੇ ਰੁਜ਼ਗਾਰ ਦੇ ਮੌਕੇ ਕਾਫੀ ਘੱਟ ਗਏ ਹਨ ਤੇ ਇਹ ਵੀ ਸਿੱਧਾ ਆਮਦਨ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਕੇਵਲ ਦੋ ਫਸਲਾਂ ਉੱਤੇ ਹੀ ਐੱਮਐੱਸਪੀ ਮਿਲ ਰਹੀ ਹੈ ਜਿਸ ਕਾਰਨ ਪੰਜਾਬ ਦੀ ਖੇਤੀ ਦੋ ਫਸਲਾਂ ਤੱਕ ਸੀਮਿਟ ਕੇ ਰਹਿ ਗਈ ਹੈ। ਇਸ ਵੇਲੇ ਪੰਜਾਬ ਨੂੰ ਫਸਲੀ ਵਿਭਿੰਨਤਾ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।”

ਸਮਾਜਿਕ ਕਾਰਕੁਨ ਡਾਕਟਰ ਪਿਆਰੇ ਲਾਲ ਗਰਗ ਆਖਦੇ ਹਨ ਹਨ ਕਿ ਕਿਸਾਨੀ ਪੰਜਾਬ ਵਿੱਚ ਇੱਕ ਅਹਿਮ ਮੁੱਦਾ ਰਹੇਗੀ। ਉਹ ਕਹਿੰਦੇ ਹਨ, “ਕਿਸਾਨਾਂ ਨੇ ਭਾਜਪਾ ਖਿਲਾਫ ਮੋਰਚਾ ਖੋਲ੍ਹਿਆ ਹੈ। ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚ ਨਹੀਂ ਵੜ੍ਹਨ ਦਿੱਤਾ ਜਾਵੇਗਾ। ਦੂਜੇ ਪਾਸੇ ਸ਼ੰਭੂ ਬਾਰਡਰ ਉੱਤੇ ਜਿਵੇਂ ਕਿਸਾਨਾਂ ਨੂੰ ਰੋਕਿਆ ਗਿਆ ਹੈ ਉਹ ਵੀ ਵੋਟ ਪਾਉਣ ਵੇਲੇ ਕਿਸਾਨਾਂ ਦੇ ਦਿਮਾਗ ਵਿੱਚ ਰਹੇਗਾ। ਗਰਗ ਦਾ ਕਹਿਣਾ ਹੈ ਕਿ ਕਿਸਾਨਾਂ ਦੇ ਦੂਜੀਆਂ ਪਾਰਟੀਆਂ ਬਾਰੇ ਰੁਖ਼ ’ਤੇ ਪਿਆਰੇ ਲਾਲ ਗਰਗ ਕਹਿੰਦੇ ਹਨ, “ਕਿਸਾਨਾਂ ਵੱਲੋਂ ਆਪ ਪਾਰਟੀ ਨੂੰ ਸਵਾਲ ਤਾਂ ਹੋਣਗੇ। ਇਹ ਵੀ ਗੱਲ ਸੱਚ ਹੈ ਕਿ ਜੇ ਕਿਸਾਨ ਆਪ ਪਾਰਟੀ ਤੋਂ ਖੁਸ਼ ਨਹੀਂ ਹਨ। ਕਾਂਗਰਸ ਨੇ ਵੀ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਨੂੰ ਸਮਰਥਨ ਦਿੱਤਾ ਸੀ ਇਸ ਲਈ ਉਨ੍ਹਾਂ ਪ੍ਰਤੀ ਕਿਸਾਨਾਂ ਦੀ ਕੋਈ ਖ਼ਾਸ ਨਰਾਜ਼ਗੀ ਨਜ਼ਰ ਨਹੀਂ ਆ ਰਹੀ ਹੈ। ਅਕਾਲੀ ਦਲ ਬਾਰੇ ਗਰਗ ਕਹਿੰਦੇ ਹਨ, “ਕਿਸਾਨਾਂ ਦਾ ਅਕਾਲੀ ਦਲ ਪ੍ਰਤੀ ਰੋਸ ਘਟਿਆ ਹੈ। ਭਾਜਪਾ ਨਾਲ ਗਠਜੋੜ ਨਾ ਹੋਣਾ ਵੀ ਅਕਾਲੀ ਦਲ ਦੇ ਹੱਕ ਵਿੱਚ ਜਾ ਸਕਦਾ ਹੈ। ਮੁੱਖ ਤੌਰ ਉੱਤੇ ਕਿਸਾਨਾਂ ਦਾ ਵਿਰੋਧ ਭਾਜਪਾ ਪ੍ਰਤੀ ਹੋਵੇਗਾ।”

ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਲੋਕ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਸਾਰ ਹੀ ਸਾਰੀਆਂ ਪਾਰਟੀਆਂ ਨੇ ਇਕ ਵਾਰ ਫਿਰ ਤੋਂ ਲੋਕਾਂ ਨਾਲ ਝੂਠੇ ਵਾਅਦੇ ਕਰਨੇ ਸ਼ੁਰੂ ਕਰ ਦਿੱਤੇ ਹਨ। ਪਹਿਲਾਂ ਵੀ ਕਾਂਗਰਸ ਪਾਰਟੀ ਨੇ ਕਿਸਾਨਾਂ ਨਾਲ ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ । ਇਸੇ ਤਰ੍ਹਾਂ ਭਾਜਪਾ ਨੇ 2024 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਜੋ ਸਿਰਫ਼ ਚੋਣ ਸਟੰਟ ਸੀ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਕਾਨੂੰਨ ਬਣਾਵੇ ਕਿ ਪਾਰਟੀ ਨੇ ਜੋ ਚੋਣ ਮਨੋਰਥ ਪੱਤਰ ਵਿਚ ਕਿਹਾ ਹੈ, ਉਹ ਸੱਤਾ ਵਿਚ ਆਉਣ ’ਤੇ ਹਰ ਹਾਲ ਲਾਗੂ ਕਰਵਾਉਣ ਲਈ ਉਹ ਪਾਬੰਦ ਹੋਵੇ।

### ਪੰਜਾਬ ਦਾ ਮੰਡੀ ਢਾਂਚਾ ਤੋੜਨ ਦੀ ਇਕ ਹੋਰ ਕੋਸ਼ਿਸ਼ ਬਾਰੇ ਕਿਸਾਨ ਆਗੂ ਨਰਾਜ਼

ਬੀਤੇ ਸਮੇਂ ਕਾਰਪੋਰੇਟ ਦੇ ਪ੍ਰਭਾਵ ਅਧੀਨ ਪੰਜਾਬ ਦੀ ਆਪ ਸਰਕਾਰ ਨੇ ਪੰਜਾਬ ਦੇ ਮੰਡੀਕਰਨ ਐਕਟ 1961 ਵਿਚ ਇਕ ਮਤੇ ਨਾਲ ਸੋਧ ਕਰਕੇ 15 ਮਾਰਚ 2024 ਨੂੰ ਪੰਜਾਬ ਮੰਡੀ ਬੋਰਡ ਰਾਹੀਂ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਦੀਆਂ 11 ਮੰਡੀਆਂ ਵਾਲੇ ਖ਼ੇਤਰਾਂ ਵਿਚ ਕਾਰਪੋਰੇਟਾਂ ਦੇ ਬਣਾਏ ਸਾਈਲੋਜ਼ ਨੂੰ ਵੀ ਕਣਕ ਦੀ ਖਰੀਦ ਤੇ ਵਿਕਰੀ ਕਰਨ ਲਈ ਮੰਡੀਆਂ ਦਾ ਦਰਜਾ ਦੇ ਦਿੱਤਾ ਸੀ। ਇਸ ਦਾ ਕਿਸਾਨ ਜਥੇਬੰਦੀਆਂ ਵਲੋਂ ਤਿੱਖਾ ਵਿਰੋਧ ਹੋਣ ਕਾਰਨ ਹਾਲ ਦੀ ਘੜੀ ਇਹ ਫ਼ੈਸਲਾ ਵਾਪਸ ਲੈ ਲਿਆ ਗਿਆ ਹੈ। ਸ਼ਾਇਦ ਅਜਿਹਾ ਮਾਨ ਸਰਕਾਰ ਨੂੰ ਲੋਕ ਸਭਾ ਦੀਆਂ ਚੋਣਾਂ ਕਾਰਨ ਕਰਨ ਲਈ ਮਜਬੂਰ ਹੋਣਾ ਪਿਆ ਹੈ। ਜੇਕਰ ਇਹ ਫ਼ੈਸਲਾ ਲਾਗੂ ਹੋ ਜਾਂਦਾ ਤਾਂ ਇਨ੍ਹਾਂ 11 ਮੰਡੀਆਂ ਵਾਲੇ ਖ਼ੇਤਰਾਂ ਵਿਚ ਕਣਕ ਦੀ ਖ਼ਰੀਦ, ਸਟੋਰੇਜ ਤੇ ਵਿਕਰੀ ਦਾ ਕੰਮ ਵੱਡੀ ਪੱਧਰ ’ਤੇ ਇਨ੍ਹਾਂ ਸਾਈਲੋਜ਼ ਕੋਲ ਚਲੇ ਜਾਣਾ ਸੀ ਅਤੇ ਇਹ ਪੰਜਾਬ ਦੇ ਮੌਜੂਦਾ ਮੰਡੀ ਪ੍ਰਬੰਧ ਨੂੰ ਤੋੜਨ ਵੱਲ ਇਕ ਵੱਡਾ ਕਦਮ ਸਾਬਤ ਹੋ ਸਕਦਾ ਸੀ। ਇਥੇ ਜਿਕਰਯੋਗ ਹੈ ਕਿ ਅਗਲੇ ਸਾਲ ਪੰਜਾਬ ’ਚ 24 ਹੋਰ ਸਾਈਲੋਜ਼ ਤਿਆਰ ਹੋ ਜਾਣਗੇ ਅਤੇ ਇੰਜ ਆਉਂਦੇ ਦੋ-ਤਿੰਨ ਸਾਲਾਂ ਵਿਚ ਹਰ ਮੰਡੀ ਲਈ ਉੱਥੋਂ ਦੀਆਂ ਜਿਣਸਾਂ ਦੀ ਆਮਦ ਅਨੁਸਾਰ ਅੰਨ ਭੰਡਾਰ ਕਰਨ ਦੀ ਆੜ ਵਿਚ ਸਾਈਲੋਜ਼ ਬਣਾ ਦਿੱਤੇ ਜਾਣਗੇ। ਇਸ ਸਾਲ ਸਵਾ ਸੱਤ ਲੱਖ ਟਨ ਕਣਕ ਇਨ੍ਹਾਂ ਸਾਈਲੋਜ਼ ਵਿਚ ਜਾਣੀ ਸੀ। ਕਾਰਪੋਰੇਟ ਹਰ ਸੰਭਵ ਕੋਸ਼ਿਸ਼ ਕਰਨਗੇ ਕਿ ਘੱਟੋ-ਘੱਟ ਉਦੋਂ ਤੱਕ, ਜਦੋਂ ਤੱਕ ਪੰਜਾਬ ਦੀਆਂ ਸਾਰੀਆਂ ਮੰਡੀਆਂ ਉੱਤੇ ਕਾਰਪੋਰੇਟ ਕਾਬਜ਼ ਨਹੀਂ ਹੁੰਦਾ, ਉਦੋਂ ਤੱਕ ਕਿਸਾਨਾਂ ਨੂੰ ਜਿਣਸਾਂ ਦੀ ਖਰੀਦ ਵਿਚ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਕਾਰਪੋਰੇਟਾਂ ਦਾ ਇਹ ਖਾਸਾ ਹੈ ਕਿ ਜਦੋਂ ਤੱਕ ਉਨ੍ਹਾਂ ਦਾ ਸੰਬੰਧਤ ਖੇਤਰ ਉੱਤੇ ਮੁਕੰਮਲ ਕਬਜ਼ਾ ਨਹੀਂ ਹੁੰਦਾ, ਉਦੋਂ ਤੱਕ ਘਾਟਾ ਪਾ ਕੇ ਵੀ ਉਹ ਆਪਣੇ ਕਾਰੋਬਾਰ ਨੂੰ ਅੱਗੇ ਵਧਾਉਂਦੇ ਹਨ, ਜਦੋਂ ਉਨ੍ਹਾਂ ਦਾ ਮੁਕੰਮਲ ਕਬਜ਼ਾ ਹੋ ਜਾਂਦਾ ਹੈ ਤਾਂ, ਉਹ ਫਿਰ ਮਾਲ ਆਪਣੇ ਗਜ਼ੀਂ ਨਾਪਦੇ ਹਨ। ਜੇ ਪੰਜਾਬ ਦਾ ਮੰਡੀਕਰਨ ਢਾਂਚਾ ਟੁੱਟ ਗਿਆ ਤਾਂ ਪੰਜਾਬ ਦੇ ਲਗਭਗ ਪੰਜਾਹ ਹਜ਼ਾਰ ਆੜ੍ਹਤੀ ਪਰਿਵਾਰ ਹੀ ਨਹੀਂ, ਉਨ੍ਹਾਂ ਨਾਲ ਕੰਮ ਕਰਦੇ ਮੁਨੀਮ, ਲੱਖਾਂ ਮਜ਼ਦੂਰ, ਟਰਾਂਸਪੋਰਟ ਕਾਰੋਬਾਰੀ ਸਾਰੇ ਬੇਰੁਜ਼ਗਾਰ ਹੋ ਜਾਣਗੇ। ਪੰਜਾਬ ’ਚ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਹੀ ਕਣਕ, ਝੋਨਾ, ਗੰਨਾ, ਨਰਮਾ ਆਦਿ ਦੀ ਵੱਟਕ ਤੋਂ ਆਉਂਦੇ ਲਗਭਗ ਇਕ ਲੱਖ ਕਰੋੜ ਨਾਲ ਮਿਲਦਾ ਹੈ। ਪੰਜਾਬ ਦਾ ਬਾਜ਼ਾਰ ਇਸੇ ਨਾਲ ਚਲਦਾ ਹੈ। ਦੇਸ਼ ਦੇ ਗ਼ਰੀਬਾਂ ਨੂੰ ਆਟਾ ਦਾਲ ਵਰਗੀਆਂ ਸਕੀਮਾਂ ਲਈ ਅੰਨ ਸੁਰੱਖਿਆ ਦੀ ਗਰੰਟੀ ਮਿਲਦੀ ਹੈ। ਭਾਰਤ ਲਈ ਕਾਰਪੋਰੇਟੀਕਰਨ ਸਭ ਕੁਝ ਅਸਥ-ਵਿਅਸਥ ਕਰ ਦੇਵੇਗਾ। ਕੇਂਦਰ ਦੀ ਇਹ ਐਮ.ਐਸ.ਪੀ. ਉੱਤੇ ਜਿਣਸਾਂ ਦੀ ਖਰੀਦ ਤੋਂ ਭੱਜਣ ਦੀ ਨਵੀਂ ਖੇਡ ਹੈ। ਇਸ ਖੇਡ ਨੂੰ ਸਫਲ ਬਣਾਉਣ ਲਈ ਪੰਜਾਬ ਦੀ ਆਪ ਸਰਕਾਰ ਵੀ ਪੱਬਾਂ ਭਾਰ ਹੈ। ਆਖਰ ਚੋਣ ਫੰਡ ਉਨ੍ਹਾਂ ਨੂੰ ਵੀ ਚਾਹੀਦਾ ਹੈ।

ਕਿਸਾਨ ਆਗੂਆਂ ਹਰਮਿੰਦਰ ਸਿੰਘ ਖਹਿਰਾ, ਪੁਰਸ਼ੋਤਮ ਸਿੰਘ, ਬਲਦੇਵ ਸਿੰਘ ਸ਼ਾਹਕੋਟ, ਮਨਪ੍ਰੀਤ ਸਿੰਘ ਅਮਲਾਲਾ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਭਾਜਪਾ ਉਮੀਦਵਾਰਾਂ ਦਾ ਪੂਰੇ ਪੰਜਾਬ ਅੰਦਰ ਵਿਰੋਧ ਕੀਤਾ ਜਾਵੇਗਾ, ਕਿਉਂਕਿ ਭਾਜਪਾ ਵੀ ਆਪਣੇ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਐਫ.ਸੀ.ਆਈ. ਦੇ ਕਈ ਗੁਦਾਮਾਂ ਅੰਦਰ ਇਨ੍ਹਾਂ ਕਾਰਪੋਰੇਟ ਘਰਾਣਿਆਂ ਦੇ ‘ਸਾਈਲੋ’ ਲੱਗ ਗਏ ਹਨ। ਇਸ ਨਾਲ ਮਜ਼ਦੂਰ, ਟਰੱਕ ਅਪਰੇਟਰ, ਡਰਾਈਵਰ, ਆੜ੍ਹਤ ਦਾ ਕੰਮ ਤੇ ਅਨਾਜ ਮੰਡੀਆਂ ਵੀ 1-2 ਸਾਲਾਂ ਅੰਦਰ ਬੰਦ ਹੋ ਜਾਣਗੀਆਂ। ਇਸ ਲਈ ਕਿਸਾਨ ਵੀਰਾਂ ਨੂੰ ਬੇਨਤੀ ਹੈ ਕਿ ਆਪਣੀ ਸਾਰੀ ਫ਼ਸਲ ‘ਸਾਈਲੋ’ ਦੀ ਬਜਾਏ ਸਰਕਾਰੀ ਮੰਡੀਆਂ ਵਿਚ ਹੀ ਲੈ ਕੇ ਜਾਣ।

# ਲੋਕ ਸਭਾ ਵਿਚ ਔਰਤਾਂ ਨੂੰ ਉਮੀਦਵਾਰ ਬਣਾਉਣ ਵਿਚ ਭਾਜਪਾ ਸਭ ਤੋਂ ਅੱਗੇ

## ✪ ਹੁਣ ਤੱਕ ਕਿਸੇ ਵੀ ਪਾਰਟੀ ਨੇ ਮਹਿਲਾ ਨੂੰ ਨਹੀਂ ਬਣਾਇਆ ਉਮੀਦਵਾਰ



ਚੰਡੀਗੜ੍ਹ-ਭਾਰਤੀ ਜਨਤਾ ਪਾਰਟੀ ਨੇ ਹੁਣ ਤੱਕ 9 ਲੋਕ ਸਭਾ ਹਲਕਿਆਂ ਵਿਚੋਂ ਤਿੰਨ 'ਤੇ ਮਹਿਲਾ ਸਸ਼ਕਤੀਕਰਨ ਦੇ ਨਾਅਰੇ 'ਤੇ ਖਰਾ ਉਤਰਦਿਆ ਤਿੰਨ ਮਹਿਲਾਵਾਂ ਨੂੰ ਟਿਕਟ ਦੇ ਦਿੱਤੀ ਹੈ। ਹੁਣ ਤੱਕ ਕਿਸੇ ਵੀ ਸਿਆਸੀ ਪਾਰਟੀ ਨੇ ਮਹਿਲਾਵਾਂ ਨੂੰ ਟਿਕਟ ਨਹੀਂ ਦਿੱਤੀ। ਇਸ ਤਰ੍ਹਾਂ ਭਾਜਪਾ ਤਿੰਨ ਔਰਤਾਂ ਨੂੰ ਟਿਕਟ ਦੇ ਮੋਹਰੀ ਰਹੀ ਹੈ।

ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਨੇ ਚੋਣ ਮਨੋਰਥ ਪੱਤਰ ਜਾਰੀ ਕੀਤਾ ਜਿਸ ਵਿਚ ਪ੍ਰਧਾਨ ਮੰਤਰੀ ਨੇ ਮਹਿਲਾ ਸਸ਼ਕਤੀਕਰਨ ਦੀ ਗਾਰੰਟੀ ਦਿੱਤੀ। ਭਾਜਪਾ ਨੇ ਪੰਜਾਬ ਵਿਚ 9 ਉਮੀਦਵਾਰਾਂ ਦਾ ਐਲਾਨ ਕਰ ਕੇ ਮਹਿਲਾ ਸਸ਼ਕਤੀਕਰਨ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ। ਆਮ ਆਦਮੀ ਪਾਰਟੀ ਨੇ ਆਪਣੀਆਂ ਸਾਰੀਆਂ 13 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ 6 ਅਤੇ ਕਾਂਗਰਸ ਨੇ 7 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਅਜੇ ਨਹੀਂ ਕੀਤਾ। ਜਦਕਿ ਭਾਜਪਾ ਨੇ ਅਜੇ 3 ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨੇ ਹਨ। ਅਕਾਲੀ ਦਲ ਅਤੇ ਕਾਂਗਰਸ ਦੇ ਉਮੀਦਵਾਰਾਂ ਦੀ ਸਥਿਤੀ ਨੂੰ ਦੇਖਦਿਆਂ ਕੋਈ ਵੀ ਪਾਰਟੀ 3 ਔਰਤਾਂ ਨੂੰ ਟਿਕਟ ਦੇਣ ਦੀ ਸਥਿਤੀ ਵਿੱਚ ਨਹੀਂ ਜਾਪਦੀ।

ਸਾਬਕਾ ਸੰਸਦ ਮੈਂਬਰ ਸੰਤੋਸ਼ ਚੌਧਰੀ ਦੀ ਧੀ ਨਮਿਤਾ ਚੌਧਰੀ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਕਾਂਗਰਸ ਦੀ ਟਿਕਟ ਲੈਣ ਦੀ ਦੌੜ ਵਿਚ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿਰਫ਼ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਹੀ ਮਹਿਲਾ ਪ੍ਰਤੀਨਿਧੀ ਵਜੋਂ ਚੋਣ ਲੜ ਸਕਦੀ ਹੈ। ਜਦਕਿ ਭਾਜਪਾ ਨੇ ਪਟਿਆਲਾ ਤੋਂ ਪ੍ਰਨੀਤ ਕੌਰ, ਬਠਿੰਡਾ ਤੋਂ ਪਰਮਪਾਲ ਕੌਰ ਸਿੱਧੂ ਅਤੇ ਹੁਸ਼ਿਆਰਪੁਰ ਤੋਂ ਅਨੀਤਾ ਸੋਮ ਪ੍ਰਕਾਸ਼ ਨੂੰ ਟਿਕਟ ਦਿੱਤੀ ਹੈ। ਪ੍ਰਨੀਤ ਕੌਰ ਚਾਰ ਵਾਰ ਐਮਪੀ ਅਤੇ ਇਕ ਵਾਰ ਵਿਧਾਇਕ ਰਹਿ ਚੁੱਕੀ ਹੈ। ਜਦੋਂਕਿ ਅਨੀਤਾ ਸੋਮ ਪ੍ਰਕਾਸ਼ ਕੇਂਦਰੀ ਰਾਜ ਮੰਤਰੀ ਅਤੇ ਸਾਬਕਾ ਨੌਕਰਸ਼ਾਹ ਸੋਮ ਪ੍ਰਕਾਸ਼ ਦੇ ਪਤਨੀ ਹਨ। ਜਦਕਿ ਪਰਮਪਾਲ ਕੌਰ ਖ਼ੁਦ ਨੌਕਰਸ਼ਾਹ ਰਹਿ ਚੁੱਕੇ ਹਨ। ਭਾਜਪਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਉਹ ਆਈਏਐਸ ਅਧਿਕਾਰੀ ਸਨ। 2022 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਨੇ ਔਰਤਾਂ 'ਤੇ ਵੱਡਾ ਬਾਜ਼ੀ ਮਾਰੀ ਸੀ। 'ਆਪ' ਨੇ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਦੇਣ ਦਾ ਐਲਾਨ ਕੀਤਾ ਸੀ।ਪਰ ਹੁਣ ਤਕ ਅਮਲ ਨਹੀਂ ਹੋਇਆ।

ਇੱਥੇ ਦੱਸਿਆ ਜਾਂਦਾ ਹੈ ਕਿ ਸੂਬੇ ਵਿਚ ਇਕ ਕਰੋੜ ਤੋਂ ਵੱਧ ਮਹਿਲਾ ਵੋਟਰ ਹਨ। ਕਿਸੇ ਵੀ ਪਾਰਟੀ ਜਾਂ ਉਮੀਦਵਾਰ ਦੀ ਜਿੱਤ ਹਾਰ ਵਿੱਚ ਔਰਤਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਇਹੀ ਕਾਰਨ ਹੈ ਕਿ ਭਾਜਪਾ ਦੇ ਚੋਣ ਮਨੋਰਥ ਪੱਤਰ ਵਿੱਚ ਪ੍ਰਧਾਨ ਮੰਤਰੀ ਵੱਲੋਂ ਦਿੱਤੀਆਂ ਗਈਆਂ ਚੋਟੀ ਦੀਆਂ 5 ਗਾਰੰਟੀਆਂ ਵਿਚ ਮਹਿਲਾ ਸਸ਼ਕਤੀਕਰਨ ਨੂੰ ਤੀਜੇ ਨੰਬਰ 'ਤੇ ਰੱਖਿਆ ਗਿਆ ਹੈ। 2019 ਵਿੱਚ ਕਾਂਗਰਸ ਨੇ ਪਟਿਆਲਾ ਤੋਂ ਪ੍ਰਨੀਤ ਕੌਰ ਦੇ ਰੂਪ ਵਿੱਚ ਇੱਕ ਮਹਿਲਾ ਉਮੀਦਵਾਰ ਨੂੰ ਮੈਦਾਨ ਵਿੱਚ ਉਤਾਰਿਆ ਸੀ। ਜਦੋਂਕਿ ਸ਼੍ਰੋਮਣੀ ਅਕਾਲੀ ਦਲ ਨੇ ਦੋ ਮਹਿਲਾ ਉਮੀਦਵਾਰਾਂ ਅਤੇ ਆਮ ਆਦਮੀ ਪਾਰਟੀ ਨੇ 2 ਮਹਿਲਾ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਸਨ।

## ਲਹਿਰਾਗਾਗਾ ਵਿਖੇ ਕਿਸਾਨ ਵਲੋਂ ਕਰਜ਼ੇ ਕਾਰਨ ਆਤਮ-ਹੱਤਿਆ



ਲਹਿਰਾਗਾਗਾ-ਨੇੜਲੇ ਪਿੰਡ ਖੋਖਰ ਕਲਾਂ ਦੇ ਕਿਸਾਨ ਹਜ਼ਾਰਾ ਸਿੰਘ ਵਲੋਂ ਕਰਜ਼ੇ ਤੇ ਜ਼ਮੀਨ ਦੇ ਲੈਣ-ਦੇਣ ਤੋਂ ਤੰਗ ਆ ਕੇ ਫਾਹਾ ਲੈ ਲਿਆ। ਮ੍ਰਿਤਕ ਦੇ ਭਰਾ ਬਿੱਕਰ ਸਿੰਘ ਨੇ ਪੁਲਿਸ ਨੂੰ ਬਿਆਨ ਦਰਜ ਕਰਵਾਇਆ, ਕਿ ਤਾਰਾ ਸਿੰਘ ਨੇ 15 ਸਾਲ ਪਹਿਲਾਂ ਸਾਢੇ ਤਿੰਨ ਏਕੜ ਜ਼ਮੀਨ ਲਹਿਰਾਗਾਗਾ ਦੇ ਇਕ ਵਿਅਕਤੀ ਨੂੰ ਵੇਚੀ ਸੀ ਅਤੇ ਖਰੀਦਦਾਰ ਨੇ ਉਹ ਜ਼ਮੀਨ ਅੱਗੇ ਭਵਾਨੀਗੜ੍ਹ ਦੇ ਇਕ ਵਿਅਕਤੀ ਨੂੰ ਵੇਚ ਦਿੱਤੀ ਸੀ, ਉਹ ਵਿਅਕਤੀ 2 ਕਨਾਲ ਜ਼ਮੀਨ ਵੱਧ ਵਾਹ ਰਿਹਾ ਹੈ, ਜਿਸ ਤੋਂ ਉਹ ਪਰੇਸ਼ਾਨ ਸੀ। ਉਸ ਨੇ ਆਪਣੇ ਘਰ ਤੂੜੀ ਵਾਲੇ ਕੋਠੇ ਵਿਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਥਾਣਾ ਮੁਖੀ ਇੰਸਪੈਕਟਰ ਰਣਬੀਰ ਸਿੰਘ ਨੇ ਦੱਸਿਆ ਹੈ ਕਿ ਮ੍ਰਿਤਕ ਦੇ ਭਰਾ ਦੇ ਬਿਆਨਾ 'ਤੇ ਅਜੇ 174 ਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ।

# ਗਊ ਰੱਖਿਅਕਾਂ ਅਤੇ ਲਿੰਚਿੰਗ ਬਾਰੇ ਸੁਪਰੀਮ ਕੋਰਟ ਸਖਤ

## ✪ ਸੂਬਾ ਸਰਕਾਰਾਂ ਨੂੰ ਕਿਹਾ ਕਿ ਇਸ ਮਾਮਲੇ ਕਾਰਵਾਈ ਬਾਰੇ ਛੇ ਹਫ਼ਤਿਆਂ ਦੇ ਅੰਦਰ ਸੂਚਿਤ ਕਰੋ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਬੀਤੇ ਦਿਨੀਂ ਵੱਖ-ਵੱਖ ਰਾਜ ਸਰਕਾਰਾਂ ਨੂੰ ਕਥਿਤ ਗਊ ਰੱਖਿਅਕਾਂ ਅਤੇ ਲਿੰਚਿੰਗ ਦੇ ਮਾਮਲਿਆਂ 'ਤੇ ਕੀਤੀ ਗਈ ਕਾਰਵਾਈ ਬਾਰੇ ਛੇ ਹਫ਼ਤਿਆਂ ਦੇ ਅੰਦਰ ਸੂਚਿਤ ਕਰਨ ਲਈ ਕਿਹਾ ਹੈ। ਜਸਟਿਸ ਬੀਆਰ ਗਵਈ, ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਇੱਕ ਮਹਿਲਾ ਸੰਗਠਨ ਦੀ ਪਟੀਸ਼ਨ 'ਤੇ ਛੇ ਹਫ਼ਤਿਆਂ ਬਾਅਦ ਸੁਣਵਾਈ ਕਰਨ ਦਾ ਫ਼ੈਸਲਾ ਕੀਤਾ ਹੈ।

ਪਟੀਸ਼ਨ ਵਿੱਚ ਬੇਨਤੀ ਕੀਤੀ ਗਈ ਸੀ ਕਿ ਕਥਿਤ ਗਊ ਰੱਖਿਅਕਾਂ ਦੁਆਰਾ ਮੁਸਲਮਾਨਾਂ ਦੇ ਖ਼ਿਲਾਫ਼ ਭੀੜ ਵੱਲੋਂ ਕੁੱਟਮਾਰ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਸੁਪਰੀਮ ਕੋਰਟ ਦੇ 2018 ਦੇ ਫ਼ੈਸਲੇ ਅਨੁਸਾਰ ਰਾਜਾਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਜਾਣ। ਬੈਂਚ ਨੇ ਹੁਕਮ ਦਿੱਤਾ ਕਿ ਅਸੀਂ ਪਾਇਆ ਹੈ ਕਿ ਜ਼ਿਆਦਾਤਰ ਰਾਜਾਂ ਨੇ ਮੌਬ ਲਿੰਚਿੰਗ ਦੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ ਰਿੱਟ ਪਟੀਸ਼ਨ 'ਤੇ ਆਪਣੇ ਜਵਾਬੀ ਹਲਫਨਾਮੇ ਦਾਇਰ ਨਹੀਂ ਕੀਤੇ ਹਨ। ਰਾਜਾਂ ਤੋਂ ਘੱਟੋ-ਘੱਟ ਇਸ ਗੱਲ ਦਾ ਜਵਾਬ ਦੇਣ ਦੀ ਉਮੀਦ ਕੀਤੀ ਜਾਂਦੀ ਸੀ ਕਿ ਅਜਿਹੇ ਮਾਮਲਿਆਂ ਵਿੱਚ ਕੀ ਕਾਰਵਾਈ ਕੀਤੀ ਗਈ ਸੀ। ਅਸੀਂ ਉਨ੍ਹਾਂ ਰਾਜਾਂ ਨੂੰ ਛੇ ਹਫ਼ਤਿਆਂ ਦਾ ਸਮਾਂ ਦਿੰਦੇ ਹਾਂ ਜਿਨ੍ਹਾਂ ਨੇ ਅਜੇ ਤੱਕ ਆਪਣਾ



ਜਵਾਬ ਦਾਖ਼ਲ ਨਹੀਂ ਕੀਤਾ ਹੈ।

### ਹਰਿਆਣਾ ਪੁਲਿਸ ਦੇ ਡਾਇਰੈਕਟਰ ਜਨਰਲ ਨੂੰ ਨੋਟਿਸ ਜਾਰੀ

ਸਿਖਰਲੀ ਅਦਾਲਤ ਸੀਪੀਆਈ ਨਾਲ ਜੁੜੇ ਸੰਗਠਨ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੂਮੈਨ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿਚ ਪਿਛਲੇ ਸਾਲ ਕੇਂਦਰ ਸਰਕਾਰ, ਮਹਾਰਾਸ਼ਟਰ, ਉੜੀਸਾ, ਰਾਜਸਥਾਨ, ਬਿਹਾਰ, ਮੱਧ ਪ੍ਰਦੇਸ਼ ਅਤੇ ਹਰਿਆਣਾ ਦੇ ਪੁਲਿਸ ਡਾਇਰੈਕਟਰ ਜਨਰਲਾਂ ਨੂੰ ਨੋਟਿਸ ਜਾਰੀ ਕੀਤੇ ਗਏ ਸਨ। ਪਟੀਸ਼ਨ 'ਤੇ ਉਨ੍ਹਾਂ ਦੇ ਜਵਾਬ ਮੰਗੇ ਗਏ ਸਨ। ਸੁਣਵਾਈ ਦੌਰਾਨ ਪਟੀਸ਼ਨਰ ਸੰਗਠਨ ਵੱਲੋਂ ਪੇਸ਼ ਹੋਏ ਵਕੀਲ ਨਿਜ਼ਾਮ ਪਾਸ਼ਾ ਨੇ ਕਿਹਾ ਕਿ ਮੱਧ ਪ੍ਰਦੇਸ਼ 'ਚ ਮੌਬ ਲਿੰਚਿੰਗ ਦੀ ਘਟਨਾ ਵਾਪਰੀ ਸੀ ਪਰ ਪੀੜਤਾਂ ਖਿਲਾਫ ਗਊ ਹੱਤਿਆ ਦੀ ਐੱਫਆਈਆਰ ਦਰਜ ਕੀਤੀ ਗਈ ਸੀ।

### ਬਿਨਾਂ ਵਿਸ਼ਲੇਸ਼ਣ ਤੋਂ ਗਊ ਹੱਤਿਆ ਲਈ ਐਫਆਈਆਰ ਕਿਵੇਂ ਦਰਜ ਕੀਤੀ ਗਈ ?

ਉਨ੍ਹਾਂ ਕਿਹਾ ਕਿ ਜੇਕਰ ਰਾਜ ਮੌਬ ਲਿੰਚਿੰਗ ਦੀ ਘਟਨਾ ਤੋਂ ਇਨਕਾਰ ਕਰਦਾ ਹੈ ਤਾਂ ਪੂਨਾਵਾਲਾ ਕੇਸ ਵਿੱਚ 2018 ਦੇ ਫ਼ੈਸਲੇ ਦੀ ਪਾਲਣਾ ਕਿਵੇਂ ਕੀਤੀ ਜਾਵੇਗੀ। ਸੁਪਰੀਮ ਕੋਰਟ ਨੇ ਗਊ ਰੱਖਿਅਕਾਂ ਅਤੇ ਭੀੜ ਵੱਲੋਂ ਹੱਤਿਆਵਾਂ ਨੂੰ ਰੋਕਣ ਲਈ ਰਾਜਾਂ ਨੂੰ ਕਈ ਨਿਰਦੇਸ਼ ਜਾਰੀ ਕੀਤੇ ਹਨ। ਬੈਂਚ ਨੇ ਮੱਧ ਪ੍ਰਦੇਸ਼ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਨੂੰ ਇਹ ਵੀ ਸਵਾਲ ਕੀਤਾ ਕਿ ਮਾਸ ਦੇ ਰਸਾਇਣਕ ਵਿਸ਼ਲੇਸ਼ਣ ਤੋਂ ਬਿਨਾਂ ਗਊ ਹੱਤਿਆ ਲਈ ਐਫਆਈਆਰ ਕਿਵੇਂ ਦਰਜ ਕੀਤੀ ਗਈ ਅਤੇ ਝਗੜੇ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਕੋਈ ਐਫਆਈਆਰ ਕਿਉਂ ਦਰਜ ਨਹੀਂ ਕੀਤੀ ਗਈ।

## ਬਜਰੰਗ ਦਲ ਵਲੋਂ ਦਿੱਤੀ ਸੂਚਨਾ ਦੇ ਅਧਾਰ 'ਤੇ ਪੁਲਿਸ ਨੇ ਗਊ ਮਾਸ ਨਾਲ ਭਰਿਆ ਟਰੱਕ ਫੜਿਆ

### ✪ ਡਰਾਈਵਰ ਅਤੇ ਉਸ ਦਾ ਇਕ ਸਾਥੀ ਗ੍ਰਿਫ਼ਤਾਰ



ਮਕਸੂਦਾ-ਕਮਿਸ਼ਨਰੇਟ ਪੁਲਿਸ ਨੂੰ ਉਸ ਵੇਲੇ ਵੱਡੀ ਸਫ਼ਲਤਾ ਹਾਸਿਲ ਹੋਈ, ਜਦੋਂ ਬਜਰੰਗ ਦਲ ਵਲੋਂ ਦਿੱਤੀ ਗਈ ਸੂਚਨਾ ਦੇ ਅਧਾਰ 'ਤੇ ਕਮਿਸ਼ਨਰੇਟ ਪੁਲਿਸ ਦੇ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਿਸ ਨੇ ਗਊ ਮਾਸ ਨਾਲ ਭਰਿਆ ਟਰੱਕ ਫੜਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਟਰੱਕ ਯੂ.ਪੀ. ਤੋਂ ਜੰਮੂ ਕਸ਼ਮੀਰ ਵੱਲ ਜਾ ਰਿਹਾ ਸੀ, ਜਿਸ ਦੀ ਗੁਪਤ ਸੂਚਨਾ ਜਦ ਬਜਰੰਗ ਦਲ ਨੂੰ ਮਿਲੀ ਤਾਂ ਬਜਰੰਗ ਦਲ ਦੇ ਮੈਂਬਰਾਂ ਨੇ ਕਮਿਸ਼ਨਰੇਟ ਪੁਲਿਸ ਦੀ ਮਦਦ ਨਾਲ ਜਲੰਧਰ ਦੇ ਪਠਾਨਕੋਟ ਚੌਂਕ 'ਚ ਗਊ ਮਾਸ ਨਾਲ ਭਰਿਆ ਟਰੱਕ ਫੜਿਆ। ਮਿਲੀ ਜਾਣਕਾਰੀ ਅਨੁਸਾਰ ਟਰੱਕ ਡਰਾਈਵਰ ਅਤੇ ਉਸ ਦੇ ਇਕ ਸਾਥੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

# ਅਕਾਲੀ ਦਲ ਨੇ ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿੱਚੋਂ ਸੱਤ ਹਲਕਿਆਂ ਤੋਂ ਆਪਣੇ ਉਮੀਦਵਾਰ ਐਲਾਨੇ

**ਵਿਸ਼ੇਸ਼ ਖਬਰ**

## ✪ ਦਲਜੀਤ ਸਿੰਘ ਚੀਮਾ ਤੇ ਚੰਦੂਮਾਜਰਾ ਸਣੇ ਉਮੀਦਵਾਰਾਂ ’ਤੇ ਦਾਅ ਖੇਡਿਆ



ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਪਾਰਟੀ ਦੇ ਉਮੀਦਵਾਰ ਹੋਣਗੇ ਅਤੇ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਰਹਿ ਚੁੱਕੇ ਪ੍ਰੇਮ ਸਿੰਘ ਚੰਦੂਮਾਜਰਾ ਅਕਾਲੀ ਦਲ ਦੇ ਉਮੀਦਵਾਰ ਹੋਣਗੇ।ਇਸ ਲੇਖ ਵਿੱਚ ਅਕਾਲੀ ਦਲ ਦੇ ਉਮੀਦਵਾਰਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ -

ਪ੍ਰੇਮ ਸਿੰਘ ਚੰਦੂਮਾਜਰਾ 2014 ਤੋਂ 2019 ਤੱਕ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਨੰਦਪੁਰ ਸਾਹਿਬ ਹਲਕੇ ਤੋਂ ਲੋਕ ਸਭਾ ਮੈਂਬਰ ਰਹੇ ਸਨ। ਚੰਦੂਮਾਜਰਾ ਅਕਾਲੀ ਦਲ ਦੇ ਸੀਨੀਅਰ ਆਗੂਆਂ ਵਿੱਚੋਂ ਇੱਕ ਹਨ।ਲੋਕ ਸਭਾ ਦੀ ਵੈੱਬਸਾਈਟ ਮੁਤਾਬਕ ਉਹ ਸਾਲ 1996 ਅਤੇ ਸਾਲ 1998 ਵਿੱਚ ਪਟਿਆਲਾ ਲੋਕ ਸਭਾ ਹਲਕੇ ਤੋਂ ਚੋਣ ਜਿੱਤੇ ਚੁੱਕੇ ਹਨ। ਉਹ 1985 ਵਿੱਚ ਪਹਿਲੀ ਵਾਰੀ ਵਿਧਾਇਕ ਬਣੇ ਸਨ। ਉਨ੍ਹਾਂ ਨੇ ਅਰਥਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਵਿੱਚ ਮਾਸਟਰ ਡਿਗਰੀ ਕੀਤੀ ਹੋਈ ਹੈ।

ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ਵਾਲੀ ਸਰਕਾਰ ਦੇ ਦੌਰਾਨ ਸਿੱਖਿਆ ਮੰਤਰੀ ਰਹਿ ਚੁੱਕੇ ਦਲਜੀਤ ਸਿੰਘ ਚੀਮਾ ਗੁਰਦਾਸਪੁਰ ਦੇ ਪਿੰਡ ਮਾੜੀ ਬੁਚੀਆਂ ਨਾਲ ਸਬੰਧ ਰੱਖਦੇ ਹਨ। ਦਲਜੀਤ ਸਿੰਘ ਰੋਪੜ ਤੋਂ ਐੱਮਐੱਲਏ(2012-2017) ਰਹਿ ਚੁੱਕੇ ਹਨ।ਉਹ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਹਨ ਅਤੇ 2002 ਤੋਂ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਹਨ। ਉਹ ਸਾਲ 2007 - 2012 ਤੱਕ ਮੁੱਖ ਮੰਤਰੀ ਦੇ ਸਲਾਹਕਾਰ ਵੀ ਰਹਿ ਚੁੱਕੇ ਹਨ, ਇਹ ਅਹੁਦਾ ਕੈਬਿਨਟ ਮੰਤਰੀ ਦੇ ਰੈਂਕ ਦਾ ਸੀ।

ਦਲਜੀਤ ਸਿੰਘ ਚੀਮਾ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਤੋਂ ਐੱਮਬੀਬੀਐੱਸ ਦੀ ਡਿਗਰੀ ਕੀਤੀ ਹੋਈ ਹੈ।

ਨਰਿੰਦਰ ਕੁਮਾਰ ਸ਼ਰਮਾ 2017 ਵਿੱਚ ਡੇਰਾ ਬੱਸੀ ਤੋਂ ਵਿਧਾਨ ਸਭਾ ਮੈਂਬਰ ਰਹਿ ਚੁੱਕੇ ਹਨ।ਨਰਿੰਦਰ ਕੁਮਾਰ ਸ਼ਰਮਾ ਰੀਅਲ ਅਸਟੇਟ ਖੇਤਰ ਦੇ ਕਾਰੋਬਾਰੀ ਹਨ। ਉਹ ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਦੇ ਅਹੁਦੇ ਉੱਤੇ ਵੀ ਰਹਿ ਚੁੱਕੇ ਹਨ। ਇਸ ਦੇ ਨਾਲ ਹੀ ਉਹ ਜ਼ਿਲ੍ਹਾ ਪਲੈਨਿੰਗ ਬੋਰਡ ਐਸਏਐੱਸ ਨਗਰ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ। ਵਿਧਾਇਕ ਹੁੰਦਿਆਂ ਉਹ ਪੰਜਾਬ ਸਰਕਾਰ ਵਿੱਚ ਮੁੱਖ ਪਾਰਲੀਮਾਨੀ ਸਕੱਤਰ ਵੀ ਰਹੇ ਹਨ। ਉਹ ਆਪਣੇ ਜੱਦੀ ਪਿੰਡ ਲੋਹਗੜ੍ਹ ਤੋਂ ਸਰਪੰਚ ਵੀ ਰਹਿ ਚੁੱਕੇ ਹਨ।

ਇਕਬਾਲ ਸਿੰਘ ਝੂੰਦਾਂ ਧੂਰੀ ਅਤੇ ਅਮਰਗੜ੍ਹ ਵਿਧਾਨ ਸਭਾ ਹਲਕਿਆਂ ਤੋਂ ਵਿਧਾਇਕ ਰਹਿ ਚੁੱਕੇ ਹਨ।ਉਹ ਧੂਰੀ ਤੋਂ ਸਾਲ 2007-2012 ਤੱਕ ਅਤੇ ਅਮਰਗੜ੍ਹ ਤੋਂ 2012-2017 ਤੱਕ ਵਿਧਾਇਕ ਰਹੇ ਸਨ। ਇਕਬਾਲ ਸਿੰਘ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਹਨ ਅਤੇ ਸੰਗਰੂਰ, ਬਰਨਾਲਾ ਅਤੇ ਮਲੇਰਕੋਟਲਾ ਜ਼ਿਲ੍ਹਿਆਂ ਦੇ ਓਬਜ਼ਰਵਰ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਫਰੀਦਕੋਟ ਹਲਕੇ ਤੋਂ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਅਕਾਲੀ ਪਿਛੋਕੜ ਵਾਲੇ ਪਰਿਵਾਰ ਨਾਲ ਸਬੰਧ ਰੱਖਦੇ ਹਨ। ਰਾਜਵਿੰਦਰ ਸਿੰਘ ਅਕਾਲੀ ਆਗੂ ਸੀਤਲ ਸਿੰਘ ਧਰਮਕੋਟ ਦੇ ਪੁੱਤਰ ਹਨ। ਸੀਤਲ ਸਿੰਘ ਧਰਮਕੋਟ 1997 ਤੋਂ 2012 ਤੱਕ ਲਗਾਤਾਰ ਵਿਧਾਇਕ ਰਹੇ। ਉਹ ਬਾਦਲ ਪਰਿਵਾਰ ਦੇ ਨਜ਼ਦੀਕੀ ਰਹੇ ਹਨ।ਰਾਜਵਿੰਦਰ ਰਿਅਲ ਅਸਟੇਟ ਕਾਰੋਬਾਰੀ ਹਨ। ਉਨ੍ਹਾਂ ਨੇ ਹਿਊਮਨ ਰੀਸੋਰਸ ਵਿਸ਼ੇ ਵਿੱਚ ਐੱਮਬੀਏ ਕੀਤੀ ਹੈ। ਉਨ੍ਹਾਂ ਦੀ ਪਤਨੀ ਰਾਗਨੀ ਸ਼ਰਮਾ ਕਾਲਜ ਪ੍ਰੋਫੈਸਰ ਹਨ।ਰਾਜਵਿੰਦਰ 2010 ਤੋਂ 2012 ਤੱਕ ਯੂਥ ਅਕਾਲੀ ਦਲ ਦੇ ਸੂਬਾਈ ਵਾਈਸ ਪ੍ਰਧਾਨ ਰਹੇ ਹਨ।

ਫਤਿਹਗੜ੍ਹ ਸਾਹਿਬ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਬਿਕਰਮਜੀਤ ਸਿੰਘ ਖਾਲਸਾ ਸਾਲ 2007 ਵਿੱਚ ਖੰਨਾ ਤੋਂ ਵਿਧਾਇਕ ਰਹਿ ਚੁੱਕੇ ਹਨ। ਉਨ੍ਹਾਂ ਨੇ ਸਾਲ 2012 ਵਿੱਚ ਵਿਧਾਇਕ ਦੀ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ। ਬਿਕਰਮਜੀਤ ਸਿੰਘ ਪੇਸ਼ੇ ਵਜੋਂ ਵਕੀਲ ਹਨ। ਬਿਕਰਮਜੀਤ ਸਿੰਘ ਖਾਲਸਾ ਰੋਪੜ ਲੋਕ ਸਭਾ ਹਲਕੇ ਤੋਂ ਦੋ ਵਾਰੀ ਮੈਂਬਰ ਪਾਰਲੀਮੈਂਟ ਰਹਿ ਚੁੱਕੇ ਬਸੰਤ ਸਿੰਘ ਖਾਲਸਾ ਦੇ ਪੁੱਤਰ ਹਨ।

ਅਨਿਲ ਜੋਸ਼ੀ ਅਗਸਤ 2021 ਵਿੱਚ ਭਾਜਪਾ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ। ਅੰਮ੍ਰਿਤਸਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਅਨਿਲ ਜੋਸ਼ੀ ਅਕਾਲੀ-ਭਾਜਪਾ ਦੀ ਸਰਕਾਰ ਵਿੱਚ ਸਥਾਨਕ ਸਰਕਾਰਾਂ ਅਤੇ ਮੈਡੀਕਲ ਸਿੱਖਿਆ ਅਤੇ ਰਿਸਰਚ ਮੰਤਰਾਲੇ ਦੇ ਮੰਤਰੀ ਰਹਿ ਚੁੱਕੇ ਹਨ।ਉਨ੍ਹਾਂ ਨੇ ਸਾਲ 2007 ਅਤੇ 2012 ਵਿੱਚ ਭਾਜਪਾ ਵੱਲੋਂ ਅੰਮ੍ਰਿਤਸਰ ਉੱਤਰੀ ਹਲਕੇ ਤੋਂ ਚੋਣ ਜਿੱਤੀ ਸੀ। ਅਨਿਲ ਜੋਸ਼ੀ ਅਗਸਤ 2021 ਵਿੱਚ ਭਾਜਪਾ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ।

# ਪੰਜਾਬ ਦੀਆਂ 7 ਸੀਟਾਂ ’ਤੇ ਕਾਂਗਰਸ ਮੁੜ ਕਰੇਗੀ ਵਿਚਾਰ

## ✪ ਇਨ੍ਹਾਂ ਆਗੂਆਂ ਨੂੰ ਮਿਲ ਸਕਦੀਆਂ ਟਿਕਟਾਂ

ਚੰਡੀਗੜ੍ਹ-ਲੋਕ ਸਭਾ ਦੀਆਂ ਛੇ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰਨ ਤੋਂ ਬਾਅਦ ਕਾਂਗਰਸ ਪਾਰਟੀ ਨੇ ਸੁੱਖ ਦਾ ਸਾਹ ਲਿਆ ਹੈ, ਪਰ ਬਾਕੀ ਸੱਤ ਸੀਟਾਂ ਲਈ ਉਸ ਨੂੰ ਫਿਰ ਤੋਂ ਸੰਘਰਸ਼ ਕਰਨਾ ਪਵੇਗਾ। ਪਾਰਟੀ ਜਾਣਦੀ ਹੈ ਕਿ ਜੇਕਰ ਦੋ-ਤਿੰਨ ਸੀਟਾਂ ਇਕ ਪਾਸੇ ਰਹਿ ਗਈਆਂ ਤਾਂ ਉਸ ਨੂੰ ਹੁਣ ਅਸਲ ਮੁਸੀਬਤ ਦਾ ਸਾਹਮਣਾ ਕਰਨਾ ਪਵੇਗਾ।

ਪਾਰਟੀ ਲਈ ਲੁਧਿਆਣਾ, ਫਿਰੋਜ਼ਪੁਰ ਅਤੇ ਫਰੀਦਕੋਟ ਵਰਗੀਆਂ ਸੀਟਾਂ ’ਤੇ ਉਮੀਦਵਾਰਾਂ ਦੀ ਚੋਣ ਕਰਨਾ ਵੱਡੀ ਚੁਣੌਤੀ ਹੈ। ‘ਆਪ’ ਵੱਲੋਂ ਆਪਣੇ ਉਮੀਦਵਾਰ ਐਲਾਨਣ ਤੋਂ ਬਾਅਦ ਕਾਂਗਰਸ ਹੁਣ ਸਕਰੀਨਿੰਗ ਕਮੇਟੀ ਦੀ ਮੀਟਿੰਗ ਕਰੇਗੀ।

### ਇਹ ਹਨ ਟਿਕਟ ਦੇ ਦਾਅਦੇਦਾਰ

1. ਫਰੀਦਕੋਟ : ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ, ਭੁਪਿੰਦਰ ਸਿੰਘ ਸਾਹੋਕੇ ਅਤੇ ਡਿੰਪਲ ਦਾਅਵੇਦਾਰ ਹਨ।

2. ਲੁਧਿਆਣਾ : ਜੇਕਰ ਕਾਂਗਰਸ ਹਿੰਦੂ ਚਿਹਰੇ ’ਤੇ ਆਪਣੀ ਬਾਜ਼ੀ ਖੇਡਦੀ ਹੈ ਤਾਂ ਭਾਰਤ ਭੂਸ਼ਣ ਆਸ਼ੂ ਬਣ ਸਕਦੇ ਹਨ ਪਹਿਲੀ ਪਸੰਦ।

3. ਸ੍ਰੀ ਆਨੰਦਪੁਰ ਸਾਹਿਬ : ਸਾਬਕਾ ਸਪੀਕਰ ਰਾਣਾ ਕੇਪੀ ਅਤੇ ਸਾਬਕਾ ਮੰਤਰੀ ਪਰਗਟ ਸਿੰਘ ਟਿਕਟ ਦੀ ਦੌੜ ਵਿੱਚ ਹਨ। ਪਰਗਟ ਸਿੰਘ ਦੀ ਸਿਫ਼ਾਰਿਸ਼ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਕੀਤੀ ਜਾ ਰਹੀ ਹੈ।



4. ਹੁਸ਼ਿਆਰਪੁਰ : ਸਾਬਕਾ ਵਿਧਾਇਕ ਪਵਨ ਆਦੀਆ ਅਤੇ ਸਾਬਕਾ ਮੰਤਰੀ ਸੰਤੋਸ਼ ਚੌਧਰੀ ਆਪਣੀ ਬੇਟੀ ਨਮਿਤਾ ਚੌਧਰੀ ਲਈ ਟਿਕਟ ਦੀ ਮੰਗ ਕਰ ਰਹੇ ਹਨ। ਪਵਨ ਆਦੀਆ ਵਾਲਮੀਕਿ ਭਾਈਚਾਰੇ ਨਾਲ ਸਬੰਧਤ ਹਨ। ਇੱਥੇ ਦਲਿਤ ਵੋਟਾਂ ਜ਼ਿਆਦਾ ਹਨ ਅਤੇ ਨਮਿਤਾ ਚੌਧਰੀ ਵੀ ਦਲਿਤ ਭਾਈਚਾਰੇ ਵਿੱਚੋਂ ਹਨ। ਕਾਂਗਰਸ ਕੋਲ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਦਾ ਵੀ ਵਿਕਲਪ ਹੈ ਕਿਉਂਕਿ ਜਲੰਧਰ ਵਿੱਚ ਚੰਨੀ ਦੇ ਚੋਣ ਲੜਨ ਤੋਂ ਚੌਧਰੀ ਪਰਿਵਾਰ ਨਾਖੁਸ਼ ਹੈ। ਪਾਰਟੀ ਹੁਸ਼ਿਆਰਪੁਰ ਸੀਟ ਤੋਂ ਕਰਮਜੀਤ ਕੌਰ ਨੂੰ ਚੋਣ ਮੈਦਾਨ ਵਿੱਚ ਉਤਾਰਨ ’ਤੇ ਵੀ ਵਿਚਾਰ ਕਰ ਸਕਦੀ ਹੈ।

5. ਖਡੂਰ ਸਾਹਿਬ : ਕਾਂਗਰਸ ਦੇ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਭਾਵੇਂ ਖੁਦ ਮੈਦਾਨ ਤੋਂ ਹਟ ਗਏ ਹਨ ਪਰ ਆਪਣੇ ਭਰਾ ਰਾਜਨ ਗਿੱਲ ਨੂੰ ਕਾਂਗਰਸ ਵਿਚ ਸ਼ਾਮਲ ਕਰਵਾ ਕੇ ਨਵੀਂ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਰਾਜਨ ਨੇ 2022 ਵਿੱਚ ਅਕਾਲੀ ਦਲ ਦੀ ਮੈਂਬਰਸ਼ਿਪ ਲਈ ਸੀ, ਕਿਉਂਕਿ ਕਾਂਗਰਸ ਨੇ ਉਨ੍ਹਾਂ ਨੂੰ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਰਾਜਨ ਹੁਣ ਕਾਂਗਰਸ ਦੇ ਦਾਅਵੇਦਾਰ ਹਨ, ਜਦੋਂਕਿ ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਜਾਂ ਉਨ੍ਹਾਂ ਦੇ ਪੁੱਤਰ ਵਿਧਾਇਕ ਰਾਣਾ ਇੰਦਰ ਪ੍ਰਤਾਪ ਦੀ ਮਜ਼ਬੂਤ ਦਾਅਵੇਦਾਰੀ ਹੈ।

6. ਫ਼ਿਰੋਜ਼ਪੁਰ : ਇੱਥੇ ਕਾਂਗਰਸ ਵਿੱਚ ਰਮਿੰਦਰ ਆਵਲਾ ਅਤੇ ਸਾਬਕਾ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦੇ ਨਾਂ ਹਨ, ਪਰ ਅਕਸਰ ਇਹ ਚਰਚਾ ਹੁੰਦੀ ਹੈ ਕਿ ਆਵਲਾ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ। ਇਹੀ ਕਾਰਨ ਹੈ ਕਿ ਕਾਂਗਰਸ ਕੋਈ ਫੈਸਲਾ ਨਹੀਂ ਲੈ ਪਾ ਰਹੀ ਹੈ। ਰਾਏ ਸਿੱਖ ਅਤੇ ਕੰਬੋਜ ਭਾਈਚਾਰੇ ਦਾ ਇੱਥੇ ਵੱਡਾ ਵੋਟ ਬੈਂਕ ਹੈ।

7. ਗੁਰਦਾਸਪੁਰ : ਇੱਥੋਂ ਮੌਜੂਦਾ ਵਿਧਾਇਕ ਬਰਿੰਦਰਮੀਤ ਪਾਹੜਾ ਆਪਣੇ ਭਰਾ ਲਈ ਟਿਕਟ ਦੀ ਮੰਗ ਕਰ ਰਹੇ ਹਨ, ਜਦਕਿ ਇੱਥੋਂ ਸੁਖਜਿੰਦਰ ਸਿੰਘ ਰੰਧਾਵਾ ਦਾ ਨਾਂ ਵੀ ਚੱਲ ਰਿਹਾ ਹੈ। ਰੰਧਾਵਾ ਕੋਲ ਰਾਜਸਥਾਨ ਦਾ ਚਾਰਜ ਵੀ ਹੈ, ਜਿੱਥੇ 19 ਤਰੀਕ ਨੂੰ ਵੋਟਾਂ ਪੈਣੀਆਂ ਹਨ। ਇਸ ਤੋਂ ਬਾਅਦ ਉਹ ਪੰਜਾਬ ਤੋਂ ਚੋਣ ਲੜ ਸਕਦੇ ਹਨ।

**ਵਿਚਾਰ :–** ਤੁਹਾਡੇ ਜੀਵਨ ਦੀ ਸਫਲਤਾ ਜਾਂ ਅਸਫਲਤਾ ਤੁਹਾਡੇ 'ਤੇ ਹੀ ਨਿਰਭਰ ਹੈ, ਆਪਣੇ ਯਤਨਾਂ ਨਾਲ ਤੁਸੀਂ ਆਪਣੇ ਜੀਵਨ ਨੂੰ ਜਿਹੋ ਜਿਹਾ ਚਾਹੁੰਦੇ ਹੋ ਬਣਾ ਸਕਦੇ ਹੋ।



ਰਜਿੰਦਰ ਸਿੰਘ ਪੁਰੇਵਾਲ

# ਪਖੰਡੀ ਯੋਗਾ ਗੁਰੂ ਰਾਮਦੇਵ ਦੀ ਭਰਮਾਊ ਇਸ਼ਤਿਹਾਰਬਾਜ਼ੀ ਬਾਰੇ ਸੁਪਰੀਮ ਕੋਰਟ ਦਾ ਠੋਸ ਫੈਸਲਾ

ਬੀਤੇ ਦਿਨੀਂ ਸੁਪਰੀਮ ਕੋਰਟ ਨੇ ਯੋਗ ਗੁਰੂ ਰਾਮਦੇਵ, ਉਨ੍ਹਾਂ ਦੇ ਸਹਿਯੋਗੀ ਬਾਲਕ੍ਰਿਸ਼ਨ ਅਤੇ ਪਤੰਜਲੀ ਆਯੁਰਵੇਦ ਨੂੰ ਭਰਮਾਊ ਇਸ਼ਤਿਹਾਰਬਾਜ਼ੀ ਮਾਮਲੇ ਵਿਚ ਜਨਤਕ ਮੁਆਫੀ ਮੰਗਣ ਲਈ ਹਫਤੇ ਦਾ ਸਮਾਂ ਦਿੱਤਾ ਪਰ ਕਿਹਾ ਕਿ ਇਸ ਪੜਾਅ 'ਤੇ ਉਨ੍ਹਾਂ ਨੂੰ ਰਾਹਤ ਨਹੀਂ ਦਿੱਤੀ ਜਾਵੇਗੀ। ਸੁਣਵਾਈ ਦੌਰਾਨ ਰਾਮਦੇਵ ਅਤੇ ਬਾਲਕ੍ਰਿਸ਼ਨ ਦੋਵੇਂ ਹਾਜ਼ਰ ਸਨ ਅਤੇ ਉਨ੍ਹਾਂ ਨੇ ਨਿੱਜੀ ਤੌਰ 'ਤੇ ਸੁਪਰੀਮ ਕੋਰਟ ਤੋਂ ਬਿਨਾਂ ਸ਼ਰਤ ਮੁਆਫੀ ਮੰਗੀ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੁਦੀਨ ਅਮਾਨਉੱਲ੍ਹਾ ਦੇ ਬੈਂਚ ਨੇ ਉਨ੍ਹਾਂ ਦੀ ਮੁਆਫੀ 'ਤੇ ਨੋਟਿਸ ਲਿਆ ਪਰ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ ਇਸ ਪੜਾਅ 'ਤੇ ਉਨ੍ਹਾਂ ਨੂੰ ਰਾਹਤ ਦੇਣ ਦਾ ਫੈਸਲਾ ਨਹੀਂ ਕੀਤਾ ਗਿਆ ਹੈ।ਯਾਦ ਰਹੇ ਕਿ 27 ਫਰਵਰੀ, 2024 ਨੂੰ ਸੁਪਰੀਮ ਕੋਰਟ ਨੇ ਪਤੰਜਲੀ ਆਯੁਰਵੇਦ ਵੱਲੋਂ ਸਿਹਤ ਨਾਲ ਜੁੜੇ ਕਿਸੇ ਵੀ ਉਤਪਾਦ ਬਾਰੇ ਇਸ਼ਤਿਹਾਰ ਦੇਣ 'ਤੇ ਪਾਬੰਦੀ ਲਾ ਦਿੱਤੀ ਸੀ।ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੇ ਆਯੁਸ਼ ਮੰਤਰਾਲੇ ਖ਼ਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਇਹ ਸਵਾਲ ਵੀ ਪੁੱਛਿਆ।ਸੁਪਰੀਮ ਕੋਰਟ ਦੀ ਰੋਕ ਦੇ ਬਾਵਜੂਦ ਯੋਗਾ ਗੁਰੂ ਦੇ ਭਰਮਾਊ ਇਸ਼ਤਿਹਾਰ ਚਲਦੇ ਰਹੇ ਤੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੋਈ। ਸੁਪਰੀਮ ਕੋਰਟ ਨੇ ਡਰੱਗਜ਼ ਅਤੇ ਮੈਜਿਕ ਰੈਮੇਡੀਜ਼ ਐਕਟ 1954 ਦਾਇਰ ਕੀਤਾ ਹੈ।

ਡਰੱਗਜ਼ ਐਂਡ ਮੈਜਿਕ ਰੈਮੇਡੀਜ਼ (ਇਤਰਾਜ਼ਯੋਗ ਇਸ਼ਤਿਹਾਰ) ਐਕਟ 1954, ਭਾਰਤ ਵਿੱਚ ਦਵਾਈਆਂ ਦੇ ਇਸ਼ਤਿਹਾਰਾਂ ਨੂੰ ਕੰਟਰੋਲ ਕਰਨ ਲਈ ਬਣਾਇਆ ਗਿਆ ਸੀ।ਜਾਦੂਈ ਇਲਾਜ ਕਰਨ ਦਾ ਦਾਅਵਾ ਕਰਨ ਵਾਲੇ ਉਤਪਾਦਾਂ ਅਤੇ ਦਵਾਈਆਂ ਦੇ ਇਸ਼ਤਿਹਾਰਾਂ 'ਤੇ ਇਸ ਕਾਨੂੰਨ ਦੇ ਤਹਿਤ ਪਾਬੰਦੀ ਹੈ। ਪਰ ਬਾਬਾ ਇਸ ਕਨੂੰਨ ਦਾ ਮਜਾਕ ਉਡਾ ਰਿਹਾ ਹੈ। ਬਾਬੇ ਦੇ "ਕਰੋ ਯੋਗ ਭਜਾਓ ਰੋਗ" ਨਾਅਰੇ ਹੇਠ ਬੀਮਾਰ ਮਾਨਸਿਕਤਾ ਵਾਲੇ ਲੋਕ ਕਾਫ਼ੀ ਜੁੜਨ ਲੱਗੇ। ਕੈਂਪਾਂ ਦੀਆਂ ਰੌਣਕਾਂ ਵਧਣ ਲੱਗੀਆਂ। ਉਨ੍ਹਾਂ ਕੈਪਾਂ ਵਿੱਚ ਇਸ ਨੇ ਆਪਣੀਆਂ ਪਤੰਜਲੀ ਦੇ ਨਾਂਅ ਹੇਠ ਦਵਾਈਆਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਹਰ ਬੀਮਾਰੀ ਦੀਆਂ ਅਖੌਤੀ ਦਵਾਈਆਂ ਤਿਆਰ ਕੀਤੀਆਂ ਤੇ ਲੋਕਾਂ ਨਾਲ ਠਗੀਆਂ ਮਾਰੀਆਂ। ਦਵਾਈਆਂ ਦੇ ਖੇਤਰ, ਖਾਸ ਕਰ ਕੇ ਆਯੁਰਵੈਦਿਕ ਖੇਤਰ ਵਿੱਚ ਆਪਣਾ ਸਾਮਰਾਜ ਖੜ੍ਹਾ ਕਰ ਲਿਆ।

ਸਿਆਸੀ ਦੋਸਤਾਂ ਦਾ ਲਾਹਾ ਲੈ ਕੇ ਸਸਤੇ ਭਾਵਾਂ 'ਤੇ ਜ਼ਮੀਨਾਂ ਅਲਾਟ ਕਰਾਈਆਂ ਅਤੇ ਆਪਣਾ ਕਾਰੋਬਾਰ ਵਧਾਇਆ। ਸਰਕਾਰਾਂ ਤੋਂ ਸਮੇਂ-ਸਮੇਂ ਸਿਰ ਟੈਕਸ ਮੁਆਫ਼ ਕਰਾਏ। ਅਜਿਹਾ ਹੁੰਦੇ-ਹੁੰਦੇ ਫਿਰ ਸਵਾਲ ਉੱਠਣੇ ਸ਼ੁਰੂ ਹੋ ਗਏ ਕਿ ਅਗਰ ਯੋਗਾ ਕੀਤਿਆਂ ਰੋਗ ਮਿੱਟ ਜਾਂਦੇ ਹਨ, ਤਾਂ ਫਿਰ ਦਵਾਈ ਕਿਉਂ ਵੇਚੀ ਜਾਂਦੀ ਹੈ? ਦਵਾਈ ਵਿੱਚ ਵੀ ਦੇਸੀ-ਵਿਦੇਸ਼ੀ ਦਾ ਵੇਰਵਾ ਪਾ ਕੇ ਵੇਚੀ ਜਾਂਦੀ ਰਹੀ। ਕੋਈ ਐਸੀ ਬਿਮਾਰੀ ਦਾ ਨਾਂਅ ਨਹੀਂ ਰਿਹਾ, ਜਿਸ ਦੀ ਬਾਬੇ ਨੇ ਦਵਾਈ ਨਾ ਬਣਾਈ ਹੋਵੇ। ਹਿੱਕ ਠੋਕ ਕੇ ਉਸ ਦੀ ਗਰੰਟੀ ਦਿੰਦਾ ਰਿਹਾ। ਬਿੱਲੀ ਤਾਂ ਉਦੋਂ ਥੈਲਿਓਂ ਬਾਹਰ ਆਈ, ਜਦ ਬਾਲ ਕ੍ਰਿਸ਼ਨ ਨੂੰ ਦਿਲ ਦੀ ਬਿਮਾਰੀ ਖਾਤਰ ਐਲੋਪੈਥੀ ਦੀ ਦਵਾਈ ਦੀ ਵਰਤੋਂ ਕਰਨੀ ਪਈ ਅਤੇ ਪਤੰਜਲੀ ਤੋਂ ਬਾਹਰ ਹਸਪਤਾਲ ਵਿੱਚ ਦਾਖ਼ਲ ਹੋਣਾ ਪਿਆ। ਸਰਕਾਰੀ ਅਦਾਰਿਆਂ ਵਲੋਂ ਕਈ ਦਵਾਈਆਂ ਦੇ ਸੈਂਪਲ ਭਰੇ ਜਾਂਦੇ ਰਹੇ। ਬਹੁਤੇ ਸੈਂਪਲ ਮਿਆਰੀ ਨਾ ਨਿਕਲੇ। ਜੋ ਬਾਹਰ ਲਿਖਿਆ ਹੁੰਦਾ ਸੀ, ਉਹ ਦਵਾਈ ਵਿੱਚ ਨਹੀਂ ਸੀ ਹੁੰਦਾ। ਬਹੁਤ ਚਿਰ ਪਹਿਲਾਂ ਰੌਲਾ ਪੈ ਗਿਆ ਸੀ ਕਿ ਰਾਮਦੇਵ ਦੀਆਂ ਦਵਾਈਆਂ ਵਿੱਚ ਹੱਡੀਆਂ ਦਾ ਪਾਊਡਰ ਮਿਲਾਇਆ ਜਾਂਦਾ ਹੈ। ਅੱਜ ਇਹ ਪਖੰਡੀ ਯੋਗਾ ਗੁਰੂ ਠੱਗੀ ਤੇ ਕਨੂੰਨ ਦੀ ਉਲੰਘਣਾ ਕਰਕੇ ਫਸ ਗਿਆ ਹੈ। ਇਸ ਦੀ ਬਾਬੇ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

# ਯੂਕੇ ਸਰਕਾਰ ਹੁਣ ਬਿਨਾਂ ਸਹਿਮਤੀ "ਡੀਪ ਫੇਕ" ਤਸਵੀਰਾਂ ਬਣਾਉਣ ਵਾਲਿਆਂ ਵਿਰੁਧ ਸਖਤੀ ਕਰੇਗੀ

## ✪ ਨਵੇਂ ਕਾਨੂੰਨ ਤਹਿਤ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ

ਲੰਡਨ-ਬ੍ਰਿਟੇਨ ਦੀ ਸਰਕਾਰ ਨੇ ਕਿਹਾ ਕਿ ਅਸ਼ਲੀਲ 'ਡੀਪ ਫੇਕ' ਸਮੱਗਰੀ ਬਣਾਉਣ ਵਾਲੇ ਲੋਕਾਂ ਨੂੰ ਨਵੇਂ ਕਾਨੂੰਨ ਤਹਿਤ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਇਹ ਕਾਨੂੰਨ ਫਿਲਹਾਲ ਸੰਸਦੀ ਪ੍ਰਕਿਰਿਆ ਵਿੱਚੋਂ ਲੰਘ ਰਿਹਾ ਹੈ। 'ਡੀਪਫੇਕ' ਉਹਨਾਂ ਚਿੱਤਰਾਂ ਅਤੇ ਵੀਡੀਓ ਨੂੰ ਦਰਸਾਉਂਦੇ ਹਨ ਜੋ ਆਰਟੀਫੀਸ਼ੀਅਲ ਇੰਟੈਲੀਜੈਂਸ ਜਾਂ ਹੋਰ ਤਕਨੀਕਾਂ ਦੀ ਵਰਤੋਂ ਕਰਕੇ ਅਤੇ ਆਮ ਤੌਰ 'ਤੇ ਪੀੜਤ ਦੀ ਸਹਿਮਤੀ ਤੋਂ ਬਿਨਾਂ ਬਣਾਏ ਜਾਂਦੇ ਹਨ। ਨਵੇਂ ਕਾਨੂੰਨ ਤਹਿਤ ਬਿਨਾਂ ਸਹਿਮਤੀ ਤੋਂ ਅਜਿਹੀਆਂ ਤਸਵੀਰਾਂ ਬਣਾਉਣ ਵਾਲਿਆਂ ਨੂੰ ਅਪਰਾਧਿਕ ਕਾਰਵਾਈ ਅਤੇ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। ਕਾਨੂੰਨ ਵੀਚ ਪ੍ਰਸਤਾਵਿਤ ਵਿਵਸਥਾ ਮੁਤਾਬਕ ਜੇਕਰ 'ਡੀਪ ਫੇਕ' ਸਮੱਗਰੀ ਵੱਡੇ ਪੱਧਰ 'ਤੇ ਫੈਲਦੀ ਹੈ ਤਾਂ ਦੋਸ਼ੀਆਂ ਨੂੰ ਜੇਲ੍ਹ ਭੇਜਿਆ ਜਾ ਸਕਦਾ ਹੈ। ਬ੍ਰਿਟਿਸ਼ ਮੰਤਰੀ ਲੌਰਾ ਫੇਰਿਸ ਨੇ ਕਿਹਾ, 'ਡੀਪ ਫੇਕ' ਨਾਲ ਬਣਾਈਆਂ ਗਈਆਂ ਅਸ਼ਲੀਲ ਤਸਵੀਰਾਂ ਨਿੰਦਣਯੋਗ ਅਤੇ ਪੂਰੀ ਤਰ੍ਹਾਂ ਅਸਵੀਕਾਰਨਯੋਗ ਹਨ।

**NEWS & VIEWS**

# RELIGIOUS COURTS AND TRIBUNALS



Gurmukh Singh OBE

Recently, when approached about a ***Sikh*** court in the UK, I felt uneasy about the concept. While the community *sewa* aspect of this initiative in a Sikhi spirit is appreciated, the underlying doubt and principle from a Sikh perspective seem to be the same as for religious courts and tribunals. There should be one legal system in a country; albeit, which takes into account the needs of a plural society.

A seminar in January, 2009 explored *Religious Courts and Tribunals*, with particular reference to the Arbitration Act. A Sikh view was asked for and given. (see the Sikh Missionary Society UK Web link at footnote*). Despite the apparent legal safeguards, this was seen as a slippery slope to an unjust and unequal society.

This week, I am content to reproduce the main arguments from a Sikh angle against a separate system of law for any community. Where relevant. legal experts can pick up any points with reference to a *Sikh court* in the UK.

There are no religious courts as such in the Sikh tradition. Settlement of disputes in the Darbar of Guru Sahiban (Guru Persons) cannot be regarded in the same category as formal religious courts held by Muslim Kazis applying Sharia law. There were theo-political reasons for the Gurus, especially Guru Hargobind Ji and Guru Gobind Singh Ji, holding temporal courts and defying Islamic religious courts of the time.

*Gurmattas* would be about interpretation of Gurbani guidance. Sarbatt Khalsa tradition is also about political (miri related) decisions agreeing tactics and Panthic strategy. In the 18th Century, inter-misl disputes were settled at the fringes of such gatherings when the Sardars embraced each other in the presence of the Guru Granth Sahib. Such conciliations (*samjhautas* and *sulahs*) were not based on any fixed religious code.

The fact that Sikhi does not recognise ordained priesthood would also have a bearing on the Sikh religious position on the question of religious courts.

Sikhi guides but does not prescribe or legislate. Sikh religion believes in general guidance by Guru Granth Sahib, based on universal human values but leaves legislation to temporal systems in which Sikhs would participate most actively to establish the ideal egalitarian regimes in which no one inflicts pain on another (Sikh concept of *halemi raj*).

Sikh *reht* is continual interpretation of Gurbani, the Guru's Word, by the Khalsa Panth. The Panth (*miri* or temporal aspect of Guruship) agrees the code of conduct and changes it, if necessary, according to time and place. It is not prescribed by the Guide Eternal, the Sikh Constitution, Guru Granth Sahib. Otherwise, the Guru would have prescribed a detailed religious law code like Sharia in Islam.

Sikh history shows that religious courts can be used as a means for propagating social injustice inherent in the (mis)interpretation of orthodox religious ideologies. Sikhs would oppose such retrograde trends in the societies they live in.

In the meantime, alarmist press reports about religious courts do stir up extremist elements in the multicultural societies we live in. Legal labels and titles relating a *Sikh court* can send the wrong signal at a sensitive time.

Due consideration should be given to the religious and cultural needs of a diverse society when laws are made. Otherwise, religious courts and tribunals can stall progress towards an egalitarian legal systems based on fundamental human rights. There should be one law and one legal process for all citizens of the country.

Full article:
https://www.sikhmissionarysociety.org/sms/smsarticles/advisorypanel/gurmukhsinghsewauk/religiouscourtsandtribunals/


Gurmukh Singh OBE, Ret'd Principal Civil Servant (UK) sewauk2005@yahoo.co.uk

# ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਸੰਕਟ ਵਿਚ

**✪ ਓਪੀਨੀਅਨ ਪੋਲ ਅਨੁਸਾਰ ਅਕਾਲੀ ਦਲ ਨੂੰ ਨਹੀਂ ਮਿਲੇਗੀ ਕੋਈ ਸੀਟ ✪ ਦਲ ਬਦਲੂਆਂ ਤੇ ਟਿਕਟ ਦੀ ਵੰਡ ਕਾਰਣ ਅਕਾਲੀ ਦਲ ਨੂੰ ਮਿਲਣ ਲੱਗੀ ਚੁਣੌਤੀ ✪ ਸੰਗਰੂਰ ਤੋਂ ਟਿਕਟ ਨਾ ਮਿਲਣ ਕਾਰਣ ਢੀਂਡਸਾ ਪਰਿਵਾਰ ਨਰਾਜ਼, ਬੀਬੀ ਜਗੀਰ ਕੌਰ ਢੀਂਡਸਾ ਦੇ ਹੱਕ ਵਿਚ ✪ ਪਵਨ ਟੀਨੂੰ ਨੇ ਅਕਾਲੀ ਦਲ ਛਡਿਆ ਤੇ ਆਪ ਵਲੋਂ ਜਲੰਧਰ ਤੋਂ ਲੜਨਗੇ ✪ ਸਾਬਕਾ ਮੰਤਰੀ ਮਲੂਕਾ ਦੇ ਨੂੰਹ-ਪੁੱਤ ਪਰਮਪਾਲ ਕੌਰ ਤੇ ਗੁਰਪ੍ਰੀਤ ਸਿੰਘ ਭਾਜਪਾ ਵਿਚ ਸ਼ਾਮਲ**







• ਖਾਸ ਖਬਰ •

ਭਾਜਪਾ ਤੋਂ ਵੱਖ ਹੋਣ ਬਾਅਦ ਸੂਬੇ ਵਿਚ ਆਪਣੀ ਗੁਆਚੀ ਸਿਆਸੀ ਜ਼ਮੀਨ ਤਲਾਸ਼ ਰਹੇ ਸ਼੍ਰੋਮਣੀ ਅਕਾਲੀ ਦਲ ਲਈ ਹੁਣ ਦਲ ਬਦਲੂਆਂ ਕਾਰਨ ਤੇ ਟਿਕਟ ਦੀ ਵੰਡ ਕਾਰਨ ਫਿਰ ਖਤਰਾ ਮਹਿਸੂਸ ਹੋਣ ਲਗਾ ਹੈ। ਸੀ-ਵੋਟਰ ਨੇ ਹੁਣੇ ਜਿਹੇ ਪੰਜਾਬ ਦੀਆਂ ਲੋਕ ਸਭਾ ਸੀਟਾਂ ਬਾਰੇ ਏਬੀਪੀ ਲਈ ਇੱਕ ਓਪੀਨੀਅਨ ਪੋਲ ਕਰਵਾਇਆ ਸੀ। 2024 ਦੇ ਇਸ ਅੰਤਿਮ ਓਪੀਨੀਅਨ ਪੋਲ ਵਿੱਚ ਅਕਾਲੀ ਦਲ ਨੂੰ ਝਟਕਾ ਲੱਗਦਾ ਨਜ਼ਰ ਆ ਰਿਹਾ ਹੈ।

ਸਪਸ਼ਟ ਹੈ ਕਿ ਦਲ ਬਦਲੂਆਂ ਕਾਰਣ ਅਕਾਲੀ ਦਲ ਦੀ ਹਾਲਤ ਚਿੰਤਾਜਨਕ ਹੈ।ਉਸ ਨੂੰ ਇੱਥੇ ਕੋਈ ਸੀਟ ਮਿਲਦੀ ਨਜ਼ਰ ਨਹੀਂ ਆ ਰਹੀ। ਜਦਕਿ ਕਾਂਗਰਸ ਇੱਥੇ ਵੱਡੀ ਪਾਰਟੀ ਬਣ ਕੇ ਉਭਰੇਗੀ। ਇਸ ਨੂੰ ਸੱਤ ਸੀਟਾਂ ਮਿਲ ਸਕਦੀਆਂ ਹਨ। ਇੰਡੀਆ ਅਲਾਇੰਸ ਦੇ ਤਹਿਤ ਇਹ ਆਪ ਪਾਰਟੀ ਨਾਲ ਗਠਜੋੜ ਨਹੀਂ ਕਰ ਸਕਿਆ ਅਤੇ ਦੋਵੇਂ ਵੱਖ-ਵੱਖ ਚੋਣਾਂ ਲੜ ਰਹੇ ਹਨ।

## ਦਲ ਬਦਲੂਆਂ ਕਾਰਣ ਅਕਾਲੀ ਦਲ ਨੂੰ ਝਟਕਾ

ਭਾਵੇਂ ਬੀਤੇ ਸਮੇਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਵੇਂ ਸੁਖਦੇਵ ਸਿੰਘ ਢੀਂਡਸਾ, ਬੀਬੀ ਜਾਗੀਰ ਕੌਰ ਤੇ ਹੋਰ ਰੁੱਸੇ ਟਕਸਾਲੀ ਆਗੂਆਂ ਨੂੰ ਨਾਲ ਤੋਰਨ ਵਿਚ ਸਫ਼ਲ ਰਹੇ ਸਨ। ਉਹ ਪਾਰਟੀ ਨੂੰ ਪੈਰਾਂ-ਸਿਰ ਕਰਨ ਲਈ ਯਤਨ ਕਰ ਰਹੇ ਹਨ ਪਰ ਪਾਰਟੀ ਲਈ ਵੱਡੀਆਂ ਚੁਣੌਤੀਆਂ ਤੇ ਸਵਾਲਾਂ ਨੇ ਰਾਹ ਮੱਲ੍ਹਿਆ ਹੋਇਆ ਹੈ। ਹੁਣ ਲੋਕ ਸਭਾ ਚੋਣਾਂ ਦੇ ਐਲਾਨ ਬਾਅਦ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਦਾ ਆਪ ਆਦਮੀ ਪਾਰਟੀ ਵਿਚ ਸ਼ਾਮਲ ਹੋਣਾ ਅਕਾਲੀ ਦਲ ਲਈ ਇਕ ਵੱਡਾ ਝਟਕਾ ਹੈ। ਉਹ ਹੁਣ ਆਪ ਵਲੋਂ ਜਲੰਧਰ ਹਲਕੇ ਤੋਂ ਚੋਣ ਲੜਨਗੇ। ਪਵਨ ਟੀਨੂੰ ਦਾ ਕਹਿਣਾ ਹੈ ਕਿ ਅਕਾਲੀ ਦਲ ਵਿਚ ਭਾਰੀ ਫੁਟ ਹੈ, ਸਿਧਾਂਤਾਂ ਤੋਂ ਥਿੜਕ ਚੁਕਾ ਹੈ ਤੇ ਪਾਰਟੀ ਨਿਘਾਰ ਵਲ ਹੈ। ਉਥੇ ਦਲਿਤ ਭਾਈਚਾਰੇ ਦਾ ਕੋਈ ਭਵਿੱਖ ਨਹੀਂ। ਇਸੇ ਕਰਕੇ ਉਹ ਆਪ ਪਾਰਟੀ ਵਲ ਆਏ ਹਨ।

ਸੂਤਰਾਂ ਅਨੁਸਾਰ ਟੀਨੂੰ ਤੋਂ ਇਲਾਵਾ ਕਈ ਹੋਰ ਵੱਡੇ ਨੇਤਾ ਹਨ ਜਿਹੜੇ ਅਕਾਲੀ ਦਲ ਨੂੰ ਅਲਵਿਦਾ ਆਖ ਸਕਦੇ ਹਨ। ਇਨ੍ਹਾਂ ਵਿਚ ਬਠਿੰਡਾ ਤੋਂ ਸਿਕੰਦਰ ਸਿੰਘ ਮਲੂਕਾ ਅਤੇ ਸੰਗਰੂਰ ਤੋਂ ਹਾਲ ਹੀ ਵਿਚ ਅਕਾਲੀ ਦਲ ਵਿਚ ਮੁੜ ਸ਼ਾਮਲ ਹੋਏ ਢੀਂਡਸਾ ਪਰਿਵਾਰ ਸ਼ਾਮਲ ਹੈ। ਜੇ ਮਲੂਕਾ ਅਤੇ ਢੀਂਡਸਾ ਪਰਿਵਾਰ ਅਕਾਲੀ ਦਲ ਤੋਂ ਵੱਖ ਹੁੰਦੇ ਹਨ ਤਾਂ ਇਹ ਅਕਾਲੀ ਦਲ ਲਈ ਜਲੰਧਰ, ਸੰਗਰੂਰ ਅਤੇ ਬਠਿੰਡਾ ਲੋਕ ਸਭਾ ਸੀਟਾਂ ਲਈ ਵੱਡਾ ਝਟਕਾ ਹੋਵੇਗਾ। ਢੀਂਡਸਾ ਪਰਿਵਾਰ ਦਾ ਜ਼ਿਲ੍ਹਾ ਸੰਗਰੂਰ, ਬਰਨਾਲਾ ਅਤੇ ਮਾਲੇਰਕੋਟਲਾ ਆਦਿ ਵਿੱਚ ਲੋਕਾਂ ਨਾਲ ਵਧੇਰੇ ਰਾਬਤਾ ਹੈ ਅਤੇ ਵੱਡਾ ਵੋਟ ਬੈਂਕ ਉਨ੍ਹਾਂ ਨਾਲ ਜੁੜਿਆ ਹੋਇਆ ਹੈ। ਅਜਿਹੇ ਹਾਲਾਤ ਵਿਚ ਝੂੰਦਾਂ ਲਈ ਲੋਕ ਸਭਾ ਦੀਆਂ ਪੌੜੀਆਂ ਚੜ੍ਹਨ ਦਾ ਸਫ਼ਰ ਔਖਾ ਹੋ ਸਕਦਾ ਹੈ। ਕਿਆਸਰਾਈਆਂ ਹਨ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਢੀਂਡਸਾ ਪਰਿਵਾਰ ਤੋਂ ਪਹਿਲਾਂ ਦੀ ਤਰ੍ਹਾਂ ਤਿੰਨ ਜ਼ਿਲ੍ਹਿਆਂ ਦੀ ਸਿਆਸੀ ਸਰਦਾਰੀ ਨਾਂ ਦੇਣ ਦਾ ਹੱਕ ਖੋਹ ਲਿਆ ਲੱਗਦਾ ਹੈ।

ਜਦੋਂ ਤੋਂ ਢੀਂਡਸਾ ਪਰਿਵਾਰ ਅਕਾਲੀ ਦਲ ਵਿਚ ਮੁੜ ਸ਼ਾਮਲ ਹੋਏ ਹਨ ਤਦ ਤੋਂ ਮੰਨਿਆ ਜਾ ਰਿਹਾ ਸੀ ਕਿ ਲੋਕ ਸਭਾ ਹਲਕਾ ਸੰਗਰੂਰ ਤੋਂ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਉਮੀਦਵਾਰ ਬਣਾਇਆ ਜਾਵੇਗਾ। ਪਰ ਜਿਵੇਂ ਹੀ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਛੇ ਉਮੀਦਵਾਰਾਂ ਦੀ ਲਿਸਟ ਵਿੱਚ ਸੰਗਰੂਰ ਸੀਟ ਤੋਂ ਸਾਬਕਾ ਐੱਮਐੱਲਏ ਇਕਬਾਲ ਸਿੰਘ ਝੂੰਦਾ ਦਾ ਨਾਮ ਆਇਆ ਤਾਂ ਢੀਂਡਸਾ ਦੇ ਵਰਕਰਾਂ ਵਿੱਚ ਨਮੋਸ਼ੀ ਦੀ ਲਹਿਰ ਦੌੜ ਗਈ।

ਅਕਾਲੀ ਆਗੂ ਬੀਬੀ ਜਾਗੀਰ ਕੌਰ ਦਾ ਕਹਿਣਾ ਹੈ ਕਿ ਪਰਮਿੰਦਰ ਸਿੰਘ ਢੀਂਡਸਾ ਨੂੰ ਸੰਗਰੂਰ ਤੋਂ ਟਿਕਟ ਮਿਲਣੀ ਚਾਹੀਦੀ ਸੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਸੁਖਦੇਵ ਸਿੰਘ ਢੀਂਡਸਾ ਪਾਰਟੀ ਵਿੱਚ ਪਰਤੇ ਹਨ ਤਾਂ ਇਸ ਹਾਲਤ ਵਿਚ ਉਨ੍ਹਾਂ ਦਾ ਭਰੋਸਾ ਨਹੀਂ ਸੀ ਤੋੜਨਾ ਚਾਹੀਦਾ।

ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਇੱਕ ਇੰਟਰਵਿਊ 'ਚ ਕਿਹਾ ਹੈ ਕਿ ਹਰਸਿਮਰਤ ਕੌਰ ਬਾਦਲ ਨੂੰ ਜਿਤਾਉਣ ਖ਼ਾਤਰ ਸੌਦਾ ਕੀਤਾ ਗਿਆ ਹੈ ਜਿਸ ਕਰਕੇ ਪਰਮਿੰਦਰ ਸਿੰਘ ਢੀਂਡਸਾ ਦੀ ਟਿਕਟ ਕੱਟੀ ਗਈ ਹੈ। ਸੂਤਰ ਦੱਸਦੇ ਹਨ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਿਕਟਾਂ ਦੇ ਐਲਾਨ ਤੋਂ ਪਹਿਲਾਂ ਅਤੇ ਮਗਰੋਂ ਵੀ ਢੀਂਡਸਾ ਪਰਿਵਾਰ ਨਾਲ ਕੋਈ ਸੰਪਰਕ ਨਹੀਂ ਕੀਤਾ ਚੇਤੇ ਰਹੇ ਕਿ ਸੁਖਦੇਵ ਸਿੰਘ ਢੀਂਡਸਾ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਵੀ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ 20 ਸਾਲ ਤੋਂ ਲੋਕ ਸਭਾ ਹਲਕਾ ਸੰਗਰੂਰ ਤੋਂ ਢੀਂਡਸਾ ਪਰਿਵਾਰ ਹੀ ਚੋਣ ਲੜਦਾ ਆ ਰਿਹਾ ਹੈ। ਸੁਖਬੀਰ ਸਿੰਘ ਬਾਦਲ ਇਸ ਮਾਮਲੇ ਵਿਚ ਸਿਆਸੀ ਘੁੰਮਣਘੇਰੀ ਵਿਚ ਫਸ ਗਏ ਕਿਉਂਕਿ ਇਕਬਾਲ ਸਿੰਘ ਝੂੰਦਾ ਢੀਂਡਸਾ ਪਰਿਵਾਰ ਦੇ ਅਕਾਲੀ ਦਲ ਤੋਂ ਵੱਖ ਹੋਣ ਤੋਂ ਬਾਅਦ ਅਕਾਲੀ ਦਲ ਨੂੰ ਮਜ਼ਬੂਤ ਕਰਨ ਵਿਚ ਲੱਗੇ ਹੋਏ ਸਨ ਅਤੇ ਝੂੰਦਾ ਨੇ ਪਹਿਲਾਂ ਹੀ ਟਿਕਟ ਲਈ ਆਪਣੀ ਦਾਅਵੇਦਾਰੀ ਪੱਕੀ ਕਰ ਲਈ ਸੀ। ਸੁਖਬੀਰ ਸਿੰਘ ਬਾਦਲ ਦੇ ਇਸ ਫ਼ੈਸਲੇ ਨਾਲ ਢੀਂਡਸਾ ਪਰਿਵਾਰ ਸਿਆਸੀ ਹਾਸ਼ੀਏ 'ਤੇ ਚਲਾ ਗਿਆ ਹੈ। ਸੁਖਦੇਵ ਸਿੰਘ ਢੀਂਡਸਾ ਨੇ ਆਖਿਆ ਹੈ ਕਿ ਉਹ ਕਿਸੇ ਹੋਰ ਪਾਰਟੀ ਤੋਂ ਟਿਕਟ ਨਹੀਂ ਲੈ ਰਹੇ। ਉਹ ਅਕਾਲੀ ਸਨ ਤੇ ਅਕਾਲੀ ਰਹਿਣਗੇ।

ਇਸ ਤੋਂ ਪਹਿਲਾਂ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਦੇ ਭਾਰਤੀ ਪ੍ਰਸ਼ਾਸਨਿਕ ਸੇਵਾ ਤੋਂ ਅਸਤੀਫ਼ਾ ਦੇ ਦਿਤਾ ਸੀ। ਉਹ ਭਾਜਪਾ ਵਲੋਂ ਬਠਿੰਡਾ ਤੋਂ ਚੋਣ ਲੜਨਗੇ। ਬੀਤੇ ਦਿਨੀਂ ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਬੇਟੇ ਗੁਰਪ੍ਰੀਤ ਸਿੰਘ ਮਲੂਕਾ ਅਕਾਲੀ ਦਲ ਛੱਡ ਕੇ ਆਪਣੀ ਪਤਨੀ ਪਰਮਪਾਲ ਕੌਰ ਮਲੂਕਾ ਨਾਲ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।

ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਨੂੰਹ-ਪੁੱਤਰ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਨਾਰਾਜ਼ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਮੌੜ ਹਲਕੇ ਦੇ ਇੰਚਾਰਜ ਅਹੁਦੇ ਤੋਂ ਹਟਾ ਕੇ ਜਨਮੇਜਾ ਸਿੰਘ ਸੇਖੋਂ ਨੂੰ ਇੰਚਾਰਜ ਲਾ ਦਿੱਤਾ ਹੈ।

ਦੱਸ ਦੇਈਏ ਕਿ ਗੁਰਪ੍ਰੀਤ ਸਿੰਘ ਮਲੂਕਾ ਅਕਾਲੀ ਦਲ ਤੋਂ ਕਾਫੀ ਨਾਰਾਜ਼ ਸਨ। ਕਿਉਂਕਿ ਅਕਾਲੀ ਦਲ ਨੇ ਉਨ੍ਹਾਂ ਨੂੰ 2022 ਦੀ ਵਿਧਾਨ ਸਭਾ ਵਿੱਚ ਰਾਮਪੁਰਾ ਫੂਲ ਤੋਂ ਟਿਕਟ ਨਹੀਂ ਦਿੱਤੀ ਸੀ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਵੀ ਅਕਾਲੀ ਦਲ ਤੋਂ ਕਾਫੀ ਨਾਰਾਜ਼ ਸਨ। ਕਿਉਂਕਿ ਪਹਿਲਾਂ ਉਨ੍ਹਾਂ ਨੂੰ ਅਕਾਲੀ ਦਲ ਵੱਲੋਂ ਹਲਕਾ ਮੌੜ ਦਾ ਇੰਚਾਰਜ ਲਾਇਆ ਗਿਆ ਸੀ। ਇਸ ਕਾਰਨ ਉਸ ਨੇ ਮੌੜ ਵਿੱਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ। ਪਰ ਚੋਣਾਂ ਸਮੇਂ ਉਨ੍ਹਾਂ ਨੂੰ ਰਾਮਪੁਰਾ ਤੋਂ ਹੀ ਟਿਕਟ ਦਿੱਤੀ ਗਈ ਸੀ।

ਜਦੋਂ ਕਿ ਉਹ ਆਪਣੇ ਲਈ ਮੌੜ ਤੋਂ ਅਤੇ ਆਪਣੇ ਪੁੱਤਰ ਗੁਰਪ੍ਰੀਤ ਮਲੂਕਾ ਲਈ ਰਾਮਪੁਰਾ ਫੂਲ ਤੋਂ ਟਿਕਟ ਮੰਗ ਰਹੇ ਸਨ। ਪਰ ਅਕਾਲੀ ਦਲ ਨੇ ਉਨ੍ਹਾਂ ਦੇ ਪੁੱਤਰ ਨੂੰ ਟਿਕਟ ਨਹੀਂ ਦਿੱਤੀ। ਵਿਧਾਨ ਸਭਾ ਚੋਣਾਂ ਵਿੱਚ ਉਹ ਅਕਾਲੀ ਦਲ ਨਾਲ ਰਹੇ ਪਰ ਹੁਣ ਲੋਕ ਸਭਾ ਚੋਣਾਂ ਵਿੱਚ ਉਹ ਅਕਾਲੀ ਦਲ ਨਾਲ ਸਹਿਮਤ ਨਹੀਂ ਹੋਏ। ਹਾਲਾਂਕਿ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਮਨਾਉਣ ਲਈ ਕਈ ਯਤਨ ਕੀਤੇ ਗਏ ਸਨ। ਪਰ ਉਸਨੂੰ ਮਨਾ ਨਹੀਂ ਸਕਿਆ।

ਇਸ ਸਬੰਧੀ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਹੈ ਕਿ ਮੈਂ ਉਨ੍ਹਾਂ ਨੂੰ ਭਾਜਪਾ ਵਿਚ ਜਾਣ ਤੋਂ ਰੋਕਿਆ ਸੀ। ਅੱਜਕਲ੍ਹ ਦੇ ਜਵਾਕ ਕਿਹੜਾ ਮੰਨਦੇ ਨੇ ਜੀ। ਚਲੋ ਬਾਕੀ ਉਨ੍ਹਾਂ ਦੀ ਮਰਜ਼ੀ ਐ।

ਮੌੜ ਹਲਕਾ ਇੰਚਾਰਜ ਦੇ ਅਹੁਦੇ ਤੋਂ ਹਟਾਉਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਮਲੂਕਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਪ੍ਰਧਾਨ ਹਨ ਉਹ ਕਿਸੇ ਨੂੰ ਵੀ ਬਦਲ ਸਕਦੇ ਹਨ ਉਨ੍ਹਾਂ ਦੇ ਅਧਿਕਾਰਾਂ 'ਤੇ ਕੋਈ ਕਿੰਤੂ ਪ੍ਰੰਤੂ ਨਹੀ। ਭਾਜਪਾ ਵਿਚ ਸ਼ਾਮਿਲ ਹੋਣ ਦੀਆਂ ਕਿਆਸ ਅਰਾਈਆਂ ਬਾਰੇ ਉਨ੍ਹਾਂ ਕਿਹਾ ਕਿ ਅਜੇ ਤਾਂ ਮੈਂ ਅਕਾਲੀ ਹਾਂ ਜਿੱਦਣ ਗਿਆ ਉੱਦਣ ਸਵਾਲ ਕਰਿਉ।

# ਅਰੁਮਾਨ ਸਿੰਘ ਦੇ ਕਤਲ ਮਾਮਲੇ 'ਚ 4 ਨੂੰ ਉਮਰ ਕੈਦ ਅਤੇ 5ਵੇਂ ਨੂੰ 10 ਸਾਲ ਕੈਦ ਸਮੇਤ ਕੁੱਲ 122 ਸਾਲ ਦੀ ਕੈਦ

## 4 ਹੋਰ ਲੋਕਾਂ ਦੀ ਅਜੇ ਵੀ ਤਲਾਸ਼



ਮ੍ਰਿਤਕ ਅਰੁਮਾਨ ਸਿੰਘ ਅਤੇ ਦੋਸ਼ੀ ਅਰਸ਼ਦੀਪ ਸਿੰਘ, ਜਗਦੀਪ ਸਿੰਘ, ਮਨਜੋਤ ਸਿੰਘ, ਸ਼ਿਵਦੀਪ ਸਿੰਘ ਅਤੇ ਸੁਖਮਨਦੀਪ ਸਿੰਘ ਦੀਆਂ ਪੁਲਿਸ ਵੱਲੋਂ ਜਾਰੀ ਤਸਵੀਰਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਸਾਲ 21 ਅਗਸਤ ਨੂੰ ਸ਼੍ਰੇਅਸਬਰੀ ਦੀ ਬੈਰਵਿੱਕ ਐਵੇਨਿਊ ਵਿਖੇ ਕਤਲ ਕੀਤੇ ਡੀ ਪੀ ਡੀ ਡਰਾਇਵਰ ਅਰੁਮਾਨ ਸਿੰਘ ਦੇ ਕਤਲ ਮਾਮਲੇ 'ਚ ਅਦਾਲਤ ਨੇ 4 ਨੂੰ ਉਮਰ ਕੈਦ ਅਤੇ 5ਵੇਂ ਨੂੰ 10 ਸਾਲ ਕੈਦ ਸਮੇਤ ਕੁੱਲ 122 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਵਿੱਚ ਦੱਸਿਆ ਗਿਆ ਕਿ ਇਹ ਕਤਲ ਯੋਜਨਾ ਵੱਧ ਸੀ, ਲੇਕਨ ਇਸ ਦੇ ਕਾਰਨ ਅਜੇ ਵੀ ਸ਼ਪਸ਼ਟ ਨਹੀਂ ਹੋਏ। ਅਦਾਲਤ ਵਿੱਚ ਪੋਸਟ ਮਾਰਟਮ ਕਰਨ ਵਾਲੇ ਡਾਕਟਰ ਨੇ ਦੱਸਿਆ ਗਿਆ ਕਿ ਅਰੁਮਾਨ ਸਿੰਘ ਦੀ ਮੌਤ ਸਿਰ ਵਿੱਚ ਕੁਹਾੜੀ ਲੱਗਣ ਨਾਲ ਹੋਈ ਹੈ, ਉਸ ਦੇ ਸਿਰ, ਛਾਤੀ ਅਤੇ ਸਰੀਰ ਦੇ ਵੱਖ ਵੱਖ ਹਿੱਸਿਆਂ ਤੇ 40 ਜ਼ਖ਼ਮਾਂ ਦੇ ਨਿਸ਼ਾਨ ਸਨ। ਸਟੈਫੋਰਡ ਕਰਾਊਨ ਕੋਰਟ ਵਿੱਚ ਚੱਲ ਰਹੀਂ ਸੁਣਵਾਈ ਦੌਰਾਨ ਇਹ ਵੀ ਦੱਸਿਆ ਗਿਆ ਕਿ 23 ਸਾਲਾ ਅਰੁਮਾਨ ਸਿੰਘ ਤੇ ਦੋ ਗੈਂਗਾਂ ਦੇ ਲੋਕਾਂ ਨੇ ਹਮਲਾ ਕੀਤਾ ਜੋ ਚਿੱਟੀ ਮਰਸੈਡੀਜ਼ ਅਤੇ ਆਉਡੀ ਕਾਰ ਵਿੱਚ ਫਰਾਰ ਹੋ ਗਏ ਸਨ। ਅਦਾਲਤ ਵਿੱਚ ਇਹ ਵੀ ਦੱਸਿਆ ਗਿਆ ਕਿ ਆਉਡੀ ਕਾਰ ਦਾ ਪੁਲਿਸ ਨੇ ਪਿੱਛਾ ਕੀਤਾ ਅਤੇ ਸ਼ੱਕੀ ਨੂੰ ਹੈਲੀਕਾਪਟਰ ਰਾਹੀਂ ਖ਼ੂਨ ਨਾਲ ਲਿੱਬੜੀ ਕੁਹਾੜੀ ਅਤੇ ਹੋਰ ਹਥਿਆਰ ਛੁਪਾਉਂਦੇ ਵੇਖਿਆ ਸੀ। ਕਾਰ ਰੋਕੇ ਜਾਣ 'ਤੇ ਅਰਸ਼ਦੀਪ ਸਿੰਘ ਵਾਸੀ ਟਿਪਟਨ, ਸ਼ਿਵਦੀਪ ਸਿੰਘ ਵਾਸੀ ਸਮੈਦਿਕ, ਮਨਜੋਤ ਸਿੰਘ ਵਾਸੀ ਸਮੈਦਿਕ, ਜਗਦੀਪ ਸਿੰਘ ਵਾਸੀ ਡਡਲੀ ਨੂੰ ਗ੍ਰਿਫਤਾਰ ਕਰ ਲਿਆ। ਸਟੈਫੋਰਡ ਕਰਾਉਨ ਕੋਰਟ ਵਿੱਚ 6 ਹਫਤੇ ਚੱਲੀ ਸੁਣਵਾਈ ਦੌਰਾਨ ਚਾਰੇ ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ ਹੁਣ ਅਦਾਲਤ ਨੇ ਇਹਨਾਂ ਨੂੰ ਘੱਟੋ ਘੱਟ 28 ਸਾਲ ਤੱਕ ਜੇਲ੍ਹ ਵਿੱਚ ਰੱਖਣ ਦੇ ਹੁਕਮ ਦਿੱਤੇ ਹਨ। ਜਦ ਕਿ 5ਵੇਂ ਦੋਸ਼ੀ ਸੁਖਮਨਦੀਪ ਸਿੰਘ ਵਾਸੀ ਪੀਟਰਬਾਰੋ ਨੂੰ ਮੌਤ ਲਈ ਜ਼ਿੰਮੇਂਵਾਰ ਮੰਨਿਆ ਸੀ, ਕਿਉਂਕਿ ਉਸ ਨੇ ਅਰੁਮਾਨ ਸਿੰਘ ਦੇ ਡਲਿਵਰੀ ਰੂਟ ਦੀ ਸਾਰੀ ਜਾਣਕਾਰੀ ਦਿੱਤੀ ਸੀ। ਸੁਖਮਨਦੀਪ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਵੈਸਟ ਮਰਸੀਆ ਪੁਲਿਸ ਜਾਂਚ ਅਧਿਕਾਰੀ ਚੀਫ ਇੰਸਪੈਕਟਰ ਮਾਰਕ ਬੈਲਾਮੀ ਨੇ ਕਿਹਾ ਕਿ ਅਰੁਮਾਨ ਸਿੰਘ ਤੇ ਹਮਲਾ ਯੋਜਨਾਵੱਧ ਸੀ, ਜਿਸ ਨੂੰ ਹਥਿਆਰਬੰਦ ਲੋਕਾਂ ਨੇ ਅੰਜਾਮ ਦਿੱਤਾ । ਜਦ ਕਿ ਪੁਲਿਸ ਇਸ ਮਾਮਲੇ ਵਿੱਚ ਹਰਪ੍ਰੀਤ ਸਿੰਘ, ਮਹਿਕਦੀਪ ਸਿੰਘ, ਹਰਵਿੰਦਰ ਸਿੰਘ ਟੂਰਨਾ ਅਤੇ ਸਹਿਜਪਾਲ ਸਿੰਘ ਦੀ ਅਜੇ ਵੀ ਤਲਾਸ਼ ਕਰ ਰਹੀ ਹੈ।

# ਅਮਰੀਕਾ 'ਚ ਭਾਰਤੀ ਨੌਜਵਾਨ 'ਤੇ 2.50 ਲੱਖ ਡਾਲਰ ਦਾ ਇਨਾਮ, ਪਤਨੀ ਦਾ ਕਤਲ ਕਰ ਕੇ ਫਰਾਰ

ਨਿਊਯਾਰਕ - ਯੂਨਾਈਟਿਡ ਸਟੇਟਸ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ ਹਾਲ ਹੀ ਵਿਚ ਚੋਟੀ ਦੇ 10 ਸਭ ਤੋਂ ਵੱਧ ਲੋੜੀਂਦੇ ਵਿਅਕਤੀਆਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ ਵਿਚ ਗੁਜਰਾਤ ਸੂਬੇ ਦੇ ਸ਼ਹਿਰ ਅਹਿਮਦਾਬਾਦ ਦੇ ਵੀਰਮਗਾਮ ਦੇ ਵਸਨੀਕ ਭਾਰਤੀ ਨਾਗਰਿਕ ਭਦਰੇਸ਼ ਕੁਮਾਰ ਪਟੇਲ ਦਾ ਨਾਮ ਵੀ ਸ਼ਾਮਲ ਅਮਰੀਕਾ 'ਚ ਭਾਰਤੀ ਨੌਜਵਾਨ 'ਤੇ 2.50 ਲੱਖ ਡਾਲਰ ਦਾ ਇਨਾਮ, ਪਤਨੀ ਦਾ ਕਤਲ ਕਰ ਕੇ ਫਰਾਰੈ।

ਅਮਰੀਕਾ ਦੀ ਐੱਫ. ਬੀ. ਆਈ ਨੇ ਉਸ 'ਤੇ 2.50 ਲੱਖ ਡਾਲਰ ਦਾ ਇਨਾਮ ਵੀ ਰੱਖਿਆ ਹੈ। ਐੱਫ.ਬੀ.ਆਈ. ਨੇ ਐਕਸ 'ਤੇ ਪੋਸਟ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਅਮਰੀਕਾ ਵਿਚ ਰਹਿੰਦੇ ਭਦਰੇਸ਼ ਕੁਮਾਰ ਪਟੇਲ ਨੇ 2015 ਵਿਚ ਆਪਣੀ ਪਤਨੀ ਪਲਕ ਪਟੇਲ ਦਾ ਕਤਲ ਕੀਤਾ ਸੀ ਤੇ ਕਤਲ ਕਰਨ ਤੋਂ ਬਾਅਦ ਫਰਾਰ ਹੋ ਗਿਆ ਸੀ।

ਉਸ ਸਮੇਂ ਭਦਰੇਸ਼ ਕੁਮਾਰ ਪਟੇਲ 24 ਸਾਲ ਦਾ ਸੀ। ਭਦਰੇਸ਼ ਅਤੇ ਉਸ ਦੀ ਪਤਨੀ ਪਲਕ ਦੋਵੇਂ ਅਮਰੀਕਾ ਦੇ ਹੈਨੋਵਰ, ਮੈਰੀਲੈਂਡ ਸੂਬੇ ਵਿਚ ਸਥਿਤ ਇੱਕ ਡੰਕਿਨ ਡੋਨਟਸ (ਕੌਫੀ ਸ਼ਾਪ) ਵਿਚ ਇਕੱਠੇ ਕੰਮ ਕਰਦੇ ਸਨ। ਭਦਰੇਸ਼ ਨੇ ਡੰਕਿਨ ਡੋਨਟਸ ਦੀ ਰਸੋਈ ਵਿੱਚ ਹੀ ਆਪਣੀ 21 ਸਾਲਾ ਪਤਨੀ ਪਲਕ ਪਟੇਲ 'ਤੇ ਤੇਜ਼ਧਾਰ ਚਾਕੂ ਨਾਲ ਹਮਲਾ ਕਰ ਕੇ ਉਸ ਦਾ ਕਤਲ ਕਰ ਦਿੱਤਾ ਸੀ। ਘਟਨਾ ਦੇ ਸਮੇਂ ਬਹੁਤ ਸਾਰੇ ਗਾਹਕ ਮੌਜੂਦ ਸਨ।

# ਨਿਊਯਾਰਕ ਵਿੱਚ ਇੱਕ ਗੋਲੀਬਾਰੀ ਵਿੱਚ ਦੋ ਪੁਲਿਸ ਅਧਿਕਾਰੀ ਅਤੇ ਸ਼ੱਕੀ ਸਮੇਤ ਤਿੰਨ ਲੋਕਾਂ ਦੀ ਮੌਤ

ਨਿਊਯਾਰਕ (ਰਾਜ ਗੋਗਨਾ)– ਐਤਵਾਰ ਨੂੰ ਨਿਊਯਾਰਕ ਵਿੱਚ ਇੱਕ ਚੋਰੀ ਹੋਈ ਕਾਰ ਨੂੰ ਲੱਭਣ ਲਈ ਪੁਲਿਸ ਟੀਮ ਦੇ ਦੋ ਅਫਸਰਾਂ ਦੀ ਮੌਤ ਹੋ ਗਈ।ਜਦੋਂ ਪੁਲਿਸ ਨੇ ਕਾਰ ਚੋਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਡਰਾਈਵਰ ਭੱਜ ਗਿਆ, ਜਦੋਂ ਪੁਲਿਸ ਨੇ ਉਸ ਦੀ ਲਾਇਸੈਂਸ ਨੰਬਰ ਪਲੇਟ ਦੇ ਅਧਾਰ 'ਤੇ ਕਾਰ ਦੇ ਕੋਲ ਪਹੁੰਚੀ ਤਾਂ ਉਥੇ ਗੋਲੀਬਾਰੀ ਹੋਈ,ਅਤੇ ਕਾਰ ਚੋਰ ਹਮਲਾਵਰ ਵੀ ਮਾਰਿਆ ਗਿਆ।ਬੀਤੇਂ ਦਿਨ ਐਤਵਾਰ ਸ਼ਾਮ ਨੂੰ ਅੱਪਸਟੇਟ ਨਿਊਯਾਰਕ ਦੇ ਇਲਾਕੇਂ ਵਿੱਚ ਗੋਲੀਬਾਰੀ ਦੀ ਘਟਨਾ, ਇਸ ਘਟਨਾ 'ਚ ਦੋ ਪੁਲਸ ਅਫਸਰਾਂ ਦੀ ਮੌਤ ਹੋ ਗਈ ਹੈ।ਇਹ ਘਟਨਾ ਨਿਊਯਾਰਕ ਰਾਜ ਦੇ ਸਾਈਰਾਕਿਊਜ਼ ਦੇ ਵਿੱਚ ਵਾਪਰੀ।ਇਸ ਘਟਨਾ ਵਿੱਚ ਦੋ ਪੁਲਿਸ ਅਫਸਰਾਂ ਦੀ ਮੌਤ ਹੋ ਗਈ ਜਦੋਂ ਇੱਕ ਵਿਅਕਤੀ ਵੱਲੋਂ ਇੱਕ ਚੋਰੀ ਕੀਤੀ ਕਾਰ ਦੀ ਜਾਂਚ ਕਰਨ ਦੌਰਾਨ ਗੋਲੀ ਚਲਾ ਦਿੱਤੀ ਅਤੇ ਪੁਲਿਸ ਨੇ ਹਮਲਾਵਰ ਨੂੰ ਵੀ ਗੋਲੀ ਮਾਰ ਦਿੱਤੀ ਗਈ।ਉਸ ਦੀ ਵੀ ਮੌਤ ਹੋ ਗਈ। ਸਾਈਰਾਕਿਊਜ਼ ਦੇ ਪੁਲਿਸ ਮੁਖੀ ਜੋਸਫ਼ ਐਲ. ਨੇ ਸੋਮਵਾਰ ਸਵੇਰੇ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਨੇ ਕਿਹਾ ਕਿ ਪੁਲਸ 'ਤੇ ਬੇਰਹਿਮੀ ਨਾਲ ਹਮਲੇ ਦੇ ਪਿੱਛੇ ਦਾ ਮਕਸਦ ਅਜੇ ਪਤਾ ਨਹੀਂ ਲੱਗ ਸਕਿਆ ਹੈ। ਗੋਲੀਬਾਰੀ ਵਿੱਚ ਸਾਈਰਾਕਿਊਜ਼ ਪੁਲਿਸ ਵਿਭਾਗ ਦੇ ਇੱਕ ਅਧਿਕਾਰੀ ਤੋਂ ਇਲਾਵਾ, ਨਿਊਯਾਰਕ ਰਾਜ ਦੀ ਓਨੋਂਡਾਗਾ ਕਾਊਂਟੀ ਸ਼ੈਰਿਫ ਦੇ ਦਫ਼ਤਰ ਦੇ ਇੱਕ ਡਿਪਟੀ ਨੂੰ ਵੀ ਗੋਲੀ ਮਾਰ ਦਿੱਤੀ ਗਈ ਸੀ। ਉਸ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਡਿਊਟੀ 'ਤੇ ਮੌਜੂਦ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਬੀਤੇਂ ਦਿਨ ਐਤਵਾਰ ਰਾਤ ਦੇ 8:00 ਵਜੇ ਵਾਪਰੀ ਇਸ ਘਟਨਾ ਵਿੱਚ ਕੁੱਲ ਤਿੰਨ ਲੋਕਾਂ ਦੀ ਮੌਤ ਹੋ ਗਈ।ਪੁਲਿਸ ਦੇ ਅਨੁਸਾਰ, ਸੀਰਾਕਿਊਜ਼ ਪੁਲਿਸ ਅਧਿਕਾਰੀਆਂ ਨੇ ਐਤਵਾਰ ਸ਼ਾਮ 7:00 ਵਜੇ ਦੇ ਕਰੀਬ ਇੱਕ ਸ਼ੱਕੀ ਕਾਰ ਨੂੰ ਰੋਕਿਆ ਸੀ। ਪਰ ਡਰਾਈਵਰ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਕਾਰ ਦੀ ਲਾਇਸੈਂਸ ਪਲੇਟ ਦੇ ਅਧਾਰ 'ਤੇ, ਇਸ ਨੂੰ ਲਿਵਰਪੂਲ ਦੇ ਸਿਲੀਨਾ ਵਿਲੇਜ ਤੱਕ ਟਰੈਕ ਕੀਤਾ ਗਿਆ ਅਤੇ ਰਾਤ 8:00 ਵਜੇ ਦੇ ਕਰੀਬ ਪੁਲਿਸ ਦੀ ਟੀਮ ਉਥੇ ਪਹੁੰਚੀ। ਸਾਈਰਾਕਿਊਜ਼ ਅਫਸਰਾਂ ਨੇ ਇਹ ਸੂਚਨਾ ਮਿਲਣ ਤੋਂ ਬਾਅਦ ਕਿ ਡਰਾਈਵਰ ਕੋਲ ਹਥਿਆਰ ਹੋ ਸਕਦਾ ਹੈ। ਪੁਲਿਸ ਦੀ ਇੱਕ ਟੀਮ ਨੇ ਕਾਰ ਦੇ ਕੋਲ ਪਹੁੰਚ ਕੇ ਤਲਾਸ਼ੀ ਲਈ ਤਾਂ ਕਾਰ ਦੇ ਅੰਦਰੋਂ ਹਥਿਆਰ ਵੀ ਮਿਲੇ, ਪਰ ਉਸੇ ਸਮੇਂ ਪੁਲਿਸ ਨੇ ਗੋਲੀ ਚਲਾ ਦਿੱਤੀ, ਜਿਸ ਵਿੱਚ ਦੋ ਪੁਲਿਸ ਮੁਲਾਜ਼ਮਾਂ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਅਚਾਨਕ ਗੋਲੀਬਾਰੀ ਤੋਂ ਸੁਚੇਤ ਹੋਏ, ਹੋਰ ਪੁਲਿਸ ਅਧਿਕਾਰੀਆਂ ਨੇ ਹਮਲਾਵਰ ਦੇ ਖਿਲਾਫ ਜਵਾਬੀ ਕਾਰਵਾਈ ਕੀਤੀ, ਜਿਸ ਵਿੱਚ ਕਾਰ ਚੋਰ ਹਮਲਾਵਰ ਵੀ ਮਾਰਿਆ ਗਿਆ।ਇਸ ਘਟਨਾ ਵਿੱਚ ਮਰਨ ਵਾਲੇ ਪੁਲਿਸ ਅਫ਼ਸਰਾਂ ਵਿੱਚੋਂ ਇੱਕ ਨੇ ਸਿਰਫ਼ ਤਿੰਨ ਸਾਲ ਹੀ ਪੁਲਿਸ ਸੇਵਾ ਵਿੱਚ ਜੁਆਇਨ ਕੀਤਾ ਸੀ। ਸਾਈਰਾਕਿਊਜ਼ ਦੇ ਮੇਅਰ ਬੇਨ ਵਾਲਸ਼ ਨੇ ਇਸ ਘਟਨਾ 'ਤੇ ਅਫਸੋਸ ਪ੍ਰਗਟ ਕੀਤਾ, ਇਸ ਨੂੰ ਸ਼ਹਿਰ ਦੀ ਹੁਣ ਤੱਕ ਦੀ ਸਭ ਤੋਂ ਮੰਦਭਾਗੀ ਘਟਨਾ ਵੀ ਦੱਸਿਆ, ਅਤੇ ਐਤਵਾਰ ਨੂੰ ਸੈਰਾਕਿਊਜ਼ ਲਈ ਇਹ ਇੱਕ ਕਾਲਾ ਦਿਨ ਵੀ ਕਿਹਾ। ਅਮਰੀਕਾ ਵਿੱਚ ਹਰ ਵਾਰ ਅਜਿਹੀਆ ਘਟਨਾਵਾਂ ਵਾਪਰਦੀਆ ਹਨ। ਤਾਂ ਬੰਦੂਕ ਸੱਭਿਆਚਾਰ 'ਤੇ ਸਵਾਲ ਉਠਾਏ ਜਾਂਦੇ ਹਨ ਪਰ ਅਜੇ ਤੱਕ ਕੋਈ ਵੀ ਸਰਕਾਰ ਇਸ ਨੂੰ ਰੋਕਣ ਲਈ ਠੋਸ ਕਦਮ ਨਹੀਂ ਚੁੱਕ ਸਕੀ। ਬੰਦੂਕ ਦੇ ਅਪਰਾਧਾਂ ਵਿੱਚ ਹਰ ਸਾਲ ਕਿੰਨੇ ਲੋਕ ਮਰਦੇ ਹਨ।ਅੰਕੜਿਆਂ ਦੇਅਨੁਸਾਰ ਸਾਲ 2021 ਵਿੱਚ ਅਮਰੀਕਾ ਵਿੱਚ 81 ਫੀਸਦੀ ਕਤਲ ਬੰਦੂਕ ਅਪਰਾਧ ਨਾਲ ਸਬੰਧਤ ਸਨ ਅਤੇ ਇਹ ਗਿਣਤੀ 26,031 ਸੀ। ਹਾਲਾਂਕਿ 2023 'ਚ ਇਹ ਅੰਕੜਾ 40 ਹਜ਼ਾਰ ਨੂੰ ਪਾਰ ਕਰ ਗਿਆ ਸੀ। ਇੱਕ ਰਿਪੋਰਟ ਅਨੁਸਾਰ 01 ਜਨਵਰੀ 2023 ਤੋਂ 07 ਦਸੰਬਰ 2023 ਤੱਕ ਅਮਰੀਕਾ ਵਿੱਚ ਬੰਦੂਕ ਦੀ ਹਿੰਸਾ ਵਿੱਚ 40,000 ਲੋਕਾਂ ਦੀ ਜਾਨ ਚਲੀ ਗਈ, ਜਿਸ ਦਾ ਮਤਲਬ ਹੈ ਕਿ ਸਾਲ 2023 ਵਿੱਚ ਅਮਰੀਕਾ ਵਿੱਚ ਹਰ ਰੋਜ਼ 118 ਲੋਕਾਂ ਦੀ ਗੋਲੀਆਂ ਲੱਗਣ ਕਾਰਨ ਮੌਤ ਹੋਈ।

# ਅੱਤਵਾਦੀਆਂ ਨੂੰ ਉਨ੍ਹਾਂ ਦੇ ਘਰਾਂ 'ਚ ਵੜ ਕੇ ਮਾਰਾਂਗੇ – ਪ੍ਰਧਾਨ ਮੰਤਰੀ ਨਰਿੰਦਰ ਮੋਦੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਹਾਲ ਹੀ ਫ਼ਲਸਤੋਚ ਕਿਹਾ ਸੀ ਕਿ ਭਾਰਤ ਅੱਤਵਾਦੀਆਂ ਨੂੰ ਉਨ੍ਹਾਂ ਦੇ ਘਰਾਂ ਚ ਦਾਖਲ ਹੋ ਕੇ ਮਾਰਨ ਤੋਂ ਪਿੱਛੇ ਨਹੀਂ ਹਟੇਗਾ। ਦੋਵੇਂ ਨੇਤਾ ਪਾਕਿਸਤਾਨ ਵੱਲ ਇਸ਼ਾਰਾ ਕਰ ਰਹੇ ਸਨ। ਭਾਰਤ ਦੇ ਇਨ੍ਹਾਂ ਦੋ ਦਿੱਗਜ ਨੇਤਾਵਾਂ ਦੇ ਬਿਆਨਾਂ ਫ਼ਲਸਤੂੋਤੇ ਅਮਰੀਕਾ ਨੇ ਵੀ ਪ੍ਰਤੀਕਿਰਿਆ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਦੇ ਪ੍ਰਸ਼ਾਸਨ ਨੇ ਭਾਰਤ ਅਤੇ ਪਾਕਿਸਤਾਨ ਨੂੰ ਤਣਾਅ ਤੋਂ ਬਚਣ ਅਤੇ ਗੱਲਬਾਤ ਰਾਹੀਂ ਹੱਲ ਲੱਭਣ ਦੀ ਸਲਾਹ ਦਿੱਤੀ ਹੈ। ਪਰ ਅਮਰੀਕਾ ਨੇ ਯਕੀਨੀ ਤੌਰ ਤੇ ਕਿਹਾ ਹੈ ਕਿ ਉਹ ਇਸ ਚ ਵਿਚੋਲਗੀ ਨਹੀਂ ਕਰੇਗਾ।

ਅੱਤਵਾਦ ਤੇ ਮੋਦੀ ਦੇ ਘਰੇਲੂ ਹਮਲੇ ਦੇ ਬਿਆਨ ਬਾਰੇ ਪੁੱਛੇ ਜਾਣ ਤੇ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ, ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਕਿ ਅਮਰੀਕਾ ਇਸ ਦੇ ਰਾਹ ਚ ਨਹੀਂ ਆਉਣ ਵਾਲਾ ਹੈ ਪਰ ਅਸੀਂ ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਤਣਾਅ ਤੋਂ ਬਚਣ ਲਈ ਉਤਸ਼ਾਹਿਤ ਕਰਦੇ ਹਾਂ। ਗੱਲਬਾਤ ਰਾਹੀਂ ਹੱਲ ਲੱਭੋ।

# ਬੀਬੀ ਰਾਜਵਿੰਦਰ ਕੌਰ ਗਿੱਲ ਨੇ ਯੂ ਕੇ ਵਿੱਚ ਰਚਿਆ ਇਤਿਹਾਸ ਪਹਿਲੀ ਸਿੱਖ ਬੀਬੀ ਬਣੀ 'ਹਾਈ ਸ਼ੈਰਿਫ' – ਸਿੱਖ ਕੌਮ ਦਾ ਵਧਾਇਆ ਮਾਣ

ਲਮਿੰਗਟਨ ਸਪਾ-ਵਾਰਿਕਸ਼ਾਇਰ (ਪੰਜਾਬ ਟਾਈਮਜ਼) – ਯੂ ਕੇ ਦੇ ਪ੍ਰਾਚੀਨ ਹਾਈ ਸ਼ਰਿਫ ਦੇ 1000 ਸਾਲਾਂ ਤੋਂ ਵੱਧ ਇਤਿਹਾਸ ਤੋਂ ਬਾਅਦ, ਪਹਿਲੀ ਗੁਰਸਿੱਖ ਬੀਬੀ ਰਾਜਵਿੰਦਰ ਕੌਰ ਗਿੱਲ ਨੂੰ ਹਾਈ ਸ਼ੈਰਿਫ਼ ਦੀ ਭੂਮਿਕਾ ਨਿਭਾਉਣ ਦਾ ਜਿੱਥੇ ਮਾਣ ਹਾਸਲ ਹੋਇਆ ਹੈ, ਬਲਕਿ ਇਸ ਨਾਲ ਸਮੁੱਚੀ ਸਿੱਖ ਕੌਮ ਦਾ ਵੀ ਮਾਣ ਨਾਲ ਸਿਰ ਉਚਾ ਹੋਇਆ ਹੈ। ਇਸ ਨਾਲ ਸਾਰੇ ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਰਾਜਵਿੰਦਰ ਕੌਰ ਗਿੱਲ ਵਾਰਿਕਸ਼ਾਇਰ ਦੀ 690ਵੀਂ ਹਾਈ ਸ਼ੈਰਿਫ਼ ਬਣੀ ਹੈ ਅਤੇ ਉਹ 2024/25 ਸਾਲ ਲਈ ਇਸ ਕਾਉਂਟੀ ਦੀ ਸੇਵਾ ਕਰੇਗੀ। ਹਾਈ ਸ਼ੈਰਿਫ਼ ਦਾ ਦਫ਼ਤਰ ਕਾਉਂਟੀ ਵਿੱਚ ਸਿਰਫ਼ ਦੋ ਸ਼ਾਹੀ ਨਿਯੁਕਤੀਆਂ ਚੋਂ ਇੱਕ ਹੈ ਅਤੇ ਸੈਕਸਨਾਂ ਦੇ ਸਮੇਂ ਤੋਂ ਮੌਜੂਦ ਹੈ। ਇਤਿਹਾਸਕ ਤੌਰ 'ਤੇ ਸ਼ੈਰਿਫ਼ ਦੀ ਜ਼ਿੰਮੇਵਾਰੀ ਫੌਜਾਂ ਨੂੰ ਵਧਾਉਣ, ਟੈਕਸ ਇਕੱਠਾ ਕਰਨ ਅਤੇ ਅਪਰਾਧੀਆਂ ਨੂੰ ਫੜਨ ਦੀ ਹੁੰਦੀ ਸੀ।

ਰਾਜਵਿੰਦਰ ਕੌਰ ਗਿੱਲ ਦੇ ਪਿਤਾ ਸ: ਹਰਿਬਖ਼ਸ਼ ਸਿੰਘ ਸਰਾਏ ਅਤੇ ਬੀਬੀ ਜਗੀਰ ਕੌਰ ਸਰਾਏ ਦਾ ਪਰਿਵਾਰ 1960 ਦੇ ਦਹਾਕੇ 'ਚ ਪੰਜਾਬ ਤੋਂ ਆਇਆ ਸੀ। ਉਸ ਦਾ ਜਨਮ ਕੈਂਟ ਵਿੱਚ ਹੋਇਆ। ਉਹ ਪੰਜ ਭੈਣ-ਭਰਾਵਾਂ ਵਿੱਚੋਂ ਇੱਕ ਹਨ ਅਤੇ ਰਾਜ ਗਿੱਲ ਦੇ ਪਤੀ ਸ: ਜਗਤਾਰ ਸਿੰਘ ਗਿੱਲ ਸਪੁੱਤਰ ਸਵਰਗੀ ਸ: ਬਚਨ ਸਿੰਘ ਗਿੱਲ ਅਤੇ ਮਾਤਾ ਗੁਰਮੀਤ ਕੌਰ ਗਿੱਲ ਵੀ ਇੰਗਲੈਂਡ ਵਿੱਚ ਜਾਣੀ ਪਛਾਣੀ ਸ਼ਖਸੀਅਤ ਹਨ। ਸ: ਗਿੱਲ ਸੁਪਰੀਮ ਸਿੱਖ ਕੌਂਸਲ ਯੂ ਕੇ ਦੇ ਸੇਵਾਦਾਰ ਹਨ ਉਥੇ ਉਹਨਾਂ ਨੂੰ ਓ ਬੀ ਈ ਦੀ ਉਪਾਧੀ ਵੀ ਮਿਲੀ ਹੋਈ ਹੈ। ਰਾਜਵਿੰਦਰ ਕੌਰ ਦੇ ਤਿੰਨ ਬੱਚੇ ਹਨ। ਕਵੈਂਟਰੀ ਅਤੇ ਵਾਰਿਕਸ਼ਾਇਰ ਬੈਂਚ ਲਈ ਮੈਜਿਸਟ੍ਰੇਟ ਨਿਯੁਕਤ ਕੀਤੇ ਜਾਣ ਨਾਲ ਛੋਟੀ ਉਮਰ ਤੋਂ ਹੀ ਕਾਨੂੰਨ ਅਤੇ ਵਿਵਸਥਾ ਵਿੱਚ ਗਿੱਲ ਦੀ ਦਿਲਚਸਪੀ ਸੀ। ਗਿੱਲ ਨੇ ਕਿਹਾ ਕਿ ਉਹ ਵਾਰਿਕਸ਼ਾਇਰ ਦੇ ਨੌਜਵਾਨਾਂ ਦਾ ਸਮਰਥਨ ਕਰਨ, ਅਪਰਾਧ ਨੂੰ ਘਟਾਉਣ ਅਤੇ ਉਨ੍ਹਾਂ ਦੀ ਸੁਰੱਖਿਆ ਅਤੇ ਸਿੱਖਿਆ 'ਚ ਨਿਵੇਸ਼ ਕਰਨ, ਉਨ੍ਹਾਂ ਨੂੰ ਮੌਕੇ ਮੁਹੱਈਆ ਕਰਨ ਅਤੇ ਉਨ੍ਹਾਂ ਨੂੰ ਹਾਂ-ਪੱਖੀ ਪ੍ਰਭਾਵ ਬਣਾਉਣ ਲਈ ਸ਼ਕਤੀ ਮੁਹੱਈਆ ਕਰਨ ਦੀ ਕੋਸ਼ਿਸ਼ 'ਚ ਹੈ। ਹਾਈ ਸ਼ੈਰਿਫ਼ ਇੱਕ ਫੰਡ ਰਹਿਤ ਰਸਮੀ ਅਹੁਦਾ ਹੈ, ਜੋ ਨਿਆਂਪਾਲਿਕਾ ਅਤੇ ਵਰਦੀਧਾਰੀ ਜਨਤਕ ਸੇਵਾਵਾਂ ਦੇ ਨਾਲ-ਨਾਲ ਸਮਾਜ ਦੇ ਫਾਇਦੇ ਲਈ ਕੰਮ ਕਰਨ ਵਾਲੀਆਂ ਚੈਰਿਟੀ ਅਤੇ ਸਵੈ-ਸੇਵੀ ਸੰਸਥਾਵਾਂ ਦਾ ਸਮਰਥਨ ਕਰਦਾ ਹੈ। ਰਾਜਵਿੰਦਰ ਕੌਰ ਗਿੱਲ ਦਾ ਕਹਿਣਾ ਹੈ ਕਿ 2024/25 ਲਈ ਹਾਈ ਸ਼ੈਰਿਫ਼ ਦੇ ਦਫ਼ਤਰ ਵਿੱਚ ਉਹਨਾਂ ਦੀ ਨਿਯੁਕਤੀ ਦਾ ਉਹ ਸਵਾਗਤ ਕਰਦੀ ਹੈ ਤੇ ਉਹ ਇਸ ਰਾਹੀਂ ਲੋਕਾਂ ਦੀ ਸੇਵਾ ਕਰਨਾ ਬਹੁਤ ਵੱਡਾ ਸਨਮਾਨ ਸਮਝਦੀ ਹੈ। ਪੰਜਾਬ ਟਾਈਮਜ਼ ਦੇ ਸੇਵਾਦਾਰ ਸ: ਰਾਜਿੰਦਰ ਸਿੰਘ ਪੁਰੇਵਾਲ, ਸਿੰਘ ਸਭਾ ਡਰਬੀ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਅਤੇ ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸਕੱਤਰ ਪ੍ਰੋਫੈਸਰ ਦਲਜੀਤ ਸਿੰਘ ਨੇ ਬੀਬੀ ਰਾਜਵਿੰਦਰ ਕੌਰ ਗਿੱਲ, ਉਹਨਾਂ ਦੇ ਪਰਿਵਾਰ ਅਤੇ ਸਿੱਖ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਦੋਂ ਸਾਡੇ ਨੌਜਵਾਨ ਅਜਿਹੇ ਉਚ ਅਹੁਦੇ ਹਾਸਲ ਕਰਦੇ ਹਨ ਤਾਂ ਸਾਰੇ ਭਾਈਚਾਰੇ ਨੂੰ ਉਹਨਾਂ ਉਤੇ ਮਾਣ ਮਹਿਸੂਸ ਹੁੰਦਾ ਹੈ। ਸ: ਪੁਰੇਵਾਲ ਨੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਬੀਬੀ ਗਿੱਲ ਹੋਰ ਵੀ ਸਾਡੇ ਨੌਜਵਾਨਾਂ ਤੇ ਬੱਚਿਆਂ ਨੂੰ ਅਜਿਹੇ ਮਾਣਯੋਗ ਸਥਾਨ ਹਾਸਲ ਕਰਨ ਲਈ ਪ੍ਰੇਰਨਾ ਸ੍ਰੋਤ ਬਣਨਗੇ ਤੇ ਉਤਸਾਹਿਤ ਕਰਨਗੇ।



ਖੱਬੇ ਰਾਜਵਿੰਦਰ ਕੌਰ ਹਾਈ ਸ਼ੈਰਿਫ਼ ਵਾਰਿਕਸ਼ਾਇਰ ਅਤੇ ਸੱਜੇ ਆਪਣੇ ਪਤੀ ਸ: ਜਗਤਾਰ ਸਿੰਘ ਗਿੱਲ ਅਤੇ ਹੋਰ ਉੱਚ ਅਧਿਕਾਰੀਆਂ ਦੇ ਨਾਲ

# ਹੰਸਲੋ ਦੇ ਕੌਂਸਲਰ ਅੰਮ੍ਰਿਤਪਾਲ ਸਿੰਘ ਮਾਨ ਦਾ ਵਰਕਰਜ਼ ਪਾਰਟੀ ਵਿੱਚ ਸ਼ਾਮਿਲ


ਕੌਂਸਲਰ ਅੰਮ੍ਰਿਤਪਾਲ ਸਿੰਘ ਮਾਨ ਨੂੰ ਪਾਰਟੀ ਵਿੱਚ ਸ਼ਾਮਿਲ ਕਰਦੇ ਹੋਏ ਐਮ ਪੀ ਜੌਰਜ ਗੈਲੋਵੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸਿਆਸਤ ਅੱਜ ਕੱਲ ਖੂਬ ਚਰਚਾ ਵਿੱਚ ਹੈ। 2 ਮਈ ਨੂੰ ਲੰਡਨ ਮੇਅਰ, ਅਸੈਂਬਲੀ ਅਤੇ ਸਥਾਨਿਕ ਚੋਣਾਂ ਹੋ ਰਹੀਆਂ ਹਨ। ਇਹਨਾਂ ਚੋਣਾਂ ਤੋਂ ਤੁਰੰਤ ਬਾਅਦ ਕਿਸੇ ਸਮੇਂ ਵੀ ਆਮ ਚੋਣਾਂ ਕਰਵਾਏ ਜਾਣ ਦਾ ਐਲਾਨ ਹੋਣ ਦੀਆਂ ਸੰਭਾਵਨਾ ਹਨ। ਬੀਤੀ ਕੱਲ ਸ਼ਾਮ ਦਾ ਵਰਕਰਜ਼ ਪਾਰਟੀ ਵੱਲੋਂ ਲੰਡਨ ਦੇ ਹੰਸਲੋ ਦੇ ਕਿੰਗਜ਼ਵੇਅ ਤੰਦੂਰੀ ਵਿਖੇ ਵਿਸ਼ਾਲ ਇਕੱਠ ਵਿੱਚ ਪਾਰਟੀ ਲੀਡਰ ਐਮ ਪੀ ਜੌਰਜ ਗੈਲੋਵੇ ਨੇ ਪਾਰਟੀ ਕਾਰਕੁੰਨਾਂ ਨੂੰ ਚੋਣਾਂ ਲਈ ਤਿਆਰ ਰਹਿਣ ਅਤੇ ਲੰਡਨ ਚੋਣਾਂ ਵਿੱਚ ਭਰਪੂਰ ਸਰਗਰਮੀ ਨਾਲ ਹਿੱਸਾ ਲੈਣ ਲਈ ਕਿਹਾ। ਉਹਨਾ ਲੇਬਰ ਪਾਰਟੀ ਅਤੇ ਸੱਤਾਧਾਰੀ ਪਾਰਟੀ ਦੀਆਂ ਨੀਤੀਆਂ ਦੀ ਸਖ਼ਤ ਆਲੋਚਨਾ ਕਰਦਿਆਂ ਫਲਸਤੀਨ ਵਿੱਚ ਬੱਚਿਆਂ, ਔਰਤਾਂ ਅਤੇ ਬੇਕਸੂਰ ਲੋਕਾਂ ਦੀਆਂ ਹੋ ਰਹੀਆਂ ਹੱਤਿਆਵਾਂ ਦੀ ਸਖ਼ਤ ਨਿੰਦਾ ਕੀਤੀ। ਉਹਨਾ ਪਾਰਟੀ ਦੇ ਕੁੱਝ ਸੰਸਦੀ ਉਮੀਦਵਾਰਾਂ ਦਾ ਵੀ ਐਲਾਨ ਕੀਤਾ ਗਿਆ। ਜਿਹਨਾ ਵਿੱਚ ਸਾਬਕਾ ਮੇਅਰ ਨਿਸਾਰ ਮਲਿਕ ਨੂੰ ਈਲਿੰਗ ਸਾਊਥਾਲ ਤੋਂ ਸੰਸਦੀ ਉਮੀਦਵਾਰ ਐਲਾਨਿਆ ਗਿਆ। ਇਸ ਮੌਕੇ ਫਲਸਤੀਨ ਮਾਮਲੇ 'ਚ ਬੋਲਣ ਵਾਲੇ ਕੌਂਸਲਰ ਅੰਮ੍ਰਿਤਪਾਲ ਸਿੰਘ ਮਾਨ ਨੂੰ ਪਾਰਟੀ ਵਿੱਚ ਸ਼ਾਮਿਲ ਕੀਤਾ। ਕੌਂਸਲਰ ਮਾਨ 40 ਸਾਲਾਂ ਤੋਂ ਲੇਬਰ ਪਾਰਟੀ ਦੇ ਮੈਂਬਰ, 30 ਸਾਲ ਤੋਂ ਸਰਗਰਮ ਸਿਆਸਤ ਦਾ ਹਿੱਸਾ ਰਹੇ। ਜਿਸ ਦੌਰਾਨ ਮੇਅਰ, ਡਿਪਟੀ ਲੀਡਰ ਆਦਿ ਅਹੁਦਿਆਂ ਤੇ ਹੰਸਲੋ ਕੌਂਸਲ ਵਿੱਚ ਸੇਵਾਵਾਂ ਦਿੱਤੀਆਂ। ਕੌਂਸਲਰ ਮਾਨ ਨੇ ਕਿਹਾ ਕਿ ਲੇਬਰ ਪਾਰਟੀ ਅਸਲ ਮੁੱਦਿਆਂ ਤੋਂ ਭਟਕ ਚੁੱਕੀ ਹੈ। ਅਸੀਂ ਦਾ ਵਰਕਰਜ਼ ਪਾਰਟੀ ਨੂੰ ਮਜ਼ਬੂਤ ਕਰਨ ਲਈ ਵੱਧ ਵੱਧ ਯਤਨਸ਼ੀਲ ਹਾਂ। ਅਗਲੀਆਂ ਚੋਣਾਂ ਵਿੱਚ ਦਾ ਵਰਕਰਜ਼ ਪਾਰਟੀ ਬਰਤਾਨੀਆਂ ਦੀ ਸਿਆਸਤ ਵਿੱਚ ਵੱਡੀ ਤਬਦੀਲੀ ਲਿਆਵੇਗੀ।

# ਸ਼ਹੀਦ ਸੰਤ ਬਾਬਾ ਚਰਨ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਤਸਵੀਰ ਸਿੰਘ ਸਭਾ ਸਾਊਥਾਲ ਵਿਖੇ ਸ਼ਸ਼ੋਭਿਤ


ਸ਼ਹੀਦ ਸੰਤ ਬਾਬਾ ਚਰਨ ਸਿੰਘ ਦੀ ਤਸਵੀਰ ਗੁਰਦੁਆਰਾ ਸਾਹਿਬ ਵਿਖੇ ਸ਼ਸ਼ੋਭਿਤ ਕਰਨ ਮੌਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਦੇ ਕਾਲੇ ਦੌਰ ਦੌਰਾਨ ਸਰਕਾਰੀ ਜ਼ੁਲਮ ਦਾ ਸਾਹਮਣਾ ਕਰਦਿਆਂ ਸ਼ਹੀਦੀ ਪ੍ਰਾਪਤ ਕਰਨ ਵਾਲੇ ਸੰਤ ਬਾਬਾ ਚਰਨ ਸਿੰਘ ਕਾਰ ਸੇਵਾ ਵਾਲਿਆਂ ਦੀ ਤਸਵੀਰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸ਼ਸ਼ੋਭਿਤ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਭਿੰਡਰ, ਸਟੇਜ ਸਕੱਤਰ ਮਨਜੀਤ ਸਿੰਘ, ਖਜ਼ਾਨਚੀ ਜੀਤਪਾਲ ਸਿੰਘ ਸਹੋਤਾ, ਟਰੱਸਟੀ ਗੁਰਦੇਵ ਸਿੰਘ ਬਰਾੜ, ਦੀਦਾਰ ਸਿੰਘ ਰੰਧਾਵਾ, ਗੁਰਪ੍ਰਤਾਪ ਸਿੰਘ ਢਿੱਲੋਂ ਆਦਿ ਨੇ ਸੰਗਤਾਂ ਦੀ ਹਾਜ਼ਰੀ ਵਿੱਚ ਸ਼ਸ਼ੋਭਿਤ ਕੀਤੀ। ਸੰਗਤਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਸੰਤ ਚਰਨ ਸਿੰਘ ਦੀਆਂ ਸੇਵਾਵਾਂ ਨੂੰ ਪੰਥ ਹਮੇਸ਼ਾਂ ਯਾਦ ਰੱਖੇਗਾ। 1984 ਦੇ ਘੱਲੂਘਾਰੇ ਤੋਂ ਬਾਅਦ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ ਗਿਆ, ਜਿਹਨਾਂ ਵਿੱਚ ਕਾਰਸੇਵਾ ਕਰਨ ਵਾਲੇ ਸੰਤ ਬਾਬਾ ਚਰਨ ਸਿੰਘ ਵੀ ਸ਼ਾਮਿਲ ਸਨ।

# ਓਮਾਨ ਵਿਚ ਹੜ੍ਹ ਕਾਰਨ 18 ਲੋਕਾਂ ਦੀ ਮੌਤ

**ਓਮਾਨ : ਓਮਾਨ ਵਿਚ ਹੜ੍ਹ ਕਾਰਨ 18 ਲੋਕਾਂ ਦੀ ਮੌਤ ਹੋ ਗਈ। ਦੁਬਈ ਦੇ ਪ੍ਰਮੁੱਖ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਭਾਰੀ ਮੀਂਹ ਤੋਂ ਬਾਅਦ ਹੜ੍ਹ ਆਉਣ ਕਾਰਨ ਸਾਰੀਆਂ ਆਉਣ ਵਾਲੀਆਂ ਉਡਾਣਾਂ ਦਾ ਡਾਇਵਰਸ਼ਨ ਸ਼ੁਰੂ ਕਰ ਦਿੱਤਾ ਗਿਆ ਹੈ। ਏਅਰ ਹੱਬ ਮੰਗਲਵਾਰ ਸ਼ਾਮ ਨੂੰ 100 ਤੋਂ ਵੱਧ ਉਡਾਣਾਂ ਦੀ ਉਮੀਦ ਕਰ ਰਿਹਾ ਸੀ। ਪਰ ਤੂਫਾਨ ਕਾਰਨ ਇਸ ਨੇ ਕੁਝ ਸਮੇਂ ਲਈ ਆਪਣਾ ਕੰਮਕਾਜ ਬੰਦ ਕਰ ਦਿੱਤਾ। ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਅਤੇ ਬਹਿਰੀਨ ਦੇ ਆਸ-ਪਾਸ ਭਾਰੀ ਮੀਂਹ ਤੋਂ ਬਾਅਦ ਹੜ੍ਹ ਦੀ ਸਥਿਤੀ ਬਣੀ ਹੋਈ ਹੈ। ਓਮਾਨ ਵਿੱਚ ਐਤਵਾਰ ਅਤੇ ਸੋਮਵਾਰ ਨੂੰ 18 ਲੋਕਾਂ ਦੀ ਮੌਤ ਹੋ ਗਈ।**

# ਦਲ ਬਦਲੂਆਂ ਨੇ ਰਾਜਨੀਤਕ ਪਾਰਟੀਆਂ ਦਾ ਸਿਆਸੀ ਗਣਿਤ ਵਿਗਾੜਿਆ, ਲੋਕ ਮੁੱਦੇ ਗਾਇਬ

## ✪ ਕਿਸਾਨਾਂ ਤੋਂ ਡਰੀ ਪੰਜਾਬ ਭਾਜਪਾ ਕਿਸਾਨਾਂ ਦੀ ਕੇਂਦਰ ਸਰਕਾਰ ਨਾਲ ਮੀਟਿੰਗ ਕਰਵਾਉਣ ਬਾਰੇ ਸੋਚਣ ਲੱਗੀ

ਰਾਮਪੁਰਾ ਫੂਲ-ਪੰਜਾਬ ਅੰਦਰ ਲੋਕ ਸਭਾ ਚੋਣਾਂ ਵਿਚ ਦਲ ਬਦਲੂ ਭੱਦਰਪੁਰਸ਼ਾਂ ਨੇ ਰਾਜਨੀਤਿਕ ਪਾਰਟੀਆਂ ਦਾ ਸਿਆਸੀ ਗਣਿਤ ਵਿਗਾੜ ਕੇ ਰੱਖ ਦਿੱਤਾ ਹੈ। ਵੱਖ-ਵੱਖ ਪਾਰਟੀਆਂ ਦੇ ਟਿਕਟ ਦੇ ਮਜ਼ਬੂਤ ਦਾਅਵੇਦਾਰ ਹੀ ਆਪਣੀ ਪਾਰਟੀ ਛੱਡ ਕੇ ਹੋਰਨਾਂ ਪਾਰਟੀਆਂ ਦੀ ਟਿਕਟ 'ਤੇ ਕਿਸਮਤ ਅਜਮਾਉਣ ਨੂੰ ਤਰਜੀਹ ਦੇਣ ਲੱਗੇ ਹਨ। ਮੌਕਾਪ੍ਰਸਤੀ ਸਿਆਸਤ ਦੇ ਚੱਲਦਿਆਂ ਲੋਕ ਮੁੱਦੇ ਗ਼ਾਇਬ ਹੋ ਗਏ ਹਨ ਅਤੇ ਆਮ ਲੋਕਾਂ ਨੂੰ ਦਲ ਬਦਲੀਆਂ ਦੇ ਦ੍ਰਿਸ਼ਾਂ ਵਿਚ ਹੀ ਉਲਝਾ ਕੇ ਰੱਖ ਦਿੱਤਾ ਗਿਆ ਹੈ। ਬਠਿੰਡਾ ਸੰਸਦੀ ਹਲਕੇ ਤੋਂ ਬਣੇ ਤਾਜ਼ਾ ਘਟਨਾਕ੍ਰਮ ਦੇ ਚੱਲਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਹਰਸਿਮਰਤ ਕੌਰ ਬਾਦਲ ਦਾ ਨਾਂਅ ਪਹਿਲੀ ਸੂਚੀ ਵਿਚ ਨਾ ਐਲਾਨਣਾ ਚਰਚਾ ਦਾ ਵਿਸ਼ਾ ਹੈ। ਸਿਆਸੀ ਪੰਡਿਤਾਂ ਦਾ ਮੰਨਣਾ ਹੈ ਕਿ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਪਾਰਟੀ ਅੰਦਰ ਵਾਪਰ ਰਹੇ ਘਟਨਾਕ੍ਰਮ ਦੇ ਚੱਲਦਿਆਂ ਫੂਕ ਫੂਕ ਕੇ ਪੈਰ ਧਰ ਰਹੇ ਹਨ ਤੇ ਅਜਿਹੀਆਂ ਹਾਲਤਾਂ ਵਿਚ ਹੋ ਸਕਦਾ ਹੈ ਕਿ ਪਾਰਟੀ ਨੇ ਹਰਸਿਮਰਤ ਲਈ ਕੋਈ ਹੋਰ ਬਦਲ ਵੀ ਸੋਚਿਆ ਹੋਵੇਗਾ। ਪਰ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਹਲਕਾ ਛੱਡਣ ਦੀਆਂ ਚਰਚਾਵਾਂ ਨੂੰ ਠੱਲ੍ਹਦਿਆਂ ਕਿਹਾ ਕਿ ਉਹ ਬਠਿੰਡਾ ਤੋਂ ਹੀ ਚੋਣ ਲੜਨਗੇ। ਉਨ੍ਹਾਂ



ਕਾਂਗਰਸ ਅਤੇ ਭਾਜਪਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਇਹ ਦੋਨਾਂ ਪਾਰਟੀਆਂ ਨੂੰ ਬਠਿੰਡਾ ਸੀਟ ਤੋਂ ਕੋਈ ਉਮੀਦਵਾਰ ਨਹੀਂ ਮਿਲਿਆ ਜਿਸ ਕਾਰਨ ਉਹ ਅਕਾਲੀ ਦਲ ਵਿਚੋਂ ਕੱਢੇ ਹੋਏ ਉਮੀਦਵਾਰਾਂ ਨੂੰ ਟਿਕਟਾਂ ਦੇ ਰਹੇ ਹਨ। ਉਨ੍ਹਾਂ ਕਾਂਗਰਸ ਪ੍ਰਧਾਨ ਰਾਜਾ ਵੜਿੰਗ 'ਤੇ ਤਨਜ਼ ਕੱਸਦਿਆਂ ਕਿਹਾ ਕਿ ਬਠਿੰਡਾ ਵਿੱਚ ਪੋਸਟਰ ਤਾਂ ਕਾਂਗਰਸ ਪ੍ਰਧਾਨ ਦੇ ਲੱਗੇ ਹੋਏ ਹਨ ਅਤੇ ਉਨ੍ਹਾਂ ਦੀ ਪਤਨੀ ਦੋ ਮਹੀਨਿਆਂ ਤੋਂ ਹਲਕੇ ਵਿੱਚ ਵਿਚਰ ਰਹੇ ਹਨ ਪਰ ਹੈਰਾਨੀ ਹੋਈ ਕਿ ਕਾਂਗਰਸ ਵੱਲੋਂ ਟਿਕਟ ਅਕਾਲੀ ਦਲ ਵਿਚੋਂ ਕੱਢੇ ਹੋਏ ਵਿਅਕਤੀ ਨੂੰ ਦਿੱਤੀ ਗਈ ਹੈ। ਸਿਕੰਦਰ ਸਿੰਘ ਮਲੂਕਾ ਬਾਰੇ ਉਨ੍ਹਾਂ ਕਿਹਾ ਕਿ ਉਹ ਬਾਦਲ ਸਾਹਿਬ ਵੇਲੇ ਤੋਂ ਹੀ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਪੁੱਤਰ ਤੇ ਨੂੰਹ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਮਲੂਕਾ ਦੀ ਬਦੌਲਤ ਹੀ ਅਹੁਦਿਆਂ ਦਾ ਆਨੰਦ ਲਿਆ ਹੈ। ਹੁਣ ਉਹ ਪਾਰਟੀ ਨਾਲ ਦਗਾ ਕਮਾ ਗਏ। ਸਿਆਸੀ ਮਾਹਿਰਾਂ ਦਾ ਹੈ ਕਿ ਪਾਰਟੀ ਵਲੋਂ ਹਰਸਿਮਰਤ ਸਮੇਤ 6 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਹੋਣ ਉਪਰੰਤ ਹੀ ਪੂਰੇ ਮਾਮਲੇ ਬਾਰੇ ਸੱਚ ਸਾਹਮਣੇ ਆਵੇਗਾ।

ਬਠਿੰਡਾ ਤੋਂ ਭਾਜਪਾ ਦੀ ਟਿਕਟ ਮਿਲਣ ਤੋਂ ਬਾਅਦ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਮਲੂਕਾ ਨੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਅਕਾਲੀ ਦਲ ਦਾ ਜਲੰਧਰ ਤੋਂ ਟਿਕਟ ਦਾ ਸੰਭਾਵੀ ਉਮੀਦਵਾਰ ਪਵਨ ਕੁਮਾਰ ਟੀਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਕੇ ਜਲੰਧਰ ਤੋਂ ਚੋਣ ਲੜ ਰਿਹਾ ਹੈ। ਚੋਣਾਂ ਦੇ ਸਮੇਂ ਦਲ ਬਦਲੀਆਂ ਤਾਂ ਅਕਸਰ ਦੇਖਣ ਨੂੰ ਮਿਲਦੀਆਂ ਸਨ ਲੇਕਿਨ ਇਸ ਵਾਰ ਤਾਂ ਲੋਕ ਲੀਡਰਾਂ ਦੇ ਕਿਰਦਾਰ ਨੂੰ ਦੇਖ ਕੇ ਮੱਥੇ 'ਤੇ ਹੱਥ ਮਾਰ ਰਹੇ ਹਨ ਕਿ ਸਿਆਸੀ ਲੀਡਰਾਂ ਦਾ ਕੋਈ ਕਿਰਦਾਰ ਨਹੀਂ ਰਿਹਾ। ਜ਼ਿਕਰ ਕਰਨਾ ਬਣਦਾ ਹੈ ਕਿ ਅਕਾਲੀ ਦਲ ਦੇ ਬਠਿੰਡਾ ਹਲਕੇ ਦੇ ਸਾਬਕਾ ਵਿਧਾਇਕ ਸਰੂਪ ਸਿੰਗਲਾ, ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ, ਪ੍ਰੇਮ ਮਿੱਤਲ ਆਦਿ ਅਕਾਲੀ ਆਗੂ ਆਖਿਰ ਕਿਉਂ ਪੰਥਕ ਪਾਰਟੀ ਤੋਂ ਦੂਰੀ ਬਣਾ ਕੇ ਭਾਜਪਾ ਵਿਚ ਚਲੇ ਗਏ ਜਿਸ ਦਾ ਜਵਾਬ ਲੋਕ ਤਲਾਸ਼ ਰਹੇ ਹਨ। ਪੰਜਾਬ ਦੇ ਲੀਡਰ ਤਾਂ ਭਾਵੇਂ ਆਪਣੇ ਸਵਾਰਥਾਂ ਦੀ ਪੂਰਤੀ ਲਈ ਇੱਧਰੋਂ ਉਧਰ ਭੱਜ ਰਹੇ ਹਨ ਲੇਕਿਨ ਪੰਜਾਬ ਅੰਦਰ ਖੇਤੀ, ਨਸ਼ੇ, ਬੇਰੁਜ਼ਗਾਰੀ, ਪਾਣੀ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੇ ਮਸਲੇ ਮੂੰਹ ਅੱਡੀ ਖੜ੍ਹੇ ਹਨ।

ਸਿਆਸੀ ਹਲਕਿਆਂ ਵਿਚ ਮੰਨਿਆ ਜਾ ਰਿਹਾ ਹੈ ਕਿ ਅਗਲਾ ਇਕ ਹਫ਼ਤਾ ਕਾਫ਼ੀ ਅਹਿਮ ਸਿੱਧ ਹੋ ਸਕਦਾ ਹੈ। ਦੂਜੇ ਪਾਸੇ ਭਾਜਪਾ ਦੇ ਕੁਝ ਆਗੂ ਕਿਸਾਨਾਂ ਦੀ ਬੈਠਕ ਕੇਂਦਰੀ ਲੀਡਰਸ਼ਿਪ ਨਾਲ ਕਰਵਾਉਣ ਦਾ ਯਤਨ ਕਰ ਰਹੇ ਹਨ ਕਿਉਂਕਿ ਸੂਬੇ ਵਿਚ ਭਾਜਪਾ ਦੇ ਕੁਝ ਉਮੀਦਵਾਰਾਂ ਨੂੰ ਕਿਸਾਨਾਂ ਵੱਲੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਇਕਾਈ ਦੇ ਆਗੂ ਚਾਹੁੰਦੇ ਹਨ ਕਿ ਚੋਣ ਨੋਟੀਫਿਕੇਸ਼ਨ ਹੋਣ ਤੋਂ ਪਹਿਲਾਂ ਹੀ ਕਿਸਾਨਾਂ ਦੀ ਬੈਠਕ ਪ੍ਰਧਾਨ ਮੰਤਰੀ ਨਾਲ ਕਰਵਾ ਦਿੱਤੀ ਜਾਵੇ ਤਾਂ ਕਿ ਕਿਸਾਨਾਂ ਨੂੰ ਸ਼ਾਂਤ ਕੀਤਾ ਜਾ ਸਕੇ।

# ਸੌਦਾ ਸਾਧ ਦੇ ਚੇਲੇ ਪਵਨ ਇੰਸਾਂ ਨੂੰ ਹਾਈਕੋਰਟ ਤੋਂ ਝਟਕਾ

## ✪ ਪੰਚਕੂਲਾ ਹਿੰਸਾ ਵਿਚ ਈਡੀ ਦੀ ਜਾਂਚ ਵਿਰੁੱਧ ਪਾਈ ਪਟੀਸ਼ਨ ਰੱਦ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਡੇਰਾ ਸਿਰਸਾ ਦੇ ਚੇਲੇ ਪਵਨ ਇੰਸਾਂ ਦੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੁਆਰਾ ਸ਼ੁਰੂ ਕੀਤੀ ਮਨੀ ਲਾਂਡਰਿੰਗ ਦੀ ਕਾਰਵਾਈ ਨੂੰ ਰੋਕਣ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਜਸਟਿਸ ਮੰਜਰੀ ਨਹਿਰੂ ਕੌਲ ਨੇ ਇੰਸਾਂ ਦੀਆਂ ਦਲੀਲਾਂ ਨੂੰ ਰੱਦ ਕਰਦਿਆਂ ਜਾਂਚ ਨੂੰ ਜਾਇਜ਼ ਠਹਿਰਾਇਆ। ਪਵਨ ਨੇ ਪੰਚਕੂਲਾ ਵਿੱਚ ਦਰਜ ਐਫਆਈਆਰ ਵਿੱਚ ਮਨੀ ਲਾਂਡਰਿੰਗ ਪਹਿਲੂ ਦੀ ਜਾਂਚ ਦੇ ਈਡੀ ਦੇ ਆਦੇਸ਼ਾਂ ਨੂੰ ਚੁਣੌਤੀ ਦਿੱਤੀ ਸੀ।





ਪਟੀਸ਼ਨ ਮੁਤਾਬਕ ਇਸ ਮਾਮਲੇ ਵਿੱਚ ਉਸ ਦੀ ਕੋਈ ਭੂਮਿਕਾ ਸਾਹਮਣੇ ਨਹੀਂ ਆਈ ਹੈ, ਇਸ ਲਈ ਇਸ ਜਾਂਚ ਨੂੰ ਰੋਕਿਆ ਜਾਵੇ। ਪਟੀਸ਼ਨ ਵਿੱਚ ਦੱਸਿਆ ਗਿਆ ਕਿ 25 ਅਗਸਤ 2016 ਨੂੰ ਪੰਚਕੂਲਾ ਦੀ ਸੀਬੀਆਈ ਅਦਾਲਤ ਨੇ ਸਾਧਵੀ ਯੌਨ ਸ਼ੋਸ਼ਣ ਮਾਮਲੇ ਵਿੱਚ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਬਾਅਦ ਪੰਚਕੂਲਾ ਪੁਲਿਸ ਨੇ ਪੰਚਕੂਲਾ ਵਿਚ ਦੰਗੇ ਕਰਵਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਪਟੀਸ਼ਨਕਰਤਾ ਖਿਲਾਫ ਸੈਕਟਰ-5 ਥਾਣੇ 'ਚ ਆਈ. ਪੀ. ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐੱਫ.ਆਈ.ਆਰ. ਦਰਜ ਕੀਤੀ ਸੀ।

ਪਵਨ ਇੰਸਾ 'ਤੇ ਇਨ੍ਹਾਂ ਦੰਗਿਆਂ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਹੁਣ ਇਹ ਐਫਆਈਆਰ ਮਨੀ ਲਾਂਡਰਿੰਗ ਦੇ ਪਹਿਲੂ ਦੀ ਜਾਂਚ ਲਈ ਈਡੀ ਨੂੰ ਸੌਂਪ ਦਿੱਤੀ ਗਈ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਈਡੀ ਇਹ ਪਤਾ ਲਗਾ ਸਕੇ ਕਿ ਇਨ੍ਹਾਂ ਦੰਗਿਆਂ ਲਈ ਪੈਸਾ ਕਿੱਥੋਂ ਇਕੱਠਾ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਈਡੀ ਨੂੰ ਹੁਣ ਪਵਨ ਇੰਸਾ ਦਾ ਬਿਆਨ ਦਰਜ ਕਰਨਾ ਹੈ। ਇਸ ਨੂੰ ਪਵਨ ਇੰਸਾ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ।

# ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਪੰਜਾਬ ਵਿਚ 311 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਤੇ ਨਕਦੀ ਬਰਾਮਦ

ਮੁਹਾਲੀ-ਲੋਕ ਸਭਾ ਚੋਣਾਂ ਲਈ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਪੰਜਾਬ ਵਿੱਚ 311 ਕਰੋੜ ਰੁਪਏ ਦੀ ਨਕਦੀ, ਨਸ਼ੀਲੇ ਪਦਾਰਥ, ਸ਼ਰਾਬ, ਧਾਤਾਂ ਅਤੇ ਹੋਰ ਸਾਮਾਨ ਜ਼ਬਤ ਕੀਤਾ ਗਿਆ ਹੈ। ਇਸ ਵਿੱਚ 280 ਕਰੋੜ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਵੀ ਸ਼ਾਮਲ ਹਨ। ਚੋਣ ਕਮਿਸ਼ਨ ਨੇ ਇਹ ਖੁਲਾਸਾ ਕੀਤਾ ਹੈ।

ਕਮਿਸ਼ਨ ਦਾ ਦਾਅਵਾ ਹੈ ਕਿ ਪੂਰੇ 75 ਸਾਲਾਂ ਵਿੱਚ ਇਸ ਤੋਂ ਵੱਡੀ ਕੋਈ ਵਸੂਲੀ ਨਹੀਂ ਹੋਈ। ਹਾਲਾਂਕਿ, 2019 ਦੀਆਂ ਲੋਕ ਸਭਾ ਚੋਣਾਂ ਵਿੱਚ, ਰਾਜ ਵਿੱਚ 500 ਕਰੋੜ ਰੁਪਏ ਤੋਂ ਵੱਧ ਦੀ ਸ਼ਰਾਬ, ਨਸ਼ੀਲੇ ਪਦਾਰਥ ਅਤੇ ਪੈਸਾ ਬਰਾਮਦ ਕੀਤਾ ਗਿਆ ਸੀ। ਪਰ ਇਸ ਵਾਰ ਨਾਮਜ਼ਦਗੀ ਪ੍ਰਕਿਰਿਆ ਵੀ ਸ਼ੁਰੂ ਨਹੀਂ ਹੋਈ ਹੈ। ਇਸ ਤੋਂ ਪਹਿਲਾਂ ਵੀ ਇੰਨਾ ਸਾਮਾਨ ਜ਼ਬਤ ਕੀਤਾ ਜਾ ਚੁੱਕਾ ਹੈ, ਜਿਸ ਨੂੰ ਚੋਣ ਕਮਿਸ਼ਨ ਦੀ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਇਸ ਵਾਰ ਕਮਿਸ਼ਨ ਵੱਲੋਂ ਕਈ ਕਦਮ ਚੁੱਕੇ ਗਏ ਹਨ।

ਪੰਜਾਬ ਦੀਆਂ ਵੱਖ-ਵੱਖ ਏਜੰਸੀਆਂ ਵੱਲੋਂ ਹੁਣ ਤੱਕ 5.13 ਕਰੋੜ ਰੁਪਏ ਦੀ ਨਕਦੀ, 14.40 ਕਰੋੜ ਰੁਪਏ ਦੀ ਸ਼ਰਾਬ, 280 ਕਰੋੜ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਅਤੇ 10.52 ਕਰੋੜ ਰੁਪਏ ਦਾ ਸੋਨਾ ਤੇ ਹੋਰ ਧਾਤਾਂ ਜ਼ਬਤ ਕੀਤੀਆਂ ਜਾ ਚੁੱਕੀਆਂ ਹਨ।

# ਪ੍ਰੇਮੀ ਨਾਲ ਫਰਾਰ ਲੜਕੀ ਦੇ ਬਾਪੂ ਨੇ ਲਿਆ ਫਾਹਾ

ਜਗਰਾਉਂ-ਆਪਣੇ ਪ੍ਰੇਮੀ ਨਾਲ ਘਰੋਂ ਭੱਜੀ ਇੱਥੋਂ ਨੇੜਲੇ ਪਿੰਡ ਦੀ ਲੜਕੀ ਦੇ ਪਿਤਾ ਨੇ ਨਮੋਸ਼ੀ ਵਿੱਚ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਏਐੱਸਆਈ ਅਨਵਰ ਮਸੀਹ ਅਨੁਸਾਰ ਲੜਕੀ ਦੀ ਮਾਤਾ ਨੇ ਦੱਸਿਆ ਕਿ ਉਸ ਦੀ ਧੀ ਸੀਟੀ ਯੂਨੀਵਰਸਿਟੀ ਵਿਚ ਨੌਕਰੀ ਕਰਦੀ ਸੀ। ਉਹ 12 ਅਪਰੈਲ ਨੂੰ ਕੰਮ 'ਤੇ ਗਈ ਪਰ ਵਾਪਸ ਨਹੀਂ ਆਈ। ਭਾਲ ਕਰਨ 'ਤੇ ਪਤਾ ਲੱਗਾ ਕਿ ਯੂਨੀਵਰਸਿਟੀ ਵਿੱਚ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਪਿੰਡ ਦਾ ਹੀ ਲੜਕਾ ਜਸ਼ਨਪ੍ਰੀਤ ਸਿੰਘ ਉਸ ਨੂੰ ਕਿਤੇ ਲੈ ਗਿਆ ਹੈ। ਇਸ ਬਾਰੇ ਪਤਾ ਲੱਗਣ 'ਤੇ ਲੜਕੀ ਦੇ ਪਿਤਾ ਨੇ ਪੱਖੇ ਨਾਲ ਫਾਹਾ ਲੈ ਲਿਆ। ਫਾਹਾ ਲੈਣ ਤੋਂ ਪਹਿਲਾਂ ਉਸ ਨੇ ਮੋਬਾਈਲ ਵਿਚ ਵੀਡੀਓ ਬਣਾਈ ਅਤੇ ਖੁਦਕੁਸ਼ੀ ਲਈ ਮਜਬੂਰ ਕਰਨ ਵਾਲਿਆਂ ਵਿਚ ਜਸ਼ਨਪ੍ਰੀਤ, ਉਸ ਦੀ ਮਾਤਾ ਊਸ਼ਾ ਰਾਣੀ, ਭੈਣ ਸਨਮਪ੍ਰੀਤ ਕੌਰ ਅਤੇ ਜੀਜੇ ਮਨੋਹਰ ਸਿੰਘ ਦਾ ਜ਼ਿਕਰ ਕੀਤਾ। ਪੁਲੀਸ ਨੇ ਊਸ਼ਾ ਰਾਣੀ ਨੂੰ ਹਿਰਾਸਤ ਵਿਚ ਲੈ ਲਿਆ ਹੈ। ਬਾਕੀ ਮੁਲਜ਼ਮ ਵੀ ਜਲਦੀ ਗ੍ਰਿਫ਼ਤਾਰ ਕਰ ਲਏ ਜਾਣਗੇ।

# 14 ਅਪ੍ਰੈਲ ਨੂੰ ਖਾਲਸੇ ਦੇ ਸਾਜਨਾ ਦਿਵਸ ਮੌਕੇ ਡਰਬੀ ਵਿਖੇ ਵਿਸ਼ਾਲ ਨਗਰ ਕੀਰਤਨ ਵਿੱਚ ਹਜ਼ਾਰਾਂ ਸਿੱਖ ਸੰਗਤਾਂ ਸ਼ਾਮਿਲ

## ਸਥਾਨਕ ਕੌਂਸਲਰਾਂ ਨੂੰ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਕੌਂਸਲ ਵਿੱਚ ਮਤਾ ਪਾਸ ਕਰਨ ਲਈ ਸ: ਪੁਰੇਵਾਲ ਵੱਲੋਂ ਅਪੀਲ





**ਡਰਬੀ (ਪੰਜਾਬ ਟਾਈਮਜ਼) – ਬੀਤੇ ਐਤਵਾਰ 14 ਅਪ੍ਰੈਲ ਵਿਸਾਖੀ ਵਾਲੇ ਦਿਨ ਡਰਬੀ ਦੇ ਪੰਜ ਗੁਰਦੁਆਰਾ ਸਾਹਿਬਾਨ ਵੱਲੋਂ ਸਾਂਝੇ ਤੌਰ ਤੇ ਨਗਰ ਕੀਰਤਨ ਆਯੋਜਿਤ ਕੀਤਾ ਗਿਆ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਸ਼ਾਮਿਲ ਹੋਈਆਂ।**

ਨਗਰ ਕੀਰਤਨ ਸਭ ਤੋਂ ਪਹਿਲੇ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਇਆ ਤੇ ਪ੍ਰਿੰਸਿਸ ਸਟ੍ਰੀਟ ਤੋਂ ਹੁੰਦਾ ਹੋਇਆ ਸਿੰਘ ਸਭਾ ਗੁਰਦੁਆਰਾ ਸਾਹਿਬ ਕੋਲੋਂ ਦੀ ਲੰਘਿਆ, ਜਿੱਥੇ ਸਿੰਘ ਸਭਾ ਦੇ ਸੇਵਾਦਾਰਾਂ ਨੇ ਪੰਜ ਪਿਆਰਿਆਂ ਅਤੇ ਸਮੂਹ ਸੰਗਤਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਜੀ ਆਇਆਂ ਆਖਿਆ। ਇਸ ਮੌਕੇ ਦੋਵੇਂ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਦੀ ਗਤਕਾ ਟੀਮ ਨੇ ਗਤਕੇ ਦੇ ਜੌਹਰ ਦਿਖਾਏ। ਇਸੇ ਤਰ੍ਹਾਂ ਜਦੋਂ ਨਗਰ ਕੀਰਤਨ ਸਿੰਘ ਸਭਾ ਵਿਖੇ ਪਹੁੰਚਿਆ ਤਾਂ ਬਾਬਾ ਬੰਦਾ ਸਿੰਘ ਬਹਾਦਰ ਗਤਕਾ ਅਖਾੜੇ ਦੇ ਨੌਜਵਾਨਾਂ ਨੇ ਵੀ ਗਤਕੇ ਦੇ ਬੈਨਰ ਚੁੱਕੇ ਹੋਏ ਸਨ, ਤੇ ਉਹ ਆਪਣੇ ਅਜ਼ਾਦ ਮੁਲਖ ਦੀ ਹੋਂਦ ਦਾ ਇਜ਼ਹਾਰ ਕਰ ਰਹੇ ਸਨ।

ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਸ: ਜਤਿੰਦਰਪਾਲ ਸਿੰਘ ਬਾਜਵਾ, ਜਨਰਲ ਸਕੱਤਰ ਲਖਵਿੰਦਰ ਸਿੰਘ, ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸੈਕਟਰੀ ਰਾਜਿੰਦਰ ਸਿੰਘ ਪੁਰੇ–ਵਾਲ ਤੇ ਖਜ਼ਾਨਚੀ ਸ: ਅਜੀਤ ਸਿੰਘ, ਰਾਮਗੜ੍ਹੀਆ ਸਭਾ ਤੋਂ ਜਨਰਲ ਸੈਕਟਰੀ ਸੇਵਾਦਾਰ ਸ: ਹਰਦਿਆਲ ਸਿੰਘ ਧਮੜੈਤ ਨੇ ਸੰਗਤਾਂ ਨੂੰ ਖਾਲਸੇ ਦੇ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ।

ਇਸ ਮੌਕੇ ਸਥਾਨਕ ਡਿਪਟੀ ਮੇਅਰ ਕੌਂਸਲਰ ਬਲਬੀਰ ਸਿੰਘ ਸੰਧੂ, ਐਮ ਪੀ ਹੋਲੋਵੇਅ ਅਮਾਂਡਾ, ਕੌਂਸਲਰ ਹਰਦਿਆਲ ਸਿੰਘ ਢੀਂਡਸਾ, ਡਾ: ਹਰਦਿਆਲ ਸਿੰਘ ਢਿੱਲੋਂ, ਡਾ: ਉਪਿੰਦਰਜੀਤ ਕੌਰ ਤੱਖਰ ਅਤੇ ਹੋਰ ਬਹੁਤ ਸਾਰੇ ਕੌਂਸਲਰਾਂ ਨੇ ਵੀ ਨਗਰ ਕੀਰਤਨ ਦੌਰਾਨ ਹਾਜ਼ਰੀ ਭਰੀ। ਇਸ ਮੌਕੇ ਸਥਾਨਕ ਕੌਂਸਲਰਾਂ ਤੇ ਲੀਡਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਪਿੱਛੋਂ ਨਵੰਬਰ 1984 ਵਿੱਚ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਹੋਰ ਬਹੁਤ ਸਾਰੇ ਸ਼ਹਿਰਾਂ ਵਿੱਚ ਸਿੱਖਾਂ ਦੀ ਨਸਲ ਕੁਸ਼ੀ ਕੀਤੀ ਗਈ ਸੀ। ਉਹਨਾਂ ਕੌਂਸਲਰਾਂ ਨੂੰ ਯਾਦ ਦਿਵਾਇਆ ਕਿ ਡਰਬੀ ਦੀ ਕੌਂਸਲ ਵਿੱਚ ਇਸ ਨਸਲਕੁਸ਼ੀ ਪ੍ਰਤੀ ਮਤਾ ਪਾਸ ਕਰਨਾ ਚਾਹੀਦਾ ਹੈ। ਏਨੀ ਵੱਡੀ ਪੱਧਰ ਤੇ ਮਾਸੂਮ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਜਿਸ ਬਾਰੇ ਕੌਂਸਲ ਵਿੱਚ ਇਸ ਨੂੰ ਸਿੱਖ ਨਸਲਕੁਸ਼ੀ ਵਜੋਂ ਮਤਾ ਪਾ ਕੇ ਪ੍ਰਵਾਨ ਕਰਵਾਉਣਾ ਇਕ ਇਨਸਾਨੀ ਫ਼ਰਜ਼ ਹੈ ਤੇ ਮਨੁੱਖੀ ਹੱਕਾਂ ਦੀ ਪੈਰਵਾਈ ਹੈ।

ਸਾਰੇ ਗੁਰੂ ਘਰਾਂ ਵੱਲੋਂ ਸੰਗਤਾਂ ਲਈ ਚਾਹ ਪਾਣੀ ਆਦਿ ਦੇ ਸਟਾਲ ਲਗਾਏ ਗਏ ਸਨ।

## ਬ੍ਰਿਟਿਸ਼ ਰੌਇਲ ਨੇਵੀ ਵੱਲੋਂ ਸਿੱਖ ਅਜਾਇਬ ਘਰ ਡਰਬੀ ਵਿਖੇ ਐਚ ਐਮ ਐਸ ਸਿੱਖ ਸਮੁੰਦਰੀ ਜਹਾਜ਼ ਦਾ ਮਾਡਲ ਭੇਟ

### ਦੂਜੇ ਵਿਸ਼ਵ ਯੁੱਧ ਦੌਰਾਨ ਸਿੱਖ ਫੌਜ ਦੀ ਵਰਤੋਂ ਲਈ ਬਰਤਾਨੀਆ ਵੱਲੋਂ ਬਣਾਇਆ ਗਿਆ ਸੀ ਇਹ ਵਿਸ਼ੇਸ਼ ਸਮੁੰਦਰੀ ਜੰਗੀ ਜਹਾਜ਼



ਰੌਇਲ ਨੇਵੀ ਦੇ ਅਫ਼ਸਰ ਸਿੱਖ ਅਜਾਇਬਘਰ ਨੂੰ ਐਚ ਐਮ ਐਸ ਸ਼ਿੱਪ ਦਾ ਮਾਡਲ ਭੇਟ ਕਰਨ ਸਮੇਂ

**ਡਰਬੀ (ਪੰਜਾਬ ਟਾਈਮਜ਼) – ਇਥੇ ਗੁਰ–ਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਨਾਲ ਬਣੇ ਸਿੱਖ ਅਜਾਇਬਘਰ ਵਿੱਚ ਜਿੱਥੇ ਪਹਿਲਾਂ ਹੀ ਸਿੱਖ ਇਤਿਹਾਸ ਨਾਲ ਸਬੰਧਿਤ ਬਹੁਤ ਸਾਰੀਆਂ ਵਸਤੂਆਂ, ਸਿੱਖ ਰਾਜ ਦੀਆਂ ਤੋਪਾਂ ਆਦਿ ਰੱਖੀਆਂ ਹੋਈਆਂ ਹਨ, ਉਥੇ ਬੀਤੇ ਦਿਨੀਂ ਬ੍ਰਿਟਿਸ਼ ਆਰਮੀ ਦੇ ਰੌਇਲ ਨੇਵੀ ਵਿਭਾਗ ਦੇ ਅਫ਼ਸਰਾਂ ਵੱਲੋਂ ਵਿਸ਼ਵ ਯੁੱਧ ਸਮੇਂ ਸਿੱਖ ਫੌਜ ਵੱਲੋਂ ਵਰਤੇ ਗਏ ਸਮੁੰਦਰੀ ਜਹਾਜ਼ (ਸ਼ਿੱਪ) ਦਾ ਇੱਕ ਮਾਡਲ ਵੀ ਸਥਾਪਤ ਕੀਤਾ ਗਿਆ ਹੈ। ਯਾਦ ਰਹੇ ਅਜਿਹੇ ਤਿੰਨ ਸਮੁੰਦਰੀ ਜਹਾਜ਼ ਸਨ, ਇਕ ਐਚ ਐਮ ਐਸ ਸਿੱਖ, ਦੂਜਾ, ਐਚ ਐਮ ਐਸ ਪੰਜਾਬ ਅਤੇ ਤੀਜਾ ਐਚ ਐਮ ਐਸ ਸਰਦਾਰ ।**

ਐਚ ਐਮ ਐਸ ਸਿੱਖ ਸ਼ਿੱਪ ਦਾ ਇਹ ਮਾਡਲ ਸ: ਸੁਖਦੇਵ ਸਿੰਘ ਔਜਲਾ ਤੇ ਰੌਇਲ ਨੇਵੀ ਦੇ ਕੁੱਝ ਅਫ਼ਸਰਾਂ ਦੇ ਵਿਸ਼ੇਸ਼ ਯਤਨਾਂ ਨਾਲ 16 ਅਪ੍ਰੈਲ 2024 ਦਿਨ ਮੰਗਲਵਾਰ ਨੂੰ ਅਜਾਇਬਘਰ ਵਿਖੇ ਪ੍ਰਬੰਧਕਾਂ ਦੇ ਸਪੁਰਦ ਕੀਤਾ ਗਿਆ। ਸ਼ਿੱਪ ਭੇਟ ਕਰਨ ਵਾਲੇ ਇਹਨਾਂ ਅਫ਼ਸਰਾਂ ਵਿੱਚ Sukhdev Singh Aujla, Petty officer Liz Arrowsmith, leading hand Jagjeet Singh Grewal, Able rateDaniel Adjabeng, Warrant Officer John Thacker ਦੇ ਨਾਂ ਵਰਣਨਯੋਗ ਹਨ। ਸਿੱਖ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਮੌਜੂਦ ਸੇਵਾਦਾਰਾਂ ਨੇ ਉਕਤ ਅਫ਼ਸਰਾਂ ਦਾ ਇਥੇ ਆਉਣ ਤੇ ਨਿੱਘਾ ਸਵਾਗਤ ਕੀਤਾ ਤੇ ਇਹ ਸ਼ਿੱਪ ਦਾ ਮਾਡਲ ਅਜਾਇਬਘਰ ਨੂੰ ਭੇਟ ਕਰਨ ਲਈ ਰੌਇਲ ਨੇਵੀ ਦੇ ਅਫ਼ਸਰਾਂ ਦਾ ਹਾਰਦਿਕ ਧੰਨਵਾਦ ਕੀਤਾ। ਰੌਇਲ ਨੇਵੀ ਦੇ ਅਫ਼ਸਰਾਂ ਨੇ ਕਿਹਾ ਸਿੱਖ ਅਜਾਇਬਘਰ ਨਾਲ ਮਿਲ ਕੇ ਕੰਮ ਕਰਨ ਦੀ ਇਹ ਸ਼ੁਰੂਆਤ ਹੋਈ ਹੈ, ਨੇਵੀ ਵੱਲੋਂ ਸਿੱਖ ਭਾਈਚਾਰੇ ਨਾਲ ਮਿਲ ਕੇ ਹੋਰ ਵੀ ਕਾਰਜ ਕੀਤੇ ਜਾਣਗੇ।

## ਦਮਦਮੀ ਟਕਸਾਲ ਦੇ ਲਿਖਾਰੀ ਗਿਆਨੀ ਪ੍ਰੀਤਮ ਸਿੰਘ ਨਹੀਂ ਰਹੇ

### ਸ: ਰਾਜਿੰਦਰ ਸਿੰਘ ਪੁਰੇਵਾਲ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦਮਦਮੀ ਟਕਸਾਲ ਦੇ ਯੂ ਕੇ ਵਿੱਚ ਪ੍ਰਚਾਰਕ ਵਜੋਂ ਲੰਮਾਂ ਸਮਾਂ ਸੇਵਾਵਾਂ ਕਰਨ ਵਾਲੇ ਗਿਆਨੀ ਪ੍ਰੀਤਮ ਸਿੰਘ ਬੀਤੇ ਦਿਨੀਂ ਅਚਾਨਕ ਅਕਾਲ ਚਲਾਣਾ ਕਰ ਗਏ। ਉਹ 90 ਵਰ੍ਹਿਆਂ ਦੇ ਸਨ। ਗਿਆਨੀ ਪ੍ਰੀਤਮ ਸਿੰਘ ਦਮਦਮੀ ਟਕਸਾਲ ਦੇ 12ਵੇਂ ਮੁੱਖੀ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦੇ ਵਿਦਿਆਰਥੀ ਅਤੇ ਜੱਥੇ ਦੇ ਲਿਖਾਰੀ ਵਜੋਂ ਸੇਵਾਵਾਂ ਕਰਦੇ ਰਹੇ ਹਨ। ਉਹਨਾਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ, ਗੁਰਦੁਆਰਾ ਸਿੰਘ ਸਭਾ ਕੀਨੀਆਂ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਬੇਅੰਤ ਸੇਵਾਵਾਂ ਕੀਤੀਆਂ।

ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਹਰਦੀਸ਼ ਸਿੰਘ ਨੇ ਕਿਹਾ ਕਿ ਗਿਆਨੀ ਪ੍ਰੀਤਮ ਸਿੰਘ ਵੱਲੋਂ 1984 ਤੋਂ ਯੂ ਕੇ ਵਿੱਚ ਸਿੱਖ ਪ੍ਰਚਾਰਕ ਵਜੋਂ ਕੀਤੀਆਂ ਸੇਵਾਵਾਂ ਨੂੰ ਪੰਥ ਹਮੇਸ਼ਾਂ ਯਾਦ ਰੱਖੇਗਾ। ਗਿਆਨੀ ਪ੍ਰੀਤਮ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜਿੱਥੇ ਵੱਡੀ ਗਿਣਤੀ ਵਿੱਚ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਨ ਲਈ ਪ੍ਰੇਰਿਆ, ਉੱਥੇ ਹੀ ਉਹਨਾਂ ਸੰਥਿਆ ਜਮਾਤਾਂ ਰਾਹੀਂ ਨੌਜਵਾਨਾਂ ਨੂੰ ਸ਼ੁੱਧ ਗੁਰਬਾਣੀ ਪੜ੍ਹਨ ਦੀ ਸਿੱਖਿਆ ਦਿੱਤੀ। ਗਿਆਨੀ ਪ੍ਰੀਤਮ ਸਿੰਘ ਲੰਮੇਂ ਸਮੇਂ ਤੋਂ ਲੰਡਨ



ਗਿਆਨੀ ਪ੍ਰੀਤਮ ਸਿੰਘ

ਦੇ ਸ਼ਹਿਰ ਸਾਊਥਾਲ ਵਿਖੇ ਰਹਿ ਰਹੇ ਸਨ।

ਪੰਜਾਬ ਟਾਈਮਜ਼ ਦੇ ਸੇਵਾਦਾਰ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਗਿਆਨੀ ਪ੍ਰੀਤਮ ਸਿੰਘ ਜੀ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਿੱਖੀ ਦੇ ਪ੍ਰਚਾਰ ਲਈ ਉਹਨਾਂ ਦੀਆਂ ਸੇਵਾਵਾਂ ਨੂੰ ਪੰਥ ਹਮੇਸ਼ਾਂ ਯਾਦ ਰੱਖੇਗਾ। ਉਹਨਾਂ ਵਰਗੇ ਪ੍ਰਚਾਰਕਾਂ ਦੀ ਸਿੱਖ ਕੌਮ ਨੂੰ ਬਹੁਤ ਲੋੜ ਹੈ।

# ਗ੍ਰੇਵਜ਼ੈਂਡ ਵਿਖੇ ਖਾਲਸਾ ਸਾਜਨਾ ਦਿਵਸ ਸਬੰਧੀ ਵਿਸ਼ਾਲ ਨਗਰ ਕੀਰਤਨ ਆਯੋਜਿਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੇ ਸਬੰਧ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਜਿਸ ਵਿੱਚ ਕੈਂਟ ਅਤੇ ਆਸ ਪਾਸ ਦੇ ਇਲਾਕੇ ਦੀਆਂ ਹਜ਼ਾਰਾਂ ਸਿੱਖ ਸੰਗਤਾਂ ਉਤਸ਼ਾਹ ਨਾਲ ਸ਼ਾਮਿਲ ਹੋਈਆਂ। ਨਗਰ ਕੀਰਤਨ ਦੀ ਆਰੰਭਤਾ ਮੌਕੇ ਗਿਆਨੀ ਮਾਹਲਾ ਸਿੰਘ ਨੇ ਅਰਦਾਸ ਕੀਤੀ। ਸੁੰਦਰ ਪਾਲਕੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਤਰ ਛਾਇਆ ਹੇਠ ਪੰਜ ਨਿਸ਼ਾਨਚੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਗੁਰਬਾਣੀ ਗਾਇਨ ਕਰਦਿਆਂ ਸ਼ਹਿਰ ਦੀਆਂ ਵੱਖ ਵੱਖ ਸੜਕਾਂ, ਮੇਨ ਬਜ਼ਾਰ ਅਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਾਹਿਬ ਤੋਂ ਹੁੰਦਾ ਹੋਇਆ ਅਖੀਰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਵਿਖੇ ਸਮਾਪਤ ਹੋਇਆ। ਥਾਂ ਥਾਂ ਸੰਗਤਾਂ ਵੱਲੋਂ ਵੰਨ ਸਵੰਨੇ ਪਕਵਾਨਾਂ ਅਤੇ ਪੀਣ ਲਈ ਲੰਗਰ ਲਗਾਏ ਹੋਏ ਸਨ। ਗੁਰੂ ਘਰ ਦੇ ਪ੍ਰਧਾਨ ਸ: ਅਜੈਬ ਸਿੰਘ ਚੀਮਾ, ਐਮ ਪੀ ਤਨਮਨਜੀਤ ਸਿੰਘ ਢੇਸੀ, ਸਵਰਨ ਸਿੰਘ, ਦਵਿੰਦਰ ਸਿੰਘ ਬਿੰਦਾ ਮੁਠੱਡਾ, ਬਲਵਿੰਦਰ ਸਿੰਘ ਆਦਿ ਨੇ ਸੰਗਤਾਂ ਨੂੰ ਵਧਾਈ ਪੇਸ਼ ਕੀਤੀ। ਇਸ ਮੌਕੇ ਜਗਦੇਵ ਸਿੰਘ ਵਿਰਦੀ, ਦਵਿੰਦਰ ਸਿੰਘ ਸ਼ਿੰਦੀ ਏ ਵੰਨ, ਨਰਿੰਦਰਜੀਤ ਸਿੰਘ ਥਾਂਦੀ, ਨਾਨਕ ਸਿੰਘ, ਸਤਨਾਮ ਸਿੰਘ ਮੁਠੱਡਾ, ਰਸ਼ਪਾਲ ਸਿੰਘ ਸਹੋਤਾ, ਕੁਲਵਿੰਦਰ ਸਿੰਘ ਸਹੋਤਾ, ਬਾਗੀ ਅਟਵਾਲ, ਸਾਬੀ ਮਿਡਵੇ ਆਦਿ ਵਿਸ਼ੇਸ਼ ਤੌਰ ਤੇ ਹਾਜ਼ਿਰ ਸਨ। ਨਗਰ ਕੀਰਤਨ ਦੀ ਸਮਾਪਤੀ ਤੋਂ ਉਪਰੰਤ ਗੁਰਦੁਆਰਾ ਸਾਹਿਬ ਦੀਆਂ ਖੁੱਲ੍ਹੀਆਂ ਗਰਾਊਂਡਾਂ ਵਿੱਚ ਧਾਰਮਿਕ ਮੇਲੇ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪ੍ਰਮਿੰਦਰ ਸਿੰਘ ਮੰਡ,ਪਰਮਿੰਦਰ ਸਿੰਘ ਮੰਡ , ਸੁਖਬੀਰ ਸਿੰਘ ਸਹੋਤਾ , ਡਾ ਰਾਜਬਿੰਦਰ ਸਿੰਘ ਬੈਂਸ , ਗੁਰਤੇਜ ਸੰਘ ਪੰਨੂੰ, ਸਿਕੰਦਰ ਸਿੰਘ ਬਰਾੜ ਨਿਸ਼ਾਨ ਸਿੰਘ ਰਾਜਿੰਦਰ ਸਿੰਘ ਰਾਜੂ ਸੁਖਵਿੰਦਰ ਸਿੰਘ ਪਲਾਹੀ ਮਨਜੋਤ ਸਿੰਘ ਮਹਿਕਦੀਪ ਸਿੰਘ ਗੁਰਦੇਵ ਸਿੰਘ ਗੁਰਵਿੰਦਰ ਸਿੰਘ ਜਗਮੀਤ ਸਿੰਘ ਪਲਵਿੰਦਰ ਸਿੰਘ ਮੇਜਰ ਸਿੰਘ ਰਜਵਿੰਦਰ ਸਿੰਘ ਅਰਸ਼ਦੀਪ ਸਿੰਘ ਗੁਰਮੇਹਰ ਸਿੰਘ ਗੁਰਸਿਮਰਨ ਸਿੰਘ ਮਲਵਿੰਦਰ ਸਿੰਘ ਮੁਹਿੰਦਰ ਸਿੰਘ ਬੈਂਸ ਕੁਲਦੀਪ ਸਿੰਘ ਮਹੇ ਹੁਰਾਂ ਦੀ ਅਗਵਾਈ ਵਿੱਚ ਚੜ੍ਹਦੀ ਕਲਾ ਸਿੱਖ ਆਰਗੇਨਾਈਜੇਸ਼ਨ ਦੇ ਸੇਵਾਦਾਰਾਂ ਵੱਲੋਂ ਦਸਤਾਰਾਂ ਸਜਾਉਣ ਦੀਆਂ ਸੇਵਾਵਾਂ ਕੀਤੀਆਂ ਗਈਆਂ।



ਗ੍ਰੇਵਜ਼ੈਂਡ ਨਗਰ ਕੀਰਤਨ ਦਾ ਦ੍ਰਿਸ਼, ਮੁੱਖ ਸੇਵਾਦਾਰ ਅਜੈਬ ਸਿੰਘ ਚੀਮਾ ਅਤੇ ਹੋਰ, ਕੇਸਰੀ ਦਸਤਾਰ ਸਜਾ ਕੇ ਬੱਚਾ ਖੁਸ਼ੀ ਪ੍ਰਗਟਾਉਂਦਾ ਹੋਇਆ



# ਇੰਗਲੈਂਡ ਦੇ ਸ਼ਹਿਰ ਟਿਪਟਨ ਦੀ ਇੱਕ ਫੈਕਟਰੀ ਸਮੇਤ ਹੋਰ ਥਾਵਾਂ ਤੋਂ ਗੈਰਕਾਨੂੰਨੀ ਢੰਗ ਨਾਲ ਕੰਮ ਕਰਦੇ 12 ਭਾਰਤੀ ਗ੍ਰਿਫਤਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਨ ਦੇ ਦੋਸ਼ 'ਚ ਟਿਪਟਨ ਸ਼ਹਿਰ ਦੀ ਇਕ ਗੱਦੇ ਅਤੇ ਕੇਕ ਫੈਕਟਰੀ ਵਿਚ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਦੇ ਸ਼ੱਕ ਵਿਚ 11 ਮਰਦਾਂ ਅਤੇ ਇਕ ਔਰਤ ਸਮੇਤ 12 ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਬਰਤਾਨੀਆ ਦੇ ਗ੍ਰਹਿ ਮੰਤਰਾਲੇ ਅਨੁਸਾਰ, ਇਮੀਗ੍ਰੇਸ਼ਨ ਇਨਫੋਰਸਮੈਂਟ ਅਫਸਰਾਂ ਨੇ ਇੰਗਲੈਂਡ ਦੇ ਵੈਸਟ ਮਿਡਲੈਂਡਸ ਖੇਤਰ ਵਿੱਚ ਗੱਦੇ ਦੇ ਕਾਰੋਬਾਰ ਨਾਲ ਜੁੜੇ ਇੱਕ ਯੂਨਿਟ 'ਤੇ ਛਾਪਾ ਮਾਰਿਆ ਸੀ।ਅਧਿਕਾਰੀਆਂ ਨੂੰ ਖੁਫ਼ੀਆ ਸੂਚਨਾ ਮਿਲੀ ਸੀ ਕਿ ਉਥੇ ਨਾਜਾਇਜ਼ ਕੰਮ ਹੋ ਰਿਹਾ ਹੈ। ਬਿਆਨ ਮੁਤਾਬਕ ਅਧਿਕਾਰੀਆਂ ਨੇ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਨ ਦੇ ਦੋਸ਼ 'ਚ ਸੱਤ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਹਿ ਮੰਤਰਾਲੇ ਅਨੁਸਾਰ ਚਾਰ ਹੋਰ ਭਾਰਤੀ ਨਾਗਰਿਕਾਂ ਨੂੰ ਨੇੜਲੀ ਕੇਕ ਫੈਕਟਰੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ 'ਤੇ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਨ ਦਾ ਦੋਸ਼ ਹੈ। ਇਸ ਤੋਂ ਇਲਾਵਾ ਇਕ ਭਾਰਤੀ ਔਰਤ ਨੂੰ ਵੀ ਇਮੀਗ੍ਰੇਸ਼ਨ ਅਪਰਾਧਾਂ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ।ਅਧਿਕਾਰੀਆਂ ਨੇ ਕਿਹਾ ਕਿ ਚਾਰ ਲੋਕਾਂ ਨੂੰ ਬਰਤਾਨੀਆ ਚੋਂ ਕੱਢਣ ਜਾਂ ਭਾਰਤ ਭੇਜੇ ਜਾਣਾ ਅਜੇ ਵਿਚਾਰ ਅਧੀਨ ਹੈ। ਜਿਸ ਤਹਿਤ ਉਹਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਬਾਕੀ ਅੱਠ ਲੋਕਾਂ ਨੂੰ ਗ੍ਰਹਿ ਮੰਤਰਾਲੇ ਨੂੰ ਸਮੇਂ ਸਮੇਂ ਰਿਪੋਰਟ ਕਰਨ ਦੀ ਸ਼ਰਤ 'ਤੇ ਜ਼ਮਾਨਤ ਦਿੱਤੀ ਗਈ ਹੈ। ਛਾਪੇਮਾਰੀ ਦੌਰਾਨ ਫੜ੍ਹੇ ਗਏ ਲੋਕਾਂ ਦੇ ਦਸਤਾਵੇਜ਼ਾਂ ਦੀ ਜ਼ਰੂਰੀ ਜਾਂਚ ਵਿੱਚ ਜੇ ਕੁਤਾਹੀ ਪਾਈ ਗਈ ਅਤੇ ਨਿਯਮਾਂ ਦੀ ਉਲੰਘਣਾ ਸਾਬਤ ਹੋਣ ਤੇ ਕਾਰੋਬਾਰੀ ਮਾਲਕਾਂ ਨੂੰ 15 ਤੋਂ 45 ਹਜ਼ਾਰ ਪੌਂਡ ਪ੍ਰਤੀ ਵਿਅਕਤੀ ਜੁਰਮਾਨਾ ਹੋ ਸਕਦਾ ਹੈ।

# ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੱਲੋਂ ਵਿਸਾਖੀ ਦੀਆਂ ਵਧਾਈਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸਿੱਖ ਭਾਈਚਾਰੇ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਹਨ। ਉਹਨਾਂ ਕਿਹਾ ਕਿ ਵਿਸ਼ਵ ਭਰ ਵਿੱਚ ਸਿੱਖ ਨਗਰ ਕੀਰਤਨ ਸਜਾ ਰਹੇ ਰਹੇ ਹਨ। ਪ੍ਰਧਾਨ ਮੰਤਰੀ ਸੁਨਕ ਨੇ ਦੇਸ਼ ਦੀ ਆਰਥਿਕਤਾ, ਸਿਹਤ ਸੰਭਾਲ, ਪੁਲਿਸ, ਹਥਿਆਰਬੰਦ ਫੌਜਾਂ, ਰੱਖਿਆ ਅਤੇ ਹੋਰ ਖੇਤਰਾਂ ਵਿੱਚ ਸਿੱਖਾਂ ਵੱਲੋਂ ਪਾਏ ਯੋਗਦਾਨ ਦੀ ਪ੍ਰਸੰਸਾ ਕੀਤੀ। ਉਹਨਾਂ ਕਿਹਾ ਕਿ ਦੇਸ਼ ਭਰ ਦੇ ਗੁਰਦੁਆਰਿਆਂ ਵੱਲੋਂ ਦੇਸ਼ ਭਰ ਵਿੱਚ ਸਭ ਧਰਮਾਂ ਅਤੇ ਭਾਈਚਾਰਿਆਂ ਦੀ ਮਦਦ ਕੀਤੀ ਜਾਂਦੀ ਹੈ। ਜਿਸ ਲਈ ਉਹਨਾਂ ਸਿੱਖ ਭਾਈਚਾਰੇ ਦਾ ਵਿਸ਼ੇਸ਼ ਧੰਨਵਾਦ ਕੀਤਾ।



ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵਧਾਈ ਸੰਦੇਸ਼ ਦਿੰਦੇ ਹੋਏ

# ਸ਼ਹੀਦ ਪ੍ਰੀਵਾਰਾਂ ਵੱਲੋਂ ਤਵਾਰੀਖ਼ ਬੱਬਰ ਖ਼ਾਲਸਾ ਭਾਗ ਤੀਜਾ ਕਿਤਾਬ ਰਿਲੀਜ਼

## ਬੱਬਰ ਖ਼ਾਲਸਾ ਵੱਲੋਂ ਲੇਖਕ ਸ: ਕਰਮਜੀਤ ਸਿੰਘ ਸਿੱਖਾਂਵਾਲਾ ਗੋਲਡ ਮੈਡਲ ਨਾਲ ਸਨਮਾਨਿਤ



ਤਵਾਰੀਖ਼ ਬੱਬਰ ਖ਼ਾਲਸਾ ਭਾਗ ਤੀਜਾ ਜਾਰੀ ਕਰਨ ਸਮੇਂ ਲੇਖਕ ਕਰਮਜੀਤ ਸਿੰਘ ਸਿੱਖਾਂਵਾਲਾ ਦੇ ਨਾਲ ਸ਼ਹੀਦ ਸਿੰਘਾਂ ਦੇ ਪਰਿਵਾਰ

ਸਿੱਖਾਂਵਾਲਾ – ਬੱਬਰ ਸੂਰਮਿਆਂ ਦੀ ਗਾਥਾ ਬਿਆਨ ਕਰਦੀ ਭਾਈ ਕਰਮਜੀਤ ਸਿੰਘ ਸਿੱਖਾਂਵਾਲਾ ਵੱਲੋਂ ਲਿਖੀ ਤੀਜੀ ਕਿਤਾਬ ਤਵਾਰੀਖ਼ ਬੱਬਰ ਖ਼ਾਲਸਾ ਸ਼ਹੀਦ ਪਰਿਵਾਰਾਂ ਵੱਲੋਂ ਰਿਲੀਜ਼ ਕਰਦਿਆਂ ਮਿਤੀ ੧੦-੪-੨੦੨੪ ਨੂੰ ਕੌਮ ਦੀ ਝੋਲੀ ਪਾਈ ਗਈ। ਭਾਵੇਂ ਕਿ ਕਿਤਾਬ ਰਿਲੀਜ਼ ਕਰਨ ਦਾ ਅਸਥਾਨ ਕੋਈ ਇਤਿਹਾਸਕ ਜਗਾਹ ਰੱਖਿਆ ਗਿਆ ਸੀ, ਪਰ ਭਾਈ ਸਾਹਿਬ ਦੀ ਸਿਹਤ ਖ਼ਰਾਬ ਹੋਣ ਕਾਰਨ ਭਾਈ ਸਾਹਿਬ ਦੇ ਪਿੰਡ ਜਾ ਕੇ ਉਹਨਾਂ ਦੇ ਘਰ ਹੀ ਇਹ ਸਮਾਗਮ ਕੀਤਾ ਗਿਆ। ਜਿਥੇ ਭਾਈ ਸਾਹਿਬ ਨੇ ਸਿੱਖ ਸੰਘਰਸ਼ ਦਾ ਸੇਕ ਆਪਣੇ ਪਿੰਡੇ ਤੇ ਹੰਢਾਇਆ ਉਥੇ ਆਪਣੀ ਕਲਮ ਦਵਾਰਾ ਅਤੇ ਟੀਮ ਦੇ ਸਹਿਯੋਗ ਨਾਲ ਇਨ੍ਹਾਂ ਸੂਰਮਿਆਂ ਅਤੇ ਆਪਣੇ-ਆਪ ਨੂੰ ਹਮੇਸ਼ਾ ਲਈ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਦਰਜ਼ ਕਰ ਦਿੱਤਾ ਹੈ। ਨੌਜਵਾਨਾਂ ਨੂੰ ਇਹ ਇਤਿਹਾਸ ਪੜ੍ਹ ਕੇ ਜਿਥੇ ਆਪਣੇ ਯੋਧਿਆਂ ਤੇ ਮਾਣ ਮਹਿਸੂਸ ਹੋਵੇਗਾ ਉਥੇ ਬਹੁਤ ਕੁਝ ਸਿੱਖਣ ਲਈ ਵੀ ਮਿਲੇਗਾ ਅਤੇ ਯੋਧਿਆਂ ਦੇ ਪਰਿਵਾਰਾਂ ਨੂੰ ਸਾਂਭਣ ਦਾ ਜਜ਼ਬਾ ਵੀ ਮਿਲੇਗਾ।

ਭਾਈ ਕਰਮਜੀਤ ਸਿੰਘ ਸਿੱਖਾਂਵਾਲਾ ਦੇ ਇਸ ਉਪਰਾਲੇ 'ਤੇ ਫੁੱਲ ਚੜ੍ਹਾਉਂਦਿਆਂ ਗੋਲਡ ਮੈਡਲ ਨਾਲ ਸਨਮਾਨਿਤ ਕਰਨ ਦੀ ਕੋਸ਼ਿਸ਼ ਜਰਮਨੀ ਦੇ ਸਿੰਘਾਂ ਜਥੇਦਾਰ ਰੇਸ਼ਮ ਸਿੰਘ ਬੱਬਰ, ਭਾਈ ਸਤਨਾਮ ਸਿੰਘ ਬੱਬਰ, ਭਾਈ ਅਵਤਾਰ ਸਿੰਘ ਬੱਬਰ, ਭਾਈ ਹਰਜੋਤ ਸਿੰਘ ਬੱਬਰ, ਭਾਈ ਬਿੱਧੀ ਸਿੰਘ ਅਤੇ ਭਾਈ ਰਾਜਿੰਦਰ ਸਿੰਘ ਬੱਬਰ ਨੇ ਨਿਭਾਈ ਤਾਂ ਕਿ ਹੋਰ ਵੀ ਸੱਚੇ ਸੁੱਚੇ ਪੰਥਕ ਲਿਖਾਰੀ ਆਪਣੀ ਕਲਮ ਦਾ ਸਹੀ ਉਪਯੋਗ ਕਰਕੇ ਕੌਮ ਲਈ ਆਪਾ ਵਾਰ ਗਏ ਅਨੇਕਾਂ ਯੋਧਿਆਂ ਦਾ ਇਤਿਹਾਸ ਖੋਜ ਕੇ ਕੌਮ ਦੀ ਝੋਲੀ ਪਾ ਸਕਣ। ਕਿਉਂਕਿ ਸਿੱਖ ਕੌਮ ਨੇ ਇਤਿਹਾਸ ਬਹੁਤ ਬਣਾਇਆ ਹੈ ਪਰ ਸਾਂਭਿਆ ਨਹੀਂ ।ਸਾਡਾ ਪੁਰਾਤਨ ਇਤਿਹਾਸ ਜ਼ਿਆਦਾਤਰ ਗੈਰ ਸਿੱਖ ਇਤਿਹਾਸਕਾਰਾਂ ਨੇ ਲਿਖਿਆ ਹੈ, ਜਿਸ ਨਾਲ ਇਤਿਹਾਸ ਨੂੰ ਉਹ ਮੁਕਾਮ ਹਾਸਿਲ ਨਹੀਂ ਹੋ ਸਕਿਆ ਜੋ ਸਿਰਜਿਆ ਸੀ। ਅੰਤ ਵਿੱਚ ਸਾਡੀ ਅਰਦਾਸ ਹੈ ਕਿ ਵਾਹਿਗੁਰੂ ਭਾਈ ਕਰਮਜੀਤ ਸਿੰਘ ਸਿੱਖਾਂਵਾਲਾ ਨੂੰ ਤੰਦਰੁਸਤੀ ਬਖ਼ਸ਼ਣ ਤਾਂ ਕਿ ਉਹ ਆਪਣੀ ਕਲਮ ਦਵਾਰਾ ਕੁਝ ਹੋਰ ਵੀ ਕੌਮ ਦੀ ਝੋਲੀ ਪਾ ਸਕਣ।

# ਬੇਅਦਬੀਆਂ ਰੋਕਣ ਲਈ ਲਾਜ਼ਮੀ ਪਹਿਰੇ ਯਕੀਨੀ ਬਣਾਉਣ ਲਈ ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ



ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਯੂ ਕੇ ਦੇ ਸਿੱਖਾਂ ਦਾ ਬੇਨਤੀ ਗੁਰਮਤਾ ਸੌਂਪਦੇ ਹੋ ਭਾਈ ਗੁਰਪ੍ਰੀਤ ਸਿੰਘ ਅਤੇ ਹੋਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਭਰ ਵਿੱਚ ਵੱਸਦੇ ਸਿੱਖਾਂ ਲਈ 21ਵੀਂ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਲਗਤਾਰ ਹੋ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹਨ। ਜਿੰਨ੍ਹਾਂ ਨੂੰ ਰੋਕਣਾ ਅਤਿ ਜਰੂਰੀ ਹੈ। ਸੁਪਰੀਮ ਸਿੱਖ ਕੌਂਸਲ ਯੂ ਕੇ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਗੁਰੂ ਦੋਖੀਆਂ ਵੱਲੋਂ ਪਿਛਲੇ 8 ਸਾਲਾਂ ਤੋਂ ਯੋਜਨਾਬੱਧ ਢੰਗ ਨਾਲ ਕੀਤੀਆਂ ਜਾ ਰਹੀਆਂ ਇਹਨ੍ਹਾਂ ਬੇਅਦਬੀਆਂ ਨੂੰ ਰੋਕਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰੂ ਘਰਾਂ ਵਿੱਚ ਲਾਜ਼ਮੀ ਪਹਿਰੇ ਦੀ ਸੇਵਾ ਦਾ ਹੁਕਮਨਾਮਾ ਅਗਾਮੀ ਵਿਸਾਖੀ ਦੇ ਮੌਕੇ ਜਾਰੀ ਕੀਤਾ ਜਾਣਾ ਚਾਹੀਦਾ ਹੈ।**

ਇਸ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਹੀ ਖੁਦ ਅਰਦਾਸ ਕਰਕੇ 1 ਸਤੰਬਰ 2021 ਨੂੰ ਅਰੰਭ ਕਰਵਾਈ ਗਈ ਅੱਠੇ ਪਹਿਰ ਟਹਿਲ ਸੇਵਾ ਲਹਿਰ ਲਗਾਤਾਰ ਸੰਗਤਾਂ ਨੂੰ ਬੇਅਦਬੀਆਂ ਖਿਲਾਫ਼ ਜਾਗਰੂਕ ਕਰ ਰਹੀ ਹੈ। ਲਹਿਰ ਦੇ ਮੁੱਖ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਵੱਲੋਂ ਦੁਨੀਆ ਭਰ ਵਿੱਚ ਕਾਰਜ਼ਸ਼ੀਲ ਸਮੂਹ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ ਅਤੇ ਸੰਸਥਾਵਾਂ ਦੇ ਦਸਤਖ਼ਤ ਕਰਵਾਕੇ, ਬੇਨਤੀ ਗੁਰਮਤਾ ਸਿੰਘ ਸਾਹਿਬਾਨ ਨੂੰ ਭੇਟ ਕੀਤਾ ਗਿਆ ਹੈ, ਜਿਸ ਉੱਪਰ ਸੁਪਰੀਮ ਸਿੱਖ ਕੌਂਸਲ ਵੱਲੋਂ ਵੀ ਭਾਈ ਬਲਦੇਵ ਸਿੰਘ ਬੈਂਸ ਨੇ ਦਸਤਖ਼ਤ ਕੀਤੇ ਸਨ। ਮਾਮਲਾ ਸਿੱਖ ਕੌਮ ਦੇ ਇਸ਼ਟ ਗੁਰਦੇਵ, ਯੁਗੋ-ਯੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ-ਸ਼ਾਨ ਨਾਲ ਸਿੱਧੇ ਤੌਰ ’ਤੇ ਜੁੜਿਆ ਹੋਇਆ ਹੈ, ਇਸਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੁਰੰਤ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਬੁਲਾ ਕੇ, ਕੌਮ ਦੀਆਂ ਭਾਵਨਾਵਾਂ ਅਨੁਸਾਰ ਹੁਕਮਨਾਮਾ ਜਾਰੀ ਕਰਨਾ ਚਾਹੀਦਾ ਹੈ। ਸੁਪਰੀਮ ਸਿੱਖ ਕੌਂਸਲ ਯੂ ਕੇ ਨੇ ਇਸ ਪ੍ਰਥਾਏ ਜਿੱਥੇ ਜਥੇਦਾਰ ਸਾਹਿਬ ਨੂੰ ਸਨਿਮਰ ਬੇਨਤੀ ਕੀਤੀ ਹੈ ਉੱਥੇ ਹੀ ਉਕਤ ਹੁਕਮਨਾਮੇ ਨੂੰ ਲਾਗੂ ਕਰਵਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ ਹੈ।

ਸੁਪਰੀਮ ਸਿੱਖ ਕੌਂਸਲ ਯੂਕੇ ਨੇ ਕਿਹਾ ਕਿ ਹੋਲੇ ਮਹੱਲੇ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਯੂ ਕੇ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਅਤੇ ਟਹਿਲ ਸੇਵਾ ਲਹਿਰ ਦੇ ਮੁੱਖ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਗਿਆਨੀ ਸੁਲਤਾਨ ਸਿੰਘ ਨੂੰ ਉਕਤ ਬੇਨਤੀ ਗੁਰਮਤਾ ਭੇਟ ਕਰ ਚੁੱਕੇ ਹਨ। ਯੂ ਕੇ ਦੀਆਂ ਸਿੱਖ ਸੰਗਤਾਂ ਨੂੰ ਗਿਆਨੀ ਰਘਬੀਰ ਸਿੰਘ ਤੋਂ ਬਹੁਤ ਉਮੀਦਾਂ ਹਨ ਕਿ ਉਹ ਬੇਅਦਬੀਆਂ ਦੇ ਕੌਮੀਂ ਜਖ਼ਮ ’ਤੇ, ਹੁਕਮਨਾਮੇ ਦੇ ਰੂਪ ਵਿੱਚ ਜਲਦੀ ਮਲ੍ਹਮ ਲਗਾਉਣਗੇ।


**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**ਫ਼ੋਨ ਨੰਬਰ: 01332 372851**


# ਵਿਸਾਖੀ ਮੌਕੇ ਯੂ ਕੇ ਦੇ ਪੰਜਾਬੀਆਂ ਵਲੋਂ ਕਿਰਸਾਨੀ ਤੇ ਖੇਤ ਮਜ਼ਦੂਰਾਂ ਦੇ ਮਸਲੇ ਹਲ ਕਰਨ ਦੀ ਅਪੀਲ



*(ਖਬਿਉਂ ਸਜੇ ਤਸਵੀਰ ਵਿਚ: ਵਿਸ਼ਵ-ਪ੍ਰਸਿੱਧ ਪੰਜਾਬੀ ਕਲਾਕਾਰ ਮਲਕੀਤ ਸਿੰਘ, ਬੀਬੀਸੀ ਵਿਚ ਪਰੀਜੈਂਟਰ ਰਹੇ ਅਨੀਤਾ ਭਲਾ, ਭਾਰਤ ਦੇ ਯੂ ਕੇ ਵਿਚ ਹਾਈ ਕਮਿਸ਼ਨਰ ਵਿਕਰਮ ਦੋਰਾਏਸਵਾਮੀ ਅਤੇ ਪਿੰ.ਡਾ. ਸੁਜਿੰਦਰ ਸਿੰਘ ਸੰਘਾ ਓ ਬੀ ਈ)*

ਲੰਡਨ (ਮਨਪ੍ਰੀਤ ਸਿੰਘ ਬਧਨੀਕਲਾਂ)- ਭਾਰਤ ਦੇ ਲੰਡਨ ਸਥਿਤ ਹਾਈ ਕਮਿਸ਼ਨਰ ਮਿ. ਵਿਕਰਮ ਦੋਰਾਏਸੁਵਾਮੀ ਹੁਣਾਂ ਨੂੰ, ਬਰਮਿੰਘਮ ਵਿਖੇ ਹੋਏ ਵਿਸਾਖੀ ਸਮਾਗਮ ਮੌਕੇ, ਯੂ ਕੇ ਦੇ ਪੰਜਾਬੀਆਂ ਵਲੋਂ ਅਪੀਲ ਕੀਤੀ ਗਈ ਕਿ ਉਹ ਆਉਂਦੇ ਜੂਨ ਮਹੀਨੇ ਬਣਨ ਵਾਲੀ ਨਵੀਂ ਭਾਰਤ ਸਰਕਾਰ ਨੂੰ, ਕਿਰਸਾਨੀ ਅਤੇ ਖੇਤ ਮਜਦੂਰਾਂ ਦੇ ਮਸਲੇ ਹੱਲ ਕਰਨ ਲਈ ਅਪੀਲ ਪੁਚਾਉਣ।

ਪਿ. ਡਾ. ਸੁਜਿੰਦਰ ਸਿੰਘ ਸੰਘਾ ਓ ਬੀ ਈ ਨੇ ਆਪਣੀਂ ਤਕਰੀਰ ਵਿਚ ਕਿਹਾ ਕਿ ਖਾਲਸਾ ਪੰਥ ਦੀ ਸਾਜਨਾਂ ਓਪਰੰਤ ਪ੍ਰਚੰਡ ਹੋਈ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਿਖ ਲਹਿਰ ਨੇ, ਮੁਗਲ ਜਗੀਰਦਾਰਾਂ ਦੇ ਕਬਜ਼ਿਆਂ ਵਿਚੋਂ ਜਮੀਨਾਂ ਅਜ਼ਾਦ ਕਰਵਾਕੇ, ਕਾਸ਼ਤਕਾਰਾਂ ਤੇ ਖੇਤ ਮਜ਼ਦੂਰਾਂ ਨੰ ਵੰਡੀਆਂ ਸਨ।

ਡਾ. ਸੰਘਾ ਨੇ ਦੱਸਿਆ ਕਿ ਦੇਸ਼ ਵਿੱਚ ਅਨਾਜ ਉਤਪਾਦਨ ਤੇ ਖੁਰਾਕ ਸਬੰਧਤ ਗਤੀਵਿਧੀਆ ਸੁਰੱਖਿਅਤ ਕਰਨ ਲਈ, ਸਫਲ ਖੇਤੀ ਮੁੱਢਲੀ ਲੋੜ ਹੈ - ਵਿਸਾਖੀ ਤੇ ਇਹੋ ਵੱਡੀ ਕਾਮਨਾ ਹੋ ਸਕਦੀ ਹੈ।


**VACANCIES**
**JSR CONTRACTS LTD.**

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ ’ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

**Contact Mr. Randhawa via email below:**
**Email: jsrcontractslimited@gmail.com**

# ਸਿੱਖ ਸਾਮਰਾਜ ਦੇ ਸੰਸਥਾਪਕ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਵਿਰਾਸਤ ਸਬੰਧੀ ਲੰਡਨ ਵਿੱਚ ਪ੍ਰਦਰਸ਼ਨੀ 'ਰਣਜੀਤ ਸਿੰਘ: ਸਿੱਖ, ਯੋਧਾ, ਮਹਾਰਾਜਾ'

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 19ਵੀਂ ਸਦੀ ਦੇ ਸਿੱਖ ਸਾਮਰਾਜ ਦੇ ਸੰਸਥਾਪਕ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਵਿਰਾਸਤ ਦੀ ਪੜਚੋਲ ਕਰਨ ਲਈ ਕਈ ਅਣਦੇਖੇ ਕੰਮਾਂ ਨੂੰ ਪੇਸ਼ ਕਰਦੀ ਇੱਕ ਪ੍ਰਦਰਸ਼ਨੀ ਅੱਜ ਲੰਡਨ ਦੇ ਵੈਲੇਸ ਕੁਲੈਕਸ਼ਨ ਮਿਊਜ਼ੀਅਮ ਵਿੱਚ ਖੋਲ੍ਹੀ ਗਈ।**

'ਰਣਜੀਤ ਸਿੰਘ: ਸਿੱਖ, ਵਾਰੀਅਰ, ਕਿੰਗ' ਵਿੱਚ ਮਹਾਨ ਸ਼ਾਸਕ ਦੇ ਦਰਬਾਰ, ਦਰਬਾਰੀਆਂ ਅਤੇ ਪਰਿਵਾਰਕ ਮੈਂਬਰਾਂ ਦੀਆਂ ਇਤਿਹਾਸਕ ਵਸਤੂਆਂ ਸ਼ਾਮਲ ਹਨ, ਜਿਨ੍ਹਾਂ ਵਿੱਚ ਮਹਾਰਾਜਾ ਅਤੇ ਉਸ ਦੀ ਪਤਨੀ ਮਹਾਰਾਣੀ ਜਿੰਦ ਕੌਰ ਦੀ ਨਿੱਜੀ ਮਲਕੀਅਤ ਵੀ ਸ਼ਾਮਲ ਹੈ। 1799 ਅਤੇ




ਮਹਾਰਾਜਾ ਰਣਜੀਤ ਸਿੰਘ ਦਾ ਸੋਨੇ ਦਾ ਤਖ਼ਤ

1849 ਦੇ ਵਿਚਕਾਰ ਉਸਦੇ ਰਾਜ ਦੇ ਸਮੇਂ ਨਾਲ ਜੁੜੇ ਚਮਕਦਾਰ ਹਥਿਆਰਾਂ ਤੋਂ ਇਲ- ਾਵਾ, ਸੰਗ੍ਰਹਿ ਸਿੱਖ ਸਾਮਰਾਜ ਦੀਆਂ ਪੇਂਟਿੰਗਾਂ ਅਤੇ ਗਹਿਣਿਆਂ ਨੂੰ ਪ੍ਰਮੁੱਖ ਜਨਤਕ ਅਤੇ ਨਿੱਜੀ ਸੰਗ੍ਰਹਿ ਤੋਂ ਲਿਆ ਗਿਆ ਹੈ।

ਪ੍ਰਦਰਸ਼ਨੀ ਦੇ ਮੁੱਖ ਪੇਸ਼ਕਾਰ ਦਵਿੰਦਰ ਤੂਰ ਅਨੁਸਾਰ ਇਸ ਸੰਗ੍ਰਹਿ ਨੂੰ ਬਣਾਉਣ ਲਈ ਚਾਰ ਸਾਲ ਲੱਗੇ ਹਨ, ਮੁੱਖ ਤੌਰ 'ਤੇ ਵੈਲੇਸ ਕੁਲੈਕਸ਼ਨ ਦੇ ਸਿੱਖ ਹਥਿਆਰ, ਸ਼ਸਤਰ, ਪੋਰਟਰੇਟਸ, ਕੱਪੜੇ, ਗਹਿਣੇ ਅਤੇ ਹੋਰ ਬਹੁਤ ਅਤਿ ਮਹੱਤਵਪੂਰਨ ਵਸਤੂਆਂ ਸ਼ਾਮਿਲ ਹਨ।

"ਇਹ ਪ੍ਰਦਰਸ਼ਨੀ ਇੱਕ ਵਿਲੱਖਣ ਮੌਕਾ ਹੈ, ਜਿਸ ਮਹਾਰਾਜਾ ਰਣਜੀਤ ਸਿੰਘ ਦਾ ਸੋਨੇ ਦਾ ਤਖ਼ਤ ਵੀ ਖਿੱਚ ਦਾ ਕੇਂਦਰ ਹੈ।

## ਲਿੰਡੀ ਕੈਮਰਨ ਭਾਰਤ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨਰ ਨਿਯੁਕਤ, ਜਲਦੀ ਸੰਭਾਲੇਗੀ ਅਹੁਦਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲਿੰਡੀ ਕੈਮਰਨ ਨੂੰ ਭਾਰਤ 'ਚ ਬ੍ਰਿਟਿਸ਼ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ। ਲਿੰਡੀ ਨੇ ਭਾਰਤ ਵਿੱਚ ਅਗਲੇ ਬ੍ਰਿਟਿਸ਼ ਹਾਈ ਕਮਿਸ਼ਨਰ ਵਜੋਂ ਨਿਯੁਕਤ ਕੀਤੇ ਜਾਣ 'ਤੇ ਬਹੁਤ ਮਾਣ ਪ੍ਰਗਟ ਕੀਤਾ ਅਤੇ ਐਲੇਕਸ ਐਲਿਸ ਦਾ ਧੰਨਵਾਦ ਕੀਤਾ। ਲਿੰਡੀ ਨੇ ਕਿਹਾ "ਭਾਰਤ ਲਈ ਬ੍ਰਿਟਿਸ਼ ਹਾਈ ਕਮਿਸ਼ਨਰ ਨਿਯੁਕਤ ਹੋਣ 'ਤੇ ਬਹੁਤ ਮਾਣ ਹੈ। ਇੰਨੀ ਮਹਾਨ ਵਿਰਾਸਤ ਛੱਡਣ ਲਈ ਐਲੇਕਸ ਐਲਿਸ ਦਾ ਬਹੁਤ-ਬਹੁਤ ਧੰਨਵਾਦ। ਮੈਂ ਯੂ ਕੇ ਇੰਡੀਆ ਦੀ ਸ਼ਾਨਦਾਰ ਟੀਮ ਨਾਲ ਕੰਮ ਸ਼ੁਰੂਆਤ ਕਰਨ ਲਈ ਉਤਸੁੱਕ ਹਾਂ। ਕੈਮਰਨ ਇਸ ਮਹੀਨੇ ਆਪਣਾ ਅਹੁਦਾ ਸੰਭਾਲੇਗੀ।

ਯੂਕੇ ਸਰਕਾਰ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ, "ਐਲੇਕਸ ਐਲਿਸ ਸੀ ਐਮ ਜੀ ਦੀ ਥਾਂ ਲਿੰਡੀ ਕੈਮਰਨ ਸੀ ਬੀ ਓ ਬੀ ਈ ਨੂੰ ਭਾਰਤ ਵਿੱਚ ਬ੍ਰਿਟਿਸ਼ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ, ਜੋ ਇੱਕ ਹੋਰ ਕੂਟਨੀਤਕ ਸੇਵਾ ਨਿਯੁਕਤੀ ਵਿੱਚ ਤਬਦੀਲ ਹੋ ਜਾਵੇਗਾ।"

ਕੈਮਰਨ 2020 ਤੋਂ ਯੂ ਕੇ ਨੈਸ਼ਨਲ ਸਾਈਬਰ ਸੁਰੱਖਿਆ ਕੇਂਦਰ ਦੀ ਮੁੱਖ ਕਾਰਜਕਾਰੀ ਵਜੋਂ ਸੇਵਾ ਨਿਭਾ ਰਹੀ ਸੀ। ਉਹਨਾਂ ਯੂਕੇ ਦੇ ਉੱਤਰੀ ਆਇਰਲੈਂਡ ਦਫਤਰ ਦੇ ਡਾਇਰੈਕਟਰ ਜਨਰਲ ਵਜੋਂ ਵੀ ਕੰਮ ਕੀਤਾ। ਉਨ੍ਹਾਂ ਦੀ ਨਿਯੁਕਤੀ ਅਜਿਹੇ ਸਮੇਂ ਹੋਈ ਹੈ ਜਦੋਂ ਬਰਤਾਨੀਆ ਅਤੇ ਭਾਰਤ ਲੰਬੇ ਸਮੇਂ ਤੋਂ ਲਟਕ ਰਹੇ ਮੁਕਤ ਵਪਾਰ ਸਮਝੌਤੇ ਲਈ ਗੱਲਬਾਤ ਵਿੱਚ ਰੁੱਝੇ ਹੋਏ ਹਨ।

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 18TH MAY 2024 IN ILFORD
An opportunity to meet a number of other like-minded singletons under one roof & maybe meet a potential partner
Tickets: Non-members: £45.00
Members/Non-Members (Early Bird booking by 30/4/24) - £40.00
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਜਾਬ ਤੇ ਪੰਜਾਬ ਦਾ ਏਜੰਡਾ ਕੌਮੀ ਪਾਰਟੀਆਂ ਲਈ ਕੋਈ ਅਰਥ ਨਹੀਂ ਰੱਖਦਾ


## ✪ ਕੀ ਅਕਾਲੀ ਦਲ ਪੰਜਾਬ ਦੀ ਖੁਦਮੁਖਤਿਆਰੀ ਦਸਤਾਵੇਜ਼ ਅਨੰਦਪੁਰ ਦੇ ਮਤੇ ਨੂੰ ਅਪਣਾਏਗਾ ? ✪ ਅਕਾਲੀ ਦਲ ਤੋਂ ਸਿਵਾਇ ਕੋਈ ਵੀ ਪਾਰਟੀ ਪੰਜਾਬ ਦੇ ਹੱਕਾਂ ਦੀ ਰਾਖੀ ਨਹੀਂ ਕਰ ਸਕਦੀ ✪ ਚੋਣਾਂ ਜਿੱਤਣਾ ਅਹਿਮ ਨਹੀਂ ਪਰ ਰਾਜਨੀਤੀ ਵਿੱਚ ਅਕਾਲੀ ਦਲ ਦਾ ਪੰਥ ਤੇ ਪੰਜਾਬ ਦਾ ਪਹਿਰੀ ਹੋਣਾ ਮਹੱਤਵਪੂਰਨ-ਗੁਰਤੇਜ ਸਿੰਘ

ਪੰਜਾਬ ਵਿਚ ਸਾਰੀਆਂ ਰਾਜਸੀ ਪਾਰਟੀਆਂ ਸਿਰਫ਼ ਇਸ ਜੋੜ-ਤੋੜ ਵਿਚ ਲੱਗੀਆਂ ਹੋਈਆਂ ਹਨ ਕਿ ਜਿੱਤਣ ਵਾਲਾ ਉਮੀਦਵਾਰ ਲਿਆਂਦਾ ਜਾਵੇ, ਭਾਵੇਂ ਉਸ ਦੀ ਵਿਚਾਰਧਾਰਾ ਕੋਈ ਵੀ ਹੋਵੇ ਜਾਂ ਭਾਵੇਂ ਹੋਵੇ ਹੀ ਨਾ। ਇਸ ਮੰਤਵ ਲਈ ਸਾਰੇ ਅਸੂਲ ਛਿੱਕੇ ਟੰਗੇ ਜਾ ਰਹੇ ਹਨ। ਪੰਜਾਬ ਤੇ ਪੰਜਾਬ ਦਾ ਏਜੰਡਾ ਕੌਮੀ ਪਾਰਟੀਆਂ ਲਈ ਕੋਈ ਅਰਥ ਨਹੀਂ ਰਖਦਾ।

ਪੰਜਾਬ ਦੀਆਂ ਲਟਕਦੀਆਂ ਮੰਗਾਂ ਜਿਨ੍ਹਾਂ ਵਿਚ ਪਾਣੀਆਂ ਦੇ ਮਸਲੇ, ਚੰਡੀਗੜ੍ਹ ਅਤੇ ਹੋਰ ਦਰਜਨਾਂ ਮਾਮਲੇ ਕਿਸੇ ਵੀ ਪਾਰਟੀ ਦੇ ਧਿਆਨ ਵਿਚ ਨਹੀਂ ਹਨ। ਪੰਥਕ ਮੰਗਾਂ, ਕਿਸਾਨ ਮੰਗਾਂ ਵਲ ਕਿਸੇ ਵੀ ਪਾਰਟੀ ਦਾ ਧਿਆਨ ਨਹੀਂ। ਚੋਣ ਮਨੋਰਥ ਪੱਤਰਾਂ, ਜਿਨ੍ਹਾਂ ਨੂੰ ਹੁਣ ਗਾਰੰਟੀਆਂ ਵੀ ਕਿਹਾ ਜਾਣ ਲੱਗਾ ਹੈ। ਇਸਦਾ ਅਸਲ ਮਕਸਦ ਸਿਰਫ਼ ਲੋਕਾਂ ਨੂੰ ਬੁਧੂ ਬਣਾਉਣਾ ਹੀ ਹੈ।

ਪ੍ਰਸਿੱਧ ਸਿੱਖ ਚਿੰਤਕ ਜਸਪਾਲ ਸਿੰਘ ਸਿੱਧੂ ਦਾ ਕਹਿਣਾ ਕਿ ' ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਉਹ ਸੋਹੋ ਮੋਟੋ ਅਧੀਨ ਆਪਣੇ-ਆਪ ਕਾਰਵਾਈ ਕਰਦੇ ਹੋਏ ਚੋਣ ਮਨੋਰਥ ਪੱਤਰਾਂ, ਗਾਰੰਟੀਆਂ ਆਦਿ ਨੂੰ ਸੰਬੰਧਿਤ ਪਾਰਟੀ ਵਲੋਂ ਲੋਕਾਂ ਨਾਲ ਕੀਤਾ ਸਮਝੌਤਾ ਕਰਾਰ ਦੇਵੇ ਅਤੇ ਜੇਕਰ ਜਿੱਤਣ ਵਾਲੀ ਪਾਰਟੀ ਵਾਅਦੇ ਪੂਰੇ ਨਾ ਕਰੇ ਤਾਂ ਉਸ ਦੇ ਅਹੁਦੇਦਾਰਾਂ ਖਿਲਾਫ਼ ਸਮਝੌਤਾ ਤੋੜਨ ਅਤੇ ਠੱਗੀ ਕਰਨ ਦਾ ਮੁਕੱਦਮਾ ਦਰਜ ਕਰਕੇ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਬਣਾਇਆ ਜਾਵੇ ਕਿ ਪਾਰਟੀ ਚੋਣ ਮਨੋਰਥ ਪੱਤਰ ਵਿਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਪੈਸੇ ਤੇ ਸਾਧਨ ਕਿਵੇਂ ਤੇ ਕਿੱਥੋਂ ਜੁਟਾਏਗੀ, ਇਸ ਦਾ ਵੀ ਖੁਲਾਸਾ ਪਹਿਲਾਂ ਹੀ ਕਰੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਇਹ ਚੋਣ ਮਨੋਰਥ ਪੱਤਰ ਜਾਂ ਗਾਰੰਟੀਆਂ ਸਿਰਫ਼ ਲੋਕਾਂ ਨਾਲ ਠੱਗੀ ਤੋਂ ਇਲਾਵਾ ਕੋਈ ਕੀਮਤ ਨਹੀਂ ਰੱਖਦੇ।

ਜਿਥੋਂ ਤੱਕ ਪੰਜਾਬ ਦੀਆਂ ਮੰਗਾਂ, ਜ਼ਰੂਰਤਾਂ ਅਤੇ ਮੁਸ਼ਕਿਲਾਂ ਦਾ ਸੰਬੰਧ ਹੈ, ਉਹ ਕਾਂਗਰਸ, ਭਾਜਪਾ, ਬਸਪਾ ਜਾਂ 'ਆਪ' ਵਰਗੀਆਂ ਕੌਮੀ ਪਾਰਟੀਆਂ ਲਈ ਕੋਈ ਬਹੁਤਾ ਮਹੱਤਵ ਵੀ ਨਹੀਂ ਰੱਖਦੀਆਂ ਤੇ ਉਨ੍ਹਾਂ ਲਈ ਸਿੱਖ ਮੰਗਾਂ ਵੀ ਅਰਥਹੀਣ ਹਨ। ਇਹ ਕੌਮੀ ਪਾਰਟੀਆਂ ਦੇਸ਼ ਦੇ ਸੰਘੀ ਢਾਂਚੇ ਦੇ ਹੱਕ ਵਿਚ ਵੀ ਨਹੀਂ ਹਨ। ਇਨ੍ਹਾਂ ਨੂੰ ਕੇਂਦਰੀ ਸਿਸਟਮ ਹੀ ਸੂਤ ਬੈਠਦਾ ਹੈ। ਪੰਜਾਬ ਦੀਆਂ ਦੋ ਖੇਤਰੀ ਪਾਰਟੀਆਂ ਇਨ੍ਹਾਂ ਚੋਣਾਂ ਵਿਚ ਹਿੱਸਾ ਲੈ ਰਹੀਆਂ ਹਨ, ਪਹਿਲੀ ਤੇ ਪ੍ਰਮੁੱਖ ਪਾਰਟੀ ਹੈ ਅਕਾਲੀ ਦਲ (ਬਾਦਲ) ਤੇ ਦੂਸਰੀ ਅਕਾਲੀ ਦਲ (ਅੰਮ੍ਰਿਤਸਰ) ਹੈ। ਅਕਾਲੀ ਦਲ ਅੰਮ੍ਰਿਤਸਰ ਸਪੱਸ਼ਟ ਰੂਪ ਵਿਚ ਖ਼ਾਲਿਸਤਾਨ ਦਾ ਹਾਮੀ ਹੈ ਪਰ ਅਕਾਲੀ ਦਲ (ਬਾਦਲ) ਵਾਪਸ 'ਪੰਜਾਬ ਪਹਿਲਾਂ' ਦੀ ਨੀਤੀ 'ਤੇ ਪਰਤਣ ਦਾ ਐਲਾਨ ਕਰ ਚੁੱਕਾ ਹੈ। ਪਰ ਉਸ ਨੇ ਪੰਜਾਬ ਦੀ ਖੁਦਮੁਖਤਿਆਰੀ ਢਾਂਚੇ ਸੰਬੰਧੀ ਦਸਤਾਵੇਜ਼ ਨੂੰ ਹਾਲੇ ਤਕ ਪ੍ਰਵਾਨ ਨਹੀਂ ਕੀਤਾ ਜਿਸਨੂੰ ਬੇਕਾਰਣ ਮੋਗਾ ਕਾਨਫਰੰਸ ਦੌਰਾਨ ਰੱਦ ਕਰ ਦਿਤਾ ਸੀ। 1973 ਵਿੱਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਅਪਣਾਇਆ ਗਿਆ ਅਨੰਦਪੁਰ ਸਾਹਿਬ ਦਾ ਮਤਾ ਸੰਘਵਾਦ ਬਾਰੇ ਸੀ, ਜਿਸ ਉੱਤੇ ਅਕਾਲੀ ਦਲ ਨੇ 4 ਅਗਸਤ, 1982 ਨੂੰ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਸੀ।




ਉਦੋਂ ਤੋਂ ਹੀ ਪਾਰਟੀ ਦਾ ਇਹ ਇਤਿਹਾਸਕ ਸਟੈਂਡ ਰਿਹਾ ਸੀ। ਹਾਲਾਂਕਿ, ਇਸ ਪਾਰਟੀ ਵੱਲੋਂ ਅਮਲੀ ਤੌਰ ਉੱਤੇ ਲਏ ਸਟੈਂਡ ਅਤੇ ਰਿਕਾਰਡ 'ਤੇ ਕਾਇਮ ਰਹਿਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ 2019 ਵਿੱਚ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਰੱਦ ਕਰਨ ਦਾ ਸਮਰਥਨ ਕੀਤਾ। ਇਹ ਸੰਘਵਾਦ ਬਾਰੇ ਪਾਰਟੀ ਦੀ ਇਤਿਹਾਸਕ ਸਟੈਂਡ ਦੇ ਉਲਟ ਸੀ। ਹਰਸਿਮਰਤ ਕੌਰ ਬਾਦਲ ਉਸ ਸਮੇਂ ਮੋਦੀ ਸਰਕਾਰ ਵਿੱਚ ਮੰਤਰੀ ਸਨ ਦੂਜੇ ਪਾਸੇ ਉਹ ਕਹਿੰਦੇ ਹਨ ਕਿ ਅਕਾਲੀ ਦਲ ਸੂਬੇ ਦੇ ਵੱਧ ਅਧਿਕਾਰਾਂ ਦਾ ਰਾਖਾ ਹੈ। ਇਹੋ ਜਿਹੀਆਂ ਗਲਤੀਆਂ ਨੂੰ ਦਰੁਸਤ ਕਰਨ ਦੀ ਲੋੜ ਹੈ। ਅਕਾਲੀ ਦਲ ਨੂੰ ਗੈਰ ਪੰਥਕ ਤੇ ਪੰਜਾਬ ਵਿਰੋਧੀ ਸੋਚ ਵਾਲੇ ਤੇ ਦਲ ਬਦਲੂ ਉਮੀਦਵਾਰਾਂ ਨੂੰ ਅਪਨਾਉਣਾ ਨਹੀਂ ਚਾਹੀਦਾ। ਦੂਸਰੇ ਪਾਸੇ, ਇੱਕ ਸੀਨੀਅਰ ਅਕਾਲੀ ਨੇਤਾ ਨੇ ਕਿਹਾ ਜੇ ਪਾਰਟੀ ਕਿਸੇ ਗੈਰ-ਪੰਥਕ ਉਮੀਦਵਾਰ ਨੂੰ ਮੈਦਾਨ ਵਿੱਚ ਉਤਾਰਦੀ ਹੈ ਤਾਂ ਇਹ ਪਾਰਟੀ ਲਈ ਬੇਹੱਦ ਨੁਕਸਾਨਦੇਹ ਹੋਵੇਗਾ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਇਸ ਵਾਰ ਅਕਾਲੀ ਦਲ ਬਾਦਲ ਦਾ ਭਾਜਪਾ ਨਾਲ ਸਮਝੌਤਾ ਵੀ ਨਹੀਂ ਹੈ। ਇਸ ਲਈ ਅਕਾਲੀ ਦਲ ਕੋਲ ਮੌਕਾ ਹੈ ਕਿ ਉਹ ਪੰਜਾਬੀਆਂ ਤੇ ਸਿੱਖਾਂ ਦਾ ਫਿਰ ਤੋਂ ਵਿਸ਼ਵਾਸ ਜਿੱਤੇ, ਅਨੰਦਪੁਰ ਮੱਤਾ ਪ੍ਰਵਾਨ ਕਰੇ ਤੇ ਇਹ ਸਪੱਸ਼ਟ ਕਰੇ ਕਿ ਉਹ ਪੰਜਾਬ ਦੀਆਂ ਕਿਹੜੀਆਂ-ਕਿਹੜੀਆਂ ਮੰਗਾਂ 'ਤੇ ਕੀ ਸਟੈਂਡ ਲਵੇਗਾ ਤੇ ਉਹ ਪੰਜਾਬ ਦਾ ਕੇਸ ਲੋਕ ਸਭਾ ਵਿਚ ਕਿਸ ਤਰ੍ਹਾਂ ਪੇਸ਼ ਕਰੇਗਾ? ਪੰਜਾਬ ਦੇ ਹੱਕ ਵਿਚ ਅਤੇ ਪੰਜਾਬੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਉਹ ਹੋਰ ਖੇਤਰੀ ਪਾਰਟੀਆਂ ਨਾਲ ਕਿਸ ਤਰ੍ਹਾਂ ਦਾ ਤਾਲਮੇਲ ਕਰੇਗਾ? ਜੇਕਰ ਅਕਾਲੀ ਦਲ ਅਜਿਹਾ ਨਹੀਂ ਕਰਦਾ ਤਾਂ ਪੰਜਾਬ ਦੇ ਲੋਕ ਉਨ੍ਹਾਂ 'ਤੇ ਦੁਬਾਰਾ ਵਿਸ਼ਵਾਸ ਕਰਨ ਲਈ ਸ਼ਾਇਦ ਸੋਚਣ ਵੀ ਨਾ।

ਸਰਦਾਰ ਗੁਰਤੇਜ ਸਿੰਘ ਨੇ ਇਸ ਬਾਰੇ ਦਿਲਚਸਪ ਟਿਪਣੀ ਕਰਦਿਆਂ ਕਿਹਾ ਹੈ ਕਿ "ਪੰਜਾਬ ਦੀ ਰਾਜਨੀਤੀ ਬਾਕੀ ਸੂਬਿਆਂ ਦੀ ਰਾਜਨੀਤੀ ਤੋਂ ਵੱਖਰੀ ਹੈ ਅਤੇ ਉਸ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਅਹਿਮ ਰੋਲ ਹੈ। ਚੋਣਾਂ ਜਿੱਤਣਾ ਅਹਿਮ ਨਹੀਂ ਪਰ ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਰਹਿਣਾ , ਸੰਘੀ ਢਾਂਚੇ ,ਪੰਥਕ ਤੇ ਪੰਜਾਬ ਹਿਤਾਂ ਉਪਰ ਪਹਿਰਾ ਦੇਣਾ ਵਧੇਰੇ ਮਹੱਤਵਪੂਰਨ ਹੈ।"

# ਰੂਸ-ਯੂਕਰੇਨ ਦਾ ਯੁੱਧ ਹੋਵੇਗਾ ਖਤਮ ?

## ✪ ਜੂਨ ਦੌਰਾਨ ਸਵਿਟਜਰਲੈਂਡ ਵਿੱਚ ਹੋ ਸਕਦੀ ਹੈ ਕਾਨਫਰੰਸ, ਭਾਰਤ ਦੀ ਹੋਵੇਗੀ ਅਹਿਮ ਭੂਮਿਕਾ

ਰੂਸ ਅਤੇ ਯੂਕਰੇਨ ਦੇ ਯੁੱਧ ਨੂੰ ਵਿਸ਼ਵ ਰੋਕਣਾ ਚਾਹੁੰਦਾ ਹੈ। ਇਸ ਲਈ ਸਵਿਟਜਰਲੈਂਡ ਨੇ ਹੁਣੇ ਜਿਹੇ ਐਲਾਨ ਕੀਤਾ ਕਿ ਉਹ ਦੇਸ਼ ਦੇ ਪ੍ਰਮੁੱਖ ਨੇਤਾਵਾਂ ਦੇ ਪੱਧਰ 'ਤੇ ਇਕ ਸੰਮੇਲਨ ਦੀ ਮੇਜਬਾਨੀ ਕਰਨ ਦਾ ਪ੍ਰਸਤਾਵ ਰਖਦਾ ਹੈ। ਯੂਕਰੇਨ ਦੇ ਰਾਸ਼ਟਰਪਤੀ ਜੇਲੇਂਸਕੀ ਵਲੋਂ ਮੰਗ ਕੀਤੇ ਜਾਣ ਦੇ ਲਗਭਗ ਤਿੰਨ ਮਹੀਨੇ ਬਾਅਦ ਅਜਿਹਾ ਹੋ ਰਿਹਾ ਹੈ। ਇਸ ਕਾਨਫਰੰਸ ਦਾ ਮੰਤਵ ਇੱਕ ਉੱਚ ਪੱਧਰੀ ਮੰਚ ਪ੍ਰਦਾਨ ਕਰਨਾ ਹੈ ਜਿਸ ਨਾਲ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੇ ਆਧਾਰ 'ਤੇ ਯੂਕਰੇਨ ਲਈ ਇੱਕ ਵਿਆਪਕ, ਨਿਆਂਸੰਗਤ ਅਤੇ ਸਥਾਈ ਸ਼ਾਂਤੀ ਤੱਕ ਪਹੁੰਚਿਆ ਜਾ ਸਕੇ। ਮੱਧ ਸਵਿਟਜਰਲੈਂਡ ਵਿੱਚ ਲੇਕ ਲਿਊਸਰਨ ਦੇ ਉੱਪਰ ਬਰਗੇਨਸਟੌਕ ਹੋਟਲ ਵਿੱਚ 15-16 ਜੂਨ ਨੂੰ ਇਸ ਕਾਨਫਰੰਸ ਰਖੀ ਗਈ ਹੈ ।ਇਹ ਤਾਰੀਖ ਖਾਸ ਹੈ, ਕਿਉਂਕਿ ਜੀ-7 ਨੇਤਾਵਾਂ ਦਾ ਸਿਖਰ ਸੰਮੇਲਨ 13 ਤੋਂ 15 ਜੂਨ ਤੱਕ ਇਟਲੀ ਵਿਚ ਹੋਣਾ ਹੈ। ਇਸ ਕਰਕੇ ਵੱਧ ਤੋਂ ਵੱਧ ਹਾਜ਼ਰੀ ਦੀ ਆਸ ਹੈ।

ਇਸ ਸ਼ਾਂਤੀ ਸੰਮੇਲਨ ਵਿੱਚ ਭਾਰਤ ਨੂੰ ਵੀ ਸੱਦਾ ਦਿੱਤਾ ਗਿਆ ਹੈ। ਸਵਿਟਜ਼ਰਲੈਂਡ ਦੇ ਵਿਦੇਸ਼ ਮੰਤਰੀ ਇਗਨਾਜੀਓ ਕੈਸਿਸ ਨੇ 5 ਫਰਵਰੀ ਨੂੰ ਆਪਣੀ ਭਾਰਤ ਫੇਰੀ ਦੌਰਾਨ ਵਿਦੇਸ਼ ਮੰਤਰੀ ਜੈਸ਼ੰਕਰ ਨਾਲ ਮੁਲਾਕਾਤ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਭਾਰਤ ਦੀ ਸ਼ਮੂਲੀਅਤ ਦੀ ਉਮੀਦ ਜਤਾਈ ਸੀ। ਇਸ ਤੋਂ ਬਾਅਦ ਮਾਰਚ ਵਿੱਚ ਜ਼ੇਲੇਂਸਕੀ ਨੇ ਪੀਐਮ ਮੋਦੀ ਨਾਲ ਫ਼ੋਨ 'ਤੇ ਗੱਲ ਕੀਤੀ ਸੀ। ਇਸ ਤੋਂ ਬਾਅਦ ਯੂਕਰੇਨ ਦੇ ਵਿਦੇਸ਼ ਮੰਤਰੀ ਦਮਿਤਰੋ ਕੁਲੇਬਾ ਨੇ ਭਾਰਤ ਨੂੰ ਕਾਨਫਰੰਸ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਸੀ।

ਸਵਿਟਜ਼ਰਲੈਂਡ ਦੀ ਸਰਕਾਰ ਨੇ ਕਿਹਾ, "ਰਾਸ਼ਟਰਪਤੀ ਜ਼ੇਲੇਂਸਕੀ ਦੀ 15 ਜਨਵਰੀ ਨੂੰ ਬਰਨ ਦੀ ਯਾਤਰਾ ਦੌਰਾਨ, ਸਵਿਟਜ਼ਰਲੈਂਡ ਅਤੇ ਯੂਕਰੇਨ ਨੇ ਸ਼ਾਂਤੀ ਵੱਲ ਅਗਲੇ ਕਦਮਾਂ ਬਾਰੇ ਚਰਚਾ ਕੀਤੀ।" ਸਵਿਟਜ਼ਰਲੈਂਡ ਯੂਕਰੇਨ ਦੀ ਬੇਨਤੀ 'ਤੇ ਉੱਚ ਪੱਧਰੀ ਕਾਨਫਰੰਸ ਦੀ ਮੇਜ਼ਬਾਨੀ ਕਰਨ ਲਈ ਸਹਿਮਤ ਹੋ ਗਿਆ। ਜੂਨ 2024 ਦੌਰਾਨ, ਸਵਿਟਜ਼ਰਲੈਂਡ ਨੂੰ ਸੰਭਾਵਤ ਤੌਰ 'ਤੇ ਯੂਕਰੇਨ ਵਿੱਚ ਸ਼ਾਂਤੀ ਬਾਰੇ ਗੱਲਬਾਤ ਕਰਨ ਦਾ ਮੌਕਾ ਮਿਲੇਗਾ। ਬਿਆਨ ਵਿੱਚ ਕਿਹਾ ਗਿਆ ਹੈ ਕਿ ਸਿਖਰ ਸੰਮੇਲਨ ਦਾ ਉਦੇਸ਼ ਸ਼ਾਂਤੀ ਪ੍ਰਕਿਰਿਆ ਲਈ ਸਾਂਝੀ ਸਮਝ ਅਤੇ ਇੱਕ ਠੋਸ ਰੋਡਮੈਪ ਬਣਾਉਣਾ ਹੈ। ਇਸ ਕਾਨਫ਼ਰੰਸ ਦਾ ਆਯੋਜਨ ਕਰਕੇ ਸਵਿਟਜ਼ਰਲੈਂਡ ਯੂਰਪ ਅਤੇ ਦੁਨੀਆ ਵਿਚ ਵਧੇਰੇ ਸੁਰੱਖਿਆ ਅਤੇ ਸਥਿਰਤਾ ਲਈ ਅਹਿਮ ਯੋਗਦਾਨ ਪਾ ਰਿਹਾ ਹੈ।

ਬਿਆਨ ਮੁਤਾਬਕ ਲਗਭਗ 120 ਦੇਸ਼ਾਂ ਦੇ ਮੁਖੀ ਬੁਲਾਏ ਜਾਣਗੇ। ਜ਼ੇਲੇਂਸਕੀ ਨੇ ਉਮੀਦ ਪ੍ਰਗਟਾਈ ਕਿ 80 ਤੋਂ 100 ਦੇਸ਼ ਹੋਣਗੇ ਜੋ ਘੱਟੋ-ਘੱਟ ਰੂਸ ਨੂੰ ਨਿਰਪੱਖ ਸ਼ਾਂਤੀ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਨਗੇ । ਉਸ ਨੇ ਇਹ ਵੀ ਮੰਨਿਆ ਕਿ ਉਸ ਕੋਲ ਅਜੇ ਤੱਕ ਇਨ੍ਹਾਂ ਦੇਸ਼ਾਂ ਨਾਲ ਸਬੰਧਤ ਕੋਈ ਵਿਸ਼ੇਸ਼ ਸੂਚੀ ਨਹੀਂ ਹੈ। ਉਨ੍ਹਾਂ ਕਿਹਾ, "ਅਸੀਂ ਇਸ ਗੱਲ 'ਤੇ ਸਹਿਮਤ ਹੋਵਾਂਗੇ ਕਿ ਆਉਣ ਵਾਲੇ ਦਿਨਾਂ ਵਿਚ ਸ਼ਾਂਤੀ ਕਿਵੇਂ ਕਾਇਮ ਹੋਵੇਗੀ।"

ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਪਿਛਲੇ ਹਫਤੇ ਚੇਤਾਵਨੀ ਦਿੱਤੀ ਸੀ ਕਿ ਯੂਕਰੇਨ ਸੰਘਰਸ਼ ਨੂੰ ਖਤਮ ਕਰਨ ਬਾਰੇ ਚਰਚਾ ਤਾਂ ਹੀ ਸਫਲ ਹੋ ਸਕਦੀ ਹੈ ਜੇਕਰ ਰੂਸ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਪੁਤਿਨ ਕਹਿੰਦੇ ਰਹੇ ਹਨ ਕਿ ਜਦੋਂ ਤੱਕ ਰੂਸ ਦੇ ਟੀਚੇ ਪੂਰੇ ਨਹੀਂ ਹੋਣਗੇ ਉਦੋਂ ਤੱਕ ਸ਼ਾਂਤੀ ਨਹੀਂ ਹੋਵੇਗੀ। ਹਾਲਾਂਕਿ ਅਮਰੀਕੀ ਚੋਣ ਮੁਹਿੰਮ ਕਾਰਨ ਬਿਡੇਨ, ਜਿਨਪਿੰਗ ਅਤੇ ਪੁਤਿਨ ਦੀ ਸ਼ਮੂਲੀਅਤ 'ਤੇ ਸਵਾਲੀਆ ਨਿਸ਼ਾਨ ਹਨ। ਭਾਰਤ ਵਿੱਚ ਚੋਣਾਂ ਦੇ ਨਤੀਜੇ 4 ਜੂਨ ਨੂੰ ਆਉਣਗੇ। ਇਸ ਤੋਂ ਬਾਅਦ ਹੀ ਅਗਲਾ ਫੈਸਲਾ ਕੀਤਾ ਜਾਵੇਗਾ

# ਇੰਗਲੈਂਡ ਦੇ ਵੱਖ ਵੱਖ ਗੁਰੂ ਘਰਾਂ 'ਚ ਵੱਡੇ ਪੱਧਰ ਤੇ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ

## ✪ ਸਾਰਾ ਦਿਨ ਸਜ਼ਾਏ ਗਏ ਧਾਰਮਿਕ ਦੀਵਾਨ ✪ ਨਿਸ਼ਾਨ ਸਾਹਿਬ ਉਪਰ ਨਵਾਂ ਚੋਲਾ ਸਾਹਿਬ ਚੜਾਉਣ ਦੀਆ ਕੀਤੀਆਂ ਗਈਆਂ ਸੇਵਾਵਾਂ





*ਖਾਲਸਾ ਸਾਜਨਾ ਦਿਵਸ ਮੌਕੇ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਵਿਖੇ ਨਿਸ਼ਾਨ ਸਾਹਿਬ ਉਪਰ ਨਵਾਂ ਚੋਲਾ ਸਾਹਿਬ ਚੜਾਉਣ ਦੀ ਸੇਵਾ ਕਰਦੇ ਹੋਏ ਪੰਜ ਪਿਆਰੇ ਅਤੇ ਸੰਗਤਾਂ।*

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਇੰਗਲੈਡ ਦੇ ਵੱਖ ਵੱਖ ਸ਼ਹਿਰਾਂ ਦੇ ਗੁਰੂ ਘਰਾਂ ਚ ਅੱਜ 'ਖਾਲਸਾ ਸਾਜਨਾ ਦਿਵਸ' ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤੇ ਵੱਖ ਵੱਖ ਗੁਰੂ ਘਰਾਂ ਚ ਸ੍ਰੀ ਆਖੰਡ ਪਾਠ ਜੀ ਦੇ ਭੋਗ ਪਾਉਣ ਉਪਰੰਤ ਸਾਰਾ ਦਿਨ ਧਾਰਮਿਕ ਦੀਵਾਨ ਸਜਾਏ ਗਏ।


ਇਸ ਮੌਕੇ ਤੇ ਵੱਖ ਵੱਖ ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਵੱਲੋਂ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਤੋਂ ਜਾਣੂ ਕਰਵਾਇਆ ਗਿਆ। ਇਸੇ ਸਬੰਧ ਚ ਸਵੇਰ ਵੇਲੇ ਪੰਜ ਪਿਆਰਿਆਂ ਦੀ ਅਗਵਾਈ ਚ ਨਿਸ਼ਾਨ ਸਾਹਿਬ ਉਪਰ ਨਵਾਂ ਚੋਲਾ ਸਾਹਿਬ ਚੜਾਉਣ ਦੀਆ ਸੇਵਾਵਾ ਵੀ ਕੀਤੀਆਂ ਗਈਆਂ। ਇਸ ਮੌਕੇ ਤੇ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਵਿਖੇ ਮਾਂਝੇ ਦੀਆਂ ਸੰਗਤਾਂ ਵੱਲੋਂ ਸ੍ਰੀ ਆਖੰਡ ਪਾਠ ਸਾਹਿਬ ਜੀ ਅਤੇ ਲੰਗਰਾਂ ਦੀਆਂ ਸੇਵਾਵਾਂ ਨਿਭਾਈਆਂ ਗਈਆਂ। ਇਸ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪ੍ਰਧਾਨ ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਮੂਹ ਸਿੱਖ ਜਗਤ ਨੂੰ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ।

ਇਸ ਮੌਕੇ ਤੇ ਸੁਰਿੰਦਰਬੀਰ ਸਿੰਘ ਭਾਉ, ਤਰਮਿੰਦਰ ਸਿੰਘ, ਗੁਰਦਿਆਲ ਸਿੰਘ ਲਾਲੀ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਆ ਕੇ ਗੁਰੂ ਮਹਾਰਾਜ ਜੀ ਨੂੰ ਨਤਮਸਤਕ ਹੋ ਕੇ ਗੁਰੂ ਮਹਾਰਾਜ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਤੇ ਵੱਖ ਵੱਖ ਪ੍ਰਕਾਰ ਦਾ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਕੌਸਲੇਟ ਜਨਰਲ ਆਫ਼ ਇੰਡੀਆ ਬਰਮਿੰਘਮ ਵਿਖੇ ਵੱਡੇ ਪੱਧਰ ਤੇ ਮਨਾਇਆ ਗਿਆ ਵਿਸਾਖੀ ਦਾ ਤਿਉਹਾਰ

## ✪ ਭਾਰਤੀ ਹਾਈ ਕਮਿਸ਼ਨਰ ਲੰਡਨ ਵਿਕਰਮ ਦੁਰਾਏਸੁਆਮੀ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਖਾਲਸਾ ਸਾਜਨਾ ਦਿਵਸ ਦੀਆਂ ਦਿੱਤੀਆਂ ਸ਼ੁੱਭਕਾਮਨਾਵਾਂ ✪ ਗੋਲਡਨ ਸਟਾਰ ਗਾਇਕ ਮਲਕੀਤ ਸਿੰਘ ਨੇ ਆਪਣੇ ਗੀਤਾਂ ਰਾਹੀਂ ਬੰਨਿਆ ਰੰਗ







*ਵਿਸਾਖੀ ਸਬੰਧੀ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਹਾਈ ਕਮਿਸ਼ਨਰ ਲੰਡਨ ਵਿਕਰਮ ਦੁਰਾਏਸੁਆਮੀ, ਗੌਲਡਨ ਸਟਾਰ ਗਾਇਕ ਮਲਕੀਤ ਸਿੰਘ, ਕੌਂਸਲੇਟ ਜਨਰਲ ਆਫ਼ ਇੰਡੀਆ ਬਰਮਿੰਘਮ ਅਤੇ ਹੋਰ ਵੱਖ ਵੱਖ ਆਗੂ, ਅਤੇ ਹਾਜ਼ਿਰ ਲੋਕ, ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਹਾਈ ਕਮਿਸ਼ਨਰ ਲੰਡਨ ਵਿਕਰਮ ਦੁਰਾਏਸੁਆਮੀ ਅਤੇ ਕੌਸਲੇਟ ਜਨਰਲ ਆਫ਼ ਇੰਡੀਆ ਬਰਮਿੰਘਮ। ਗੋਲਡਨ ਸਟਾਰ ਗਾਇਕ ਮਲਕੀਤ ਸਿੰਘ ਦਾ ਸਨਮਾਨ ਕਰਦੇ ਹੋਏ ਭਾਰਤੀ ਹਾਈ ਕਮਿਸ਼ਨਰ ਲੰਡਨ।*

ਬਰਮਿੰਘਮ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ, ਪਰਵਿੰਦਰ ਸਿੰਘ)-ਕੌਂਸਲੇਟ ਜਨਰਲ ਆਫ਼ ਇੰਡੀਆ ਬਰਮਿੰਘਮ ਵਿਖੇ ਵਿਸਾਖੀ ਦੇ ਸਬੰਧ ਚ ਭਾਰਤੀ ਹਾਈ ਕਮਿਸ਼ਨਰ ਲੰਡਨ ਵਿਕਰਮ ਦੁਰਾਏਸੁਆਮੀ ਦੀ ਅਗਵਾਈ ਚ ਵਿਸ਼ਾਲ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਰਤੀ ਹਾਈ ਕਮਿਸ਼ਨਰ ਲੰਡਨ ਵਿਕਰਮ ਦੁਰਾਏਸੁਆਮੀ ਨੇ ਸਮੂਹ ਸਿੱਖ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਸਮਾਗਮ ਵਿੱਚ ਉਚੇਚੇ ਤੌਰ ਤੇ ਪਹੁੰਚੇ ਪ੍ਰਸਿੱਧ ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਆਪਣੇ ਗੀਤਾਂ ਰਾਹੀਂ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ ਆਪਣੇ ਸੁਪਰਹਿੱਟ ਗੀਤ ਗਾ ਕੇ ਖ਼ੂਬ ਰੰਗ ਬੰਨ੍ਹਿਆ। ਇਸ ਮੌਕੇ ਤੇ ਇੰਗਲੈਂਡ ਦੇ ਜੰਮਪਲ ਬੱਚਿਆਂ ਵੱਲੋਂ ਭੰਗੜਾ ਅਤੇ ਹੋਰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ।

ਇਸ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਮਨਿਸਟਰ ਕੁਆਡੀਨੇਸਨ ਦੀਪਕ ਚੌਧਰੀ, ਲਾਰਡ ਮੇਅਰ ਚਮਨ ਲਾਲ, ਪੁਲਿਸ ਅਤੇ ਕ੍ਰਾਇਮ ਕਮਿਸ਼ਨਰ ਮਿਸਟਰ ਸਿਮਨ ਫੌਸਟਰ, ਕੌਂਸਲੇਟ ਜਨਰਲ ਆਫ਼ ਇੰਡੀਆ ਬਰਮਿੰਘਮ ਡਾ ਵੈਨਕਤਚਲਮ ਮੋਰੇਵਨ, ਪ੍ਰੋ: ਐਸ. ਐਸ. ਸੰਘਾ, ਕੌਂਸਲ ਸੀ.ਪੀ.ਵੀ ਅਮਾਨਤ ਮਾਨ, ਗੋਲਡਨ ਸਟਾਰ ਗਾਇਕ ਮਲਕੀਤ ਸਿੰਘ, ਸਮੇਤ ਹੋਰ ਬਹੁਤ ਸਾਰੀਆਂ ਪ੍ਰਮੁੱਖ ਸਖ਼ਸ਼ੀਅਤਾਂ ਨੇ ਸੰਬੋਧਨ ਕੀਤਾ। ਇਸ ਸਮਾਗਮ ਚ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਸਪੋਕਸ ਪਰਸਨ ਸ਼ੀਤਲ ਸਿੰਘ ਗਿੱਲ, ਪਰਵਿੰਦਰ ਸਿੰਘ, ਰਵਿੰਦਰ ਪਾਲ ਸਿੰਘ ਕੋਹਲੀ, ਪੰਜਾਬੀ ਭਾਸ਼ਾ ਚੇਤਨਾ ਬੌਰਡ ਯੂ.ਕੇ ਦੇ ਡਾਇਰੈਕਟਰ ਹਰਮੀਤ ਸਿੰਘ ਭਕਨਾ ਸਮੇਤ ਵੱਡੀ ਗਿਣਤੀ 'ਚ ਭਾਰਤੀ ਭਾਈਚਾਰੇ ਦੇ ਲੋਕ ਹਾਜ਼ਿਰ ਸਨ।

# ਭਾਜਪਾ ਵਾਲੇ ਛਿਤਰੋ ਛਿਤਰੀ, ਇੱਕ ਦੂਜੇ ਨੂੰ ਸਟੇਜ ਤੋਂ ਹੇਠਾਂ ਸੁੱਟਿਆ

## ✪ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਕੀਤਾ



ਖੰਨਾ-ਭਾਜਪਾ ਦੀ ਬੂਥ ਕਾਨਫਰੰਸ ਵਿੱਚ ਭਾਜਪਾ ਆਗੂ ਆਪਸ ਵਿੱਚ ਭਿੜ ਪਏ। ਮੀਟਿੰਗ ਵਿੱਚ ਜਦੋਂ ਹੰਗਾਮਾ ਹੋਇਆ ਤਾਂ ਭਾਜਪਾ ਪੰਜਾਬ ਦੇ ਬੁਲਾਰੇ ਹਰਜੀਤ ਸਿੰਘ ਗਰੇਵਾਲ ਵੀ ਮੰਚ 'ਤੇ ਮੌਜੂਦ ਸਨ। ਇਹ ਕਾਨਫਰੰਸ ਫਤਹਿਗੜ੍ਹ ਸਾਹਿਬ ਲੋਕ ਸਭਾ ਸੀਟ ਲਈ ਖੰਨਾ ਦੇ ਪਾਇਲ ਵਿੱਚ ਕੀਤੀ ਜਾ ਰਹੀ ਸੀ। ਇਸ ਕਾਨਫਰੰਸ ਨੂੰ ਹਰਜੀਤ ਗਰੇਵਾਲ ਨੇ ਸੰਬੋਧਨ ਕੀਤਾ ਤਾਂ ਭਾਜਪਾ ਆਗੂ ਜਤਿੰਦਰ ਸ਼ਰਮਾ ਨੇ ਸਟੇਜ ਤੋਂ ਧੰਨਵਾਦ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਫਤਿਹਗੜ੍ਹ ਸਾਹਿਬ ਦੇ ਟਿਕਟ ਦੇ ਦਾਅਵੇਦਾਰ ਗੁਲਜ਼ਾਰ ਸਿੰਘ ਨੇ ਉਨ੍ਹਾਂ ਨੂੰ ਬੋਲਣ ਦਾ ਸਮਾਂ ਨਾ ਦੇਣ 'ਤੇ ਰੋਸ ਪ੍ਰਗਟਾਇਆ। ਇਸ ਨੂੰ ਲੈ ਕੇ ਹੰਗਾਮਾ ਹੋ ਗਿਆ।

ਸਟੇਜ 'ਤੇ ਮੌਜੂਦ ਕੁਝ ਹੋਰ ਆਗੂਆਂ ਨੇ ਗੁਲਜ਼ਾਰ ਸਿੰਘ ਨਾਲ ਬਹਿਸ ਕੀਤੀ। ਤਕਰਾਰ ਤੋਂ ਬਾਅਦ ਧੱਕਾ-ਮੁੱਕੀ ਸ਼ੁਰੂ ਹੋ ਗਈ। ਲਾਠੀਆਂ ਦੀ ਵਰਤੋਂ ਹੋਣ ਲੱਗੀ, ਮੇਜ਼ ਚੁੱਕ ਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੇ ਨਾਲ ਹੀ ਦੋਸ਼ ਲਾਇਆ ਗਿਆ ਕਿ ਗੁਲਜ਼ਾਰ ਸਿੰਘ ਨੇ ਦੁਰਵਿਵਹਾਰ ਕੀਤਾ ਹੈ।

ਜਦੋਂ ਸਟੇਜ 'ਤੇ ਹੰਗਾਮਾ ਹੋਇਆ ਤਾਂ ਹਰਜੀਤ ਗਰੇਵਾਲ ਇਸ 'ਤੇ ਕਾਬੂ ਪਾਉਣ ਦੀ ਬਜਾਏ ਸਟੇਜ ਛੱਡ ਕੇ ਵਾਪਸ ਚਲੇ ਗਏ। ਉਹ ਮੈਰਿਜ ਪੈਲੇਸ ਦੇ ਕਮਰੇ ਵਿੱਚ ਚਲਾ ਗਿਆ। ਕਾਨਫਰੰਸ ਵਿਚ ਹੋਏ ਹੰਗਾਮੇ 'ਤੇ ਗਰੇਵਾਲ ਨੇ ਕਿਹਾ ਕਿ ਗੁਲਜ਼ਾਰ ਸਿੰਘ ਸਾਡਾ ਵਰਕਰ ਨਹੀਂ ਹੈ। ਸਾਨੂੰ ਨਹੀਂ ਪਤਾ ਕਿ ਉਹ ਮੀਟਿੰਗ ਵਿੱਚ ਕਿਵੇਂ ਆਇਆ। ਮੀਟਿੰਗ ਵਿੱਚ ਆ ਕੇ ਉਸ ਨੇ ਮਾਹੌਲ ਖ਼ਰਾਬ ਕਰ ਦਿੱਤਾ ਹੈ। ਇਸ ਮੀਟਿੰਗ ਤੋਂ ਬਾਅਦ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਚੀਮਾ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਇਸ ਦੇ ਨਾਲ ਹੀ ਬੂਥ ਕਾਨਫਰੰਸ ਵਿੱਚ ਪੁਲਿਸ ਸੁਰੱਖਿਆ ਵੀ ਤਾਇਨਾਤ ਕੀਤੀ ਗਈ ਸੀ। ਡੀਐਸਪੀ ਨਿਖਿਲ ਨੇ ਕਿਹਾ ਕਿ ਮੀਟਿੰਗ ਵਿੱਚ ਲੜਾਈ ਹੋਈ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਕਾਬੂ ਕਰ ਲਿਆ।

# ਕਥਿੱਤ ਭਾਰਤੀ ਜਸੂਸ ਸਰਬਜੀਤ ਦੇ ਕਾਤਲ ਆਮਿਰ ਸਰਫਰਾਜ਼ ਦਾ ਲਾਹੌਰ ਵਿਚ ਕਤਲ



ਲਾਹੌਰ-ਸੰਨ 2013 ਵਿੱਚ ਭਾਰਤੀ ਨਾਗਰਿਕ ਤੇ ਕਥਿਤ ਜਸੂਸ ਸਰਬਜੀਤ ਸਿੰਘ ਦੀ ਕੋਟ ਲਖਪਤ ਜੇਲ੍ਹ ਵਿੱਚ ਹੱਤਿਆ ਕਰਨ ਵਾਲੇ ਆਮਿਰ ਸਰਫਰਾਜ਼ ਨੂੰ ਅਣਪਛਾਤੇ ਵਿਅਕਤੀਆਂ ਨੇ ਗੋਲ਼ੀਆਂ ਮਾਰ ਕੇ ਮਾਰ ਦਿੱਤਾ।

# 675 ਗ੍ਰਾਮ ਹੈਰੋਇਨ ਸਣੇ ਨਸ਼ਾ ਤਸਕਰ ਕੀਤਾ ਗ੍ਰਿਫ਼ਤਾਰ



ਫਾਜ਼ਿਲਕਾ-ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਫਾਜ਼ਿਲਕਾ ਦੀ ਟੀਮ ਨੇ ਪਿੰਡ ਹਬੀਬ ਵਾਲਾ ਦੇ ਰਹਿਣ ਵਾਲੇ ਰਸ਼ਪਾਲ ਸਿੰਘ ਨੂੰ 675 ਗ੍ਰਾਮ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਉਪਰ ਐਨਡੀਪੀਸੀ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਉਹਨਾਂ ਦੱਸਿਆ ਕਿ ਉਸਨੂੰ ਅਦਾਲਤ ਵਿਚ ਪੇਸ਼ ਕਰ ਰਿਮਾਂਡ ਹਾਸਲ ਕੀਤਾ ਜਾਵੇਗਾ।

# ਖਾੜਕੂ ਪ੍ਰਭਪ੍ਰੀਤ ਜਰਮਨੀ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰ

## ✪ ਪੁਲਿਸ ਅਨੁਸਾਰ ਚਲਾ ਰਿਹਾ ਸੀ ਖਾੜਕੂ ਭਰਤੀ ਕਰਨ ਵਾਲਾ ਮਾਡਿਊਲ



ਚੰਡੀਗੜ੍ਹ/ਅੰਮ੍ਰਿਤਸਰ-ਬੀਤੇ ਦਿਨੀਂ ਖਾੜਕੂਵਾਦ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਨੇ ਜਰਮਨੀ ਆਧਾਰਿਤ ਸੰਚਾਲਕ ਪ੍ਰਭਪ੍ਰੀਤ ਸਿੰਘ ਸਿੱਧੂ ਨੂੰ ਦਿੱਲੀ ਦੇ ਆਈਜੀਆਈ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਕੇ ਖਾੜਕੂ ਭਰਤੀ ਕਰਨ, ਫੰਡਿੰਗ ਦੇਣ ਅਤੇ ਸਹਾਇਤਾ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ।

ਜ਼ਿਕਰਯੋਗ ਹੈ ਕਿ ਸਾਲ 2020 ਵਿੱਚ, ਐਸਐਸਓਸੀ ਅੰਮ੍ਰਿਤਸਰ ਵਿਖੇ ਗੁਪਤ ਸੂਚਨਾ ਮਿਲੀ ਸੀ ਕਿ ਕੇਜ਼ੈਡਐਫ ਖਾੜਕੂ ਜਗਦੀਸ਼ ਸਿੰਘ ਭੂਰਾ ਪੰਜਾਬ ਵਿੱਚ ਕੁਝ ਨਾਮੀ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ ਅਤੇ ਇਸ ਕੰਮ ਨੂੰ ਪੂਰਾ ਕਰਨ ਲਈ ਉਸ ਨੇ ਆਪਣੇ ਭਾਰਤ ਆਧਾਰਿਤ ਸਾਥੀਆਂ ਨੂੰ ਹਥਿਆਰ ਅਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਸੀ। ਪੰਜਾਬ ਪੁਲਿਸ ਨੇ ਕਾਰਵਾਈ ਕਰਦਿਆਂ ਇਸ ਮਾਡਿਊਲ ਦੇ ਚਾਰ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰ ਕੇ ਇਸ ਦਾ ਪਰਦਾਫਾਸ਼ ਕੀਤਾ ਅਤੇ ਉਨ੍ਹਾਂ ਤੋਂ ਹਥਿਆਰ ਅਤੇ ਗੋਲ਼ੀ-ਸਿੱਕਾ ਬਰਾਮਦ ਕੀਤੇ ਸਨ। ਇਸ ਸਬੰਧੀ ਪੁਲਿਸ ਵੱਲੋਂ ਅੰਮ੍ਰਿਤਸਰ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ।

ਡੀਜੀਪੀ ਨੇ ਦੱਸਿਆ ਕਿ ਮੁਲਜ਼ਮਾਂ ਨੇ ਖੁਲਾਸਾ ਕੀਤਾ ਸੀ ਕਿ ਉਹ ਲੁੜੀਂਦੇ ਖਾੜਕੂ ਜਗਦੀਸ਼ ਸਿੰਘ ਭੂਰਾ ਅਤੇ ਉਸ ਦੇ ਕਰੀਬੀ ਪ੍ਰਭਪ੍ਰੀਤ ਸਿੰਘ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਮੁਲਜ਼ਮਾਂ ਨੇ ਇਹ ਵੀ ਖੁਲਾਸਾ ਕੀਤਾ ਸੀ ਕਿ ਉਹ ਨਾਮੀ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਸਨ। ਪ੍ਰਭਪ੍ਰੀਤ ਜਰਮਨੀ ਵਿੱਚ ਰਹਿ ਰਿਹਾ ਸੀ, ਇਸ ਲਈ ਪੰਜਾਬ ਪੁਲਿਸ ਨੇ ਉਸ ਨੂੰ ਇਸ ਕੇਸ ਵਿੱਚ ਨਾਮਜ਼ਦ ਕਰਨ ਉਪਰੰਤ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਬਿਊਰੋ ਆਫ਼ ਇਮੀਗ੍ਰੇਸ਼ਨ, ਨਵੀਂ ਦਿੱਲੀ ਰਾਹੀਂ ਉਸ ਖ਼ਿਲਾਫ਼ ਐੱਲਓਸੀ ਜਾਰੀ ਕਰਵਾ ਦਿੱਤਾ ਸੀ।

ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪ੍ਰਭਪ੍ਰੀਤ ਨੂੰ ਹਿਰਾਸਤ ਵਿੱਚ ਲੈਣ ਬਾਰੇ ਸੂਚਿਤ ਕੀਤਾ। ਉਪਰੰਤ ਐਸਐਸਓਸੀ ਅੰਮ੍ਰਿਤਸਰ ਦੀ ਟੀਮ ਦਿੱਲੀ ਪਹੁੰਚੀ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਏਆਈਜੀ ਐਸਐਸਓਸੀ ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪ੍ਰਭਪ੍ਰੀਤ 2017 'ਚ ਪੋਲੈਂਡ ਗਿਆ ਸੀ ਅਤੇ 2020 'ਚ ਸੜਕ ਰਸਤੇ ਜਰਮਨੀ ਚਲਾ ਗਿਆ ਸੀ ਅਤੇ ਜਰਮਨੀ 'ਚ ਪੱਕੀ ਰਿਹਾਇਸ਼ ਹਾਸਲ ਕਰਨ ਲਈ ਉਸ ਨੇ ਸਿਆਸੀ ਸ਼ਰਨ ਲਈ ਅਰਜ਼ੀ ਦਿੱਤੀ ਸੀ। ਜਰਮਨੀ ਵਿਚ ਰਹਿੰਦਿਆਂ ਉਹ ਬੈਲਜੀਅਮ ਸਥਿਤ ਕੇਜ਼ੈਡਐਫ ਖਾੜਕੂ ਜਗਦੀਸ਼ ਸਿੰਘ ਭੂਰਾ ਦੇ ਸੰਪਰਕ ਵਿਚ ਆਇਆ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋ ਗਿਆ।

ਮਿੱਥ ਕੇ ਕਤਲ ਦੀਆਂ ਵਾਰਦਾਤਾਂ ਅਤੇ ਹੋਰ ਅਪਰਾਧਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਆਪਣੇ ਭਾਰਤੀ ਸਾਥੀ ਲਈ ਫੰਡਿੰਗ ਅਤੇ ਹਥਿਆਰਾਂ ਦਾ ਪ੍ਰਬੰਧ ਕਰਦਾ ਸੀ। ਉਸ ਦੇ ਪੂਰੇ ਨੈੱਟਵਰਕ ਅਤੇ ਜਿਸ ਮਾਡਿਊਲ ਲਈ ਉਹ ਕੰਮ ਕਰ ਰਿਹਾ ਹੈ, ਦਾ ਪਰਦਾਫਾਸ਼ ਕਰਨ ਲਈ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪ੍ਰਿੰਸੀਪਲ ਤੇ ਹੋਰਨਾਂ ਤੋਂ ਤੰਗ ਸਕੂਲ ਅਧਿਆਪਕਾ ਨੇ ਕੀਤੀ ਆਤਮ-ਹੱਤਿਆ, ਤਿੰਨ ਖਿਲਾਫ਼ ਕੇਸ ਦਰਜ



ਕਪੂਰਥਲਾ-ਬੀਤੇ ਦਿਨੀਂ ਕਪੂਰਥਲਾ ਦੇ ਆਰਸੀਐਫ ਕੈਂਪਸ ਵਿਚ ਅਪਾਹਜ ਬੱਚਿਆਂ ਦੇ ਜੈਕ ਐਂਡ ਜਿਲ ਸਕੂਲ ਵਿਚ ਮਹਿਲਾ ਅਧਿਆਪਕ 32 ਸਾਲਾ ਰਮਨਦੀਪ ਕੌਰ ਦੀ ਲਾਸ਼ ਉਸ ਦੇ ਕਮਰੇ ਵਿਚ ਸ਼ੱਕੀ ਹਾਲਾਤ ਵਿਚ ਲਟਕਦੀ ਮਿਲੀ। ਸੂਚਨਾ ਮਿਲਣ ਦੇ ਬਾਅਦ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਡੀਐਸਪੀ ਸਬ-ਡਵੀਜ਼ਨ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮਹਿਲਾ ਅਧਿਆਪਕ ਦੇ ਪਰਿਵਾਰ ਨੇ ਸਕੂਲ ਦੇ ਪ੍ਰਿੰਸੀਪਲ ਰਸ਼ਮੀ ਪੀਅਨ ਬਬੀਤਾ ਰਾਣੀ , ਰਮੇਸ਼ ਕੁਮਾਰ 'ਤੇ ਉਸ ਨੂੰ ਤੰਗ ਕਰਨ ਦੇ ਦੋਸ਼ ਲਾਏ ਜਿਸ ਤੋਂ ਬਾਅਦ ਮ੍ਰਿਤਕ ਲੜਕੀ ਦੇ ਪਿਤਾ ਦੇ ਬਿਆਨ ਦਰਜ ਕਰ ਕੇ ਮੁਲਜ਼ਮਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਫਿਲਹਾਲ ਮੁਲਜ਼ਮ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ।

# ਦੋ ਫਰਜ਼ੀ ਪੁਲਿਸ ਮੁਲਾਜ਼ਮਾਂ ਨੇ ਨੌਜਵਾਨਾਂ ਨੂੰ ਭਰਤੀ ਕਰਵਾਉਣ ਦੇ ਨਾਂ 'ਤੇ ਲੱਖਾਂ ਰੁਪਏ ਦੀ ਠੱਗੀ ਮਾਰੀ

## ✪ ਧੋਖਾਧੜੀ ਦਾ ਉਦੋਂ ਪਤਾ ਲੱਗਾ ਜਦੋਂ ਦੋ ਮਹੀਨੇ ਬਾਅਦ ਵੀ ਤਨਖਾਹ ਨਹੀਂ ਮਿਲੀ

ਜਲੰਧਰ-ਪੰਜਾਬ ਦੇ ਜਲੰਧਰ ਵਿਚ ਦੋ ਫਰਜ਼ੀ ਪੁਲਿਸ ਮੁਲਾਜ਼ਮਾਂ ਨੇ ਨੌਜਵਾਨਾਂ ਨੂੰ ਭਰਤੀ ਕਰਵਾਉਣ ਦੇ ਨਾਂ 'ਤੇ ਲੱਖਾਂ ਰੁਪਏ ਦੀ ਠੱਗੀ ਮਾਰੀ ਹੈ। ਭਰਤੀ ਦਾ ਭਰੋਸਾ ਦਿਵਾਉਣ ਲਈ ਮੁਲਜ਼ਮਾਂ ਨੇ ਐਸਐਸਪੀ ਦਫ਼ਤਰ ਅਤੇ ਪੀਏਪੀ ਦੇ ਬਾਹਰ ਰਜਿਸਟਰਾਂ 'ਤੇ ਜਾਅਲੀ ਹਾਜ਼ਰੀ ਵੀ ਲਗਾ ਦਿੱਤੀ ਅਤੇ ਵੱਖ-ਵੱਖ ਖੇਤਰਾਂ ਵਿੱਚ ਡਿਊਟੀ ਲਈ ਭੇਜ ਦਿੱਤਾ ਗਿਆ। ਇਸ ਗੱਲ ਦਾ ਖੁਲਾਸਾ ਉਦੋਂ ਹੋਇਆ ਜਦੋਂ ਪੀੜਤ ਨੌਜਵਾਨ ਨੂੰ 3 ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ। ਪੂਰੇ ਮਾਮਲੇ ਦੀ ਜਾਂਚ ਕਰੀਬ ਤਿੰਨ ਸਾਲ ਤੱਕ ਚੱਲੀ। ਜਿਸ ਤੋਂ ਬਾਅਦ ਥਾਣਾ ਜਲੰਧਰ ਛਾਉਣੀ ਦੀ ਪੁਲਿਸ ਨੇ ਕੈਂਟ ਦੇ ਮੁਹੱਲਾ ਨੰਬਰ 32 ਦੇ ਰਹਿਣ ਵਾਲੇ ਅਮਿਤ ਕੁਮਾਰ ਅਤੇ ਬਲਵਿੰਦਰ ਕੁਮਾਰ ਖਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰ ਲਿਆ ਹੈ। ਫਿਲਹਾਲ ਦੋਵੇਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਬਾਕੀ ਹੈ।

ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਜਲੰਧਰ ਛਾਉਣੀ ਦੇ ਰਹਿਣ ਵਾਲੇ ਚੇਤਨ ਨੇ ਦੱਸਿਆ ਕਿ ਉਸ ਦਾ ਪਿਤਾ ਵੈਲਡਿੰਗ ਦਾ ਕੰਮ ਕਰਦਾ ਹੈ। ਮੁਲਜ਼ਮ ਚੇਤਨ ਦੇ ਪਿਤਾ ਦੀ ਦੁਕਾਨ 'ਤੇ ਗਿਆ ਹੋਇਆ ਸੀ। ਜਿੱਥੇ ਅਮਿਤ ਨੇ ਆਪਣੇ ਪਿਤਾ ਨੂੰ ਪੂਰੇ ਮਾਮਲੇ ਦੀ ਜਾਣਕਾਰੀ ਦਿੱਤੀ ਅਤੇ ਉਸ ਨੂੰ ਆਪਣੇ ਜਾਲ ਵਿੱਚ ਫਸਾ ਲਿਆ।

ਮੁਲਜ਼ਮ ਨੇ ਉਸ ਨੂੰ ਕਿਹਾ ਕਿ ਉਹ ਪੀਏਪੀ ਵਿੱਚ ਦਰਜਾ ਚਾਰ ਦਾ ਮੁਲਾਜ਼ਮ



ਭਰਤੀ ਕਰੇਗਾ। ਜਿਸ ਲਈ ਇੱਕ ਲੱਖ ਰੁਪਏ ਖਰਚ ਆਉਣਗੇ। ਪੀੜਤ ਨੇ ਦੱਸਿਆ ਕਿ ਮੁਲਜ਼ਮ ਨੇ ਕਿਹਾ ਸੀ ਕਿ ਜੇਕਰ ਉਹ ਕਿਸੇ ਹੋਰ ਨੌਜਵਾਨ ਨੂੰ ਭਰਤੀ ਕਰਦਾ ਹੈ ਤਾਂ ਉਹ ਉਸ ਤੋਂ ਘੱਟ ਪੈਸੇ ਲੈ ਕੇ ਜਲਦੀ ਹੀ ਉਸ ਨੂੰ ਤਰੱਕੀ ਵੀ ਦੇਵੇਗਾ।

ਪੈਸੇ ਲੈਣ ਦੇ ਇੱਕ ਮਹੀਨੇ ਬਾਅਦ ਮੁਲਜ਼ਮਾਂ ਨੇ ਪੀੜਤਾਂ ਨੂੰ ਪੁਲੀਸ ਲਾਈਨ ਵਿੱਚ ਬੁਲਾ ਲਿਆ। ਜਿੱਥੇ ਉਹ ਪਹਿਲੀ ਵਾਰ ਬਲਵਿੰਦਰ ਕੁਮਾਰ ਨੂੰ ਮਿਲਿਆ। ਬਲਵਿੰਦਰ ਸਿੰਘ ਨੇ ਆਪਣੇ ਦੋ ਹੋਰ ਸਾਥੀਆਂ ਨਾਲ ਮੀਟਿੰਗ ਕਰਵਾਈ। ਜਿੱਥੇ ਡਰਾਈਵਿੰਗ ਟੈਸਟ ਲਿਆ ਗਿਆ। ਕੁਝ ਸਮੇਂ ਬਾਅਦ ਕਿਹਾ ਗਿਆ ਕਿ ਟੈਸਟ ਪਾਸ ਹੋ ਗਿਆ ਹੈ। ਮੁਲਜ਼ਮਾਂ ਨੇ ਉਨ੍ਹਾਂ ਨੂੰ ਅਗਲੇ ਦਿਨ ਪੁਲੀਸ ਲਾਈਨਜ਼ ਦੇ ਬਾਹਰ ਮਿਲਣ ਲਈ ਕਿਹਾ ਸੀ।

ਫਿਰ ਇੱਥੋਂ ਫਰਜ਼ੀ ਹਾਜ਼ਰੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪਹਿਲਾਂ ਮੁਲਜ਼ਮ ਨੇ ਪੀਏਪੀ ਦੇ ਬਾਹਰ ਫੋਨ ਕਰਕੇ ਜਾਅਲੀ ਹਾਜ਼ਰੀ ਲਗਵਾਉਣੀ ਸ਼ੁਰੂ ਕਰ ਦਿੱਤੀ। 15 ਦਿਨ ਇਸ ਤਰ੍ਹਾਂ ਚੱਲਦਾ ਰਿਹਾ। ਹਾਜ਼ਰੀ ਲਗਾਉਣ ਤੋਂ ਬਾਅਦ ਉਨ੍ਹਾਂ ਨੂੰ ਘਰ ਭੇਜ ਦਿੱਤਾ ਗਿਆ। ਇਸ ਤੋਂ ਬਾਅਦ 15 ਦਿਨਾਂ ਲਈ ਐਸਐਸਪੀ ਦਫ਼ਤਰ ਵਿੱਚ ਹਾਜ਼ਰੀ ਲਗਾ ਦਿੱਤੀ ਗਈ।

ਧੋਖਾਧੜੀ ਦਾ ਉਦੋਂ ਪਤਾ ਲੱਗਾ ਜਦੋਂ ਦੋ ਮਹੀਨੇ ਬਾਅਦ ਵੀ ਤਨਖਾਹ ਨਹੀਂ ਮਿਲੀ। ਜਦੋਂ ਉਸ ਨੇ ਮੁਲਜ਼ਮਾਂ ਨਾਲ ਗੱਲ ਕੀਤੀ ਤਾਂ ਉਹ ਹੱਥੋਪਾਈ ਕਰਨ ਲੱਗੇ। ਜਿਸ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਖੁਦ ਪਤਾ ਲੱਗਾ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਠੱਗੀ ਦਾ ਸ਼ਿਕਾਰ ਹੋ ਗਏ ਹਨ।

ਬਾਅਦ ਵਿੱਚ ਉਸ ਨੇ ਇਸ ਦੀ ਸ਼ਿਕਾਇਤ ਉੱਚ ਪੁਲਿਸ ਅਧਿਕਾਰੀਆਂ ਨੂੰ ਕੀਤੀ। ਜਿੱਥੋਂ ਕੈਂਟ ਥਾਣੇ ਨੂੰ ਸ਼ਿਕਾਇਤ ਭੇਜੀ ਗਈ ਅਤੇ ਕਰੀਬ ਤਿੰਨ ਸਾਲ ਦੀ ਜਾਂਚ ਤੋਂ ਬਾਅਦ ਪੁਲਿਸ ਨੇ ਅਮਿਤ ਕੁਮਾਰ ਅਤੇ ਬਲਵਿੰਦਰ ਕੁਮਾਰ ਖਿਲਾਫ ਮਾਮਲਾ ਦਰਜ ਕਰ ਲਿਆ।

## ਮਟੌਰ ਦੇ ਥਾਣੇਦਾਰ ਗੱਬਰ ਸਿੰਘ 'ਤੇ ਗੋਲੀਆਂ ਚੱਲੀਆਂ

### ✪ ਬੁਲੇਟ ਪਰੂਫ ਗੱਡੀ ਕਾਰਨ ਹੋਇਆ ਬਚਾਅ ✪ ਗੈਂਗਸਟਰਾਂ ਤੋਂ ਧਮਕੀਆਂ ਮਿਲਣ ਕਾਰਨ ਪੁਲੀਸ ਵੱਲੋਂ ਦਿੱਤੀ ਗਈ ਸੀ ਬੁਲੇਟ ਪਰੂਫ਼ ਗੱਡੀ




ਰੂਪਨਗਰ-ਮੁਹਾਲੀ ਦੇ ਮਟੌਰ ਐੱਸਐੱਚਓ ਗੱਬਰ ਸਿੰਘ ਰਾਤ ਨੂੰ, ਜਦੋਂ ਰੂਪਨਗਰ ਜ਼ਿਲ੍ਹੇ ਦੇ ਕੁਰਾਲੀ-ਮੋਰਿੰਡਾ ਰੋਡ 'ਤੇ ਪਿੰਡ ਧਿਆਨਪੁਰਾ ਨੇੜੇ ਆਪਣੀ ਸਕਾਰਪੀਓ ਵਿੱਚ ਸਵਾਰ ਹੋ ਕੇ ਜਾ ਰਹੇ ਸਨ ਤਾਂ ਕੁਝ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿਚ ਉਹ ਵਾਲ-ਵਾਲ ਬਚ ਗਏ। ਐੱਸਐੱਚਓ ਦੀ ਜਾਨ ਨੂੰ ਖ਼ਤਰਾ ਹੋਣ ਕਾਰਨ ਉਨ੍ਹਾਂ ਨੂੰ ਬੁਲੇਟ ਪਰੂਫ਼ ਗੱਡੀ ਮੁਹੱਈਆ ਕਰਵਾਈ ਗਈ ਹੈ। ਥਾਣਾ ਭਗਵੰਤਪੁਰਾ ਵਿਖੇ ਮਾਮਲਾ ਦਰਜ ਕਰ ਲਿਆ ਗਿਆ। ਗੱਬਰ ਸਿੰਘ ਨੂੰ ਗੈਂਗਸਟਰਾਂ ਸਮੇਤ ਅਪਰਾਧੀਆਂ ਤੋਂ ਧਮਕੀਆਂ ਮਿਲ ਰਹੀਆਂ ਹਨ, ਜਿਸ ਕਾਰਨ ਪੰਜਾਬ ਪੁਲੀਸ ਵੱਲੋਂ ਉਨ੍ਹਾਂ ਨੂੰ ਬੁਲੇਟ ਪਰੂਫ਼ ਗੱਡੀ ਦਿੱਤੀ ਗਈ ਸੀ।

# ਕੇਸ ਵਾਪਸ ਨਾ ਲੈਣ 'ਤੇ ਗੁਸੇ ਵਿਚ ਆਇਆ ਪਤੀ

### ✪ ਦਫਤਰ ਦੇ ਬਾਥਰੂਮ ਤੇ ਕੰਧਾਂ ਉੱਪਰ ਆਪਣੀ ਪਤਨੀ ਦੀਆਂ ਫੋਟੋਆਂ ਲਗਾ ਕੇ ਮੋਬਾਈਲ ਨੰਬਰ ਲਿਖਕੇ ਬਦਨਾਮ ਕੀਤਾ ✪ ਪੁਲਿਸ ਨੇ ਪਤੀ ਦੇ ਖਿਲਾਫ ਮੁਕਦਮਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ

ਲੁਧਿਆਣਾ-ਲੁਧਿਆਣਾ ਦੇ ਇੱਕ ਸੇਵਾ ਕੇਂਦਰ ਵਿੱਚ ਕੰਮ ਕਰਨ ਵਾਲੀ ਔਰਤ ਨੂੰ ਬਦਨਾਮ ਕਰਨ ਲਈ ਉਸਦੇ ਪਤੀ ਨੇ ਉਸਦੇ ਦਫਤਰ ਅਤੇ ਦਫਤਰ ਦੇ ਬਾਥਰੂਮ ਦੀਆਂ ਕੰਧਾਂ ਤੇ ਪੋਸਟਰ ਟਾਈਪ ਪਰਚੇ ਚਿਪਕਾ ਦਿੱਤੇ। ਮੁਲਜਮ ਨੇ ਪਰਚਿਆਂ ਉੱਪਰ ਆਪਣੀ ਪਤਨੀ ਦੀਆਂ ਤਸਵੀਰਾਂ ਲਗਾਈਆਂ ਅਤੇ ਮੋਬਾਈਲ ਨੰਬਰ ਲਿਖ ਦਿੱਤਾ।



ਇਸ ਮਾਮਲੇ ਵਿੱਚ ਥਾਣਾ ਡਿਵੀਜ਼ਨ ਨੰਬਰ 2 ਦੀ ਪੁਲਿਸ ਨੇ ਬਸਤੀ ਜੋਧੇਵਾਲ ਦੇ ਇੱਕ ਇਲਾਕੇ ਦੀ ਰਹਿਣ ਵਾਲੀ ਔਰਤ ਦੀ ਸ਼ਿਕਾਇਤ ਤੇ ਉਸਦੇ ਪਤੀ ਪਠਾਨਕੋਟ ਦੇ ਸਰਨਾ ਇਲਾਕੇ ਦੇ ਰਹਿਣ ਵਾਲੇ ਸੰਗੀਤ ਮਹੋਤਰਾ ਦੇ ਖਿਲਾਫ ਮੁਕਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਡਿਵੀਜ਼ਨ ਨੰਬਰ ਦੋ ਦੀ ਪੁਲਿਸ ਨੂੰ ਜਾਣਕਾਰੀ ਦਿੰਦਿਆਂ ਔਰਤ ਨੇ ਦੱਸਿਆ ਕਿ ਉਹ ਸੇਵਾ ਕੇਂਦਰ ਵਿੱਚ ਬਤੌਰ ਕੰਪਿਊਟਰ ਆਪਰੇਟਰ ਨੌਕਰੀ ਕਰਦੀ ਹੈ। ਉਸਦੇ ਪਤੀ ਸੰਗੀਤ ਮਹੋਤਰਾ ਨਾਲ ਤਲਾਕ ਦਾ ਕੇਸ ਚੱਲ ਰਿਹਾ ਹੈ। ਮੁਲਜਮ ਔਰਤ ਤੇ ਕੇਸ ਵਾਪਸ ਲੈਣ ਦਾ ਦਬਾਅ ਬਣਾ ਰਿਹਾ ਸੀ। ਔਰਤ ਨੇ ਦੱਸਿਆ ਕਿ ਸਵੇਰ ਵੇਲੇ ਜਦੋਂ ਉਹ ਡਿਊਟੀ ਤੇ ਜਾ ਰਹੀ ਸੀ ਤਾਂ ਸਿਵਲ ਹਸਪਤਾਲ ਦੇ ਸਾਹਮਣੇ ਚਾਹ ਵਾਲੀ ਦੁਕਾਨ ਤੇ ਬੈਠੇ ਉਸਦੇ ਪਤੀ ਨੇ ਉਸਨੂੰ ਰੋਕ ਲਿਆ। ਮੁਲਜਮ ਔਰਤ ਨੂੰ ਕੇਸ ਵਾਪਸ ਲੈਣ ਦੀ ਗੱਲ ਆਖ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਨ ਲੱਗ ਪਿਆ। ਮੁਲਜਮ ਨੇ ਔਰਤ ਨੂੰ ਧਮਕੀਆਂ ਦਿੱਤੀਆਂ ਅਤੇ ਮੌਕੇ ਤੋਂ ਫਰਾਰ ਹੋ ਗਿਆ। ਅਗਲੇ ਦਿਨ ਜਦ ਸ਼ਿਕਾਇਤਕਰਤਾ ਦੇ ਪਿਤਾ ਉਸਨੂੰ ਦਫ਼ਤਰ ਵਿੱਚ ਛੱਡਣ ਲਈ ਆਏ ਤਾਂ ਪਤਾ ਲੱਗਾ ਕਿ ਔਰਤ ਦੇ ਦਫਤਰ ਦੇ ਸ਼ੀਸ਼ਿਆਂ, ਕੰਧਾਂ ਅਤੇ ਬਾਥਰੂਮ ਵਿੱਚ ਪੋਸਟਰ ਟਾਈਪ ਪਰਚੇ ਲੱਗੇ ਹੋਏ ਸਨ।

ਮੁਲਜਮ ਨੇ ਆਪਣੀ ਪਤਨੀ ਦੀਆਂ ਤਸਵੀਰਾਂ ਥੱਲੇ ਉਸਦਾ ਮੋਬਾਇਲ ਨੰਬਰ ਲਿਖ ਕੇ ਉਸਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਵਿੱਚ ਪੜਤਾਲ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ ਦੋ ਦੀ ਪੁਲਿਸ ਨੇ ਸੰਗੀਤ ਮਹੋਤਰਾ ਦੇ ਖਿਲਾਫ ਮੁਕਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਨੂੰ ਦੁਕਾਨ ਵਿਚ ਵੜਕੇ ਕੀਤਾ ਕਤਲ



ਨੰਗਲ-ਵਿਸ਼ਵ ਹਿੰਦੂ ਪ੍ਰੀਸ਼ਦ ਨੰਗਲ ਦਾ ਕਰੀਬ ਤਿੰਨ ਮਹੀਨੇ ਪਹਿਲਾਂ ਨਿਯੁਕਤ ਪ੍ਰਧਾਨ ਵਿਕਾਸ ਪ੍ਰਭਾਕਰ ਆਪਣੀ ਮਿਠਾਈ ਦੀ ਦੁਕਾਨ ਦੇ ਅੰਦਰ ਖੂਨ ਨਾਲ ਲੱਥਪੱਥ ਹਾਲਤ ਵਿੱਚ ਮਿਲਿਆ।

ਉਸ 'ਤੇ ਸਿਰ ਦੇ ਪਿਛਲੇ ਪਾਸੇ ਤੇਜ਼ਧਾਰ ਹਥਿਆਰ ਨਾਲ ਵਾਰ ਕੀਤਾ ਗਿਆ। ਉਸ ਦੇ ਨਾਲ ਮੌਜੂਦ ਦੁਕਾਨ ਮਾਲਕ ਨੇ ਤੁਰੰਤ ਉਸ ਨੂੰ ਜ਼ਖਮੀ ਹਾਲਤ ਵਿਚ ਸਿਵਲ ਹਸਪਤਾਲ ਨੰਗਲ ਪਹੁੰਚਾਇਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

ਪੁਲਸ ਨੇ ਤੁਰੰਤ ਹਰਕਤ 'ਚ ਆ ਕੇ ਜਾਂਚ ਸ਼ੁਰੂ ਕਰ ਦਿੱਤੀ ਪਰ ਅਜੇ ਤੱਕ ਕੋਈ ਸੁਰਾਗ ਨਹੀਂ ਲੱਗਾ ਹੈ। ਮੁੱਢਲੀ ਜਾਂਚ ਦੌਰਾਨ ਸੀਸੀਟੀਵੀ ਫੁਟੇਜ ਵਿੱਚ ਸਾਹਮਣੇ ਆਇਆ ਕਿ ਕਾਲੇ ਰੰਗ ਦੀ ਜੁਪੀਟਰ ਬਾਈਕ 'ਤੇ ਦੋ ਨੌਜਵਾਨ ਵਿਕਾਸ ਪ੍ਰਭਾਕਰ ਦੀ ਦੁਕਾਨ 'ਤੇ ਰੁਕੇ ਸਨ ਅਤੇ ਕੁਝ ਦੇਰ ਬਾਅਦ ਉਥੋਂ ਚਲੇ ਗਏ।

ਇਸ ਤੋਂ ਬਾਅਦ ਹੀ ਜਦੋਂ ਆਟੋ ਮਕੈਨਿਕ ਮਨੀਸ਼ ਕੁਮਾਰ ਸਾਮਾਨ ਲੈਣ ਲਈ ਵਿਕਾਸ ਪ੍ਰਭਾਕਰ ਦੀ ਦੁਕਾਨ 'ਤੇ ਗਿਆ ਤਾਂ ਦੇਖਿਆ ਕਿ ਉਹ ਖੂਨ ਨਾਲ ਲੱਥਪੱਥ ਹਾਲਤ ਵਿਚ ਪਿਆ ਸੀ।

# ਕੇਜਰੀਵਾਲ ਦੀ ਗ੍ਰਿਫਤਾਰੀ ਬਾਅਦ 'ਆਪ' ਦੇ ਰਾਜ ਸਭਾ ਮੈਂਬਰਾਂ ਨੇ ਕਬਰਾਂ ਵਰਗੀ ਚੁੱਪ ਧਾਰੀ

ਵਿਸ਼ੇਸ਼ ਰਿਪੋਟ

## ✪ ਰਾਘਵ ਚੱਢਾ ਅੱਖਾਂ ਦੇ ਅਪਰੇਸ਼ਨ ਲਈ ਯੂਕੇ ਵਿਚ, ਬੁਧੀਜੀਵੀਆਂ ਦਾ ਸ਼ੱਕ ਚੱਢਾ ਜਾ ਸਕਦੇ ਨੇ ਭਾਜਪਾ ਵਿਚ ✪ ਰਾਜ ਸਭਾ ਮੈਂਬਰਾਂ ਕੋਲ ਧਰਨਿਆਂ ਵਿਚ ਸ਼ਾਮਿਲ ਹੋਣ ਦਾ ਸਮਾਂ ਨਹੀਂ

ਬੀਤੇ ਦਿਨੀਂ ਆਪ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਦੀ ਗ੍ਰਿਫਤਾਰੀ ਬਾਅਦ ਆਪ ਦੇ ਇਕਲੌਤੇ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਚੁਕੇ ਹਨ ਅਤੇ ਜਲੰਧਰ ਤੋਂ ਭਾਜਪਾ ਦੀ ਟਿਕਟ 'ਤੇ ਚੋਣ ਲੜਨਗੇ। ਪਰ ਸਵਾਲ ਇਹ ਹੈ ਕਿ ਪਾਰਟੀ ਦੇ 10 ਰਾਜ ਸਭਾ ਮੈਂਬਰ ਕਿੱਥੇ ਗਏ ਹਨ ਤੇ ਉਹ ਇਨ੍ਹਾਂ ਮਾਮਲਿਆਂ ਬਾਰੇ ਕਬਰਾਂ ਵਰਗੀ ਚੁਪ ਧਾਰੀ ਬੈਠੇ ਹਨ ? ਪਾਰਟੀ ਵੱਲੋਂ ਰੋਜ਼ ਐਵੇਨਿਊ ਕੋਰਟ ਤੋਂ ਲੈ ਕੇ ਤਿਹਾੜ ਜੇਲ੍ਹ, ਹਾਈ ਕੋਰਟ ਅਤੇ ਸੁਪਰੀਮ ਕੋਰਟ ਤੱਕ ਰੋਜ਼ਾਨਾ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਪਾਰਟੀ ਆਗੂਆਂ ਤੇ ਵਰਕਰਾਂ ਦਾ ਇਕੱਠ ਹੁੰਦਾ ਹੈ ਪਰ ਪਾਰਟੀ ਦੇ ਜ਼ਿਆਦਾਤਰ ਰਾਜ ਸਭਾ ਮੈਂਬਰ ਕਿਤੇ ਨਜ਼ਰ ਨਹੀਂ ਆਉਂਦੇ।

ਇਥੇ ਜ਼ਿਕਰਯੋਗ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ 21 ਮਾਰਚ ਨੂੰ ਦਿੱਲੀ ਦੀ ਆਬਕਾਰੀ ਨੀਤੀ ਵਿੱਚ ਕਥਿਤ ਘਪਲੇ ਨਾਲ ਜੁੜੇ ਇੱਕ ਕੇਸ ਵਿੱਚ ਗ੍ਰਿਫਤਾਰ ਕੀਤਾ ਸੀ।ਗ੍ਰਿਫਤਾਰੀ ਤੋਂ ਬਾਅਦ ਤੋਂ ਹੀ ਆਮ ਆਦਮੀ ਪਾਰਟੀ ਦੇ ਸਮਰਥਕ ਅਤੇ ਵਰਕਰ ਸੜਕਾਂ 'ਤੇ ਹਨ। ਆਤਿਸ਼ੀ, ਸੌਰਭ ਭਾਰਦਵਾਜ, ਸੰਦੀਪ ਪਾਠਕ, ਗੋਪਾਲ ਰਾਏ ਤੇ ਹੋਰ ਆਗੂ ਪਾਰਟੀ ਨਾਲ ਜੁੜੇ ਹਰ ਛੋਟੇ-ਵੱਡੇ ਮਾਮਲੇ ਨੂੰ ਮੀਡੀਆ ਦੇ ਸਾਹਮਣੇ ਪਾਰਟੀ ਨਾਲ ਜੁੜੀ ਹਰ ਛੋਟੀ-ਛੋਟੀ ਗੱਲ ਪੇਸ਼ ਕਰਦੇ ਨਜ਼ਰ ਆ ਰਹੇ ਹਨ। ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਵੀ ਹੁਣ ਸਾਹਮਣੇ ਹਨ।

ਇਸ ਦੇ ਉਲਟ ਹੁਣੇ ਜਿਹੇ ਜਦੋਂ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਦੇ ਖਿਲਾਫ ਪ੍ਰਦਰਸ਼ਨ ਕੀਤਾ ਤਾਂ ਪਾਰਟੀ ਦੇ ਕਰੀਬ 10 ਰਾਜ ਸਭਾ ਸੰਸਦ ਮੈਂਬਰਾਂ ਨੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਕਿਉਂਕਿ ਲਗਭਗ ਸਾਰੇ ਲੋਕ ਸਭਾ ਮੈਂਬਰ ਚੋਣ ਲੜ ਰਹੇ ਹਨ, ਇਸ ਲਈ ਵਿਰੋਧ ਦੀ ਜ਼ਿੰਮੇਵਾਰੀ ਰਾਜ ਸਭਾ ਦੇ ਸੰਸਦ ਮੈਂਬਰਾਂ ਨੇ ਲਈ ਸੀ। ਡੇਰੇਕ



ਓ'ਬ੍ਰਾਇਨ ਤੋਂ ਲੈ ਕੇ ਡੋਲਾ ਸੇਨ ਤੱਕ ਅਤੇ ਹਾਲ ਹੀ ਵਿਚ ਚੁਣੀ ਗਈ ਸੰਸਦ ਮੈਂਬਰ ਸਾਗਰਿਕਾ ਘੋਸ਼ ਨੇ ਧੁੱਪ 'ਵਿਚ ਧਰਨਾ ਲਾਕੇ ਬੈਠੀ ਤੇ ਉਸਦੀ ਪੁਲਸ ਨਾਲ ਝੜਪ ਵੀ ਹੋਈ ਸੀ।

ਸੰਜੇ ਸਿੰਘ ਜੇਲ ਤੋਂ ਰਿਹਾਅ ਹੋਣ ਤੋਂ ਬਾਅਦ ਕੁਝ ਕੁ ਆਪ ਪਾਰਟੀ ਵੱਲੋਂ ਕੀਤੇ ਜਾ ਰਹੇ ਧਰਨਿਆਂ ਵਿੱਚ ਕੁਝ ਕੁ ਰਾਜ ਸਭਾ ਮੈਂਬਰ ਵੀ ਸ਼ਾਮਲ ਹੋ ਰਹੇ ਹਨ, ਪਰ ਦਿੱਲੀ ਦੇ ਬਾਕੀ ਦੋ ਰਾਜ ਸਭਾ ਸੰਸਦ ਮੈਂਬਰਾਂ ਦਾ ਪਤਾ ਨਹੀਂ ਹੈ। ਐਨਡੀ ਗੁਪਤਾ ਪਾਰਟੀ ਦੇ ਖਜ਼ਾਨਚੀ ਹਨ ਅਤੇ ਉਨ੍ਹਾਂ ਨੂੰ ਦੂਜੀ ਵਾਰ ਰਾਜ ਸਭਾ ਭੇਜਿਆ ਗਿਆ ਹੈ ਪਰ ਉਹ ਧਰਨਿਆਂ ਵਿਚੋਂ ਗਾਇਬ ਹਨ। ਨਵੀਂ ਦਿੱਲੀ ਤੋਂ ਰਾਜ ਸਭਾ ਮੈਂਬਰ ਬਣੀ ਦਿੱਲੀ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰਪਰਸਨ ਸਵਾਤੀ ਮਾਲੀਵਾਲ ਅਮਰੀਕਾ ਵਿੱਚ ਹੈ। ਉਸ ਦਾ ਕਹਿਣਾ ਸੀ ਕਿ ਉਹ ਆਪਣੀ ਭੈਣ ਦਾ ਇਲਾਜ ਕਰਵਾ ਰਹੀ ਹੈ।

ਕ੍ਰਿਕਟਰ ਹਰਭਜਨ ਸਿੰਘ ਨੂੰ ਵੀ ਕੇਜਰੀਵਾਲ ਨੇ ਰਾਜ ਸਭਾ ਭੇਜਿਆ ਹੈ ਪਰ ਉਨ੍ਹਾਂ ਨੇ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਨਾ ਤਾਂ ਕੋਈ ਬਿਆਨ ਦਿੱਤਾ ਹੈ ਅਤੇ ਨਾ ਹੀ ਕਿਸੇ ਪ੍ਰਦਰਸ਼ਨ ਵਿਚ ਹਿੱਸਾ ਲਿਆ। ਕੇਜਰੀਵਾਲ ਨੇ ਪੰਜਾਬ ਦੀ ਇੱਕ ਯੂਨੀਵਰਸਿਟੀ ਦੇ ਮੁਖੀ ਨੂੰ ਵੀ ਰਾਜ ਸਭਾ ਵਿੱਚ ਭੇਜਿਆ ਹੈ ਪਰ ਉਸ ਕੋਲ ਵੀ ਧਰਨਿਆਂ ਵਿਚ ਸ਼ਾਮਿਲ ਹੋਣ ਦਾ ਸਮਾਂ ਨਹੀਂ ਹੈ।

> **ਕੌਣ ਜਾਣਦਾ ਹੈ ਕਿ ਹੁਣ ਜੇਲ੍ਹ ਵਿੱਚ ਬੈਠਾ ਕੇਜਰੀਵਾਲ ਸ਼ਾਇਦ ਪਛਤਾ ਰਿਹਾ ਹੋਵੇਗਾ ਕਿ ਉਸ ਨੇ ਸਿਆਸੀ ਲੋਕਾਂ ਜਾਂ ਪਾਰਟੀ ਦੇ ਪੁਰਾਣੇ ਆਗੂਆਂ ਜਾਂ ਵਰਕਰਾਂ ਨੂੰ ਰਾਜ ਸਭਾ ਵਿੱਚ ਕਿਉਂ ਨਹੀਂ ਭੇਜਿਆ। ਜੇਕਰ ਕੋਈ ਸਿਆਸੀ ਲੋਕ ਹੁੰਦੇ ਤਾਂ ਉਸ ਦੀ ਹਮਾਇਤ ਵਿਚ ਸੜਕਾਂ 'ਤੇ ਜ਼ਰੂਰ ਉਤਰਦੇ। ਪਰ ਉਸ ਦੇ ਚੁਣੇ ਰਾਜ ਸਭਾ ਦੇ ਮੈਂਬਰ ਧੋਖਾ ਦੇ ਗਏ।**

ਇਸ ਸਭ ਦੇ ਵਿਚਕਾਰ, ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ, ਜੋ ਅਕਸਰ ਮੁੱਖ ਮੰਤਰੀ ਕੇਜਰੀਵਾਲ ਦੇ ਨਾਲ ਨਜ਼ਰ ਆਉਂਦੇ ਹਨ, ਇਸ ਪੂਰੇ ਘਟਨਾਕ੍ਰਮ ਵਿੱਚ ਜ਼ਿਆਦਾ ਬੋਲਦੇ ਨਜ਼ਰ ਨਹੀਂ ਆ ਰਹੇ ਹਨ। ਸਿਰਫ ਇਕ ਟਵੀਟ ਨਾਲ ਸਾਰ ਦਿਤਾ। ਉਨ੍ਹਾਂ ਦੀ ਗੈਰਹਾਜ਼ਰੀ ਲੋਕਾਂ ਦੇ ਮਨਾਂ ਵਿਚ ਸ਼ੰਕੇ ਪੈਦਾ ਕਰ ਰਹੀ ਹੈ। ਆਪ ਪਾਰਟੀ ਦੇ ਕੌਮੀ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਦੱਸਿਆ, "ਉਹ ਅੱਖਾਂ ਦੇ ਅਪਰੇਸ਼ਨ ਕਰਕੇ ਯੂਕੇ ਗਏ ਹੋਏ ਹਨ, ਉਨ੍ਹਾਂ ਦੀ ਅੱਖ ਦੇ ਰੈਟੀਨਾ ਵਿੱਚ ਛੇਕ ਹੈ।" ਰਾਘਵ ਚੱਢਾ ਦੇ ਵਾਪਸ ਪਰਤਣ ਜਾਂ ਲੰਬੇ ਸਮੇਂ ਤੱਕ ਰਹਿਣ ਬਾਰੇ ਉਨ੍ਹਾਂ ਨੇ ਕਿਹਾ ਕਿ ਉਹ ਇਸ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਦੇ ਸਕਦੇ। ਹਾਲਾਂਕਿ ਰਾਘਵ ਚੱਢਾ ਨੇ 9 ਮਾਰਚ ਨੂੰ ਲੰਡਨ ਸਕੂਲ ਆਫ ਇਕਨਾਮਿਕਸ ਦੇ ਲੰਡਨ ਇੰਡੀਅਨ ਫੋਰਮ ਵਿੱਚ ਵੀ ਸੰਬੋਧਨ ਕੀਤਾ ਸੀ। ਰਾਘਵ ਚੱਢਾ ਨੇ ਖੁਦ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਸੀ। ਪਰ ਸ਼ੋਸ਼ਲ ਮੀਡੀਆ ਉਪਰ ਲੋਕ ਪੁਛਦੇ ਹਨ ਕਿ ਰਾਘਵ ਚੱਢਾ ਨੇ ਕੇਜਰੀਵਾਲ ਦੀ ਗ੍ਰਿਫਤਾਰੀ ਬਾਰੇ ਬਿਆਨ ਕਿਉਂ ਨਹੀਂ ਜਾਰੀ ਕੀਤਾ। ਕੀ ਉਹ ਮੋਦੀ ਸਰਕਾਰ ਤੋਂ ਡਰ ਗਏ ਹਨ ? ਕੁਝ ਲੋਕ ਸੋਸ਼ਲ ਮੀਡੀਆ ਯੂਜ਼ਰ ਕਹਿ ਰਹੇ ਹਨ ਕਿ ਪਾਰਟੀ ਵਿੱਚ ਸੰਕਟ ਦੇ ਇਸ ਸਮੇਂ ਵਿੱਚ ਰਾਘਵ ਚੱਢਾ ਦੂਰੀ ਬਣਾ ਰਹੇ ਹਨ। ਕੁਝ ਯੂਜ਼ਰਸ ਉਨ੍ਹਾਂ ਦੇ ਬੀਜੇਪੀ ਵਿੱਚ ਸ਼ਾਮਲ ਹੋਣ ਬਾਰੇ ਵੀ ਕਿਆਸ ਲਗਾ ਰਹੇ ਹਨ।

ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਡਾ: ਆਸ਼ੂਤੋਸ਼ ਕੁਮਾਰ ਵੀ ਇਸ ਗੱਲ ਨੂੰ ਆਮ ਨਹੀਂ ਸਮਝਦੇ ।ਉਹ ਰਾਘਵ ਚੱਢਾ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀਆਂ ਅਟਕਲਾਂ ਨੂੰ ਵੀ ਗਲਤ ਨਹੀਂ ਮੰਨਦੇ। ਪ੍ਰੋਫੈਸਰ ਆਸ਼ੂਤੋਸ਼ ਕਹਿੰਦੇ ਹਨ, "ਇਹ ਬਿਲਕੁੱਲ ਸੰਭਵ ਹੈ। ਪੰਜਾਬ ਵਿੱਚ ਭਾਜਪਾ ਦਾ ਕੋਈ ਪ੍ਰਭਾਵਸ਼ਾਲੀ ਆਗੂ ਨਹੀਂ ਹੈ। ਰਾਘਵ ਚੱਢਾ ਨੌਜਵਾਨ ਹਨ, ਉਹ ਨਾ ਸਿਰਫ਼ ਆਪਣੀ ਗੱਲ ਨੂੰ ਚੰਗੀ ਤਰ੍ਹਾਂ ਤਿਆਰ ਕਰਦੇ ਹਨ, ਸਗੋਂ ਲੋਕਾਂ ਵਿੱਚ ਵੀ ਚੰਗੀ ਪਹੁੰਚ ਰੱਖਦੇ ਹਨ। ਭਾਜਪਾ ਵੈਸੇ ਵੀ ਇਸ ਤਰ੍ਹਾਂ ਦੇ ਆਗੂਆਂ ਦੀ ਭਾਲ ਕਰ ਰਹੀ ਹੈ। ਬੀਜੇਪੀ ਦਾ ਫੋਕਸ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਹਨ। ਇਸ ਤੋਂ ਉੱਪਰ ਰਾਘਵ ਚੱਢਾ ਖੱਤਰੀ ਭਾਈਚਾਰੇ ਤੋਂ ਆਉਂਦੇ ਹਨ ਜੋ ਪ੍ਰਭਾਵਸ਼ਾਲੀ ਮੰਨੇ ਜਾਂਦੇ ਹਨ ਅਤੇ ਇੱਕ ਸ਼ਹਿਰੀ ਵੋਟਰ ਹਨ। ਭਾਜਪਾ ਦੇ ਵੋਟਰ ਵੀ ਇਸ ਵਰਗ ਨਾਲ ਸਬੰਧਤ ਹਨ। ਰਾਘਵ ਭਾਜਪਾ ਬਹੁਤ ਲਾਹੇਵੰਦ ਸਾਬਤ ਹੋ ਸਕਦੇ ਹਨ।"

ਸੀਨੀਅਰ ਵਕੀਲ ਅਤੇ ਸਾਬਕਾ ਕਾਂਗਰਸੀ ਨੇਤਾ ਕਪਿਲ ਸਿੱਬਲ ਕਿਹਾ ਕਿ "ਗ੍ਰਿਫਤਾਰ ਹੋਣ ਵਾਲਿਆਂ ਵਿੱਚ ਅਗਲਾ ਨੰਬਰ ਰਾਘਵ ਚੱਢਾ ਦਾ ਹੈ। ਕੇ ਕਵਿਤਾ ਅਤੇ ਅਰਵਿੰਦ ਕੇਜਰੀਵਾਲ ਬਾਅਦ ਹੁਣ ਮੋਦੀ ਸਰਕਾਰ ਦਾ ਅਗਲਾ ਨਿਸ਼ਾਨਾ ਰਾਘਵ ਚੱਢਾ ਹੋਣਗੇ। ਇਸ ਤੋਂ ਬਾਅਦ ਹੋਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਜੋ ਇਸ ਦੇਸ ਦੀਆਂ ਚੋਣਾਂ ਵਿੱਚ ਮੁੱਖ ਖਿਡਾਰੀ ਹਨ।"

ਜਾਣਕਾਰੀ ਮੁਤਾਬਕ ਚੱਢਾ ਦੀ ਸ਼ੁਰੂਆਤ ਦੌਰਾਨ ਸਰਕਾਰ ਵਿਚ ਕਾਫੀ ਦਖਲਅੰਦਾਜ਼ੀ ਸੀ। ਹੌਲੀ-ਹੌਲੀ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਸ਼ਾਸਨਿਕ ਕੰਮ ਆਪਣੇ ਹੱਥਾਂ ਵਿਚ ਲੈਣਾ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਜਿਵੇਂ-ਜਿਵੇਂ ਮਜ਼ਬੂਤ ਹੋਣ ਲੱਗੇ, ਚੱਢਾ ਦਾ ਦਖ਼ਲ ਵੀ ਘਟਣ ਲੱਗਾ। ਚੱਢਾ ਦੀਆਂ ਸਰਗਰਮੀਆਂ ਵੀ ਪਿਛਲੇ ਛੇ ਮਹੀਨਿਆਂ ਤੋਂ ਪੰਜਾਬ 'ਚ ਨਾ-ਮਾਤਰ ਹੀ ਸਨ। ਪਰ ਹੁਣ ਕੇਜਰੀਵਾਲ ਦੀ ਗ੍ਰਿਫਤਾਰੀ ਬਾਅਦ ਸੰਜੇ ਸਿੰਘ ਨੇ ਆਪ ਪਾਰਟੀ ਦੀ ਕਮਾਂਡ ਸੰਭਾਲੀ ਹੋਈ ਹੈ ਤੇ ਭਗਵੰਤ ਮਾਨ ਵੀ ਸੰਜੇ ਸਿੰਘ ਦੇ ਸੰਪਰਕ ਵਿਚ ਹਨ।

## ਆਪ ਪਾਰਟੀ ਦੇ ਸੰਘਰਸ਼ ਤੋਂ ਗਾਇਬ ਹੋਏ ਆਪ ਪਾਰਟੀ ਵਿੱਚ ਰਾਘਵ ਚੱਢਾ ਦਾ ਯੋਗਦਾਨ

ਸਾਲ 2013 ਵਿੱਚ, ਜਦੋਂ ਅੰਨਾ ਹਜ਼ਾਰੇ ਦਾ ਇੰਡੀਆ ਅਗੇਂਸਟ ਕਰੱਪਸ਼ਨ ਅੰਦੋਲਨ ਆਪਣੇ ਆਖਰੀ ਪੜਾਅ ਵਿੱਚ ਸੀ, ਰਾਘਵ ਚੱਢਾ ਦੀ ਮੁਲਾਕਾਤ ਅਰਵਿੰਦ ਕੇਜਰੀਵਾਲ ਨਾਲ ਹੋਈ। ਪੇਸ਼ੇ ਤੋਂ ਚਾਰਟਰਡ ਅਕਾਊਂਟੈਂਟ ਰਾਘਵ ਚੱਢਾ ਉਸ ਸਮੇਂ ਲੰਡਨ ਸਕੂਲ ਆਫ ਇਕਨਾਮਿਕਸ ਤੋਂ ਪੜ੍ਹ ਕੇ ਭਾਰਤ ਪਰਤੇ ਸੀ।ਡੇਲੀ ਓ ਦੀ ਇੱਕ ਰਿਪੋਰਟ ਦੇ ਅਨੁਸਾਰ, ਪਾਰਟੀ ਵਿੱਚ ਰਾਘਵ ਚੱਢਾ ਦਾ ਪਹਿਲਾ ਕੰਮ ਐਡਵੋਕੇਟ ਰਾਹੁਲ ਮਹਿਰਾ ਦੀ ਸਹਾਇਤਾ ਕਰਨਾ ਸੀ, ਜਿਸ ਨੇ ਦਿੱਲੀ ਜਨਲੋਕਪਾਲ ਬਿੱਲ ਦਾ ਖਰੜਾ ਤਿਆਰ ਕੀਤਾ ਸੀ। ਇਹ ਜ਼ਿੰਮੇਵਾਰੀ ਉਨ੍ਹਾਂ ਨੂੰ ਅਰਵਿੰਦ ਕੇਜਰੀਵਾਲ ਨੇ ਸੌਂਪੀ ਸੀ।

ਰਾਘਵ ਚੱਢਾ ਪਾਰਟੀ ਦੇ ਸਭ ਤੋਂ ਨੌਜਵਾਨ ਬੁਲਾਰੇ ਬਣ ਗਏ ਅਤੇ ਥੋੜ੍ਹੇ ਸਮੇਂ ਵਿੱਚ ਹੀ ਰਾਘਵ ਚੱਢਾ ਟੈਲੀਵਿਜ਼ਨ ਉੱਤੇ ਆਮ ਆਦਮੀ ਪਾਰਟੀ ਦਾ ਚਿਹਰਾ ਬਣ ਚੁੱਕੇ ਸਨ। ਆਮ ਆਦਮੀ ਪਾਰਟੀ ਦੀ ਵੈੱਬਸਾਈਟ ਉੱਤੇ ਦਿੱਤੀ ਗਈ ਜਾਣਕਾਰੀ ਮੁਤਾਬਕ ਰਾਘਵ ਸਾਲ 2013 ਵਿੱਚ ਆਮ ਆਦਮੀ ਪਾਰਟੀ ਦਾ ਮੈਨੀਫੈਸਟੋ ਬਣਾਉਣ ਵਾਲੀ ਟੀਮ ਦੇ ਮੈਂਬਰ ਸੀ। ਕੁਝ ਸਮੇਂ ਲਈ ਉਨ੍ਹਾਂ ਨੂੰ ਪਾਰਟੀ ਦਾ ਖਜ਼ਾਨਚੀ ਵੀ ਬਣਾਇਆ ਗਿਆ। ਰਾਘਵ ਚੱਢਾ, ਜੋ ਇੱਕ ਦਹਾਕਾ ਪਹਿਲਾਂ ਅਰਵਿੰਦ ਕੇਜਰੀਵਾਲ ਦੀ ਟੀਮ ਵਿੱਚ ਇੱਕ ਵਲੰਟੀਅਰ ਵਜੋਂ ਸ਼ਾਮਲ ਹੋਏ, ਹੁਣ ਉਨ੍ਹਾਂ ਦੇ ਸਭ ਤੋਂ ਭਰੋਸੇਮੰਦ ਰਣਨੀਤੀਕਾਰਾਂ ਵਿੱਚ ਗਿਣੇ ਜਾਂਦੇ ਹਨ।ਸਾਲ 2019 ਵਿੱਚ, ਰਾਘਵ ਚੱਢਾ ਨੇ ਦੱਖਣੀ ਦਿੱਲੀ ਦੀ ਸੰਸਦੀ ਸੀਟ ਲਈ ਚੋਣ ਲੜੀ ਸੀ, ਪਰ ਉਹ ਅਸਫਲ ਰਹੇ ਸਨ। ਇਸ ਤੋਂ ਬਾਅਦ ਉਹ 2020 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦਿੱਲੀ ਦੀ ਰਾਜਿੰਦਰ ਨਗਰ ਸੀਟ ਤੋਂ ਜਿੱਤੇ। ਮਾਰਚ 2022 ਵਿੱਚ, ਰਾਘਵ ਚੱਢਾ ਅਤੇ ਚਾਰ ਹੋਰਾਂ ਨੂੰ ਆਮ ਆਦਮੀ ਪਾਰਟੀ ਨੇ ਪੰਜਾਬ ਤੋਂ ਰਾਜ ਸਭਾ ਲਈ ਨਾਮਜ਼ਦ ਕੀਤਾ ਸੀ। ਉਸ ਸਮੇਂ ਰਾਘਵ ਚੱਢਾ ਦੀ ਉਮਰ 33 ਸਾਲ ਸੀ ਅਤੇ ਉਹ ਸਭ ਤੋਂ ਘੱਟ ਉਮਰ ਦੇ ਸੰਸਦ ਮੈਂਬਰ ਬਣੇ ਸਨ।

ਮੰਨਿਆ ਜਾ ਰਿਹਾ ਹੈ ਕਿ ਸਾਲ 2022 ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਵਿੱਚ ਰਾਘਵ ਚੱਢਾ ਨੇ ਅਹਿਮ ਭੂਮਿਕਾ ਨਿਭਾਈ ਸੀ।

ਪੰਜਾਬ ਦੀ ਕਾਮਯਾਬੀ ਨੂੰ ਦੇਖਦੇ ਹੋਏ ਪਾਰਟੀ ਨੇ ਉਨ੍ਹਾਂ ਨੂੰ 2022 ਦੇ ਅੰਤ ਵਿੱਚ ਹੋਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਦੀ ਜ਼ਿੰਮੇਵਾਰੀ ਵੀ ਸੌਂਪੀ ਅਤੇ ਉਨ੍ਹਾਂ ਨੂੰ ਸਹਿ-ਇੰਚਾਰਜ ਬਣਾਇਆ।

**ਬੱਚਿਆਂ ਦੇ ਅਨੰਦ ਕਾਰਜ ਮੋਕੇ ਸਾਰਾ ਖਰਚਾ ਕੇਵਲ ਬੱਚੀ ਦੇ ਪਰਿਵਾਰ ਵੱਲੋਂ ਨਾ ਕਰਵਾਇਆ ਜਾਵੇ। ਵਿਆਹ ਦਾ ਖਰਚਾ ਦੋਵੇਂ ਪਰਿਵਾਰ ਰਲ ਮਿਲ ਕੇ ਕਰਨ ।**

## ਕਰਾਈਮ ਨਿਊਜ਼

# ਸਕੂਲ ਵਿਦਿਆਰਥੀਆਂ ਦਾ ਹੋਇਆ ਝਗੜਾ

✪ ਤਲਵਾਰਾਂ ਤੇ ਪੈਟਰੋਲ ਬੰਬ ਦੀ ਹੋਈ ਵਰਤੋਂ, ਪੁਲਿਸ ਵਲੋਂ 9 ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ

ਪਟਿਆਲਾ-ਸਕੂਲ ਵਿਚ ਵਿਦਿਆਰਥੀਆਂ ਦਾ ਹੋਇਆ ਝਗੜਾ ਤਲਵਾਰਾਂ ਤੇ ਪੈਟਰੋਲ ਬੰਬ ਤੱਕ ਪੁੱਜ ਗਿਆ। ਇਕ ਧਿਰ ਵੱਲੋਂ ਘਰ ਵਿਚ ਪੈਟਰੋਲ ਬੰਬ ਸੁੱਟ ਕੇ ਅੱਗ ਵੀ ਲਗਾ ਦਿੱਤੀ ਗਈ। ਪੁਲਿਸ ਨੇ ਛੇ ਤੋਂ ਵੱਧ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਗੋਬਿੰਦ ਬਾਗ ਵਾਸੀ ਕਰਣ ਕਨੌਜੀਆ ਨੇ ਦੱਸਿਆ ਕਿ ਅੱਠ ਅਪ੍ਰੈਲ ਦੀ ਦੁਪਹਿਰ ਕਈ ਲੜਕੇ ਹਥਿਆਰਾਂ ਨਾਲ ਲੈਸ ਹੋ ਕੇ ਉਸ ਦੇ ਘਰ ਪੁੱਜੇ। ਗੇਟ ਬੰਦ ਹੋਣ ਕਾਰਨ ਹਮਲਾਵਰ ਗੇਟ 'ਤੇ ਤਲਵਾਰਾਂ ਮਾਰ ਕੇ ਫ਼ਰਾਰ ਹੋ ਗਏ। ਅਗਲੀ ਸਵੇਰ ਫੇਰ ਹਮਲਾਵਰ ਗਲੀ 'ਵਿਚ ਆਏ ਜਿਨ੍ਹਾਂ ਵਿਚੋਂ ਕਰਣ ਤੇ ਵਰੁਣ ਨੇ ਇਕ ਪੈਟਰੋਲ ਬੰਬ ਨੂੰ ਅੱਗ ਲਗਾ ਕੇ ਉਨ੍ਹਾਂ ਦੇ ਘਰ ਵਿਚ ਸੁੱਟਣ ਦੀ ਕੋਸ਼ਿਸ਼ ਕੀਤੀ ਪਰ ਬੰਬ ਗਲੀ ਵਿਚ ਡਿੱਗ ਗਿਆ। ਇਸ ਤੋਂ ਬਾਅਦ ਇਕ ਹੋਰ ਬੰਬ ਘਰ ਵਿਚ ਸੁੱਟਿਆ ਜਿਸ ਕਾਰਨ ਅੰਦਰ ਪਿਆ ਟੇਬਲ ਤੇ ਕੱਪੜਿਆਂ ਨੂੰ ਅੱਗ ਲੱਗ ਗਈ।

ਰੌਲਾ ਪਾਉਣ 'ਤੇ ਹਮਲਾਵਰ ਫ਼ਰਾਰ ਹੋ ਗਏ। ਪੁਲਿਸ ਨੇ ਨਕੁਲ, ਕਰਣ, ਲਕਸ਼ , ਵਰੁਣ ਅਠਵਾਲ, ਸਿਧਾਰਥ, ਗੋਪੂ ਅਤੇ ਤਿੰਨ ਹੋਰ ਅਣਪਛਾਤਿਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

## -ਮਾਮਲਾ ਹਾਰਦਿਕ ਪਾਂਡਿਆ ਨਾਲ 4.3 ਕਰੋੜ ਰੁਪਏ ਦੀ ਠੱਗੀ ਦਾ-

# ਮਤਰੇਆ ਭਰਾ ਵੈਭਵ ਗ੍ਰਿਫ਼ਤਾਰ, ਮੁੰਬਈ ਪੁਲੀਸ ਨੇ ਧੋਖਾਧੜੀ ਦੇ ਦੋਸ਼ ਲਗਾਏ

ਮੁੰਬਈ-ਇਥੋਂ ਦੀ ਪੁਲੀਸ ਨੇ ਭਾਰਤੀ ਕ੍ਰਿਕਟਰ ਹਾਰਦਿਕ ਅਤੇ ਕਰੁਣਾਲ ਪਾਂਡਿਆ ਦੇ ਮਤਰੇਏ ਭਰਾ ਵੈਭਵ ਪਾਂਡਿਆ ਨੂੰ ਗ੍ਰਿਫਤਾਰ ਕਰ ਲਿਆ ਹੈ। ਵੈਭਵ 'ਤੇ ਦੋਸ਼ ਹੈ ਕਿ ਉਸ ਨੇ ਹਾਰਦਿਕ-ਕਰੁਣਾਲ ਨਾਲ ਵਪਾਰਕ ਸਾਂਝੇਦਾਰੀ 'ਚ ਕਰੀਬ 4.3 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਹੈ। 37 ਸਾਲਾ ਵੈਭਵ 'ਤੇ ਸਾਂਝੇਦਾਰੀ ਫਰਮ ਤੋਂ ਲਗਪਗ 4.3 ਕਰੋੜ ਰੁਪਏ ਦੀ ਗਬਨ ਕਰਨ ਦਾ ਦੋਸ਼ ਹੈ। ਇਸ ਕਾਰਨ ਹਾਰਦਿਕ-ਕਰੁਣਾਲ ਨੂੰ ਕਾਫੀ ਆਰਥਿਕ ਨੁਕਸਾਨ ਹੋਇਆ ਹੈ।

ਰਿਪੋਰਟ ਮੁਤਾਬਕ ਤਿੰਨ ਸਾਲ ਪਹਿਲਾਂ ਤਿੰਨਾਂ ਨੇ ਮਿਲ ਕੇ ਪੌਲੀਮਰ ਕਾਰੋਬਾਰ ਦੀ ਸਥਾਪਨਾ ਕੀਤੀ ਸੀ। ਕ੍ਰਿਕਟਰ ਭਰਾਵਾਂ ਨੇ ਪੂੰਜੀ ਦਾ 40 ਪ੍ਰਤੀਸ਼ਤ ਨਿਵੇਸ਼ ਕਰਨਾ ਸੀ, ਜਦੋਂ ਕਿ ਵੈਭਵ ਨੇ 20 ਪ੍ਰਤੀਸ਼ਤ ਯੋਗਦਾਨ ਪਾਉਣਾ ਸੀ ਅਤੇ ਰੋਜ਼ਾਨਾ ਕੰਮਕਾਜ ਦਾ




ਪ੍ਰਬੰਧਨ ਕਰਨਾ ਸੀ। ਮੁਨਾਫ਼ਾ ਇਨ੍ਹਾਂ ਸ਼ੇਅਰਾਂ ਦੇ ਹਿਸਾਬ ਨਾਲ ਵੰਡਿਆ ਜਾਣਾ ਸੀ। ਹਾਲਾਂਕਿ ਵੈਭਵ ਨੇ ਕਥਿਤ ਤੌਰ 'ਤੇ ਆਪਣੇ ਸੌਤੇਲੇ ਭਰਾਵਾਂ ਨੂੰ ਦੱਸੇ ਬਿਨਾਂ ਉਸੇ ਕਾਰੋਬਾਰ ਵਿਚ ਇਕ ਹੋਰ ਫਰਮ ਖੜ੍ਹੀ ਕੀਤੀ ਅਤੇ ਸਾਂਝੇਦਾਰੀ ਸਮਝੌਤੇ ਦੀ ਉਲੰਘਣਾ ਕੀਤੀ। ਨਤੀਜਾ ਇਹ ਹੋਇਆ ਕਿ ਸਾਂਝੇਦਾਰੀ ਦਾ ਅਸਲ ਮੁਨਾਫਾ ਘਟ ਗਿਆ। ਕਰੀਬ 3 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਵੀ ਦੋਸ਼ ਲਾਇਆ ਗਿਆ ਸੀ ਕਿ ਵੈਭਵ ਨੇ ਚੁੱਪਚਾਪ ਆਪਣੇ ਮੁਨਾਫ਼ੇ ਦਾ ਹਿੱਸਾ 20 ਪ੍ਰਤੀਸ਼ਤ ਤੋਂ ਵਧਾ ਕੇ 33.3 ਪ੍ਰਤੀਸ਼ਤ ਕਰ ਦਿੱਤਾ, ਜਿਸ ਨਾਲ ਹਾਰਦਿਕ ਅਤੇ ਕਰੁਣਾਲ ਨੂੰ ਭਾਰੀ ਵਿੱਤੀ ਨੁਕਸਾਨ ਹੋਇਆ। ਮੁੰਬਈ ਪੁਲੀਸ ਦੀ ਆਰਥਿਕ ਅਪਰਾਧ ਸ਼ਾਖਾ ਨੇ ਵੈਭਵ 'ਤੇ ਇਨ੍ਹਾਂ ਕਾਰਵਾਈਆਂ ਦੇ ਸਬੰਧ 'ਚ ਧੋਖਾਧੜੀ ਅਤੇ ਜਾਅਲਸਾਜ਼ੀ ਦੇ ਦੋਸ਼ ਲਗਾਏ ਹਨ।

# 1 ਕਿੱਲੋ 350 ਗ੍ਰਾਮ ਹੈਰੋਇਨ ਬਰਾਮਦ, ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਫਿਰੋਜ਼ਪੁਰ-ਤਲਵੰਡੀ ਭਾਈ ਪੁਲਿਸ ਨੇ ਚੈਕਿੰਗ ਦੌਰਾਨ 1 ਕਿੱਲੋ 350 ਗ੍ਰਾਮ ਹੈਰੋਇਨ ਬਰਾਮਦ ਕਰ ਕੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਸਬ ਇੰਸਪੈਕਟਰ ਮੁੱਖ ਅਫਸਰ ਚਰਨ ਸਿੰਘ ਨੇ ਦੱਸਿਆ ਕਿ ਦਾਣਾ ਮੰਡੀ ਪਿੰਡ ਤੂੰਬੜ ਭੰਨ ਨੇੜੇ ਅਣਪਛਾਤੇ ਬਾਈਕ ਸਵਾਰ ਪੁਲਿਸ ਦੀ ਗੱਡੀ ਨੂੰ ਵੇਖ ਕੇ ਝੋਲਾ ਸੁੱਟ ਕੇ ਪਿੱਛੇ ਮੁੜ ਗਏ। ਜਾਂਚ ਕੀਤੀ ਤਾਂ ਝੋਲੇ ਵਿਚੋਂ 1 ਕਿਲੋ 350 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਨੇ ਉਕਤ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।



# ਕਸਟਮ ਵਿਭਾਗ ਸ਼ਾਰਜਾਹ ਤੋਂ ਅੰਮ੍ਰਿਤਸਰ ਪੁੱਜੇ ਜਹਾਜ਼ ਵਿਚੋਂ 51 ਲੱਖ ਰੁਪਏ ਦਾ ਸੋਨਾ ਬਰਾਮਦ

✪ ਫਲਾਈਟ ਦੇ ਵਾਸ਼ਰੂਮ ਦੇ ਅੰਦਰ ਰੈਕ ਦੇ ਹੇਠਾਂ ਲੁਕਾਇਆ ਹੋਇਆ ਸੀ





ਅੰਮ੍ਰਿਤਸਰ-ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸ਼ਾਹਜਹਾਂ ਤੋਂ ਅੰਮ੍ਰਿਤਸਰ ਪੁੱਜੀ ਫਲਾਈਟ 'ਚੋਂ ਕਸਟਮ ਵਿਭਾਗ ਦੀ ਟੀਮ ਨੇ 51 ਲੱਖ ਰੁਪਏ ਦਾ ਸੋਨਾ ਜ਼ਬਤ ਕੀਤਾ ਹੈ। ਜਾਣਕਾਰੀ ਅਨੁਸਾਰ ਤਸਕਰਾਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਸੋਨੀ ਫਲਾਈਟ ਦੇ ਵਾਸ਼ਰੂਮ ਦੇ ਅੰਦਰ ਰੈਕ ਦੇ ਹੇਠਾਂ ਲੁਕਾਇਆ ਹੋਇਆ ਸੀ ਅਤੇ ਇਸ ਦੇ ਨਾਲ ਇਕ ਇਲੈਕਟ੍ਰਾਨਿਕ ਡਿਵਾਈਸ ਵੀ ਜੁੜੀ ਹੋਈ ਸੀ, ਪਰ ਤਸਕਰ ਕਸਟਮ ਵਿਭਾਗ ਦੀ ਕਰੜੀ ਨਜ਼ਰ ਤੋਂ ਬਚ ਨਹੀਂ ਸਕੇ।

ਇਸ ਤੋਂ ਪਹਿਲਾਂ ਵੀ ਅਰਬ ਦੇਸ਼ਾਂ ਤੋਂ ਆਉਣ ਵਾਲੀ ਫਲਾਈਟ ਦੇ ਅੰਦਰੋਂ 2 ਕਿਲੋ ਸੋਨਾ ਜ਼ਬਤ ਕੀਤਾ ਗਿਆ ਸੀ, ਜਿਸ ਕਾਰਨ ਇਕ ਵਾਰ ਫਿਰ ਏਅਰਪੋਰਟ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਹੋ ਗਏ ਹਨ। ਆਖ਼ਰ ਇਹ ਲਾਵਾਰਿਸ ਸੋਨਾ ਕੌਣ ਭੇਜ ਰਿਹਾ ਹੈ ਅਤੇ ਕੌਣ ਲਿਜਾਣ ਵਾਲਾ ਸੀ।

### 25900 ਪੌਂਡ ਦੀ ਵਿਦੇਸ਼ੀ ਕਰੰਸੀ ਜ਼ਬਤ

ਇਸ ਤੋਂ ਇਲਾਵਾ ਇਕ ਹੋਰ ਮਾਮਲੇ ਵਿਚ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਦੀ ਟੀਮ ਨੇ ਅੰਮ੍ਰਿਤਸਰ ਤੋਂ ਦਿੱਲੀ ਜਾ ਰਹੇ ਇਕ ਯਾਤਰੀ ਕੋਲੋਂ 25900 ਪੌਂਡ ਦੀ ਵਿਦੇਸ਼ੀ ਕਰੰਸੀ ਬਰਾਮਦ ਕੀਤੀ ਹੈ। ਜਾਣਕਾਰੀ ਅਨੁਸਾਰ ਉਕਤ ਯਾਤਰੀ ਨੇ ਦਿੱਲੀ ਤੋਂ ਲੰਡਨ ਜਾਣ ਦੀ ਫਲਾਈਟ ਫੜਨੀ ਸੀ।

# ਬੰਬੀਹਾ ਗੈਂਗ ਦੇ 6 ਗੈਂਗਸਟਰ ਮਹਿੰਗੀਆਂ ਕਾਰਾਂ ਤੇ ਅਸਲੇ ਸਮੇਤ ਗ੍ਰਿਫ਼ਤਾਰ

✪ ਅਸਲਾ ਬਾਹਰੀ ਰਾਜਾਂ ਤੋਂ ਮੰਗਵਾਇਆ ਗਿਆ

ਮੋਗਾ-ਗੈਂਗਸਟਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਮੋਗਾ ਪੁਲਸ ਨੇ ਗੈਂਗਸਟਰ ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧਤ 6 ਗੈਂਗਸਟਰਾਂ ਲਵਪ੍ਰੀਤ ਸਿੰਘ ਲੱਬੀ ਅਤੇ ਸੁਨੀਲ ਬਾਬਾ, ਕਰਨ, ਵਿੱਕੀ ਗਾਂਧੀ, ਹੇਮਪ੍ਰੀਤ ਸਿੰਘ ਚੀਮਾ, ਸਾਹਿਲ ਸ਼ਰਮਾ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਤੋਂ 3 ਪਿਸਟਲ 30 ਬੋਰ, 3 ਕਾਰਤੂਸ, ਇਕ ਕੱਟਾ 315 ਬੋਰ ਸਮੇਤ 2 ਕਾਰਾਂ ਬਰਾਮਦ ਕਰਨ ਤੋਂ ਇਲਾਵਾ ਇਕ ਫਾਰਚੂਨਰ ਤੇ ਵਰਨਾਂ ਕਾਰਾਂ ਵੀ ਬਰਾਮਦ ਕੀਤੀਆਂ ਹਨ।

ਇਸ ਸਬੰਧੀ ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ ਵਿੱਕੀ ਗਾਂਧੀ ਵਿਰੁੱਧ ਥਾਣਾ ਸਿਟੀ ਸਾਊਥ ਮੋਗਾ ਵਿਖੇ 6 ਮਾਮਲੇ ਦਰਜ ਹਨ। ਸੁਨੀਲ ਬਾਬਾ ਵਿਰੁੱਧ 13 ਮਾਮਲੇ ਦਰਜ ਹੈ ਤੇ ਇਕ ਕੇਸ ਵਿਚ ਸੁਨੀਲ ਬਾਬਾ ਨੂੰ 9 ਅਪ੍ਰੈਲ 2023 ਨੂੰ ਢਾਈ ਸਾਲ ਦੀ ਸਜ਼ਾ ਵੀ ਅਦਾਲਤ ਵਲੋਂ ਸੁਣਾਈ



ਜਾ ਚੁੱਕੀ ਹੈ ਅਤੇ ਲਵਪ੍ਰੀਤ ਸਿੰਘ ਲੱਬੀ ਵਿਰੁੱਧ ਥਾਣਾ ਸਿਟੀ ਮੋਗਾ ਵਿਖੇ ਅਸਲਾ ਐਕਟ ਅਤੇ ਵੱਖ ਵੱਖ ਧਰਾਵਾਂ ਤਹਿਤ 1 ਅਪ੍ਰੈਲ ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਪੁੱਛ-ਗਿੱਛ ਕਰਨ 'ਤੇ ਪਤਾ ਲੱਗਾ ਹੈ ਕਿ ਉਕਤ ਅਸਲਾ ਬਾਹਰੀ ਰਾਜਾਂ ਤੋਂ ਮੰਗਵਾਇਆ ਗਿਆ ਹੈ ਅਤੇ ਇਨ੍ਹਾਂ ਦੇ ਹੋਰ ਸਾਥੀਆਂ ਦੀ ਪਹਿਚਾਣ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਦੇ ਜਲਦੀ ਕਾਬੂ ਆਉਣ ਦੀ ਸੰਭਾਵਨਾ ਹੈ।

# ਵਿਆਹੁਤਾ ਦਾ ਕਤਲ ਕਰਕੇ ਲਾਸ਼ ਕਣਕ ਵਾਲੇ ਡਰੰਮ ਵਿਚ ਸਟੀ

ਮਲੋਟ-ਪਿੰਡ ਸਰਾਵਾਂ ਬੋਦਲਾ ਵਿਖੇ ਲੰਘੀ ਰਾਤ ਨੂੰ ਇਕ ਵਿਆਹੁਤਾ ਕਿਰਨਦੀਪ ਕੌਰ ਦੇ ਸਹੁਰਾ ਬੂਟਾ ਸਿੰਘ, ਪਤੀ ਸਤਨਾਮ ਸਿੰਘ ਸੱਤਾ ਤੇ ਸੱਸ ਵਲੋਂ ਮਾਰ ਕੇ ਕਣਕ ਦੇ ਡਰੰਮ ਵਿਚ ਰੱਖ ਦਿੱਤਾ ਗਿਆ ਸੀ। ਮ੍ਰਿਤਕ ਵਿਆਹੁਤਾ ਦੇ ਇਕ ਤਿੰਨ ਕੁ ਸਾਲ ਦਾ ਲੜਕਾ ਵੀ ਹੈ। ਗੁਆਂਢੀਆਂ ਨੇ ਦੱਸਿਆ ਕਿ ਰਾਤ ਇਸ ਪਰਿਵਾਰ ਦਾ ਕੋਈ ਝਗੜਾ ਹੋਇਆ ਸੀ ਅਤੇ ਸਵੇਰੇ ਜਦ ਉਨ੍ਹਾਂ ਨੇ ਕਿਰਨਦੀਪ ਨੂੰ ਨਾ ਦੇਖਿਆ ਤਾਂ ਸ਼ੱਕ ਪੈਣ 'ਤੇ ਪੁਲਿਸ ਨੂੰ ਸੂਚਿਤ ਕੀਤਾ। ਥਾਣਾ ਦੀ ਪੁਲਿਸ ਨੇ ਆ ਕੇ ਪੁੱਛ-ਗਿੱਛ ਕੀਤੀ ਤਾਂ ਕਿਰਨਦੀਪ ਕੌਰ ਦੀ ਲਾਸ਼ ਕਣਕ ਵਾਲੇ ਡਰੰਮ ਵਿਚੋਂ ਮਿਲੀ। ਪੁਲਿਸ ਵਲੋਂ ਕਿਰਨਦੀਪ ਦੀ ਸੱਸ, ਸਹੁਰਾ ਤੇ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ।

# ਤਾਲਿਬਾਨ ਸਿੱਖਾਂ ਤੇ ਹਿੰਦੂਆਂ ਦੀਆਂ ਨਿੱਜੀ ਜ਼ਮੀਨਾਂ ਅਤੇ ਜਾਇਦਾਦਾਂ ਹੁਣ ਵਾਪਸ ਕਰੇਗਾ

## ✪ ਘੱਟ ਗਿਣਤੀਆਂ ਲਈ ਚੁੱਕਿਆ ਵੱਡਾ ਕਦਮ, ਨਿਗਰਾਨੀ ਲਈ ਕਮਿਸ਼ਨ ਵੀ ਬਣਾਏ ✪ ਸਿੱਖਾਂ ਦਾ ਇਤਿਹਾਸਕ ਨਾਤਾ ਰਿਹਾ ਏ ਅਫਗਾਨਿਸਤਾਨ ਨਾਲ

ਅਫ਼ਗਾਨਿਸਤਾਨ ਦੇ ਸਿੱਖਾਂ ਤੇ ਹਿੰਦੂਆਂ ਲਈ ਸ਼ਾਇਦ ਪਹਿਲੀ ਵਾਰ ਚੰਗੀ ਖ਼ਬਰ ਆਈ ਹੈ। ਤਾਲਿਬਾਨ ਨੇ ਅਫ਼ਗਾਨਿਸਤਾਨ ਦੀਆਂ ਘੱਟ ਗਿਣਤੀਆਂ ਦੇ ਹਿੱਤ ਵਿੱਚ ਇੱਕ ਵੱਡਾ ਫੈਸਲਾ ਲੈਂਦਿਆਂ ਉੱਥੇ ਰਹਿੰਦੇ ਹਿੰਦੂਆਂ ਅਤੇ ਸਿੱਖਾਂ ਦੀਆਂ ਨਿੱਜੀ ਜ਼ਮੀਨਾਂ ਅਤੇ ਜਾਇਦਾਦਾਂ ਹੁਣ ਵਾਪਸ ਕਰਨ ਦਾ ਫੈਸਲਾ ਕੀਤਾ ਹੈ। ਇੰਨਾ ਹੀ ਨਹੀਂ ਤਾਲਿਬਾਨ ਕੁਝ ਹਿੰਦੂ-ਸਿੱਖ ਪਰਿਵਾਰਾਂ ਦੀ ਦੇਸ਼ ਵਾਪਸੀ ਦੀਆਂ ਤਿਆਰੀਆਂ ਵੀ ਕਰ ਰਿਹਾ ਹੈ। ਇਨ੍ਹਾਂ ਕੰਮਾਂ ਦੀ ਨਿਗਰਾਨੀ ਲਈ ਕਮਿਸ਼ਨ ਵੀ ਬਣਾ ਲਏ ਗਏ ਹਨ।

ਤਾਲਿਬਾਨ ਦੀ ਸਰਕਾਰ ਬਣਨ ਮਗਰੋਂ ਜਿਹੜੇ ਹਿੰਦੂ ਤੇ ਸਿੱਖ ਅਫ਼ਗਾਨਿਸਤਾਨ ਛੱਡ ਗਏ ਸੀ, ਉਨ੍ਹਾਂ ਨੂੰ ਵੀ ਸੁਖ ਦਾ ਸਾਹ ਆਇਆ ਹੈ। ਉਸ ਸਮੇਂ ਇਹ ਜ਼ਮੀਨਾਂ ਉਨ੍ਹਾਂ ਕੋਲੋਂ ਪਹਿਲਾਂ ਗ਼ਲਤ ਢੰਗ ਨਾਲ ਖੋਹੀਆਂ ਗਈਆਂ ਸਨ, ਜੋ ਹੁਣ ਵਾਪਸ ਕੀਤੀਆਂ ਜਾ ਰਹੀਆਂ ਹਨ।

ਤਾਲਿਬਾਨ ਦੇ ਸਿਆਸੀ ਦਫ਼ਤਰ ਦੇ ਮੁਖੀ ਸੁਹੇਲ ਸ਼ਾਹੀਨ ਨੇ ਦੱਸਿਆ ਹੈ ਕਿ ਕਾਬੁਲ ਵਿੱਚ ਤਾਲਿਬਾਨ ਦੇ 'ਨਿਆਂ ਮੰਤਰਾਲੇ' ਨੇ ਹਿੰਦੂ ਅਤੇ ਸਿੱਖ ਭਾਈਚਾਰਿਆਂ ਦੇ ਵਿਸਥਾਪਿਤ ਮੈਂਬਰਾਂ ਨੂੰ ਜਾਇਦਾਦ ਵਾਪਸ ਕਰਨੀ ਸ਼ੁਰੂ ਕਰ ਦਿੱਤੀ ਹੈ। ਸੁਹੇਲ ਮੁਤਾਬਕ ਪਿਛਲੀ ਸਰਕਾਰ ਦੌਰਾਨ ਹੜੱਪੀਆਂ ਗਈਆਂ ਸਾਰੀਆਂ ਜਾਇਦਾਦਾਂ ਉਨ੍ਹਾਂ ਦੇ ਮਾਲਕਾਂ ਨੂੰ ਵਾਪਸ ਕਰਨ ਲਈ ਨਿਆਂ ਮੰਤਰੀ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਬਣਾਇਆ ਗਿਆ ਹੈ ਸੁਹੇਲ ਸ਼ਾਹੀਨ ਨੇ ਦੱਸਿਆ ਹੈ ਕਿ ਅਫ਼ਗਾਨਿਸਤਾਨ ਦੀ ਆਰਥਿਕਤਾ ਵਿੱਚ ਇਤਿਹਾਸਿਕ ਭੂਮਿਕਾ ਨਿਭਾਉਣ ਵਾਲੇ ਹਿੰਦੂ ਅਤੇ ਸਿੱਖ ਪਰਿਵਾਰਾਂ ਦੀ ਵਾਪਸੀ ਨੂੰ ਯਕੀਨੀ ਬਣਾਉਣ ਲਈ ਇੱਕ ਕਮਿਸ਼ਨ ਵੀ ਬਣਾਇਆ ਗਿਆ ਹੈ। ਉਨ੍ਹਾਂ ਯਾਦ ਦਿਵਾਇਆ ਕਿ ਹਾਲ ਹੀ ਵਿੱਚ ਅਫ਼ਗਾਨਿਸਤਾਨ ਦੇ ਸਾਬਕਾ ਮੈਂਬਰ ਪਾਰਲੀਮੈਂਟ ਨਰਿੰਦਰ ਸਿੰਘ ਖ਼ਾਲਸਾ ਕੈਨੇਡਾ ਤੋਂ ਅਫ਼ਗਾਨਿਸਤਾਨ ਪਰਤ ਆਏ ਹਨ।

ਦਰਅਸਲ, ਅਗਸਤ 2021 ਵਿੱਚ ਤਾਲਿਬਾਨ ਦੇ ਕਬਜ਼ੇ ਨਾਲ ਦੇਸ਼ ਦੀ ਸੰਸਦ ਨੂੰ ਭੰਗ ਕਰ ਦਿੱਤਾ ਗਿਆ ਸੀ ਅਫਗਾਨਿਸਤਾਨ ਦਹਾਕਿਆਂ ਤੋਂ ਜੰਗ, ਬੰਬ ਧਮਾਕਿਆਂ, ਨਿਸ਼ਾਨਾ ਕਤਲਾਂ ਦੇ ਪਰਛਾਵੇਂ ਵਿਚ ਰਹਿ ਰਿਹਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਕੌਮਾਂਤਰੀ ਫੰਡ ਬੰਦ ਹੋਣ, ਸੋਕੇ ਅਤੇ ਭੂਚਾਲ ਕਾਰਨ ਆਰਥਿਕਤਾ ਦੀ ਮੰਦੀ ਹਾਲਤ ਕਾਰਨ ਲੋਕ ਭੀਖ ਮੰਗਣ ਲਈ ਮਜਬੂਰ ਹਨ ਅਤੇ ਲੋਕਾਂ ਲਈ ਖਾਣ-ਪੀਣ, ਦਵਾਈਆਂ ਦਾ ਪ੍ਰਬੰਧ ਕਰਨਾ ਮੁਸ਼ਕਲ ਹੋ ਗਿਆ ਹੈ। ਜਿਸ ਤੋਂ ਬਾਅਦ ਕਈ ਘੱਟ ਗਿਣਤੀਆਂ ਨੇ ਦੂਜੇ ਦੇਸ਼ਾਂ ਵਿੱਚ ਸ਼ਰਨ ਲੈ ਲਈ ਸੀ। ਉਥੇ ਹਾਲਾਤ ਇਹ ਹੋ ਗਏ ਸਨ ਕਿ ਸਿਰਫ਼ ਇਸ ਗੁਰੂ-ਘਰ ਵਿਚ ਹੀ ਪੋਟਿਆਂ 'ਤੇ ਗਿਣੇ ਜਾਣ ਜੋਗੇ ਸਿੱਖ ਰਹਿ ਗਏ ਸਨ ਕਿਉਂਕਿ ਬਾਕੀ ਸਭ ਦੇਸ਼ ਛੱਡ ਕੇ ਚਲੇ ਗਏ ਸਨ। ਬਾਅਦ ਵਿਚ ਉਹ ਆਖ਼ਰੀ ਸਿੱਖ ਵੀ ਭਾਰਤ ਆ ਗਏ ਸਨ ਤੇ ਉਹ ਆਪਣੇ



ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪ ਵੀ ਲਿਆਏ ਸਨ। ਉਸ ਹਮਲੇ ਲਈ ਖੁਰਾਸਾਨ ਸੂਬੇ ਦੀ 'ਇਸਲਾਮਿਕ ਸਟੇਟ' ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਸੀ।

ਨੀਦਰਲੈਂਡ ਆਧਾਰਿਤ ਅਫ਼ਗਾਨ ਟਿੱਪਣੀਕਾਰ ਸੰਗਰ ਪਿਖਰ ਨੇ ਕਿਹਾ ਕਿ ਨਰਿੰਦਰ ਸਿੰਘ ਖ਼ਾਲਸਾ ਤੇ ਉਨ੍ਹਾਂ ਦੇ ਪਰਿਵਾਰ ਦੀ ਵਾਪਸੀ ਦਰਸਾਉਂਦੀ ਹੈ ਕਿ ਅਫ਼ਗਾਨਿਸਤਾਨ ਧਾਰਮਿਕ ਘੱਟ ਗਿਣਤੀਆਂ ਨਾਲ ਸਬੰਧਿਤ ਨੇਤਾਵਾਂ ਦਾ ਸਵਾਗਤ ਕਰਦਾ ਹੈ ਜੋ ਵਾਪਸ ਆਉਣਾ ਚਾਹੁੰਦੇ ਹਨ। ਤਾਲਿਬਾਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਇਹ ਪਹਿਲ ਦੇਸ਼ ਵਿੱਚ ਧਾਰਮਿਕ ਘੱਟ ਗਿਣਤੀਆਂ ਨਾਲ ਹੋ ਰਹੀ ਬੇਇਨਸਾਫ਼ੀ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਉਧਰ ਭਾਰਤੀ ਅਧਿਕਾਰੀ ਤਾਲਿਬਾਨ ਦੇ ਇਸ ਫੈਸਲੇ ਨੂੰ ਭਾਰਤ ਪ੍ਰਤੀ ਸਕਾਰਾਤਮਕ ਸੰਕੇਤ ਵਜੋਂ ਦੇਖ ਰਹੇ ਹਨ।

ਇਥੇ ਜ਼ਿਕਰਯੋਗ ਹੈ ਕਿ ਅਫ਼ਗਾਨਿਸਤਾਨ ਵਿਚ ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਦੇਵ ਜੀ ਜਦੋਂ ਉਦਾਸੀਆਂ 'ਤੇ ਨਿਕਲੇ ਤਾਂ ਚੌਥੀ ਉਦਾਸੀ ਵੇਲੇ ਉਹ ਅਫ਼ਗਾਨਿਸਤਾਨ ਪਹੁੰਚੇ ਸਨ। ਉਹ ਅਰਬੀ ਤੇ ਫਾਰਸੀ ਸਮੇਤ ਕਈ ਜ਼ਬਾਨਾਂ ਬੋਲਦੇ ਸਨ। ਅਫ਼ਗਾਨਿਸਤਾਨ ਦੇ ਜਲਾਲਾਬਾਦ ਵਿੱਚ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਹੈ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਉੱਥੇ ਆਏ ਸਨ ਉਸ ਤੋਂ ਉੱਤੇ ਸੁਲਤਾਨਪੁਰ ਵਿੱਚ ਇੱਕ ਚਸ਼ਮਾ ਹੈ, ਜਿੱਥੇ ਇੱਕ ਚਾਰ ਦੀਵਾਰੀ ਕੀਤੀ ਹੋਈ ਸੀ। ਇੱਥੇ ਤਾਲਿਬਾਨ ਤੋਂ ਪਹਿਲਾਂ ਤੱਕ ਵਿਸਾਖੀ ਦਾ ਮੇਲਾ ਲੱਗਦਾ ਸੀ। ਇਸ ਤੋਂ ਬਾਅਦ ਇੱਕ ਹੋਰ ਗੁਰਦੁਆਰਾ ਕਾਬੁਲ ਵਿੱਚ ਹੈ, ਜਿਸ ਦਾ ਨਾਂ ਗੁਰੂ ਹਰਿ ਰਾਇ ਸਾਹਿਬ ਹੈ। ਇਸੇ ਗੁਰਦੁਆਰਾ ਸਾਹਿਬ ਉੱਤੇ 25 ਮਾਰਚ 2020 ਨੂੰ ਅੱਤਵਾਦੀ ਹਮਲਾ ਹੋਇਆ ਸੀ। ਸਿੱਖਾਂ ਦੇ ਸੱਤਵੇਂ ਗੁਰੂ, ਹਰਿ ਰਾਇ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਗੌਂਡਾ ਨੂੰ ਅਫ਼ਗਾਨਿਸਤਾਨ ਦੇ ਕਾਬੁਲ ਸ਼ਹਿਰ ਭੇਜਿਆ ਸੀ ਤੇ ਉਨ੍ਹਾਂ ਨੇ ਇੱਥੇ ਆ ਕੇ ਗੁਰੂ ਸਾਹਿਬ ਦੇ ਨਾਂ ਉੱਤੇ ਇੱਥੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਸੀ। ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ 'ਅਫ਼ਗਾਨਿਸਤਾਨ ਦਾ ਸਫ਼ਰ' ਵਿੱਚ ਕੁਝ ਹੋਰ ਗੁਰਧਾਮਾਂ ਦੇ ਨਾਂ ਵੀ ਲਿਖੇ ਹਨ। ਜਿਵੇਂ, ਬਾਬਾ ਗੰਜ ਬਖਸ਼, ਗੁਰਦੁਆਰਾ ਜੋਤੀ ਸਰੂਪ, ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ, ਕੰਧਾਰੀ ਕੂਚਾ, ਗੁਰਦੁਆਰਾ ਭਾਈ ਪਿਰਾਣਾ ਸਰਾਇ ਲਾਹੌਰੀਆਂ ਤੇ ਗੁਰਦੁਆਰਾ ਭਾਈ ਮਨਸਾ ਸਿੰਘ। ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ ਵਿੱਚ ਉਸੇ ਵੇਲੇ ਦੇ ਕਈ ਸਿੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ ਮੌਜੂਦ ਸਨ। ਅਫ਼ਗਾਨਿਸਤਾਨ ਵਿੱਚ ਮੁਗਲਾਂ ਵੇਲੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਵੀ ਵੱਡੀ ਗਿਣਤੀ ਵਿੱਚ ਸਿੱਖ ਰਹਿ ਰਹੇ ਸਨ।

ਅੰਗਰੇਜ਼ੀ ਹਕੂਮਤ ਵੇਲੇ ਵੀ ਸਿੱਖਾਂ ਦੀ ਖਾਸੀ ਤਾਦਾਦ ਅਫ਼ਗਾਨਿਸਤਾਨ ਵਿੱਚ ਸੀ। ਅਫ਼ਗਾਨਿਸਤਾਨ ਤੋਂ ਰੂਸ ਦੇ ਜਾਣ ਮਗਰੋਂ ਮੋਹੰਮਦ ਨਜੀਬਉੱਲਾਹ ਦੀ ਸਰਕਾਰ ਆਈ। ਉਸ ਤੋਂ ਬਾਅਦ ਅਫ਼ਗਾਨਿਸਤਾਨ ਵਿੱਚ ਮੁਜਾਹਿਦੀਨ ਸਰਗਰਮ ਹੋਏ।

ਹਾਲਾਤ ਬਦਲੇ ਤਾਂ ਕਤਲੋਗਾਰਦ, ਲੁੱਟ ਖਸੁੱਟ ਅਤੇ ਦਹਿਸ਼ਤਗਰਦੀ ਦੇ ਮਾਹੌਲ ਤੋਂ ਘਬਰਾਏ ਘੱਟਗਿਣਤੀ ਭਾਈਚਾਰੇ ਖਾਸਕਰ ਹਿੰਦੂ ਅਤੇ ਸਿੱਖਾਂ ਨੇ ਅਫ਼ਗਾਨਿਸਤਾਨ ਤੋਂ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ ਸੀ।

**ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਖੋਤੀ ਨਜ਼ੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।**

### -ਮਾਮਲਾ ਸਿੱਖ ਕੈਦੀਆਂ ਦੀ ਰਿਹਾਈਆਂ ਦੇ ਮੋਰਚੇ ਦਾ-

# ਹਾਈਕੋਰਟ ਸੜਕਾਂ ਜਾਮ ਕਰਨ ਕਾਰਣ ਔਖੀ

### ✪ ਕਿਹਾ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਸੜਕਾਂ ਜਾਮ ਨਾ ਕਰੋ

ਚੰਡੀਗੜ੍ਹ-7 ਜਨਵਰੀ 2023 ਤੋਂ ਸਿੱਖ ਕੈਦੀਆਂ ਦੀ ਰਿਹਾਈ ਲਈ ਮੋਹਾਲੀ ਵਿਖੇ ਚੱਲ ਰਹੇ ਪੱਕੇ ਮੋਰਚੇ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਦਾਇਰ ਜਨਹਿੱਤ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾ ਕੇ ਅਣਮਿੱਥੇ ਸਮੇਂ ਲਈ ਸੜਕ ਜਾਮ ਨਹੀਂ ਕੀਤੀ ਜਾ ਸਕਦੀ ਹੈ।

ਹਾਈ ਕੋਰਟ ਨੇ ਕਿਹਾ ਕਿ ਪੰਜਾਬ ਸਰਕਾਰ ਕਾਰਵਾਈ ਨਾ ਕਰਨ ਦਾ ਕਾਰਨ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਉਣ ਦੀ ਗੱਲ ਕਹਿ ਰਹੀ ਹੈ ਪਰ ਇਸ ਆੜ ਵਿੱਚ ਸੜਕ ਜਾਮ ਕਰਕੇ ਲੋਕਾਂ ਨੂੰ ਪ੍ਰੇਸ਼ਾਨ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਕਿਹਾ ਕਿ ਕਰੀਬ ਇੱਕ ਸਾਲ ਪਹਿਲਾਂ ਪੰਜਾਬ ਦੇ ਡੀਜੀਪੀ ਨੂੰ ਵੀ ਇਸ ਮਾਮਲੇ ਵਿੱਚ ਅਦਾਲਤ ਵਿੱਚ ਤਲਬ ਕੀਤਾ ਗਿਆ ਸੀ ਪਰ ਅੱਜ ਤੱਕ ਕੋਈ ਹੱਲ ਨਹੀਂ ਨਿਕਲਿਆ। ਐਕਟਿੰਗ ਚੀਫ਼ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਲਪਿਤਾ ਬੈਨਰਜੀ ਦੇ ਡਿਵੀਜ਼ਨ ਬੈਂਚ ਨੇ ਕਿਹਾ ਕਿ ਅਦਾਲਤੀ ਰਿਕਾਰਡ 'ਤੇ ਤਸਵੀਰਾਂ ਦੇਖ ਕੇ ਇਹ ਸਮਝਿਆ ਜਾ ਸਕਦਾ ਹੈ ਕਿ ਬਹੁਤੇ ਲੋਕ ਇਕੱਠੇ ਨਹੀਂ ਹੋਏ। ਸੜਕ ਨੂੰ ਰੋਕਣ ਵਾਲੇ ਜ਼ਿਆਦਾਤਰ ਲੋਕ ਪੇਂਡੂ ਪਿਛੋਕੜ ਵਾਲੇ ਹਨ।

ਵਾਢੀ ਦਾ ਸਮਾਂ ਚੱਲ ਰਿਹਾ ਹੈ ਅਤੇ ਇਹ ਸੜਕ ਤੋਂ ਰੋਕ ਹਟਾਉਣ ਦਾ ਸਹੀ ਸਮਾਂ ਹੈ ਪਰ ਪਤਾ ਨਹੀਂ ਕਿਉਂ ਚੰਡੀਗੜ੍ਹ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਇਸ ਮੌਕੇ ਤੋਂ ਕਿਨਾਰਾ ਕਰ ਰਹੀ ਹੈ। ਡਿਵੀਜ਼ਨ ਬੈਂਚ ਨੇ ਕਿਹਾ ਕਿ ਉਹ ਇਸ ਉਮੀਦ ਨਾਲ ਕੇਸ ਦੀ ਸੁਣਵਾਈ ਮੁਲਤਵੀ ਕਰ ਰਹੇ ਹਨ ਕਿ ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਆਪਣੀ ਗੂੜ੍ਹੀ ਨੀਂਦ ਤੋਂ ਜਾਗ ਕੇ ਕਾਰਵਾਈ ਕਰੇਗਾ। ਸਵੈਸੇਵੀ ਸੰਸਥਾ ਅਰਾਈਵ ਸੇਫ਼ ਸੁਸਾਇਟੀ ਵੱਲੋਂ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਮੁਹਾਲੀ ਦੇ ਵਾਈਪੀਐਸ ਚੌਕ, ਫੇਜ਼ 7 ਅਤੇ ਫੇਜ਼ 3 ਏ ਵਿੱਚ ਧਰਨਾਕਾਰੀਆਂ ਵੱਲੋਂ ਕੀਤੇ ਗਏ ਕਬਜ਼ੇ ਨੂੰ ਤੁਰੰਤ ਹਟਾਉਣ ਲਈ ਪੰਜਾਬ ਸਰਕਾਰ ਤੇ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਜਾਣ।

# ਕਿਸਮਤ ਦੇ ਸਿਤਾਰੇ

## ਵੀਰਵਾਰ 18 ਅਪ੍ਰੈਲ ਤੋਂ ਬੁੱਧਵਾਰ 24 ਅਪ੍ਰੈਲ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਣ ਨਾਲ ਖਰਚੇ ਵੀ ਵੱਧਣਗੇ। ਵੱਧਦੇ ਹੌਂਸਲੇ ਨਾਲ ਆਤਮਬਲ ਵੀ ਵਧੇਗਾ। ਮਾਣ–ਇੱਜ਼ਤ ਵਿੱਚ ਵਾਧਾ ਹੋਵੇਗਾ। ਘਰੇਲੂ ਸਬੰਧ ਸੁਖਾਵੇਂ ਤੇ ਸੁੱਖ–ਸਾਧਨਾਂ ਵਿੱਚ ਵਾਧਾ ਹੋਵੇਗਾ। ਨਸ਼ਿਆਂ ਦੇ ਕੋਹੜ ਨੂੰ ਇਸ ਸਮਾਜ ਤੋਂ ਦੂਰ ਭਜਾਉ, ਇਸ ਨੇਕ ਕੰਮ ਨੂੰ ਪੂਰੀ ਤਨਦੇਹੀ ਨਾਲ ਨਿਭਾਉ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਆਮਦਨ ਦੇ ਸਾਧਨਾਂ ਵਿੱਚ ਰੁਕਾਵਟਾਂ ਅਤੇ ਦੇਰੀ ਦਾ ਅੰਦੇਸ਼ਾ ਹੈ। ਫਜ਼ੂਲ ਦੀ ਦੌੜ–ਭੱਜ ਰਹੇਗੀ। ਬਿਨਾਂ ਕਿਸੇ ਮਕਸਦ ਦੇ ਯਾਤਰਾ, ਦੁਸ਼ਮਨ ਦਾ ਡਰ, ਨਾਂ ਚਾਹੁੰਦੇ ਹੋਏ ਵੀ ਸਥਾਨ ਬਦਲਾਵ ਨਾਲ ਪਰਿਵਾਰ ਵਿੱਚ ਕਲਹ ਕਲੇਸ਼ ਰਹੇਗਾ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ,

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਸੰਘਰਸ਼ ਦੇ ਬਾਵਜੂਦ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਗੁੱਸਾ ਜ਼ਿਆਦਾ ਆਉਣ ਨਾਲ ਕੁਝ ਬਣਦੇ ਕੰਮ ਵਿਗੜ ਸਕਦੇ ਹਨ। ਸੰਤਾਨ ਸਬੰਧੀ ਚਿੰਤਾ ਅਤੇ ਪਰਿਵਾਰ ਵਿੱਚ ਮੱਤਭੇਦ ਵੀ ਰਹਿਣਗੇ, ਜਿਸ ਕਾਰਨ ਮਨ ਅਸ਼ਾਂਤ ਅਤੇ ਅਸੰਤੁਸ਼ਟ ਰਹੇਗਾ। ਆਪਣੇ ਮਾਤਾ–ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਸਿਹਤ ਪੱਖੋਂ ਪ੍ਰੇਸ਼ਾਨੀ, ਨਜ਼ਦੀਕੀ ਰਿਸ਼ਤੇਦਾਰਾਂ ਨਾਲ ਵਿਰੋਧ, ਘਰੇਲੂ ਕਲਹ ਕਲੇਸ਼ ਅਤੇ ਦੁਸ਼ਮਨ ਦਾ ਡਰ ਬਣਿਆ ਰਹੇਗਾ। ਹਫਤੇ ਦੇ ਅਖੀਰ ਵਿੱਚ ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਦਾ ਡਰ ਰਹੇਗਾ, ਪਰ ਗੁਜ਼ਾਰੇ ਲਈ ਆਮਦਨ ਦੇ ਸਾਧਨ ਬਣਦੇ ਰਹਿਣਗੇ। ਧਨ ਦਾ ਖਰਚ ਵੀ ਜ਼ਿਆਦਾ ਰਹੇਗਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਹੋਵੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਪਰਿਵਾਰ ਵਿੱਚ ਪ੍ਰੇਸ਼ਾਨੀਆਂ ਦਾ ਸਾਹਮਣਾ ਰਹੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ, ਗੁਪਤ ਪ੍ਰੇਸ਼ਾਨੀਆਂ ਅਤੇ ਸੰਤਾਨ ਨਾਲ ਮੱਤਭੇਦ ਬਣੇ ਰਹਿਣਗੇ। ਇਸ ਲਈ ਖਾਸ ਸਾਵਧਾਨੀ ਵਰਤੋ। ਬਿਨਾਂ ਸੋਚੇ ਸਮਝੇ ਗਲਤ ਬੋਲਣ ਨਾਲ ਪਰਿਵਾਰ ਵਿੱਚ ਉਲਝਣਾਂ ਵੱਧਣਗੀਆਂ। ਪਰਿਵਾਰ ਸਮੇਤ ਮਾਤਾ ਪਿਤਾ ਨੂੰ ਗੁਰੂ ਘਰ ਜਰੂਰ ਲਿਜਾਉ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਇਸ ਹਫਤੇ ਧਨ ਲਾਭ ਮਾਮੂਲੀ, ਪਰ ਖਰਚ ਜ਼ਿਆਦਾ ਰਹਿਣ ਨਾਲ ਦਿਮਾਗੀ ਤਣਾਅ ਅਤੇ ਗੁੱਸੇ ਦੀ ਭਾਵਨਾ ਜ਼ਿਆਦਾ ਰਹੇਗੀ। ਭਾਈ–ਬੰਧੂਆਂ ਨਾਲ ਮਨ–ਮੁਟਾਵ, ਸਿਹਤ ਪੱਖੋਂ ਪ੍ਰੇਸ਼ਾਨੀ, ਮਨ ਵਿੱਚ ਉਚਾਟਤਾ ਅਤੇ ਡਰ ਦਾ ਮਾਹੌਲ ਬਣਿਆ ਰਹੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਇਸ ਹਫ਼ਤੇ ਪਰਿਵਾਰ ਵਿੱਚ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਰਹੇਗਾ। ਫਜ਼ੂਲ ਭੱਜ–ਦੌੜ ਅਤੇ ਵਧੇਰੇ ਸੰਘਰਸ਼ ਤੋਂ ਬਾਅਦ ਧਨ ਲਾਭ ਲਾਭ ਥੋੜ੍ਹਾ ਹੀ ਹੋਵੇਗਾ। ਸੁਭਾਵ ਵਿੱਚ ਤੇਜ਼ੀ ਨਾਲ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਸਮਾਂ ਅਨੁਕੂਲ ਨਾ ਹੋਣ ਦੇ ਬਾਵਜੂਦ ਤੁਹਾਡੀਆਂ ਕੋਸ਼ਿਸ਼ਾਂ ਅਤੇ ਆਪਣੇ ਭਾਈ–ਬੰਧੂਆਂ ਦੇ ਸਹਿਯੋਗ ਨਾਲ ਧਨ ਪ੍ਰਾਪਤੀ ਦੇ ਸਾਧਨ ਬਣਦੇ ਰਹਿਣਗੇ। ਨੌਕਰੀ ਵਿੱਚ ਅਫਸਰਾਂ ਨਾਲ ਤਣਾਅਪੂਰਨ ਮਾਹੌਲ ਰਹੇਗਾ। ਦਿਮਾਗੀ ਤਣਾਅ ਅਤੇ ਸਿਹਤ ਸਬੰਧੀ ਪ੍ਰੇਸ਼ਾਨੀ ਰਹੇਗੀ। ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂ ਬਾਤਾਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਵਧੇਰੇ ਸੰਘਰਸ਼ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਧਨ ਖਰਚ ਅਤੇ ਭਾਈ–ਬੰਧੂ ਨਾਲ ਮਨ–ਮੁਟਾਵ ਰਹੇਗਾ। ਕਾਰੋਬਾਰ ਵਿੱਚ ਵਾਧਾ, ਦਿਮਾਗੀ ਤਣਾਅ ਅਤੇ ਗੁੱਸੇ ਦੀ ਭਾਵਨਾ ਜ਼ਿਆਦਾ ਰਹੇਗੀ। ਸਰੀਰਕ ਕਸ਼ਟ ਤੇ ਮਨ ਉਚਾਟ ਰਹੇਗਾ। ਮਨ ਅੰਦਰ ਸਿਰਫ਼ ਪ੍ਰਮਾਤਮਾ ਨੂੰ ਯਾਦ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਅਤੇ ਪਰਿਵਾਰ ਵਿੱਚ ਮੱਤਭੇਦ ਹੁੰਦੇ ਹੋਏ ਵੀ ਪਰਿਵਾਰ ਦਾ ਪੂਰਾ ਸਹਿਯੋਗ ਮਿਲੇਗਾ। ਉੱਚ–ਪੱਧਰੀ ਲੋਕਾਂ ਨਾਲ ਚੰਗੇ ਸਬੰਧ ਬਣਨਗੇ, ਪਰ ਸੁਭਾਅ ਵਿੱਚ ਤੇਜ਼ੀ ਨਾਲ ਕੋਈ ਕੰਮ ਵਿਗੜ ਸਕਦੈ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਪਰਿਵਾਰ ਵਿੱਚ ਸ਼ੁੱਭ ਅਤੇ ਧਾਰਮਿਕ ਕੰਮਾਂ ਵਿੱਚ ਰੁਝਾਨ ਵਧੇਗਾ। ਵਪਾਰਕ ਖੇਤਰ ਵਿੱਚ ਹਾਲਾਤ ਪਹਿਲੇ ਨਾਲੋਂ ਬਿਹਤਰ ਹੋਣਗੇ। ਮਾਣ–ਇੱਜ਼ਤ ਵਿੱਚ ਵਾਧਾ, ਪਰ ਬਣਦੇ–ਬਣਦੇ ਕੰਮ ਵਿਗੜ ਸਕਦੇ ਹਨ। ਕਿਸੇ ਨਵੇਂ ਕੰਮ ਦੀ ਯੋਜਨਾ ਨੂੰ ਕਾਰਜਰੂਪ ਦੇਣ ਵਿੱਚ ਕੁਝ ਦੇਰੀ ਦੇ ਯੋਗ ਹਨ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਵਪਾਰਕ ਖੇਤਰ ਵਿੱਚ ਕਈ ਤਰ੍ਹਾਂ ਦੇ ਉਤਾਰ–ਚੜ੍ਹਾਵ, ਸੰਘਰਸ਼ ਅਤੇ ਉਥਲ–ਪੁਥਲ ਵਾਲੇ ਹਾਲਾਤ ਬਣਨਗੇ। ਇਕ ਸਮੇਂ 'ਤੇ ਇਕ ਤੋਂ ਜ਼ਿਆਦਾ ਕੰਮ ਸ਼ੁਰੂ ਕਰਨ ਨਾਲ ਪ੍ਰੇਸ਼ਾਨੀ ਹੋਵੇਗੀ। ਕਿਸੇ ਨਿਕਟ ਸਬੰਧੀ ਤੋਂ ਅਚਾਨਕ ਸਬੰਧਾਂ ਵਿੱਚ ਵਿਗਾੜ ਪੈ ਸਕਦਾ ਹੈ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ।

## ਹਾਸੇ ਦੀ ਪਟਾਰੀ

**ਗੋਪਾਲ,** ਡਾਕਟਰ ਸਾਹਿਬ ਦੋ ਸਾਲ ਪਹਿਲਾਂ ਮੈਨੂੰ ਬੁਖਾਰ ਹੋਇਆ ਸੀ।

ਡਾਕਟਰ, ਤਾਂ ਫੇਰ ਹੁਣ ਕੀ?

ਗੋਪਾਲ, ਤੁਸੀਂ ਮੈਨੂੰ ਨਹਾਉਣ ਤੋਂ ਮਨ੍ਹਾਂ ਕੀਤਾ ਸੀ, ਅੱਜ ਇਧਰ ਤੋਂ ਲੰਘ ਰਿਹਾ ਸੀ, ਸੋਚਿਆ ਕਿ ਪੁੱਛਦਾ ਜਾਵਾਂ...ਕੀ ਹੁਣ ਨਹਾ ਲਵਾਂ?

*---*---*

**ਗੁੱਲੂ,** ਯਾਰ ਵਿਆਹ ਤੋਂ ਬਾਅਦ ਘਰਵਾਲੀ ਕਿਹੋ ਜਿਹੀ ਵੀ ਹੋਵੇ, ਖਰਚੇ ਤਾਂ ਲੱਗੇ ਹੀ ਰਹਿੰਦੇ ਹਨ।

ਪੱਪੂ, ਕਿਹੋ ਜਿਹੇ ਖਰਚੇ?

ਗੁੱਲੂ, ਘਰਵਾਲੀ ਗੋਰੀ ਹੋਵੇ ਤਾਂ ਸਨਸਕ੍ਰੀਨ ਦਾ ਖਰਚਾ, ਜੇ ਕਾਲੀ ਹੋਵੇ ਤਾਂ ਫੇਅਰਨੈੱਸ ਕ੍ਰੀਮ ਦਾ।

*---*---*

**ਟੀਚਰ,** ਕੋਈ ਚੀਜ਼ ਦੱਸੋ, ਜਿਸ ਦਾ ਨਾਂ ਲੰਬਾ ਹੋਵੇ।

ਸੋਨੂੰ, ਰਬੜ।

ਟੀਚਰ, ਇਹ ਤਾਂ ਬਹੁਤ ਛੋਟਾ ਨਾਮ ਹੈ।

ਸੋਨੂੰ, ...ਪਰ ਇਸ ਨੂੰ ਖਿੱਚ ਕੇ ਜਿੰਨਾਂ ਚਾਹੋ ਲੰਬਾ ਕਰ ਸਕਦੇ ਹੋ

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME........................................................................................
ADDRESS..................................................................................
...........................................POST CODE...........................................
TEL..............................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* *SUBSCRIPTION*
PANJAB TIMES Bridle Gate Lane, Alvaston, Derby, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ–ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼–ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ 40ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਸੰਤ ਸਮਾਗਮ



ਸੰਤ ਸਮਾਜ ਵਲੋਂ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਤੇ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਦਾ ਸਨਮਾਨ ਕਰਦੇ ਹੋਏ ਸੰਤ ਭਾਗ ਸਿੰਘ ਪ੍ਰਧਾਨ ਦੁਆਬਾ ਨਿਰਮਲ ਮੰਡਲ ਅਤੇ ਸੰਤ ਤੇਜਾ ਸਿੰਘ ਪ੍ਰਧਾਨ ਪ੍ਰਾਚੀਰ ਨਿਰਮਲ ਮਹਾਂ ਮੰਡਲ ਤੇ ਹੋਰ।

ਬੰਗਾ–ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ 40ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਸੰਤ ਸਮਾਗਮ ਕਰਵਾਇਆ ਗਿਆ । ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਹੋਏ ਇਸ ਸਮਾਗਮ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਹੋਇਆ । ਸੰਤ ਸੰਮੇਲਨ ਵਿੱਚ ਸ਼ਾਮਲ ਸੰਤ ਭਾਗ ਸਿੰਘ ਪ੍ਰਧਾਨ ਦੁਆਬਾ ਨਿਰਮਲ ਮੰਡਲ ਅਤੇ ਸੰਤ ਤੇਜਾ ਸਿੰਘ ਪ੍ਰਧਾਨ ਪ੍ਰਾਚੀਰ ਨਿਰਮਲ ਮਹਾਂ ਮੰਡਲ ਨੇ ਸੰਬੋਧਨ ਕਰਦਿਆਂ ਹਸਪਤਾਲ ਦੇ ਸੰਸਥਾਪਕ ਬਾਬਾ ਬੁੱਧ ਸਿੰਘ ਢਾਹਾਂ ਦੀਆਂ ਨਿਸ਼ਕਾਮ ਸਮਾਜ ਸੇਵੀ ਸੇਵਾਵਾਂ ਨੂੰ ਯਾਦ ਕੀਤਾ । ਉਹਨਾਂ ਹਸਪਤਾਲ ਨੂੰ ਤਨ, ਮਨ, ਧਨ ਨਾਲ ਸਹਿਯੋਗ ਦੇਣ ਵਾਲਿਆਂ ਦੀ ਚੜ੍ਹਦੀ ਕਲਾ ਅਤੇ ਹਸਪਤਾਲ ਵਿੱਚ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਦੀ ਤੰਦਰੁਸਤੀ ਲਈ ਅਰਦਾਸ ਕੀਤੀ। ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਪੁੱਜੇ ਸੰਤ ਮਹਾਂਪੁਰਸ਼ਾਂ ਨੂੰ ਜੀ ਆਇਆ ਕਹਿੰਦੇ ਹੋਏ ਹਸਪਤਾਲ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕੀਤੀ । ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਅਤੇ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਵਲੋਂ ਸਮਾਗਮ ਵਿਚ ਪੁਜੇ ਸੰਤ ਮਹਾਂਪੁਰਸਾਂ ਦਾ ਮਾਣ ਸਤਿਕਾਰ ਕੀਤਾ ਗਿਆ । ਮੰਚ ਦਾ ਸੰਚਾਲਨ ਦੀ ਜ਼ਿੰਮੇਦਾਰੀ ਜੱਥੇਦਾਰ ਸਤਨਾਮ ਸਿੰਘ ਲਾਦੀਆਂ ਨੇ ਨਿਭਾਈ । ਇਸ ਸਮਾਗਮ ਦੌਰਾਨ ਸਮੂਹ ਸੰਤ ਸਮਾਜ ਵਲੋਂ ਟਰੱਸਟ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਅਤੇ ਮੀਤ ਪ੍ਰਧਾਨ ਬਰਜਿੰਦਰ ਸਿੰਘ ਢਾਹਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਸਿੰਘ ਸਾਧੜਾ, ਖਜ਼ਾਨਚੀ ਅਮਰਜੀਤ ਸਿੰਘ ਕਲੇਰਾਂ, ਪ੍ਰੋ. ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿਖਿਆ, ਮਹਿੰਦਰ ਪਾਲ ਸਿੰਘ ਦਫਤਰ ਸੁਪਰਡੈਂਟ, ਭਾਈ ਜੋਗਾ ਸਿੰਘ, ਸਮੂਹ ਹਸਪਤਾਲ ਸਟਾਫ ਅਤੇ ਢਾਹਾਂ ਕਲੇਰਾਂ ਵਿਖੇ ਚਲਦੇ ਅਦਾਰਿਆਂ ਦੇ ਮੁਖੀ ਅਤੇ ਸਟਾਫ ਮੈਂਬਰ ਹਾਜ਼ਰ ਸਨ ਸਨ।

# ਖ਼ਾਲਸਾ ਸਾਜਨਾ ਦਿਵਸ 'ਤੇ ਲੈਸਟਰ ਵਿਖੇ ਭਾਰੀ ਰੌਣਕਾਂ



ਭਾਈ ਇੰਦਰਜੀਤ ਸਿੰਘ ਜੀ ਹਜੂਰੀ ਰਾਗੀ ਸਚਖੰਡ ਸ੍ਰੀ ਦਰਬਾਰ ਸਾਹਿਬ ਵਾਲੇ ਆਪਣੇ ਸਾਥੀਆਂ ਨਾਲ ਕੀਰਤਨ ਕਰਦੇ ਹੋਏ, ਸਾਥ ਭਾਈ ਮਨਪ੍ਰੀਤ ਸਿੰਘ ਵੀ ਨਾਲ ਬੈਠੇ ਹਨ।

ਲੈਸਟਰ–(ਸੁਖਜਿੰਦਰ ਸਿੰਘ ਢੱਡੇ)–ਧਰਮ ਪ੍ਰਚਾਰ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਾਹਿਬ ਲੈਸਟਰ ਵਿਖੇ ਮੁੱਖ ਪ੍ਰਬੰਧਕ ਸ: ਜਰਨੈਲ ਸਿੰਘ ਰਾਣਾ ਦੀ ਅਗਵਾਈ ਵਿੱਚ ਖ਼ਾਲਸਾ ਸਾਜਨਾ ਵੈਸਾਖੀ ਪੁਰਬ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਹਜੂਰੀ ਰਾਗੀ ਜਥਾ ਭਾਈ ਗੁਰਦੀਪ ਸਿੰਘ, ਭਾਈ ਬਲਵੀਰ ਸਿੰਘ, ਭਾਈ ਪਰਮਿੰਦਰ ਸਿੰਘ ਨੇ ਆਰਤੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਸਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜੂਰੀ ਰਾਗੀ ਜਥਾ ਭਾਈ ਇੰਦਰਜੀਤ ਸਿੰਘ ਜੀ ਨੇ ਸੰਗਤਾਂ ਨੂੰ ਦੱਸਵੇਂ ਗੁਰਾਂ ਦੀ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ, ਸ੍ਰੀ ਸਰਬਲੋਹ ਗ੍ਰੰਥ ਗਾਇਨ ਕਰਕੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਸਰਸ਼ਾਰ ਕੀਤਾ। ਸਟੇਜ ਦੀ ਸੇਵਾ ਭਾਈ ਜਸਪਾਲ ਸਿੰਘ ਨੇ ਨਿਭਾਈ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਦੂਰ ਨੇੜਿਉਂ ਪਹੁੰਚ ਕੇ ਮੱਥਾ ਟੇਕਿਆ ਤੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਸੰਗਤਾਂ ਵਿੱਚ ਹੋਰਨਾਂ ਤੋਂ ਇਲਾਵਾ ਮੁੱਖ ਪ੍ਰਬੰਧਕ ਸ: ਜਰਨੈਲ ਸਿੰਘ ਰਾਣਾ, ਜਗਤਾਰ ਸਿੰਘ ਰਾਹੋਂ, ਭਾਈ ਮਨਪ੍ਰੀਤ ਸਿੰਘ, ਗਿਆਨੀ ਬਲਵੰਤ ਸਿੰਘ ਲਿਤਰਾਂ, ਮੁਖੀ ਗੁਰੂ ਨਾਨਕ ਸੰਗੀਤ ਸਭਾ ਯੂ.ਕੇ., ਰਣਧੀਰ ਸਿੰਘ ਸੰਭਲ, ਭਾਈ ਹਾਕਮ ਸਿੰਘ, ਮਲਕੀਤ ਸਿੰਘ, ਸ੍ਰੀ ਮਾਨ ਜੱਸ, ਸ੍ਰੀ ਬਾਜਵਾ ਆਦਿ ਹਾਜ਼ਰ ਸਨ। ਇਸ ਸਮੇਂ ਗਿਆਨੀ ਸੁਖਚੈਨ ਸਿੰਘ ਹੈਡ ਗ੍ਰੰਥੀ ਅਤੇ ਗਿਆਨੀ ਜੋਧਾ ਸਿੰਘ ਨੇ ਖ਼ਾਲਸਾ ਸਾਜਨਾ ਤੇ ਵੈਸਾਖੀ ਦਿਹਾੜੇ 'ਤੇ ਖੋਜ ਭਰਪੂਰ ਰੋਸ਼ਨੀ ਪਾਉਂਦਿਆਂ ਸੰਗਤਾਂ ਨੂੰ ਵੈਸਾਖੀ ਪੁਰਬ ਦੀ ਵਧਾਈ ਦਿੱਤੀ। ਇਸ ਦਿਹਾੜੇ ਸਵੇਰ ਤੋਂ ਪਹਿਲੀ ਵੇਰ ਸੰਗਤਾਂ ਨੂੰ ਗੁਰੂ ਕੇ ਲੰਗਰ ਤੋਂ ਇਲਾਵਾ ਸ਼ਾਮ ਤੱਕ ਸ਼ਰਧਾਲੂ ਗੁਰ ਸਿੱਖ ਪਰਿਵਾਰ ਵੱਲੋਂ ਗੋਲ ਗੱਪੇ ਛਕਾਉਣ ਦੀ ਅਤੁੱਟ ਸੇਵਾ ਕੀਤੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਿਸ਼ਾਨ ਸਾਹਿਬ ਜੀ ਦੇ ਚੋਲੇ ਦੀ ਸੇਵਾ ਕੀਤੀ ਗਈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com


ਨੇਤਾ ਜੀ ਇਹ ਵੀ ਤੁਹਾਡਾ ਕੰਮ ਹੋ ਜਾਵੇਗਾ,ਇਲੈਕਸ਼ਨ ਸਿਰ'ਤੇ ਹਨ,ਬਸ ਹੁਣ ਮੇਰੀ 'ਟਿਕਟ' ਦਾ ਖਿਆਲ ਰੱਖਿਓ.



## ਪਾਠਕਾਂ ਦੇ ਪੱਤਰ

# ਜਿਹੜਾ ਲੀਡਰ ਇਕ ਪਾਰਟੀ ਛੱਡ ਕੇ ਦੂਸਰੀ ਪਾਰਟੀ ਵਿੱਚ ਜਾਂਦਾ ਹੈ ਉਸ ਨੂੰ ਵੋਟ ਨਾ ਪਾਈ ਜਾਵੇ

ਭਾਰਤ ਦੀ ਜਨਤਾ ਨੂੰ ਚਾਹੀਦਾ ਹੈ ਕਿ ਜਿਹੜਾ ਵਿਅਕਤੀ ਆਪਣੀ ਪਹਿਲੀ ਪਾਰਟੀ ਛੱਡ ਕੇ ਦੂਸਰੀ ਵਿੱਚ ਜਾਂਦਾ ਹੈ ਉਸ ਨੂੰ ਵੋਟ ਨਾ ਪਾਉ । ਅਗਰ ਜਨਤਾ ਇਸ ਗੱਲ ਨੂੰ ਸਮਝ ਜਾਵੇ ਕਿ ਜਿਸ ਪਾਰਟੀ ਤੋਂ ਤੁਸੀਂ ਆਪਣੇ ਉਮੀਦਵਾਰ ਨੂੰ ਚੁਣ ਕੇ ਭੇਜਦੇ ਹੋ ਉਹ ਉਸ ਪਾਰਟੀ ਦੇ ਪਲੈਨ ਮੁਤਾਬਕ ਕੰਮ ਕਰੇ ਹਰ ਇਕ ਪਾਰਟੀ ਦੇ ਆਪਣੇ ਅਸੂਲ ਹਨ ਉਹ ਆਪਣੀਆਂ ਨੀਤੀਆਂ ਮੁਤਾਬਕ ਚੱਲਦਾ ਹੈ । ਭਾਰਤ ਵਿੱਚ ਇਕ ਮੰਤਰੀ ਨੇ ਸਾਫ਼ ਦੱਸ ਦਿੱਤਾ ਹੈ ਕਿ ਪੈਸੇ ਦੇ ਵਗੈਰ ਚੋਣ ਨਹੀਂ ਲੜ ਸਕਦਾ। ਇਹ ਵੀ ਲਿਖਿਆ ਹੈ ਕਿ ਪੈਸਾ ਖਰਚ ਹੁੰਦਾ ਹੈ ਇਹ ਸਾਫ਼ ਹੈ ਕਿ ਟਿਕਟ ਲੈਣ ਲਈ ਵੀ ਪੈਸਾ ਚਾਹੀਦਾ ਹੈ। ਫਿਰ ਸਾਰੇ ਸੁਣ ਰਹੇ ਹੋ ਕਿ ਭਾਰਤ ਸਾਡਾ ਪਰਿਵਾਰ ਹੈ। ਪਰਿਵਾਰ ਵਿੱਚ ਹੀ ਪੈਸੇ ਲੈ ਕੇ ਟਿਕਟਾਂ ਮਿਲਦੀਆਂ ਹਨ । ਫਿਰ ਬਾਕੀ ਆਮ ਆਦਮੀ ਕੀ ਕਰੇ । ਫਿਰ ਦੇਸ਼ ਵਿੱਚ ਰਿਸ਼ਵਤ ਕਿਵੇਂ ਬੰਦ ਹੋ ਸਕਦੀ ਹੈ। ਅਗਰ ਪਰਿਵਾਰ ਸਾਫ਼ ਹੈ ਭੈਣ ਭਰਾ ਇਕ ਦੂਸਰੇ ਨਾਲ ਮਿਲਾਪ ਰੱਖਦੇ ਹਨ, ਰਿਸ਼ਤੇਦਾਰ ਇਕ ਦੂਸਰੇ ਦੀ ਮਦਦ ਕਰਦੇ ਹਨ ਫਿਰ ਤਾਂ ਦੇਸ਼ ਵਿੱਚ ਸਭ ਕੁਝ ਆਪਣੇ ਆਪ ਠੀਕ ਹੋ ਜਾਵੇਗਾ । ਹੁਣ ਫਿਰ ਖਜ਼ਾਨਾ ਮੰਤਰੀ ਸਾਹਿਬ ਲਿਖ ਰਹੇ ਹਨ ਪਾਰਲੀਮੈਂਟ ਦੇ ਰਸਤੇ ਰਾਹੀਂ ਸਭ ਕੁਝ ਠੀਕ ਕੀਤਾ ਜਾਵੇ-ਗਾ । ਜਦ ਪਾਰਟੀਮੈਂਟ ਵਿੱਚ ਇਕ ਆਮ ਆਦਮੀ ਜਨਤਾ ਦੁਆਰਾ ਚੁਣ ਕੇ ਜਾਂਦਾ ਹੈ, ਕਸਮਾਂ ਖਾ ਕੇ ਪਾਰਟੀਮੈਂਟ ਵਿੱਚ ਕੰਮ ਕਰਦਾ ਹੈ ਕਿ ਮੈਂ ਇਨ੍ਹਾਂ ਸਿਧਾਂਤਾਂ ਰਾਹੀਂ ਕੰਮ ਕਰਾਂਗਾ । ਦੇਸ਼ ਦੀ ਸੇਵਾ ਜਨਤਾ ਦੀ ਸੇਵਾ ਕਰਾਂਗਾ । ਚੁਣ ਕਾਂਗਰਸ ਤੋਂ ਹੁੰਦਾ ਹੈ ਪਾਰਟੀ ਆਮ ਵਿੱਚ ਚਲਾ ਜਾਂਦਾ ਹੈ ਫਿਰ ਉਹ ਆਪਣੇ ਸਾਰੇ ਸਿਧਾਂਤ ਖਤਮ ਕਰ ਦਿੰਦਾ ਹੈ। ਇਹ ਜਨਤਾ ਨੂੰ ਦੇਖਣਾ ਪਵੇਗਾ ਕਿ ਉਨ੍ਹਾਂ ਕੀ ਕਰਨਾ ਹੈ। ਉਸ ਨੂੰ ਵੋਟ ਨਾ ਦੇਵੋ । ਪਿੰਡ ਸ਼ਹਿਰ ਵਿੱਚ ਭਾਸ਼ਨ ਨਾ ਦੇਣ ਦੇਵੋ । ਇਕ ਪਾਰਟੀ ਛੱਡ ਕੇ ਦੂਸਰੀ ਪਾਰਟੀ ਵਿੱਚ ਜਾਂਦਾ ਹੈ ਉਹ ਦੇਸ਼ ਭਗਤ ਹੈ ਫਿਰ ਦੂਸਰੀ ਪਾਰਟੀ ਵਿੱਚ ਜਾਂਦਾ ਹੈ ਉਹ ਹੀ ਗਦਾਰ ਹੈ। ਅਗਰ ਪਾਰਟੀ ਨਾਲ ਗਦਾਰੀ ਕਰਦਾ ਹੈ ਉਹ ਕਿਸੇ ਨਾਲ ਵੀ ਗਦਾਰੀ ਕਰ ਸਕਦਾ ਹੈ। ਪਾਰਟੀ ਛੱਡਣੀ ਫਿਰ ਸਿਆਸਤ ਤੋਂ ਸੰਨਿਆਸ ਲੈ ਲਵੇ ਜਿਵੇਂ ਇਨ੍ਹਾਂ ਮੁਲਕਾਂ ਵਿੱਚ ਹੁੰਦਾ ਹੈ। ਸਾਡੇ ਮੁਲਕ ਵਿੱਚ ਉਸ ਨੂੰ ਵੀ ਵੋਟ ਪਾ ਕੇ ਅੱਗੇ ਕਰ ਦਿੰਦੇ ਹਨ। ਹਾਥੀ ਦੇ ਦੰਦ ਖਾਣ ਲਈ ਹੋਰ ਦਿਖਾਉਣ ਲਈ ਹੋਰ ਹਨ। ਗਲਤੀ ਮੁਆਫ਼।



–ਆਪ ਦਾ ਦਾਸ–ਕੇ ਐਸ ਜੋਗੀ

ਦੇਗ ਤੇਗ ਫਤਹਿ ।। ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ।। ਪੰਥ ਕੀ ਜੀਤ ।।

# ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ

## 106 ਈਸਟ ਪਾਰਕ ਰੋਡ, ਲੈਸਟਰ LE5 4QB ਵਿਖੇ

# ਨਵੀਂ ਮੈਂਬਰਸ਼ਿੱਪ ਦਾ ਐਲਾਨ

## ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿੱਪ ਹੇਠਾਂ ਲਿਖੀਆਂ ਤਰੀਕਾਂ ਨੂੰ 15 ਮਈ 2024 ਤੋਂ 30 ਜੂਨ 2024 ਤੱਕ ਖੁੱਲ੍ਹੀ ਹੈ

ਗੁਰੂ ਤੇਗ ਬਹਾਦਰ ਗੁਰਦਵਾਰਾ 106 ਈਸਟ ਪਾਰਕ ਰੋਡ ਲੈਸਟਰ ਦੀ ਪ੍ਰਬੰਧਕ ਕਮੇਟੀ ਵੱਲੋਂ 24 ਸ਼ੈਸ਼ਨਾਂ ਲਈ 15 ਮਈ 2024 ਤੋਂ 30 ਜੂਨ 2024 ਤੱਕ ਮੈਂਬਰਸ਼ਿਪ ਖੋਹਲੀ ਗਈ ਹੈ। ਰਜਿਸਟਰਡ ਮੈਂਬਰ ਬਣਨ ਲਈ ਤੁਸੀਂ ਆਪਣੇ ਸ਼ਨਾਖਤੀ ਕਾਰਡ ਜਿਵੇਂ ਕਿ ਡਾਕਟਰੀ ਕਾਰਡ ਜਾਂ ਡਰਾਈਵਿੰਗ ਲਾਇਸੰਸ ਜਾਂ ਪਾਸਪੋਰਟ ਲਿਆ ਕੇ ਮੈਂਬਰ ਬਣ ਸਕਦੇ ਹੋ। ਘਰ ਦੇ ਐਡਰੈੱਸ ਦਾ ਸਬੂਤ ਵੀ ਜ਼ਰੂਰੀ ਹੋਣਾ ਚਾਹੀਦਾ ਹੈ। ਪੁਰਾਣੀ ਮੈਂਬਰਸ਼ਿੱਪ ਦੀ ਮੁਨਿਆਦ ਖ਼ਤਮ ਹੋ ਚੁੱਕੀ ਹੈ। ਨਵੀਂ ਮੈਂਬਰਸ਼ਿੱਪ ਦੀ ਮੁਨਿਆਦ 2026 ਤੱਕ ਰਹੇਗੀ। ਲੈਸਟਰਸ਼ਾਇਰ ਦੀ ਸੰਗਤ ਨੂੰ ਬੇਨਤੀ ਹੈ ਕਿ ਆਪ ਸਭ ਗੁਰੂ ਘਰ ਦੇ ਮੈਂਬਰ ਬਣੋ ਜੀ।

ਗੁਰੂ ਘਰ ਦੇ ਸੰਵਿਧਾਨ ਦੀ ਕਲਾਜ਼ 3 (7), ਅਨੁਸਾਰ ਗੁਰਦਵਾਰਾ ਸਾਹਿਬ ਦੀ ਮੈਂਬਰਸ਼ਿੱਪ ਲਈ ਰਜਿਸਟਰ ਹੋਣ ਵਾਸਤੇ ਹੇਠਾਂ ਲਿਖੀਆਂ ਸ਼ਰਤਾਂ ਹਨ:

1) ਤੁਹਾਡੀ ਉਮਰ 18 ਸਾਲ ਤੋਂ ਉਪਰ ਹੋਣੀ ਚਾਹੀਦੀ ਹੈ। ਤੁਸੀਂ ਲੈਸਟਰਸ਼ਾਇਰ ਵਿੱਚ ਰਹਿੰਦੇ ਹੋਣੇ ਚਾਹੀਦੇ ਹੋ।

2) ਤੁਸੀਂ ਸਿੱਖ ਧਰਮ ਨੂੰ ਮੰਨਦੇ ਹੋਵੋ, ਸਿਰਫ਼ ਦਸਾਂ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ਵਾਸ਼ ਕਰਦੇ ਹੋ।

3) ਤੁਸੀਂ ਕਿਸੇ ਹੋਰ ਸਿੱਖ ਗੁਰਦਵਾਰੇ ਜਾਂ ਹਿੰਦੂ ਮੰਦਰ ਦੇ ਮੈਂਬਰ ਨਹੀਂ ਹੋਣੇ ਚਾਹੀਦੇ। ਜੇ ਹੋਰ ਗੁਰਦਵਾਰੇ ਜਾਂ ਹਿੰਦੂ ਮੰਦਰ ਦੇ ਤੁਸੀਂ ਮੈਂਬਰ ਹੋ ਤਾਂ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਦੇ ਮੈਂਬਰ ਨਹੀਂ ਬਣ ਸਕਦੇ।

| ਮਿਤੀ /: | ਦਿਨ | ਸਮਾਂ |
|---|---|---|
| 15/5/2024 | ਬੁੱਧਵਾਰ | ਸ਼ਾਮੀ 6 ਤੋਂ 8 ਵਜੇ |
| 18/5/2024 | ਸ਼ਨੀਵਾਰ | ਸ਼ਾਮੀ 6 ਤੋਂ 8 ਵਜੇ |
| 19/5/2024 | ਐਤਵਾਰ | ਸਵੇਰੇ 11 ਤੋਂ 2.00 ਵਜੇ |
| 22/5/2024 | ਬੁੱਧਵਾਰ | ਸ਼ਾਮੀ 6 ਤੋਂ 8 ਵਜੇ |
| 25/5/2024 | ਸ਼ਨਿੱਚਰਵਾਰ | ਸ਼ਾਮੀ 6 ਤੋਂ 8 ਵਜੇ |
| 26/5/2024 | ਐਤਵਾਰ | ਸਵੇਰੇ 11 ਤੋਂ 2.00 ਵਜੇ |
| 29/5/2024 | ਬੁੱਧਵਾਰ | ਸ਼ਾਮੀ 6 ਤੋਂ 8 ਵਜੇ |
| 01/6/2024 | ਸ਼ਨਿੱਚਰਵਾਰ | ਸ਼ਾਮੀ 6 ਤੋਂ 8 ਵਜੇ |
| 02/6/2024 | ਐਤਵਾਰ | ਸਵੇਰੇ 11 ਤੋਂ 2.00 ਵਜੇ |
| 05/6/2024 | ਬੁੱਧਵਾਰ | ਸ਼ਾਮੀ 6 ਤੋਂ 8 ਵਜੇ |
| 08/6/2024 | ਸ਼ਨਿੱਚਰਵਾਰ | ਸ਼ਾਮੀ 6 ਤੋਂ 8 ਵਜੇ |
| 09/6/2024 | ਐਤਵਾਰ | ਸਵੇਰੇ 11 ਤੋਂ 2.00 ਵਜੇ |
| 12/6/2024 | ਬੁੱਧਵਾਰ | ਸ਼ਾਮੀ 6 ਤੋਂ 8 ਵਜੇ |
| 15/6/2024 | ਸ਼ਨਿੱਚਰਵਾਰ | ਸ਼ਾਮੀ 6 ਤੋਂ 8 ਵਜੇ |
| 16/6/2024 | ਐਤਵਾਰ | ਕੋਈ ਰਜਿਸਟ੍ਰੇਸ਼ਨ ਨਹੀਂ ਹੋਵੇਗੀ |
| 19/6/2024 | ਬੁੱਧਵਾਰ | ਸ਼ਾਮੀ 6 ਤੋਂ 8 ਵਜੇ |
| 22/6/2024 | ਸ਼ਨਿੱਚਰਵਾਰ | ਸ਼ਾਮੀ 6 ਤੋਂ 8 ਵਜੇ |
| 23/6/2024 | ਐਤਵਾਰ | ਸਵੇਰੇ 11 ਤੋਂ 2.00 ਵਜੇ |
| 25/6/2024 | ਮੰਗਲਵਾਰ | ਸ਼ਾਮੀ 6 ਤੋਂ 8 ਵਜੇ |
| 26/6/2024 | ਬੁੱਧਵਾਰ | ਸ਼ਾਮੀ 6 ਤੋਂ 8 ਵਜੇ |
| 27/6/2024 | ਵੀਰਵਾਰ | ਸ਼ਾਮੀ 6 ਤੋਂ 8 ਵਜੇ |
| 28/6/2024 | ਸ਼ੁੱਕਰਵਾਰ | ਸ਼ਾਮੀ 6 ਤੋਂ 8 ਵਜੇ |
| 29/6/2024 | ਸ਼ਨਿੱਚਰਵਾਰ | ਸ਼ਾਮੀ 5 ਤੋਂ 8 ਵਜੇ |
| 30/6/2024 | ਐਤਵਾਰ | ਸਵੇਰੇ 11 ਤੋਂ 2.00 ਵਜੇ |

**ਗੁਰੂ ਪੰਥ ਦੇ ਦਾਸ – ਸਮੂਹ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ**

## SIRI GURU TEGBAHADUR GURDWARA LEICESTER

**106 EASTPARK ROAD, LEICESTER, LE5 4QB. Tel: 0116 274 2453**

ਪ੍ਰਧਾਨ: ਰਾਜ ਮਨਵਿੰਦਰ ਸਿੰਘ ਕੰਗ 07869 113379, ਜਨਰਲ ਸੈਕਟਰੀ : ਮੁਖਤਿਆਰ ਸਿੰਘ 07414 760222
ਸਟੇਜ ਸੈਕਟਰੀ : ਹਰਮਿੰਦਰ ਸਿੰਘ 07521 899964, ਖਜ਼ਾਨਚੀ : ਪ੍ਰਮਜੀਤ ਸਿੰਘ ਰਾਏ 07817 276158

ਦੇਗ ਤੇਗ ਫਤਹਿ ॥ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ਪੰਥ ਕੀ ਜੀਤ ॥

# NOTICE of NEW MEMBERSHIP

## OPENING from 15th May to 30th June 2024

# Siri Guru Tegh Bahadur Gurdwara

## 106 East Park Road, Leicester, LE5 4QB

**According to The Third Schedule Constitution clause 3 (7), I hearby membership at Guru Tegh Bahadur Sahib Leicester, 15th May to 30th June 2024**

Guru Tegh Bahadur Gurdwara management committee 106 East Park Road, Leicester has opened the membership from 15th May till 30th June 2024. In order to become a member the person must attend the session to complete a membership form. The identification should be Driving licence, Passport or NHS (Medical) Card. You must also have proof of your current address in order to prove residence. In order to obtain membership.

* You must be over 18 years and residence of Leicestershire.
* You must belong to Sikh Religion, and believe in the teachings of Ten Gurus and no other, and accept the authority of the Guru Granth Sahib.
* You should not be a member of any other Gurdwara or Hindu Temple.

- *Mukhtiar Singh, General Secretary*
*Siri Guru Tegh Bahadur Sahib*
*106 East Park Road, Leicester, LE5 4QB*

| DATE | DAY | TIME |
|---|---|---|
| WEDNESDAY | 15TH MAY 2024 | 6PM - 8PM |
| SATURDAY | 18TH MAY 2024 | 6PM - 8PM |
| SUNDAY | 19TH MAY 2024 | 11AM - 2PM |
| WEDNESDAY | 22TH MAY 2024 | 6PM - 8PM |
| SATURDAY | 25TH MAY 2024 | 6PM - 8PM |
| SUNDAY | 26TH MAY 2024 | 11AM - 2PM |
| WEDNESDAY | 29TH MAY 2024 | 6PM - 8PM |
| SATURDAY | 1ST JUNE 2024 | 6PM - 8PM |
| SUNDAY | 2ND JUNE 2024 | 11AM - 2PM |
| WEDNESDAY | 5TH JUNE 2024 | 6PM - 8PM |
| SATURDAY | 8TH JUNE 2024 | 6PM - 8PM |
| SUNDAY | 9TH JUNE 2024 | 11AM - 2PM |
| WEDNESDAY | 12TH JUNE 2024 | 6PM - 8PM |
| SATURDAY | 15TH JUNE 2024 | 5PM - 8PM |
| SUNDAY | 16TH JUNE 2024 | No Registration |
| WEDNESDAY | 19TH JUNE 2024 | 6PM - 8PM |
| SATURDAY | 22ND JUNE 2024 | 6PM - 8PM |
| SUNDAY | 23RD JUNE 2024 | 11AM - 2PM |
| TUESDAY | 25TH JUNE 2024 | 6PM - 8PM |
| WEDNESDAY | 26TH JUNE 2024 | 6PM - 8PM |
| THURSDAY | 27TH JUNE 2024 | 6PM - 8PM |
| FRIDAY | 28TH JUNE 2024. | 6PM - 8PM |
| SATURDAY | 29TH JUNE 2024 | 5PM - 8PM |
| SUNDAY | 30TH JUNE 2024 | 11AM - 2PM |

**Please note: all previous membership is now expired.
New membership will be valid till 2026.**

## SIRI GURU TEGBAHADUR GURDWARA SAHIB

**106 EASTPARK ROAD, LEICESTER, LE5 4QB. Tel: 0116 274 2453**

President: Raj Manvinder Singh Kang 07869 113379, General Secretary: Mukhtiar Singh 07414 760222
Stage Secretary : Harminder Singh 07521 899964, Treasurer : Paramjit Singh Rai 07817 276158

TAIL PIECE

Dalip Singh Wasan, Advocate
Email: dalipsinghwassan@yahoo.co.in

## This tenure of Parliament be reserved for the Representatives

The contesting groups and parties are not coming with clear programmes, targets and schemes and therefore, our next Parliament shall run as per routine till date. Therefore, the MPs must come forward with problems of their constituencies for discussion and solution. If the problem relates and coverrs more areas that one two and more MPs must joint and try to solve the problem through Parliament. While framing schemes the members must concentrate on the problem and forget to which group they belong. The members are Representatives of people and not of parties and groups. Let teh national level problems be with the prime Minister. The MPs must be allowed to serve their own constituencies and be allowed to become real Representatives. We pay them and bear whole expenditure on Parliament Sessions and when problems of each areas are not taken up here, it is something beyond our democratic system. There is no specific duty chart for the MPs and that is the reason some mPs totally remain silent during the whole tenure of five years and get pay and pension. Public Servant means he must serve and work. When they are called Represeentatives, they must represent the people of the constituencies by bringing problems of the areas before the Parliament. The administration in states and of the centre may help the MPs for framing schemes for solution of problems. Since MPs were were not allowed to work for their areas till date, this tenure must be reserved for them. Our country shall turn government of the people and by the people through their representatives in reality. When people problems shall be coming in Parliament through their representatives, it shall work for the welfare of the people.

## Religions are different groups- Secularism is uniting factor

As far as India is concerned, there are so many religions and it is on record that all these religions have attained the status of different groups. Eventhe different groups are having their political wings and we have seen that religions are playing specific parts in politics in india. We are lucky that our Constitution specifically talks of Secularism when we declared that none shall be discriminated because of his religion, caste, colour and creed. And because of this policy of Secularism, we have seen that people from different religions had been reaching here to the status of President of India, Prime Minister, Head of armies and judges in our higher courts. Because of dirty politics in India there had beeen terrorism, riots and killing of innocent people and brought bad name to India. No effort could be made through which specific idendentitis of religions could be written off. Had we stopped entry of religions and castes in all government records from the very beginning of independence and democracy, some better results could have been attained. Because of these religious groups, demands for separations had been arising and such demands are dangerous for our unity and integrity of India. Society has been divided and even matrimonial alliances are banned. Even these sections of our societies are having their own colonies and do not mix with people of other religions, castes and sub castes. On the whole we have learnt the art of following Secularism in our day to day life and are now a nation.

## Reservation may continue but must start covering more families

Actually reservation had been introduced in our Constitution for a period of ten years, but on certain grounds this process has been continuing till date and some more categories too could get entry in this category. This concept of reservation is violating principle of equality the basic principle in our Constitution started coverning a limited nuber of families and time has come when we should take steps to ensure such benefits to members of more families. The following changes are suggested---

1. Only one member from a family may get this benefit of reservation.
2. Only once one must get reservation either at the time of first employment or in promotion.
3. People from reserved categories, if had been getting help in education and training and then given help for preparation in competitions, must get jobs on merits and should not be given reservation benefits.
4. Reservation benefits given in government, local bodies, corporate houses in public sector must be taken account while considering a case of reservation.
5. No relaxations be given in qualifications, experience in other basics to keep standards update.

Let the government try to ensure that people from these reserved categories must be provided eduation, training and preparation for competition so that ultimately this process of reservation could be written off from our Constitution because it is violation of our principle of equality.

## un-planned Education and Training lead to so many problems

After independence we adopted democracy as way of administration and main target had been to serve the people of India in a better way. Our main targets were to give people proper education and proper training so that all able people be at proper work amd must earn proper income to run the families. We passed laws on these subjects. We had teh wings where our youths could get Vocational Guidance to have proper selection of profession, trades, callings and employments. The main grounds were not kept in view and most of our efforts wenty wrong when educated and trained people could not be adjusted properly. Most of the educated and trained people becme surplus categories and we noted these educated and trained people became frustrated classes and when they could not find suitable jobs for years having no calls from Employment Exchanges, turned drugg addicts, criminals or the like. And this process of un-planned education and training is still going on. The Live Registers maintained in Employment Exchanges show that most of candidates registered are not getting call letters in decades. The people who had been coming forward to work for the welfare of the people could not bring these problems before the Parliament or in State Legislative Asse3mblies because of procedure adopted in these August Houses and this unemployment problem became the leading problem and is root cause of most of our problems, especially poverty in India. Only those people should come in our August Houses who can give us a planned process in giving proper education and training to the youths and must admit that this is the first duty of an elected member on our August Houses. Atleast we should plan training as per demand of the country so that they may not turn surplus categoris.

## Attaining Equality difficult--Providing Proper life to people possible

In most of the Constitutions of the countries of the world, people claim that they shall establish Equality in their countries. But uptill now this concept of equality could not be achieved. And since nature does not provide equqlity, efrforts made on this side have failed. Therefore, let the governments, instead of trying on this line, they must ensure that they shall provide Proper Life to all citizens in their countries. If five basics of life Proper Health, Proper Education, Proper Training, Proper employment and Proper Income is provided to all the cities, they shall be able to live a Proper Life. Some countries had started working on attainment of these five basic provisions and people could be called living a proper life. As far as India is concerned, the society is divided on so many points and because of these divisions all are having separate system of life-style. They are living in these styles for centuries and what is common in all the sections that most of the people are not having a proper life and the five basics wre not kept in mind. When we have talked of Equality in our Constitution and also talk on proper life in beginning part and in Directive Principles of our Constitution, we must ensure for providing Proper Life to the people and all first-aid efforts be converted into attaining five basics to each and everyone citizen so that all must have Proper life. We are a rich country and centuries of our slavery established so many ills and since we are completing one century of independence and democracy, we must start working on attaining five basics and till 2047 we too shall be standing in line with Developed Countries with flying colours.

... Continue on page 29

# THE PANJAB TIMES' NEW FEATURE: Tweets of the Week

**X Twitter:@SanghaDr. Principal Dr. Sujinder Singh Sangha OBE FRSA**

– ਲੇਖਕ –
ਸੁਜਿੰਦਰ ਸਿੰਘ ਸੰਘਾ



# ਪੰਜਾਬ ਟਾਈਮਜ਼ ਦਾ ਨਵਾਂ ਫੀਚਰ - ਟਵੀਟਸ ਆਫ ਦਾ ਵੀਕ

'ਵਿਸ਼ਵ-ਵਿਆਪਕ' ਪੰਜਾਬ ਵਿਚ, ਪੰਜਾਬੀਅਤ ਅਤੇ ਸਰਬਪੱਖੀ ਸਿੱਖ-ਪੰਥਕ ਬੁਲੰਦੀਆਂ ਛੋਹਣ ਲਈ, 'ਪੰਜਾਬ ਵਸਦਾ ਗੁਰਾਂ ਦੇ ਨਾਂ ਤੇ' ਸਿਧਾਂਤਕ ਅਤੇ ਅਮਲੀ ਕਾਰਜਸ਼ੀਲਤਾ ਨੂੰ ਹਰ ਪਹਿਲੂ ਤੋਂ ਪ੍ਰਚੰਡ ਕਰਦੇ ਜਾਂਣਾ ਜਰੂਰੀ ਹੈ। ਇਸ ਨਾਲ ਕਾਫਲੇ ਅਗਾਂਹ ਵਧਦੇ ਜਾਂਣਗੈ। ਅਕਾਲੀ ਲਹਿਰ ਅਤੇ ਸਿੱਖ ਪੰਥਕ ਸੰਸਥਾਵਾਂ ਮਜਬੂਤ ਹੁੰਦੀਆਂ ਜਾਂਦੀਆ ਜਾਂਣ। ਵੱਡਾ ਸਵਾਲ ਲੋਕ ਸਭਾ ਵਿਚ ਸੀਟਾਂ ਨਾਲੋਂ ਵੀ ਵੱਧਕੇ, ਵੋਟਰਾਂ ਦੀ ਪੰਥਪ੍ਰਸਤ ਪ੍ਰਤੀਸ਼ਤ ਵਧਾਉਣ ਦਾ ਹੈ।

........................

ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਸੰਸਥਾਵਾਂ ਨੂੰ ਆਪਣੇ ਤਵਾਰੀਖੀ ਫੈਸਲਿਆਂ ਅਤੇ ਭਵਿੱਖਤ ਲੋੜਾਂ ਨੂੰ ਸਮਝਦਿਆਂ, ਅਮ੍ਰਿਤਸਰ ਸਾਹਿਬ ਕੇਂਦਰਿਤ ਪਰ ਸਰਬਹਿੰਦ, ਵਿਕੇਂਦਰਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸੰਵਿਧਾਨਕ ਜਾਂ ਫਿਰ, ਕਾਨੂੰਨੀ ਟਰਸਟ ਅਧਾਰਿਤ ਸਥਾਪਨਾ ਕਰਨ ਦੀ ਇਤਿਹਾਸਿਕ ਲੋੜ ਹੈ। 'ਸਰਬਹਿੰਦ ਗੁਰਦਵਾਰਾ ਸਥਾਪਤੀ' ਦਾ ਅਗਾਂਹ, ਵਿਸ਼ਵ-ਵਿਆਪਕ ਤਾਲਮੇਲ ਉਸਾਰਨਾਂ ਭਵਿੱਖਤ ਲੋੜ ਹੈ।

..............................

.'ਖਾਲਸਾਈ ਨਿਸ਼ਾਨ' ਸਾਹਿਬ ਤਾਂ ਸਿਖ, ਘਰ-ਘਰ ਅਤੇ ਆਪਣੀਂਆਂ ਸੰਸਥਾਵਾ ਓਪਰ ਹਮੇਸ਼ਾ ਹੀ ਝੁਲਾਇਆ ਕਰਦੇ ਰਹਿਣਗੇ। ਪਰ ਕਈ 'ਰਾਜਨੀਤਕ ਸਿਖ', ਸਿਧਾਂਤਕ ਤੌਰ ਤੇ ਬੇਘਰ ਹੋ ਰਹੇ ਹਨ ਅਤੇ ਲਾਹੇ ਲੈ ਕੇ ਹੋਸ਼ੇ ਸਵਾਰਥਾਂ ਖਾਤਰ, ਦਰ ਬੇ-ਦਰ ਹੋ ਰਹੇ ਹਨ। ਉਹ ਇਹ ਸਿਧਾਂਤ ਯਾਦ ਨਹੀਂ ਰਖ ਰਹੇ ਕਿ 'ਪੰਜਾਬ ਵਸਦਾ ਗੁਰਾਂ ਦੇ ਨਾਮ ਤੇ'। ਉਹ ਖੋਖਲੇ ਸਿਆਸਤੀ ਪ੍ਰਭਾਵ, ਸ਼ੋਹਰਤੀ ਮਖੌਟਿਆਂ, ਪੈਸੇ ਦੇ ਲਾਲਚਾਂ... ਆਦਿ ਖਾਤਿਰ ਦਰ ਦਰ ਦੀ ਸਿਆਸੀ ਖੇਹ ਛਾਂਣਦੇ ਫਿਰਦੇ ਹਨ।

............................

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਵਜੋਂ, ਪਾਰਟੀ ਦੇ ਸੀਨੀਅਰ ਆਗੂਆਂ ਦੀ ਪਹਿਲੀ ਸੂਚੀ ਦਾ ਐਲਾਨ ਕੀਤਾ। ਜਰੂਰੀ ਹੈ ਕਿ 325ਵੇਂ, ਖਾਲਸਾ ਸਾਜਣਾ ਦਿਵਸ ਦੇ ਇਤਿਹਾਸਕ ਅਤੇ ਪਵਿੱਤਰ ਮੌਕੇ, ਪੰਥਕ ਅਕਾਲੀ ਲੀਡਰਸ਼ਿਪ ਦਲ-ਪਾਰਟੀਆਂ ਬਦਲਣ ਵਾਲਿਆਂ ਤੋਂ ਮੁਕਤ ਰਹਿਣ, ਇਹ ਅਤਿਅੰਤ ਜਰੂਰੀ ਲੋੜ ਹੈ।

ਚੰਗਾ ਹੋਵੇ ਜੇ ਕਿਰਸਾਨ ਆਗੂ ਵੀ ਦਲ-ਪਾਰਟੀਆਂ ਬਦਲਣ ਵਲਿਆਂ ਨੂੰ ਵੀ ਵੋਟਾਂ ਨਾ ਪਾਉਣ ਦੀ ਅਪੀਲ ਕਰਨ, ਇਹੋ ਤਰੀਕਾ ਵਰਤਣਾ ਚਾਹੀਦਾ ਕੁਝ ਕੁ ਰਾਜਨੀਤਕ ਸਫਾਈ ਲਈ।

For Shiromani Akali Dal, SGPC and Sikh-Panthik leadership the way forward relating to Gurdwara management across India is to resurrect their historical resolutions and campaigns led program for establishing All India Federal Shiromani Gurdwara Parbandhak Committee by statute, or by a legal super trust formation. This formation, can then develop a global system of liaison with Gurdwaras worldwide to address Sikh Panthik needs of the present and future

................................

It is interesting to note that the announcement of the first list of parliamentary candidates for 2024 general elections by Shiromani Akali Dal leadership on the 325th Vaisakhi Day, has no Badal family members in the list, nevertheless, political cynics and critics of the SAD within the rival Sikh political circles, some editorials, web site comments and social media analyzes continue to be unsympathetic to the mainstream Shiromani Akali Dal. Because the other parties and groups in Punjab can only capture political power and influence at the political expense of Shiromani Akali Dal.

..............................

Shiromani Akali Dal President S Sukhbir Singh Badal announced the 'Badals free' list of seven senior leaders of the party as candidates, for the 2024 parliamentary elections on the historic and pious occasion of 'Khalsa Sirjana Divas'. It is critical that the SAD manifesto resurrects the SAD, SGPC and Sikh Panthic bodies' historic resolutions and commitments to Punjab, Punjabis and Sikh Panthic issues and concerns. Winning Lok Sabha seats is important, however, what is even more important is the growth of percentage vote for Shiromani Akali Dal, which will determine its future influence within Punjab and outside in the significant political arena.

..............................

In central Punjab, the Doaba area's Jalandhar parliamentary constituency is significant for non-resident and resident Punjabis. Shiromani Akali Dal should only field original, authentic and credible SAD candidates to contest the Lok-Sabha elections 2024. For Jalandhar, a popular local and well connected potential candidate can be Professor Harbans Singh Bolina. Prof Bolina is a good speaker, writer and activist known in Doaba and to many NRIs abroad - being a former educationist and staff representative in Lyallpur Khalsa College Jalandhar. He was also an advisor to the SAD and has worked closely with former SGPC president Bibi Jagir Kaur. He has worked with many Sikh spiritual and educational centers in Punjab.

..............................

The latest phase of military tensions in the middle-east is deeply concerning, especially involving the potential conflict of Iran and Israel. The situation at best should be contained and at worst; having gone through a proportionate conflict phase, should resort to a dialogue as the world needs peace, not another war. The wars add to economic destabilization and the climate crisis. The climate change is challenging food production and security everywhere; from the high value farming regions like Punjab in India to England in UK - governments should listen to and work with farmers and farm workers across the world..

*... Continue from page 28*

## ALL SPEAK ON ONE NATION- NONE SPEAKS ON ONE PARLIAMENT

There is much talk on establishing our country as one Nation. Some steps have already been taken towards this goal. We have got one citizenship and can move and shift to any part of the country and some restrictions are imposed prohibiting purchase of land in hilly areas except real residents. The concept of Nation had been established when we attained independence and prior to that we were under the British as one country. When we are one nation, we can work under one elections, under one Parliament, under one law, under one Pay Commission covering all the sectors, public, private, even covering corporate houses and individual employers and working as self employed, under one Supreme Court, under one police, under one armies sets, under one ration card, under one adhar card, under one voter card, under one driving licence, under one sets of rules and regulations and all that. The Parliament is representing all the areas and we established Legislative Assemblies in all the states just to create more situations for the politicians. The establishment of State Level Legislative Assemblies have created so many problems for us and even at times we face danger to our unity and integrity of our country. Some disputes have arison like disputes between two countries. The states could be converted into administrative units running under the same and one law . Because of establishing states under the present process, state like Punjab suffered much and the present Punjab is not a state, but is just a village having no capital of its own and most of the corporate houses have been shifted ceating more unemployment in the state.

Even the Rajay Sabha can be manned by experts and all Bill, Projects and Schemes could be given to them first for giving expert advice and with those sugtgestions the Parliament may consider the case giving rights to each member to speak as per his conscience and will and no direct or deemed whip should force members to vote otherwise. We are in a democracy and let it become government of the people, by the people and for the people.

***Dalip Singh Wasan, Advocate***

ਗੁਰਮੀਤ ਸਿੰਘ ਪਲਾਹੀ
-9815802070

# ਮੁੱਖ ਚੋਣ ਘੋਸ਼ਣਾ ਪੱਤਰਾਂ 'ਚੋਂ ਸਿੱਖਿਆ ਗਾਇਬ ਕਿਉਂ ?



ਲੋਕ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਆਪਣਾ ਚੋਣ ਮੈਨੀਫੈਸਟੋ ਜਾਰੀ ਕਰ ਰਹੀਆਂ ਹਨ। ਵੱਡੇ-ਵੱਡੇ ਲੋਕ ਲੁਭਾਉਣੇ ਵਾਇਦੇ, ਗਰੰਟੀਆਂ, ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਵਿਕਾਸ, ਪ੍ਰੀਵਰਤਨ, ਸੰਵਿਧਾਨਿਕ ਰਾਖੀ, ਗਰੀਬੀ ਹਟਾਓ, ਰੁਜ਼ਗਾਰ ਦੇਣ, ਔਰਤਾਂ ਦੇ ਸਸ਼ਕਤੀਕਰਨ, ਇੱਕ ਰਾਸ਼ਟਰ ਇੱਕ ਚੋਣ, ਘੱਟ ਗਿਣਤੀ ਦੀ ਸੁਰੱਖਿਆ, ਸਮਾਜਿਕ ਸੁਰੱਖਿਆ ਆਦਿ ਚੋਣ ਮੈਨੀਫੈਸਟੋ ਦਾ ਧੁਰਾ ਬਣਾਏ ਜਾ ਰਹੇ ਹਨ। ਪਰ ਲੋਕਾਂ ਲਈ ਸਿੱਖਿਆ ਅਤੇ ਹਰ ਇੱਕ ਲਈ ਬਰਾਬਰ ਦੀ ਸਿੱਖਿਆ ਦੀ ਗਰੰਟੀ, ਪਾਰਟੀਆਂ ਦੇ ਚੋਣ ਮੈਨੀਫੈਸਟੋ ਵਿਚੋਂ ਲੁਪਤ ਹੈ।

ਦੇਸ਼ ਨੂੰ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਆਜ਼ਾਦ ਹੋਇਆਂ ਪੌਣੀ ਸਦੀ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਕੁਝ ਸਿਆਸੀ ਪਾਰਟੀਆਂ, ਜਿਹੜੀਆਂ ਇੱਕ ਸਦੀ ਤੋਂ ਵੱਧ ਦਾ ਸਿਆਸੀ ਸਫ਼ਰ ਪੂਰਾ ਕਰ ਚੁੱਕੀਆਂ ਹਨ, ਉਹ ਦੇਸ਼ ਦੀਆਂ ਹਾਕਮ ਬਣ ਦੇਸ਼ 'ਚੋਂ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਦੇਸ਼ ਦੇ ਵਿਕਾਸ ਲਈ ਯਤਨਸ਼ੀਲ ਰਹੀਆਂ ਹਨ। ਸਮੇਂ-ਸਮੇਂ ਮਨੁੱਖ ਦੀਆਂ ਬੁਨਿਆਦੀ ਲੋੜਾਂ ਸਿਹਤ, ਸਿੱਖਿਆ, ਚੰਗਾ ਵਾਤਾਵਰਨ ਮੁਹੱਈਆ ਕਰਨ ਲਈ ਉਹਨਾ ਵਲੋਂ ਨੀਤੀਆਂ ਨਿਰਧਾਰਤ ਕੀਤੀਆਂ ਗਈਆਂ ਹਨ।

ਆਓ ਵੇਖੀਏ ਮਨੁੱਖ ਦੀ ਮੁੱਖ ਲੋੜ ਸਿੱਖਿਆ ਦਾ ਸਫ਼ਰ ਭਾਰਤ ਦੇਸ਼ 'ਚ ਕਿੰਨਾ ਕੁ ਤਹਿ ਹੋਇਆ ਹੈ ਅਤੇ ਸਿਆਸੀ ਪਾਰਟੀਆਂ ਭਾਰਤੀਆਂ ਦੀ ਇਸ ਬੁਨਿਆਦੀ ਲੋੜ ਨੂੰ ਕਿੰਨੀ ਕੁ ਸੰਜੀਦਗੀ ਨਾਲ ਪੱਲੇ ਬੰਨੀ ਬੈਠੀਆਂ ਹਨ।

ਦੇਸ਼ ਵਿੱਚ ਫਿਲਹਾਲ ਲਗਭਗ 400 ਯੂਨੀਵਰਸਿਟੀਆਂ ਅਤੇ 20,000 ਉੱਚ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਹਨ। ਇਹਨਾ ਵਿੱਚ 7 ਲੱਖ ਤੋਂ ਜ਼ਿਆਦਾ ਕਾਲਜ/ਯੂਨੀਵਰਸਿਟੀਆਂ ਵਿੱਚ ਡੇਢ ਕਰੋੜ (ਇੱਕ ਕਰੋੜ 50 ਲੱਖ) ਤੋਂ ਜ਼ਿਆਦਾ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਹਨ। ਪਰ ਇਹ ਤੱਥ ਹੈਰਾਨੀ ਕਰਨ ਵਾਲਾ ਹੈ ਕਿ ਕੋਈ ਵੀ ਯੂਨੀਵਰਸਿਟੀ ਜਾਂ ਸਿੱਖਿਆ ਸੰਸਥਾ ਉਸ ਪੱਧਰ ਦੀ ਸਿੱਖਿਆ ਦੇਣ ਦੇ ਕਾਬਲ ਨਹੀਂ, ਜਿਸਦੇ ਕਾਰਨ ਉਸਨੂੰ ਦੁਨੀਆ ਦੇ ਅੱਵਲ ਇੱਕ ਸੌ ਯੂਨੀਵਰਸਿਟੀਆਂ 'ਚ ਸ਼ਾਮਲ ਕੀਤਾ ਜਾ ਸਕੇ। ਅੱਛੀ ਸਿੱਖਿਆ ਦੇਣ ਦੀ ਇਸ ਤੋਟ ਕਾਰਨ ਉੱਚੀ ਗੁਣਵੱਤਾ ਸਿੱਖਿਆ ਪ੍ਰਾਪਤ ਕਰਨ ਦੇ ਮੰਤਵ ਨਾਲ ਹਰ ਸਾਲ ਭਾਰਤ ਵਿੱਚੋਂ ਡੇਢ ਤੋਂ ਪੌਣੇ ਦੋ ਲੱਖ ਵਿਦਿਆਰਥੀ ਵਿਦੇਸ਼ਾਂ 'ਚ ਉੱਚ ਸਿੱਖਿਆ ਲਈ ਜਾਣ ਵਾਸਤੇ ਮਜ਼ਬੂਰ ਹਨ। ਕੁਝ ਵਰ੍ਹੇ ਪਹਿਲਾਂ "ਐਸੋਚੈਮ" ਨੇ ਟਾਟਾ ਇਨਸਟੀਚੀਊਟ ਆਫ਼ ਸੋਸ਼ਲ ਸਾਇੰਸਿਜ਼ ਦੇ ਨਾਲ ਮਿਲਕੇ ਇੱਕ ਸਰਵੇਖਣ ਤਿਆਰ ਕੀਤਾ ਹੈ। ਉਸ ਵਿੱਚ ਦੱਸਿਆ ਗਿਆ ਹੈ ਕਿ ਭਾਰਤੀ ਮਾਪੇ ਹਰ ਸਾਲ ਆਪਣੇ ਬੱਚਿਆਂ ਦੀ ਸਿੱਖਿਆ ਉਤੇ ਛੇ ਤੋਂ ਸੱਤ ਅਰਬ ਡਾਲਰ ਖ਼ਰਚ ਕਰਦੇ ਹਨ। ਦੇਸ਼ ਦੀ ਉੱਚ ਸਿੱਖਿਆ ਦੀ ਵਿਦੇਸ਼ੀ ਯੂਨੀਵਰਸਿਟੀਆਂ 'ਤੇ ਨਿਰਭਰਤਾ, ਜਾਇਜ਼ ਨਹੀਂ ਹੈ। ਇਸ ਗੰਭੀਰ ਮਸਲੇ ਵੱਲ ਕਦੇ ਸਿਆਸੀ ਧਿਰਾਂ ਨੇ ਧਿਆਨ ਨਹੀਂ ਦਿੱਤਾ। ਉਲਟਾ ਉੱਚ ਸਿੱਖਿਆ ਖੇਤਰ ਨੂੰ ਸਮੇਂ-ਸਮੇਂ ਦੀਆਂ ਸਿਆਸੀ ਧਿਰਾਂ ਨੇ ਆਪਣੇ ਗਲੋਂ ਲਾਹੁਣ ਦਾ ਹੀ ਯਤਨ ਕੀਤਾ।



ਸਿੱਖਿਆ, ਉੱਚ ਸਿੱਖਿਆ ਨਾਲ ਜੁੜੋਂ ਜੁੜਿਆ ਇੱਕ ਮੁੱਦਾ ਭਾਸ਼ਾ ਦਾ ਹੈ। ਅਸੀਂ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਜਿਥੇ ਕੁਦਰਤੀ ਅਤੇ ਸਮਾਜਿਕ ਵਰਤਾਰਿਆਂ ਨਾਲ ਸਾਂਝ ਪਾਉਂਦੇ ਹਾਂ, ਉਥੇ ਭਾਸ਼ਾ ਹੀ ਮਾਧਿਅਮ ਹੈ, ਜਿਸ ਨਾਲ ਮਾਨਸਿਕ ਵਿਕਾਸ ਦਾ ਢਾਂਚਾ ਖੜਾ ਕਰਦੇ ਹਾਂ, ਕਿਉਂਕਿ ਇਸ ਵਿਕਾਸ ਦੇ ਨਾਲ ਹੀ ਸਾਡੀ ਭਾਸ਼ਾ ਜੁੜੀ ਹੁੰਦੀ ਹੈ। ਉਂਜ ਵੀ ਖੇਤਰੀ ਭਾਸ਼ਾਵਾਂ ਅਤੇ ਬੋਲੀਆਂ ਸਾਡਾ ਸਭਿਆਚਾਰਕ ਵਿਰਸਾ ਹਨ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਵਿੱਚ 121 ਬੋਲੀਆਂ ਅਤੇ 234 ਮਾਂ ਬੋਲੀਆਂ ਹਨ। ਇਹਨਾ ਵਿੱਚ ਉਹ ਬੋਲੀਆਂ ਸ਼ਾਮਲ ਨਹੀਂ ਹਨ, ਜਿਹਨਾ ਨੂੰ ਬੋਲਣ ਵਾਲਿਆਂ ਦੀ ਗਿਣਤੀ 10,000 ਤੋਂ ਘੱਟ ਹੈ। ਭਾਰਤ ਵਿੱਚ ਇਹ ਸਾਰੀਆਂ ਬੋਲੀਆਂ ਅਤੇ ਸਥਾਨਕ ਬੋਲੀਆਂ ਅੰਗਰੇਜ਼ੀ ਦੇ ਪ੍ਰਭਾਵ ਨਾਲ ਇਸ ਡਿਜ਼ੀਟਲ ਯੁੱਗ 'ਚ ਖ਼ਾਸ ਕਰਕੇ ਖ਼ਤਮ ਹੋ ਰਹੀਆਂ ਹਨ ਜਾਂ ਸੰਕਟ ਵਿੱਚ ਹਨ, ਕਿਉਂਕਿ ਅੰਗਰੇਜ਼ੀ ਭਾਸ਼ਾ ਵਪਾਰ, ਪ੍ਰਬੰਧਕੀ ਖੇਤਰ, ਮੈਡੀਕਲ, ਭੌਤਿਕੀ ਸਿੱਖਿਆ ਦਾ ਪ੍ਰਮੁੱਖ ਅਧਾਰ ਬਣਾਈ ਗਈ ਹੋਈ ਹੈ। ਜਦ ਕਿ ਨਵੇਂ ਭਾਰਤ ਦੀ ਸਿਰਜਨਾ ਲਈ ਮਾਂ ਬੋਲੀਆਂ ਦੇ ਪ੍ਰਚਲਣ ਅਤੇ ਪਾਠ ਪੁਸਤਕਾਂ, ਰੁਜ਼ਗਾਰ ਅਤੇ ਤਕਨੀਕ ਦੀ ਭਾਸ਼ਾ ਬਣਾਏ ਜਾਣ ਦੀ ਲੋੜ ਸੀ, ਪਰ ਸਾਡੀਆਂ ਸਿੱਖਿਆ ਨੀਤੀਆਂ ਬਨਾਉਣ ਵਾਲੇ ਹਾਕਮ ਇਸ ਮਸਲੇ 'ਚ ਚੁੱਪੀ ਵੱਟ ਕੇ ਬੈਠੇ ਰਹੇ। ਜਿਸ ਨਾਲ ਦੇਸ਼ ਦੀ ਨੌਜਵਾਨ ਪੀੜੀ ਦਾ ਮੋਹ ਆਪਣੀ ਬੋਲੀਆਂ ਤੋਂ ਭੰਗ ਹੋਇਆ ਅਤੇ ਕਈ ਹਾਲਤਾਂ 'ਚ ਉਹ ਆਪਣੀ ਬੋਲੀ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਵੀ ਹੋਏ।

ਸਿੱਖਿਆ ਦਾ ਮੂਲ ਮੰਤਵ ਮਾਨਸਿਕ ਵਿਕਾਸ, ਉਹ ਵੀ ਆਪਣੇ ਮਨ ਦੀ ਸਾਂਝ ਵਾਲੀ ਭਾਸ਼ਾ ਨਾਲ ਹੀ ਪੂਰਨ, ਸੰਤੁਲਿਤ ਅਤੇ ਸੁਖਾਵਾਂ ਹੋ ਸਕਦਾ ਹੈ, ਜਿਸ ਤੋਂ ਭਾਰਤੀ ਹਾਕਮਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਵਿਰਵਾ ਰੱਖਿਆ ਅਤੇ ਉਹਨਾ ਸਾਹਵੇਂ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਨੂੰ ਪ੍ਰੋਸਣ ਦਾ ਹੀ ਯਤਨ ਹੋਇਆ।

ਦੇਸ਼ ਦੇ ਨਾਗਰਿਕਾਂ ਲਈ ਦੇਸ਼ ਦਾ ਸੰਵਿਧਾਨ ਦੀ ਧਾਰਾ 14, ਮੁਢਲਾ ਅਧਿਕਾਰ ਹੈ। ਸੰਵਿਧਾਨ 'ਚ 86ਵੀਂ ਸੋਧ ਕਰਕੇ 21-ਏ ਧਾਰਾ ਜੋੜੀ ਗਈ, ਜਿਸ ਅਨੁਸਾਰ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਸਿੱਖਿਆ ਦਾ ਸਮਾਧਾਨ ਕੀਤਾ ਗਿਆ। ਸੁਪਰੀਮ ਕੋਰਟ ਅਨੁਸਾਰ "ਸਿੱਖਿਆ ਦਾ ਅਧਿਕਾਰ, ਸਾਡੀ ਜ਼ਿੰਦਗੀ ਦਾ ਅਧਿਕਾਰ ਹੈ"। ਤਦ ਵੀ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਦੀ ਸਿੱਖਿਆ ਨਹੀਂ ਮਿਲ ਰਹੀ।

ਦੇਸ਼ ਵਿੱਚ 1968, 1986, 1992 ਅਤੇ 2020 'ਚ ਸਿੱਖਿਆ ਨੀਤੀਆਂ ਘੜੀਆਂ ਗਈਆਂ। 2009 'ਚ ਮੁਢਲਾ ਮੁਫ਼ਤ ਸਿੱਖਿਆ ਐਕਟ ਬਣਾਇਆ ਗਿਆ। ਕਈ ਸਿੱਖਿਆ ਕਮਿਸ਼ਨ ਬਣੇ। ਉੱਚ ਸਿੱਖਿਆ ਸੰਸਥਾਵਾਂ ਦਾ ਗਠਨ ਹੋਇਆ। ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਸਿੱਖਿਆ ਪ੍ਰਦਾਨ ਕਰਨ ਦੇ ਵੱਡੇ ਦਾਅਵੇ ਵੀ ਹੋਏ। ਬਹੁਤੀਆਂ ਹਾਲਤਾਂ 'ਚ ਇਹ ਦਾਅਵੇ ਖੋਖਲੇ ਹਨ। ਪ੍ਰਾਇਮਰੀ ਸਿੱਖਿਆ ਅਧਿਆਪਕਾਂ ਦੀ ਪੂਰੀ ਨਿਯੁਕਤੀ ਨਹੀਂ, ਵੱਡੀ ਗਿਣਤੀ 'ਚ ਵਿਦਿਆਰਥੀ ਘਰੇਲੂ ਮਜ਼ਬੂਰੀਆਂ ਕਾਰਨ ਸਕੂਲ ਛੱਡ ਜਾਂਦੇ ਹਨ, ਲੜਕਿਆਂ ਦੇ ਮੁਕਾਬਲੇ ਲੜਕੀਆਂ ਦਾ ਸਕੂਲਾਂ 'ਚ ਬਰਾਬਰ ਦਾ ਦਾਖ਼ਲਾ ਸਮਾਜਿਕ ਕਾਰਨਾਂ ਕਾਰਨ ਨਹੀਂ ਹੋ ਰਿਹਾ।

ਦੇਸ਼ ਵਿੱਚ ਕੁੱਲ ਸਕੂਲਾਂ ਦੀ ਗਿਣਤੀ 15,11,802 ਹੈ, ਜਿਸ ਵਿਚੋਂ 9,23,296 ਸਰਕਾਰੀ ਖੇਤਰ 5,88506 ਪ੍ਰਾਈਵੇਟ ਖੇਤਰ ਵਿੱਚ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ ਸਾਖਰਤਾ ਦਰ 77.7 ਹੈ, ਜਿਸ ਵਿਚੋਂ ਮਰਦਾਂ ਦੀ ਸਾਖਰਤਾ ਦਰ 84.6 ਅਤੇ ਔਰਤਾਂ ਦੀ 70.3 ਫ਼ੀਸਦੀ ਹੈ। ਭਾਵ 30 ਫ਼ੀਸਦੀ ਔਰਤਾਂ ਲੜਕੀਆਂ ਕੋਰੀਆਂ ਅਨਪੜ੍ਹ ਹਨ। ਪ੍ਰਾਇਮਰੀ ਸਕੂਲਾਂ 'ਚ 95 ਫੀਸਦੀ ਬੱਚੇ ਦਾਖ਼ਲ ਹੁੰਦੇ ਹਨ, ਜਿਹੜੇ ਸੈਕੰਡਰੀ ਪੱਧਰ ਤੱਕ 69 ਫ਼ੀਸਦੀ ਰਹਿ ਜਾਂਦੇ ਹਨ ਅਤੇ ਪੋਸਟ ਸੈਕੰਡਰੀ ਤੱਕ ਪੁੱਜਦਿਆਂ ਇਹਨਾ ਦੀ ਦਰ 25 ਫ਼ੀਸਦੀ ਰਹਿ ਜਾਂਦੀ ਹੈ।

ਅਸਲ ਵਿੱਚ ਦੇਸ਼ ਦੀ ਪ੍ਰਾਇਮਰੀ, ਸੈਕੰਡਰੀ ਸਿੱਖਿਆ ਤੋਂ ਲੈਕੇ ਉੱਚ ਸਿੱਖਿਆ ਦਾ ਦੇਸ਼ ਵਿੱਚ ਬੁਰਾ ਹਾਲ ਹੈ। ਹਾਕਮ ਧਿਰ ਨੇ, ਭਾਵੇਂ ਉਹ ਕੇਂਦਰ ਵਿੱਚ ਰਾਜ ਕਰਦੀ ਹੈ ਜਾਂ ਸੂਬਿਆਂ ਵਿੱਚ, ਸਿੱਖਿਆ ਨੂੰ ਸਰਕਾਰੀ ਫ਼ਰਜ਼ਾਂ ਤੋਂ ਦੂਰ ਕਰਕੇ ਨਿੱਜੀ ਹੱਥਾਂ 'ਚ ਦੇ ਦਿੱਤਾ ਹੈ, ਜਿਹਨਾ ਵਲੋਂ ਸਿੱਖਿਆ ਦਾ ਵਪਾਰੀਕਰਨ ਕਰ ਦਿੱਤਾ ਹੈ। ਦੇਸ਼ ਵਿੱਚ ਪਬਲਿਕ, ਮਾਡਲ ਸਕੂਲਾਂ ਦੀ ਭਰਮਾਰ ਹੋ ਗਈ ਹੈ। ਪ੍ਰਾਈਵੇਟ, ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਕਾਲਜ ਖੋਲ੍ਹ ਕੇ ਸਰਕਾਰਾਂ ਨੇ ਸਿੱਖਿਆ ਦੇ ਨਿੱਜੀਕਰਨ ਨੂੰ ਪ੍ਰਵਾਨ ਕਰ ਲਿਆ ਹੈ, ਜੋ ਮਿਠਾਈਆਂ ਵਾਂਗਰ ਨਵੇਂ ਸਿਲੇਬਸ, ਕੋਰਸ ਬਣਾਕੇ ਡਿਗਰੀਆਂ ਵੇਚ ਰਹੇ ਹਨ। ਉਹਨਾ ਉਤੇ ਕੋਈ ਰੋਕ ਵੀ ਨਹੀਂ। ਇਹਨਾ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਸਧਾਰਨ ਮਜ਼ਦੂਰ, ਕਿਸਾਨ ਪਰਿਵਾਰਾਂ ਦੇ ਬੱਚੇ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ, ਕਿਉਂਕਿ ਉਹ ਸਾਧਨ ਵਿਹੂਣੇ ਹਨ। ਇੰਜ ਸਾਰਿਆਂ ਲਈ ਬਰਾਬਰ ਦੀ ਸਿੱਖਿਆ ਦਾ ਤਾਂ ਜਿਵੇਂ ਦਿਵਾਲਾ ਹੀ ਨਿਕਲ ਗਿਆ ਹੈ। ਵੈਸੇ ਵੀ 2020 ਦੀ ਨਵੀਂ ਸਰਕਾਰ ਦੀ ਸਿੱਖਿਆ ਨੀਤੀ ਨੇ ਸਿੱਖਿਆ ਦੇ ਨਿੱਜੀਕਰਨ,

ਅਸਲ ਵਿੱਚ ਦੇਸ਼ ਦੀ ਪ੍ਰਾਇਮਰੀ, ਸੈਕੰਡਰੀ ਸਿੱਖਿਆ ਤੋਂ ਲੈਕੇ ਉੱਚ ਸਿੱਖਿਆ ਦਾ ਦੇਸ਼ ਵਿੱਚ ਬੁਰਾ ਹਾਲ ਹੈ। ਹਾਕਮ ਧਿਰ ਨੇ, ਭਾਵੇਂ ਉਹ ਕੇਂਦਰ ਵਿੱਚ ਰਾਜ ਕਰਦੀ ਹੈ ਜਾਂ ਸੂਬਿਆਂ ਵਿੱਚ, ਸਿੱਖਿਆ ਨੂੰ ਸਰਕਾਰੀ ਫ਼ਰਜ਼ਾਂ ਤੋਂ ਦੂਰ ਕਰਕੇ ਨਿੱਜੀ ਹੱਥਾਂ 'ਚ ਦੇ ਦਿੱਤਾ ਹੈ, ਜਿਹਨਾ ਵਲੋਂ ਸਿੱਖਿਆ ਦਾ ਵਪਾਰੀਕਰਨ ਕਰ ਦਿੱਤਾ ਹੈ। ਦੇਸ਼ ਵਿੱਚ ਪਬਲਿਕ, ਮਾਡਲ ਸਕੂਲਾਂ ਦੀ ਭਰਮਾਰ ਹੋ ਗਈ ਹੈ। ਪ੍ਰਾਈਵੇਟ, ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਕਾਲਜ ਖੋਲ੍ਹ ਕੇ ਸਰਕਾਰਾਂ ਨੇ ਸਿੱਖਿਆ ਦੇ ਨਿੱਜੀਕਰਨ ਨੂੰ ਪ੍ਰਵਾਨ ਕਰ ਲਿਆ ਹੈ, ਜੋ ਮਿਠਾਈਆਂ ਵਾਂਗਰ ਨਵੇਂ ਸਿਲੇਬਸ, ਕੋਰਸ ਬਣਾਕੇ ਡਿਗਰੀਆਂ ਵੇਚ ਰਹੇ ਹਨ। ਉਹਨਾ ਉਤੇ ਕੋਈ ਰੋਕ ਵੀ ਨਹੀਂ। ਇਹਨਾ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਸਧਾਰਨ ਮਜ਼ਦੂਰ, ਕਿਸਾਨ ਪਰਿਵਾਰਾਂ ਦੇ ਬੱਚੇ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ, ਕਿਉਂਕਿ ਉਹ ਸਾਧਨ ਵਿਹੂਣੇ ਹਨ।

ਵਪਾਰੀਕਰਨ ਨੂੰ ਉਤਸ਼ਾਹਿਤ ਕਰਦਿਆਂ ਵਿਸ਼ਵ ਦੀਆਂ ਯੂਨੀਵਰਸਿਟੀਆਂ ਨੂੰ ਆਪਣੇ ਕੈਂਪਸ ਭਾਰਤ 'ਚ ਖੋਲ੍ਹਣ ਦੀ ਖੁਲ੍ਹ ਦੇ ਕੇ ਵਿਦਿਆਰਥੀਆਂ ਦੀ ਲੁੱਟ ਦਾ ਰਾਹ ਪੱਧਰਾ ਕਰ ਦਿੱਤਾ ਹੈ। ਜ਼ਰਾ ਕੁ ਕਿਆਸ ਕਰੋ ਕਿ ਇਹਨਾ ਵਿਸ਼ਵ ਪੱਧਰੀ ਯੂਨੀਵਰਸਿਟੀਆਂ 'ਚ ਕਿਹੜੇ ਵਿਦਿਆਰਥੀ ਦਾਖ਼ਲਾ ਲੈਣਗੇ ?

ਪਿਛਲੇ ਬਜ਼ਟ ਵਿੱਚ ਸਿੱਖਿਆ ਲਈ ਬਹੁਤੀਆਂ ਸੂਬਾ ਸਰਕਾਰਾਂ ਆਪਣੀ ਆਮਦਨ ਦਾ 2.5 ਫ਼ੀਸਦੀ ਤੋਂ 3.1 ਫ਼ੀਸਦੀ ਤੱਕ ਰੱਖਦੀਆਂ ਹਨ। ਭਾਰਤ ਸਰਕਾਰ ਵਲੋਂ ਵੀ ਕੁੱਲ ਜੀਡੀਪੀ ਦਾ 2.9 ਫ਼ੀਸਦੀ ਅਨੁਮਾਨਤ ਖ਼ਰਚਾ ਸਿੱਖਿਆ ਲਈ ਮਿਥਿਆ ਗਿਆ ਹੈ। ਭਾਰਤ ਵਰਗੇ ਮੁਲਕ ਲਈ ਇਹ ਖ਼ਰਚ ਕਿਸੇ ਵੀ ਹਾਲਤ ਵਿੱਚ ਵਾਜਬ ਨਹੀਂ ਗਿਣਿਆ ਜਾ ਸਕਦਾ, ਕਿਉਂਕਿ 100 ਫੀਸਦੀ ਸਾਖਰਤਾ ਦਰ ਅਸੀਂ ਪ੍ਰਾਪਤ ਨਹੀਂ ਕਰ ਸਕੇ। ਸਕੂਲੋਂ ਭੱਜਣ ਵਾਲੇ ਵਿਦਿਆਰਥੀਆਂ ਨੂੰ ਮੁੜ ਸਕੂਲਾਂ 'ਚ ਲਿਆਉਣ ਦਾ ਚੈਲਿੰਜ ਵੀ ਸਾਡੇ ਸਾਹਮਣੇ ਹੈ। ਉੱਚ ਸਿੱਖਿਆ 'ਚ ਜਾਣ ਵਾਲੇ ਉਤਸ਼ਾਹੀ ਵਿਦਿਆਰਥੀਆਂ ਦੀ ਗਿਣਤੀ, ਉਹਨਾ ਦੇ ਪਰਿਵਾਰਾਂ ਦੀ ਮਾਇਕ ਸਾਧਨਾਂ ਦੀ ਘਾਟ ਕਾਰਨ ਘਟ ਰਹੀ ਹੈ। ਪਰ ਮੌਜੂਦਾ ਸਮੇਂ ਇਹ ਹਾਕਮਾਂ ਦੀ ਚਿੰਤਾ ਨਹੀਂ ਹੈ। ਅੱਜ ਜਦੋਂ ਅਰਥ ਸ਼ਾਸ਼ਤਰ ਦੇ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਕਹਿੰਦੇ ਹਨ ਕਿ ਭਾਰਤ ਨੂੰ ਬੇਹਤਰ ਸਿੱਖਿਆ ਤੇ ਸਿਹਤ ਸੇਵਾ 'ਤੇ ਧਿਆਨ ਕਰਨ ਦੀ ਲੋੜ ਹੈ ਤਾਂ ਸਿਆਸੀ ਨੇਤਾ, ਹਾਕਮ ਇਸ ਸਬੰਧੀ ਚੁੱਪੀ ਵੱਟ ਕੇ ਬੈਠੇ ਹਨ।

ਜਾਪਦਾ ਹੈ ਸਿਆਸੀ ਧਿਰਾਂ ਇਸ ਸੂਖ਼ਮ ਪਰ ਅਹਿਮ ਮਨੁੱਖੀ ਲੋੜ, ਸਿੱਖਿਆ ਦੇ ਮੁੱਦੇ ਨੂੰ ਤਿਲਾਂਜਲੀ ਦੇ ਕੇ ਵੋਟਾਂ ਹਥਿਆਉਣ ਲਈ ਇਹੋ ਜਿਹਾ ਬਿਰਤਾਂਤ ਸਿਰਜ ਰਹੀਆਂ ਹਨ, ਜਿਹੜਾ ਉਹਨਾ ਨੂੰ "ਰਾਜੇ" ਬਨਣ ਲਈ ਰਾਸ ਆਉਂਦਾ ਹੈ। ਉਂਜ ਵੀ ਨੇਤਾ ਲੋਕ ਦੇਸ਼ ਦੀ ਜਨਤਾ ਨੂੰ ਪੜ੍ਹਿਆ-ਲਿਖਿਆ ਨਹੀਂ ਵੇਖਣਾ ਚਾਹੁਣਗੇ, ਕਿਉਂਕਿ ਪੜ੍ਹੇ ਲਿਖੇ ਲੋਕ ਸਵਾਲ ਕਰਨਗੇ ਤੇ ਆਪਣੇ ਹੱਕ ਮੰਗਣਗੇ, ਹਾਕਮਾਂ ਦੀ ਥਾਂ ਲੈਣ ਦੀ ਖਾਹਿਸ਼ ਪਾਲਣਗੇ। ਤਦ ਇਹ ਸਭ ਕੁਝ ਸਿਆਸੀ ਲੋਕਾਂ ਦੀ ਸੋਚ ਨੂੰ ਪ੍ਰੇਸ਼ਾਨ ਕਰੇਗਾ।



# ਪੰਜਾਬ ਵਿੱਚ ਡੇਰਿਆਂ ਦਾ ਬੋਲਬਾਲਾ ਕਿਉਂ ?

ਤਰਲੋਚਨ ਸਿੰਘ ਭੱਟੀ



ਪੰਜਾਬ ਅਤੇ ਪੰਜਾਬੀਅਤ ਦਾ ਵਰਤਾਰਾ ਧਾਰਮਿਕ ਅਤੇ ਸਮਾਜਿਕ ਪਰੰਪਰਾਵਾਂ ਅਤੇ ਸੰਪਰਦਾਵਾਂ ਉੱਤੇ ਅਧਾਰਿਤ ਹੈ। ਇਸ ਵਰਤਾਰੇ ਵਿੱਚ ਡੇਰਿਆਂ ਦਾ ਬੜਾ ਮਹੱਤਵ ਹੈ। ਇੱਕ ਸੰਸਥਾ ਵਜੋਂ ਡੇਰਾ, ਮੱਠ, ਨਿਵਾਸ, ਦਾ ਵਰਤਾਰਾ ਸਿੱਖ ਧਰਮ ਅਤੇ ਪੰਥ ਨਾਲੋਂ ਬਹੁਤ ਪੁਰਾਣਾ ਹੈ ਜੋ ਪੰਜਾਬ ਵਿੱਚ ਸਿੱਖ ਧਰਮ ਦੇ ਧਾਰਮਿਕ ਸਥਾਨਾਂ (ਗੁਰਦੁਆਰਿਆਂ) ਦੇ ਪ੍ਰਚਲਣ ਤੋਂ ਪਹਿਲਾਂ ਸੂਫੀ ਪੀਰਾਂ, ਨਾਥ ਜੋਗੀਆਂ ਅਤੇ ਭਗਤੀ ਲਹਿਰ ਦੇ ਸੰਤਾਂ ਨਾਲ ਜੁੜਦਾ ਹੈ। ਸੂਫੀ ਸੰਤਾਂ, ਪੀਰਾਂ ਦੇ ਸਥਾਪਤ ਪ੍ਰਸਿੱਧ ਹਿੰਦੂ, ਸਿੱਖ, ਮੁਸਲਮਾਨ ਭਾਈਚਾਰਿਆਂ ਵਿੱਚ ਡੇਰਿਆਂ ਦਾ ਪ੍ਰਚਲਣ ਵੇਖਿਆ ਜਾ ਸਕਦਾ ਹੈ, ਜਿੱਥੇ ਭਾਈਚਾਰਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸਧਾਰਨ ਤੇ ਗਰੀਬ ਤਬਕੇ ਨੂੰ ਰਾਹਤ ਦਿੱਤੀ ਜਾਂਦੀ ਹੈ। ਮਾਮੂਲੀ ਆਓ ਭਗਤ ਅਤੇ ਉਦਾਰਤ ਵਿਹਾਰ ਤੋਂ ਇਲਾਵਾ ਅਧਿਆਤਮ ਮਾਰਗ ਦਰਸ਼ਨ, ਮਨੋਵਿਗਿਆਨ ਅਤੇ ਸਿਹਤ ਸਹੂਲਤਾਂ ਤੇ ਸਲਾਹ ਮੁਫ਼ਤ ਦਿੱਤੀ ਜਾਂਦੀ ਸੀ। ਸਖ਼ੀ ਸਰਵਰ ਸੁਲਤਾਨ ਸ਼ੇਖ ਫਰੀਦ, ਬੁੱਲੇ ਸ਼ਾਹ, ਸ਼ੇਖ ਫੱਤਾ, ਖਵਾਜਾ ਖਿਜਰ ਅਤੇ ਪੰਜ ਪੀਰਾਂ ਦੇ ਸੂਫ਼ੀ ਅਸਥਾਨ ਪੰਜਾਬੀਆਂ ਦੀ ਸਾਂਝੀ ਵਾਰਤਾ ਦਾ ਪ੍ਰਗਟਾਵਾ ਬਣ ਗਏ। ਸਿੱਖ ਗੁਰੂਆਂ ਦੇ ਜੀਵਨ ਕਾਲ ਦੌਰਾਨ ਕਈ ਡੇਰਿਆ ਦੀ ਸਥਾਪਨਾ ਹੋਈ ਜਿਨ੍ਹਾਂ ਵਿੱਚ ਉਦਾਸੀਆਂ, ਮੀਆਂ ਮੀਰ ਅਲੀ, ਰਾਮਰਾਇ, ਹੰਡਾਲੀਆਂ ਅਤੇ ਮਸੰਦੀਆਂ ਦੇ ਡੇਰੇ ਸ਼ਾਮਲ ਹਨ ਜੋ ਗੁਰੂ ਪ੍ਰੰਪਰਾਵਾਂ ਦੇ ਵਿਰੋਧੀ ਸਨ। ਕਈ ਹੋਰ ਡੇਰੇ (ਬੰਦਈ ਖਾਲਸਾ/ਬੰਦਪੰਥੀ) ਨਾਨਕ ਪੋਥੀ ਸੇਵਾ ਪੰਥੀ, ਭਗਤ ਪੰਥੀ, ਸੂਤਰਾਧਾਰੀ, ਗੁਲਾਬਾਂ ਦਾਸੀ, ਨਿਰਮਲੇ ਅਤੇ ਨਿਹੰਗਾਂ ਦੇ ਡੇਰੇ ਸ਼ਾਮਲ ਸਨ। 19ਵੀਂ ਸਦੀ ਤੋਂ ਬਾਦ ਕਈ ਹੋਰ ਡੇਰੇ ਵੀ ਹੋਂਦ ਵਿੱਚ ਆਏ। ਨਵੇਂ ਡੇਰਿਆਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਦਲਿਤ ਭਾਈਚਾਰੇ ਨੂੰ ਲਾਮਬੰਦ ਕਰਨ ਦੇ ਕੇਂਦਰ ਬਣ ਗਏ ਜਿੱਥੇ ਹਿੰਦੂ ਜਾਤੀ ਤੋਂ ਅਲੱਗ ਹੋ ਕੇ ਸਿੱਖ ਧਰਮ ਨੂੰ ਅਪਣਾਉਣ ਲੱਗੇ।

ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ, ਜੋ ਸਿੱਖ ਧਰਮ ਅਤੇ ਇਸ ਨਾਲ ਸਬੰਧਤ ਗੁਰਦੁਆਰਿਆਂ ਅਤੇ ਹੋਰ ਸੰਸਥਾਵਾਂ ਨੂੰ ਕੰਟਰੋਲ ਕਰਦੀ ਸੀ, ਵਿੱਚ ਜੱਟ ਸਿੱਖਾਂ ਦੇ ਵਧ ਰਹੇ ਦਬਦਬੇ ਕਾਰਨ ਲੋਕ ਗੈਰ ਸਿੱਖ ਡੇਰਿਆਂ ਵੱਲ ਖਿੱਚੇ ਗਏ। ਅਮੀਰ ਦਲਿਤਾਂ ਨੇ ਵੀ ਡੇਰਿਆਂ ਵਿੱਚ ਵਾਧਾ ਕੀਤਾ। 2006-07 ਦੇ ਇੱਕ ਅਧਿਐਨ ਅਨੁਸਾਰ ਪੰਜਾਬ ਦੇ ਪਿੰਡਾਂ ਵਿੱਚ 9 ਹਜ਼ਾਰ ਤੋਂ ਵੱਧ ਸਿੱਖ ਅਤੇ ਗੈਰ-ਸਿੱਖ ਡੇਰੇ ਸਨ। ਗਵਾਂਢੀ ਰਾਜ ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਬਹੁਤ ਸਾਰੇ ਡੇਰੇ ਸਥਾਪਤ ਹੋਏ। ਸਿੱਖ ਡੇਰਿਆਂ ਵਿੱਚ ਰਹਿਤ ਮਰਿਆਦਾ ਦਾ ਸਖਤੀ ਨਾਲ ਪ੍ਰਚਲਣ ਹੁੰਦਾ ਹੈ। ਅਜਿਹੇ ਡੇਰਿਆਂ ਦੇ ਮੁਖੀਆਂ ਵਿੱਚ ਬਹੁਗਿਣਤੀ ਜੱਟ ਜਾਂ ਸਵਰਨ ਜਾਤਾਂ ਦੇ ਹਨ। ਬਹੁਤ ਸਾਰੇ ਡੇਰੇ ਅਜਿਹੇ ਹਨ, ਜਿੱਥੇ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਨਹੀਂ ਹੁੰਦੀ, ਗੁਰਬਾਣੀ ਦੇ ਨਾਲ ਨਾਲ ਗੈਰ ਸਿੱਖ ਗ੍ਰੰਥਾਂ ਦਾ ਵੀ ਪਾਠ ਹੁੰਦਾ ਹੈ, ਮੂਰਤੀ ਪੂਜਾ ਵੀ ਹੁੰਦੀ ਹੈ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਜੀਵਤ ਸੰਤ ਨੂੰ ਗੁਰੂ ਮੰਨਿਆ ਜਾਂਦਾ ਹੈ ਅਤੇ ਇੱਕ ਸਮਕਾਲੀ ਮਨੁੱਖੀ ਗੁਰੂ ਪ੍ਰਤੀ ਸ਼ਰਧਾ ਦਾ ਅਹਿਸਾਸ ਕਰਦੇ ਹਨ। ਮਸ਼ਹੂਰ ਡੇਰਿਆਂ ਵਿੱਚ ਰਾਧਾ ਸੁਆਮੀ, ਸਤਿਸੰਗ ਬਿਆਸ, ਡੇਰਾ ਸੱਚਾ ਸੌਦਾ, ਰਵੀਦਾਸ ਡੇਰਾ (ਸੱਚਖੰਡ ਬੱਲਾਂ) ਨਾਮਧਾਰੀ, ਸੰਤ ਨਿਰੰਕਾਰੀ, ਦਿਵਿਆ ਜੋਤੀ ਜਾਗਰਿਤੀ ਸੰਗਠਨ, ਭਨਿਆਰਾ ਵਾਲੇ, ਡੇਰਾ ਬਾਬਾ ਭੂਮਣ ਸ਼ਾਹ ਆਦਿ। ਇਹਨਾਂ ਡੇਰਿਆਂ ਦੇ ਪੈਰੋਕਾਰਾਂ ਦੀ ਬਹੁਤੀ ਗਿਣਤੀ ਦਲਿਤ, ਪਛੜੀਆਂ ਜਾਤੀਆਂ ਅਤੇ ਗਰੀਬ ਜੱਟਾਂ ਦੀ ਹੈ। ਇਨ੍ਹਾਂ ਡੇਰਿਆਂ ਦੀ ਅਗਵਾਈ ਉੱਚ ਜਾਤੀ ਦੇ ਲੋਕ ਹੀ ਕਰਦੇ ਹਨ। ਦਲਿਤ ਪ੍ਰਧਾਨ ਡੇਰੇ ਵਿਰੋਧੀ ਸਭਿਅਤਾ ਦੇ ਪ੍ਰਮੁੱਖ ਕੇਂਦਰਾਂ ਵਜੋਂ ਉੱਭਰੇ ਹਨ। ਡੇਰਿਆਂ ਨੂੰ ਸਿੱਖ ਧਰਮ ਲਈ ਇੱਕ ਚੁਣੌਤੀ ਵਜੋਂ ਵੇਖਿਆ ਜਾ ਸਕਦਾ ਹੈ।



ਸਿਆਸੀ ਪਾਰਟੀਆਂ ਨੇ ਦਲਿਤ ਵੋਟ ਬੈਂਕ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਡੇਰਿਆਂ ਦੀ ਸਰਪ੍ਰਸਤੀ ਕੀਤੀ ਹੈ। ਚੋਣਾਂ ਵਿੱਚ ਡੇਰਿਆਂ ਦਾ ਯੋਗਦਾਨ ਪਹਿਲੀ ਵਾਰ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਦੇਖਿਆ ਗਿਆ। ਆਸ਼ਤੋਸ਼ ਕੁਮਾਰ, ਰੌਣਕੀ ਰਾਮ, ਸੁਰਿੰਦਰ ਸਿੰਘ, ਜਸਬੀਰ ਸਿੰਘ ਆਦਿ ਖੋਜਕਾਰਾਂ ਨੇ ਪੰਜਾਬ ਵਿੱਚ ਚੱਲ ਰਹੇ ਡੇਰਿਆਂ ਅਤੇ ਇਨ੍ਹਾਂ ਦੀ ਭੂਮਿਕਾ ਬਾਰੇ ਅਧਿਐਨ ਕੀਤੇ ਹਨ।

ਪਬਲਿਕ ਡੋਮੈਨ ਵਿੱਚ ਉਪਲਬਧ ਅਧਿਐਨਾਂ ਅਤੇ ਅੰਕੜਿਆਂ ਅਨੁਸਾਰ ਪੰਜਾਬ ਦੀ ਅੰਦਾਜ਼ਨ ਅਬਾਦੀ 3.81 ਕਰੋੜ ਹੈ ਜਿਸ ਵਿੱਚੋਂ 62.52% ਪੇਂਡੂ ਖੇਤਰ ਨਾਲ ਸਬੰਧਤ ਹੈ। ਪੰਜਾਬ ਦੀ ਸਾਖਰਤਾ ਦਰ 75.8 % ਹੈ ਜਦੋਂ ਭਾਰਤ ਦੀ ਸਾਖਰਤਾ ਦਰ 73% ਹੈ। 50,365 ਵਰਗ ਕਿਲੋਮੀਟਰ ਵਿੱਚ ਵਸੇ ਪੰਜਾਬ ਵਿੱਚ 29 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚੋਂ 16 ਪ੍ਰਾਈਵੇਟ ਖੇਤਰ ਵਿੱਚ ਹਨ। 31 ਵਿੱਦਿਅਕ ਸੰਸਥਾਵਾਂ ਯੂਨੀਵਰਸਿਟੀ ਦੇ ਬਰਾਬਰ ਦੀਆਂ ਮੰਨੀਆਂ ਜਾਂਦੀਆਂ ਹਨ। ਪੰਜਾਬ ਵਿੱਚ 276 ਡਿਗਰੀ ਕਾਲਜ, 9559 ਹਾਈ/ਹਾਇਰ ਸੈਕੰਡਰੀ ਸਕੂਲ, 5097 ਮਿਡਲ ਸਕੂਲ ਅਤੇ 13801 ਪ੍ਰਾਇਮਰੀ ਸਕੂਲ ਹਨ। ਸਿੱਖਿਆ ਪੱਖੋਂ ਪੰਜਾਬ ਪਛੜਿਆ ਹੋਇਆ ਨਹੀਂ ਹੈ। ਪੰਜਾਬ ਵਿੱਚ 58.09% ਸਿੱਖ, 38.49% ਹਿੰਦੂ, 1.93% ਮੁਸਲਮ ਅਤੇ 1.25% ਇਸਾਈ ਹਨ। ਜੇਕਰ ਪੰਜਾਬ ਦੇ ਡੇਰਿਆਂ ਦੀ ਗੱਲ ਕੀਤੀ ਜਾਵੇ ਤਾਂ ਸਾਰੇ ਵਰਗਾਂ ਦੇ 12 ਹਜ਼ਾਰ ਤੋਂ ਵੱਧ ਡੇਰੇ ਹਨ, ਜਿਨ੍ਹਾਂ ਵਿੱਚੋਂ 9 ਹਜ਼ਾਰ ਸਿੱਖ ਧਰਮ ਨਾਲ ਸਬੰਧਤ ਹਨ। ਇਨ੍ਹਾਂ ਵਿੱਚੋਂ 300 ਕਾਰਜਸ਼ੀਲ ਹਨ। 12 ਅਜਿਹੇ ਡੇਰੇ ਹਨ ਜਿਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਇੱਕ ਲੱਖ ਤੋਂ ਵਧੇਰੇ ਹੈ। ਡੇਰਿਆਂ ਦੀਆਂ ਸ਼ਾਖਾਂ ਪੰਜਾਬ ਦੇ ਸਾਰੇ 12581 ਪਿੰਡਾਂ ਵਿੱਚ ਹਨ।


ਜੇਕਰ ਗੁਰਦੁਆਰਿਆਂ ਦੀ ਗੱਲ ਕੀਤੀ ਜਾਵੇ ਤਾਂ ਲਗਭਗ 30 ਹਜ਼ਾਰ ਗੁਰਦਵਾਰੇ ਹਨ, ਹਰੇਕ ਪਿੰਡ ਵਿੱਚ ਇੱਕ ਤੋਂ ਲੈ ਕੇ ਛੇ ਤਕ। ਇਸੇ ਤਰ੍ਹਾਂ ਹਰੇਕ ਪਿੰਡ ਅਤੇ ਕਸਬੇ ਵਿੱਚ ਡੇਰੇ ਵੀ ਮੌਜੂਦ ਹਨ, ਜਿਨ੍ਹਾਂ ਦੇ ਮੁਖੀ ਡੇਰਿਆਂ ਨੂੰ ਨਿੱਜੀ ਹਿਤਾਂ ਦੀ ਪੂਰਤੀ ਲਈ ਵਰਤਦੇ ਹਨ।

ਭਾਈ ਕਾਹਨ ਸਿੰਘ ਨਾਭਾ ਜੀ ਵੱਲੋਂ ਆਪਣੇ ਮਹਾਨ ਕੋਸ਼ ਵਿੱਚ ਗੁਰਦਵਾਰਿਆਂ ਦੀ ਪਰਿਭਾਸ਼ਾ ਦਿੱਤੀ ਗਈ ਹੈ ਜਿਸ ਅਨੁਸਾਰ ਸਿੱਖਾਂ ਦਾ ਗੁਰਦਵਾਰਾ ਵਿਦਿਆਰਥੀਆਂ ਲਈ ਸਕੂਲ, ਆਤਮ ਕਲਿਆਣ ਲਈ ਉਪਦੇਸ਼ ਆਸ਼ਰਮ, ਰੋਗੀਆਂ ਲਈ ਸ਼ਫਾਖਾਨਾ, ਭੁੱਖਿਆ ਲਈ ਅੰਨਪੂਰਨਾ, ਇਸਤਰੀ ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। ਇਸ ਪਰਿਭਾਸ਼ਾ ਦੇ ਸੰਬੰਧ ਵਿੱਚ ਵੇਖਣਾ ਹੋਵੇਗਾ ਕਿ ਪੰਜਾਬ ਵਿੱਚ ਜਾਂ ਪੰਜਾਬ ਤੋਂ ਬਾਹਰ ਕਿੰਨੇ ਕੁ ਗੁਰਦੁਆਰੇ, ਡੇਰੇ ਅਤੇ ਹੋਰ ਧਾਰਮਿਕ ਸਥਾਨ ਇਸ ਪਰਿਭਾਸ਼ਾ ਉੱਤੇ ਪੂਰੇ ਉੱਤਰਦੇ ਹਨ।

## ਪ੍ਰਕਾਸ਼ ਦਿਹਾੜੇ ’ਤੇ ਵਿਸ਼ੇਸ਼

### ਸੁਖਚੈਨ ਸਿੰਘ

# ਪੰਜਾਬੀ ਦਾ ਪਹਿਲਾ ਕਵੀ ਬਾਬਾ ਫ਼ਰੀਦ ਜੀ



ਬਾਬਾ ਫ਼ਰੀਦ ਜੀ ਦਾ ਜਨਮ 1381 ਸੂਫੀ ਖੇਤਰ ਜ਼ਿਲਾ ਮੁਲਤਾਨ (ਹੁਣ ਪਾਕਿਸਤਾਨ) ਵਿੱਚ ਜਮਾਲ-ਉਦ-ਦੀਨ ਸੁਲੇਮਾਨ ਅਤੇ ਸ਼ੇਖ਼ ਵਜੀਹ-ਉਦ ਦੀਨ ਖੋਜੇ ਦੀ ਦੀ ਧੀ ਮਰੀਅਮ ਬੀਬੀ ਦੇ ਘਰ ਹੋਇਆ। ਸਿੱਖਿਆ-ਆਪ ਜੀ ਦੀ ਮੁੱਢਲੀ ਸਿੱਖਿਆ ਬਾਰੇ ਦੱਸਿਆ ਜਾਂਦਾ ਹੈ ਕੇ ਆਪ ਜੀ ਦੇ ਪਿਤਾ ਜੀ 18ਕੁ ਮਹੀਨੇ ਦੀ ਉਮਰ ਵਿੱਚ ਹੀ ਛੱਡ ਕੇ ਗੁਜ਼ਰ ਗਏ ਸਨ।ਆਪ ਜੀ ਦੀ ਮਾਤਾ ਕੁਰਸੂਮ ਨੇ ਹੀ ਆਪ ਜੀ ਨੂੰ ਪਾਲ ਕੇ ਧਾਰਮਿਕ ਵਿਦਿਆ ਦਿੱਤੀ। ਮੁੱਢਲੀ ਵਿੱਦਿਆ ਮਾਤਾ ਪਾਸੋਂ ਪ੍ਰਾਪਤ ਕਰਨ ਪਿੱਛੋਂ ਇਨ੍ਹਾਂ ਨੇ ਕੁਰਆਨ ਮਜੀਦ ਮੌਲਾਨਾ ਅਬੂ ਹਾਫ਼ਜ ਕੋਲੋਂ ਪੜ੍ਹਿਆ ਫੇਰ ਬਗਦਾਦ ਚਲੇ ਗਏ ਜਿੱਥੇ ਆਪ ਜੀ ਨੇ, ਅਬਦੁਲ ਕਾਦਰ ਜੁਲਾਨੀ, ਸ਼ੇਖ਼ ਸਿਰਾਬਦੀਨ ਸੁਹਰਾਵਰਦੀ, ਖਵਾਜ਼ਾ ਮੁਅਈਉਨਦੀਨ ਚਿਸ਼ਤੀ, ਤੇਠ, ਸ਼ੇਖ਼ ਕਿਰਸਾਨੀ, ਆਦਿ ਤੋਂ ਪ੍ਰਾਪਤ ਕੀਤੀ। ਬਾਬਾ ਫ਼ਰੀਦ ਸੂਫ਼ੀਆਂ ਦੇ ਚਿਸ਼ਤੀ ਦੇ ਸਿਲਸਿਲੇ ਦੇ ਇੱਕ ਪ੍ਰਸਿੱਧ ਆਗੂ ਹੋਏ ਹਨ, ਜਿਹਨਾਂ ਬਾਰੇ ਦੱਸਿਆ ਜਾਂਦਾ ਹੈ ਕੇ ਫ਼ਕੀਰੀ ਗੋਦੜੀ ਹਜ਼ਰਤ ਅਲੀ ਪਾਸੋਂ ਪ੍ਰਾਪਤ ਕੀਤੀ। ਬਾਬਾ ਫ਼ਰੀਦ ਜੀ ਦੀ ਰਚਨਾ ਭਾਵੇਂ ਆਕਾਰ ਵਿੱਚ ਬਹੁਤੀ ਨਹੀਂ, ਪਰ ਕਾਵਿ ਗੁਣਾਂ ਕਰਕੇ, ਵਿਸੇ ਦੀ ਸ੍ਰੇਸ਼ਟਤਾ ਵਿੱਚ ਉੱਤਮ ਸਦੀਵੀ ਯੋਗਦਾਨ ਕਿਹਾ ਜਾ ਸਕਦਾ ਹੈ, ਪੰਜਾਬੀ ਸਾਹਿਤ ਵਿੱਚ ਬਾਬਾ ਫ਼ਰੀਦ ਜੀ ਦੀ ਪ੍ਰਾਪਤੀ ਹੋਈ ਰਚਨਾ ਕਰਕੇ ਉਨ੍ਹਾਂ ਨੂੰ ਪੰਜਾਬੀ ਦਾ ਪਹਿਲਾ ਕਵੀ ਜਾ ਸ਼ਾਇਰ ਮੰਨ ਲਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਉੱਚਿਤ ਹੋਣ ਕਾਰਨ ਹੀ, ਗੁਰੂ ਅਰਜਨ ਦੇਵ ਜੀ, ਨੇ ਉਨ੍ਹਾਂ ਦੀ ਗੁਰਬਾਣੀ ਨੂੰ ਇੱਕਤਰ ਕਰਕੇ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਕੇ ਇਸ ਬਾਣੀ ਨੂੰ ਅਹਿਮ ਅਸਥਾਨ ਦਿੱਤਾ ਤੇ ਇਸ ਦੀ ਸੰਭਾਲ ਕੀਤੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਬਾਬਾ ਫ਼ਰੀਦ ਜੀ ਦੇ ਕੁੱਲ ਚਾਰ ਸ਼ਬਦ (ਦੋ ਆਸਾ ਰਾਗ ਵਿੱਚ ਦੋ ਸੂਹੀ ਰਾਗ ਵਿੱਚ) ਅਤੇ ਆਪ ਜੀ ਦੇ 112 ਸਲੋਕ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੇ। ਇਸ ਤੋਂ ਇਲਾਵਾ ਬਾਬਾ ਫ਼ਰੀਦ ਜੀ ਦੀਆਂ ਕਈ ਹੋਰ ਕਿਤਾਬਾਂ ਵੀ ਹਨ। ਆਪ ਜੀ ਦੀ ਮੋਕਲਹਰ ਹੁਣ ਫਰੀਦਕੋਟ ਸ਼ਹਿਰ ਅੰਦਰ ਆਮਦ ਨਾਲ ਇੱਕ ਚਰਚਾ ਜੁੜੀ ਹੋਈ ਹੈ, ਉਸ ਸਮੇਂ ਦੀ ਫਰੀਦਕੋਟ ਰਿਆਸਤ ਦੇ ਅਹਿਲਕਾਰ, ਆਲੇ ਦੁਆਲੇ ਦੇ ਇਲਾਕੇ ਵਿੱਚ ਲੋਕਾਂ ਨੂੰ ਫ਼ੜ ਕੇ ਉੱਸਰ ਰਹੇ ਕਿਲੇ ਨੂੰ ਪੂਰਾ ਕਰਨ ਲਈ ਜਬਰੀ ਵਗਾਰ ਲੈਂਦੇ ਸਨ, ਰਾਜੇ ਦੇ ਅਹਿਲਕਾਰ ਇੱਕ ਦਿਨ ਸੂਫ਼ੀ ਸੰਤ ਬਾਬਾ ਫ਼ਰੀਦ ਜੀ ਨੂੰ ਧੂਹ ਲਿਆਏ ਉਸ ਸਮੇਂ ਸ਼ਹਿਰ ਦੇ ਬਾਹਰ ਵਾਲੇ ਪਾਸੇ ਤੱਪ ਕਰ ਰਹੇ ਸਨ, ਇਹ ਅਸਥਾਨ ਅੱਜ ਕੱਲ ਗੋਦੜੀ ਬਾਬਾ ਫ਼ਰੀਦ ਜੀ ਦੇ ਨਾਮ ਨਾਲ ਜਾਣੀ ਜਾਂਦੀ ਹੈ। ਬਾਬਾ ਫ਼ਰੀਦ ਜੀ ਨੂੰ ਵੀ ਗਾਰਾ ਮਿੱਟੀ ਢੋਣ ਤੇ ਲਾ ਦਿੱਤਾ। ਰਾਜੇ ਨੂੰ ਕਿਸੇ ਨੇ ਜਾ ਦਸਿਆ ਕੇ ਕੰਮ ਤੇ ਲੱਗੇ ਲੋਕਾਂ ਵਿੱਚ ਇੱਕ ਅਜਿਹਾ ਦਰਵੇਸ਼ ਸੰਤ ਵੀ ਹੈ ਜੋ ਰੂਹਾਨੀ ਸ਼ਕਤੀਆਂ ਦਾ ਮਾਲਕ ਹੈ। ਪੀੜੀਆਂ ਤੋਂ ਇੱਕ ਦੰਦ ਕਥਾ ਤੁਰੀ ਆ ਰਹੀ ਹੈ ਕੇ ਰਾਜੇ ਨੇ ਬਾਬੇ ਫਰੀਦ ਤੋਂ ਮੁਆਫੀ ਮੰਗੀ ਤੇ ਇਸ ਸ਼ਹਿਰ ਦਾ ਨਾਮ ਬਦਲ ਕੇ ਫ਼ਰੀਦ ਤੇ ਕੋਟ, (ਕਿਲਾ) ਨੂੰ ਜੋੜ ਕੇ ਫਰੀਦਕੋਟ ਰੱਖ ਦਿੱਤਾ। ਰਾਜੇ ਵੱਲੋਂ ਮੁਆਫੀ ਮੰਗਣ ਤੋਂ ਬਾਅਦ ਫ਼ਰੀਦ ਜੀ ਨੇ ਗਾਰੇ ਨਾਲ ਲਿੱਬੜੇ ਹੋਏ ਆਪਣੇ ਹੱਥ ਜਿਸ ਦਰੱਖਤ ਨਾਲ ਪੂੰਜੇ, ਉਸ ਦਰੱਖਤ ਨੂੰ ਰਾਜੇ ਨੇ ਕਟਵਾ ਕੇ ਸੰਭਾਲ ਲਿਆ, ਉਹ ਅੱਜ ਵੀ ਟਿੱਲਾ ਬਾਬਾ ਫ਼ਰੀਦ ਵਿਖੇ ਸਸ਼ੋਭਿਤ ਹੈ। ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰ ਗਵਾਇਆ ਸੰਮਿ॥

ਲੇਖਾ ਰਬੁ ਮੰਗੇਸੀਆ
ਤੂੰ ਆਂਹੋ ਕੇਰ੍ਹੇ ਕੰਮ॥
ਸਲੋਕ ਭਗਤ ਫ਼ਰੀਦ ਜੀ,
ਗੁਰੂ ਗ੍ਰੰਥ ਸਾਹਿਬ,ਅੰਗ ੧੩੭੯।

ਗੋਦੜੀ ਸਾਹਿਬ-ਟਿੱਲਾ ਬਾਬਾ ਫ਼ਰੀਦ ਫਰੀਦਕੋਟ ਸ਼ਹਿਰ ਵਿੱਚ ਕਿਲਾ ਮੁਬਾਰਕ ਦੇ ਨੇੜੇ ਸੂਫ਼ੀ ਸੰਤ ਫਰੀਦ ਨਾਲ ਸਬੰਧਤ ਅਸਥਾਨ ਹੈ ਤੇ ਹਰ ਵੀਰਵਾਰ ਨੂੰ ਦਰਗਾਹ ਤੇ ਮੇਲਾ ਲੱਗਦਾ ਹੈ, ਇਹ ਰਵਾਇਤ ਸਦੀਆਂ ਤੋਂ ਤੁਰੀ ਆ ਰਹੀ ਹੈ। ਹੁਣ ਪਿਛਲੇ ਦਹਾਕਿਆਂ ਤੋਂ ਹਰ ਸਾਲ 19 ਤੋਂ 23 ਸਤੰਬਰ ਤੱਕ ਭਾਰੀ ਮੇਲਾ ਵੀ ਲੱਗਦਾ ਹੈ। ਸੰਗਤਾਂ ਬੜੇ ਅਥਾਹ ਪਿਆਰ ਨਾਲ ਦਰਸ਼ਨ ਦੀਦਾਰੇ ਕਰਦੀਆਂ ਹਨ। ਬਾਬਾ ਫ਼ਰੀਦ ਜੀ ਪਾਕਪਟਨ ਵਿਖੇ 1266 ਈਸਵੀ ਵਿੱਚ ਜੋਤੀ ਜੋਤ ਸਮਾ ਗਏ।

# ★ ਮਿੰਨੀ ਕਹਾਣੀਆਂ ★

## ਸਮਾਂ

ਇਕ ਪੇਂਟਰ ਨੇ ਬਹੁਤ ਹੀ ਸੁੰਦਰ ਔਰਤ ਦੀ ਤਸ਼ਵੀਰ ਬਣਾਈ। ਉਹ ਆਪਣੇ ਪੱਬਾਂ ਤੇ ਖੜੀ ਹੋਈ ਸੀ, ਉਸ ਦੀਆਂ ਅੱਡੀਆਂ ਥੱਲੇ ਨਹੀਂ ਸਨ ਲਗਦੀਆਂ। ਉਸ ਦੇ ਸੱਜੇ ਹੱਥ ਵਿਚ ਤਿੱਖੀ ਕਿਰਪਾਨ ਸੀ। ਉਸ ਦੇ ਸਿਰਤੇ ਮੂਹਰੇ ਵਾਲ ਸਨ ਪਰ ਪਿਛਲੇ ਪਾਸਿਓ ਬਿਲਕੁਲ ਗੰਜੀ ਸੀ। ਪੇਂਟਰ ਦਾ ਦੋਸਤ ਪੇਂਟਰ ਕੋਲ ਆਉਂਦਾ ਹੈ। ਪੇਂਟਰ ਉਸਨੂੰ ਪੁੱਛਦਾ ਹੈ ਕਿ , “ਸੁਣਾ ਦੋਸਤ ਕੀ ਹਾਲ ਏ, ਕਿਸ ਤਰ ਆਉਣਾ ਹੋਏ।”

ਦੋਸਤ : ਬੱਸ ਯਾਰ ਮੈਂ ਵਿਹਲਾ ਸੀ, ਸੋਚਿਆ ਤੇਰੇ ਕੋਲ ਜਾ ਕੇ ਦੋ ਚਾਰ ਗੱਪਾਂ ਮਾਰ ਲਈਏ।

“ਅਚਾਨਕ ਪੇਂਟਰ ਦੇ ਦੋਸਤ ਦੀ ਨਿਗਾ ਉਸ ਤਸ਼ਵੀਰ ਤੇ ਪੈਂਦੀ ਹੈ।

‘ਯਾਰ ਇਹ ਕੀ ਹੈ ?’

ਪੇਂਟਰ : ਇਹ ਸਮਾਂ ਹੈ, ਸਮਾਂ।

ਦੋਸਤ : ਸਮਾਂ

ਪੇਂਟਰ : ਹਾਂ, ਸਮਾਂ

ਦੋਸਤ : ਇਹ ਏਨੀ ਸੁੰਦਰ।

ਪੇਂਟਰ : ਸਮਾਂ ਬਹੁਤ ਸੁੰਦਰ ਹੈ, ਬੱਸ ਇਸਦੀ ਸੁੰਦਰਤਾ ਨੂੰ ਦੇਖਣ ਦਾ ਤਰੀਕਾ ਆਉਣਾ ਚਾਹੀਦਾ ਹੈ।

ਦੋਸਤ : ਇਹ ਪੱਬਾਂ ਤੇ ਕਿਉਂ ਖੜੀ ਹੈ।

ਪੇਂਟਰ : ਕਿਉਂਕਿ ਸਮਾਂ ਕਦੀ ਵੀ ਰੁਕਦਾ ਨਹੀਂ।

ਦੋਸਤ : ਇਸਦੇ ਹੱਥ ਦੀ ਕਿਰਪਾਨ।

ਪੇਂਟਰ : ਇਹ ਇਸ ਲਈ ਹੈ ਕਿ ਸਮੇਂ ਦੀ ਮਾਰ ਬਹੁਤ ਬੁਰੀ ਹੁੰਦੀ ਹੈ।

ਦੋਸਤ : ਇਸਦੇ ਸਿਰ ਤੇ ਮੂਹਰੇ ਵਾਲ ਹਨ ਪਿੱਛੇ ਨਹੀਂ, ਇਹ ਕਿਉਂ ?

ਪੇਂਟਰ : ਸਮਾਂ ਗਤੀਸ਼ੀਲ ਹੋਣ ਕਰਕੇ ਮੂਹਰਿਓ ਹੀ ਫੜਿਆ ਜਾ ਸਕਦਾ ਹੈ, ਜੇ ਇਹ ਲੰਘ ਗਿਆ ਤਾਂ ਮਗਰੋਂ ਹੱਥ ਵਿਚ ਨਹੀਂ ਆਉਂਦਾ।

ਦੋਸਤ : ਚੰਗਾ ਯਾਰ ਮੈਂ ਚਲਦਾ ਹਾਂ ।

ਪੇਂਟਰ : ਯਾਰ ਚਾਹ ਪਾਣੀ ਤਾਂ ਪੀ ਕੇ ਜਾਈਂ।

ਦੋਸਤ : ਨਹੀਂ ਯਾਰ, ਮੈਂ ਆਪਣੇ ਤੇ ਤੇਰੇ ਕੀਮਤੀ ਸਮੇਂ ਨੂੰ ਗੱਪਾਂ ਮਾਰ ਕੇ ਨਸ਼ਟ ਨਹੀਂ ਕਰਨਾ ਚਾਹੁੰਦਾ।

-ਭਵਨਦੀਪ ਸਿੰਘ ਪੁਰਬਾ

## ਇਨਕਰੀਮੈਂਟ

ਨਛੱਤਰ ਨਵੇਂ ਆਏ ਬਾਬੂ ਨੂੰ ਮਿਲ ਕੇ ਦਫ਼ਤਰੋਂ ਬਾਹਰ ਨਿਕਲਿਆ ਤਾਂ ਉਸ ਨੂੰ ਆਪਣਾ ਪੁਰਾਣਾ ਦੋਸਤ ਜੀਤ ਕੰਡਕਟਰ ਮਿਲ ਗਿਆ। ‘ਕਿਧਰ ਨੂੰ ਜਾਂਦੈਂ ਅੱਜਕੱਲ੍ਹ ਜੀਤਿਆ ? ਤੂੰ ਤਾਂ ਈਦ ਦਾ ਚੰਦ ਹੀ ਬਣ ਗਿਆ !” ਨਛੱਤਰ ਨੇ ਪੁੱਛਿਆ। “ਕਾਹਨੂੰ ਯਾਰ, ਅਠਾਰਾਂ ਦਿਨ ਹੋ ਗਏ ਗੱਡੀ ਲੁਧਿਆਣੇ ਤੋਂ ਦਿੱਲੀ ਲੱਗੀ ਐ। ਤੇ ਤੂੰ ਅੱਜ ਸਵੇਰੇ ਸਵੇਰੇ ਦਫ਼ਤਰ ਕਿਵੇਂ ?” ਜੀਤ ਨੇ ਪੁੱਛਿਆ।

“ਮੈਂ ਤਾਂ ਆਪਣੇ ਬਾਬੂ ਜੀ ਨੂੰ ਮਿਲਣ ਆਇਆ ਸੀ। ਨਵੇਂ ਆਏ ਨੇ ਨਾ। ਮੈਂ ਸੋਚਿਆ ਪਹਿਲਾਂ ਹੀ ਗੱਲਬਾਤ ਕਰਨੀ ਚੰਗੀ ਹੁੰਦੀ ਐ। ਮਗਰੋਂ ਕਿਤੇ ਫੇਰ ਤੇਰੇ ਵਾਲਾ ਹਾਲ ਹੀ ਨਾ ਹੋਵੇ। ਪਰ ਯਾਰ, ਹੁਣ ਤਾਂ ਪੁਰਾਣਾ ਬਾਬੂ ਬਦਲ ਗਿਆ ਹੈ। ਇਹ ਬਾਬੂ ਜੀ ਤਾਂ ਨਵੇਂ ਆਏ ਨੇ, ਚੰਗੇ ਵੀ ਬੜੇ ਨੇ। ਤੂੰ ਵੀ ਲੈ ਦੇ ਕੇ ਆਪਣਾ ਇਨਕਰੀਮੈਂਟ ਵਾਲਾ ਕੇਸ ਨਿਪਟਾ ਲੈ।”

“ਓਹ ਛੱਡ ਉਏ ਨਛੱਤਰਾ, ਆਪਾਂ ਕੀ ਲੈਣਾ ਬਾਬੂ ਨੂੰ ਮਿਲ ਕੇ। ਜਦੋਂ ਦਾ ਜਾਅਲੀ ਟਿਕਟਾਂ ਦਾ ਕੇਸ ਪਿਆ ਹੈ, ਮਹਿਕਮੇ ਨੇ ਤਾਂ ਇਨਕਰੀਮੈਂਟ ਜ਼ਿੰਦਗੀ ਲਈ ਹੀ ਬੰਦ ਕਰ ’ਤੇ। ਨਾਲੇ ਮਹਿਕਮੇ ਨੇ ਤਾਂ ਸਾਲ ਮਗਰੋਂ ਇੱਕ ਇਨਕਰੀਮੈਂਟ ਲਾਉਣਾ ਹੋਇਆ। ਆਪਾਂ ਤਾਂ ਹਰ ਰੋਜ਼ ਸ਼ਾਮ ਨੂੰ ਇੱਕ ਇਨਕਰੀਮੈਂਟ ਆਪ ਹੀ ਲਾ ਲਈਦਾ ਐ।”

- ਕੁਲਵੰਤ ਸਿੰਘ

## ਕੁੱਤੇ ਦਾ ਖਾਣਾ

ਸ਼ਹਿਰ ਦੇ ਆਮਦਨ ਕਰ ਅਧਿਕਾਰੀ ਨੂੰ ਤਿੰਨ ਚਾਰ ਮਾਤਹਿਤਾਂ ਨਾਲ ਆਪਣੀ ਦੁਕਾਨ ਵਿੱਚ ਵੜਦੇ ਤੱਕ ਦੇ ਦੁਕਾਨਦਾਰ ਨੇ ਆਪਣੀ ਐਨਕ ਠੀਕ ਕੀਤੀ ਅਤੇ ਕਾਹਲੀ ਨਾਲ ਗੱਦੀ ਤੋਂ ਖੜ੍ਹਾ ਹੋ ਗਿਆ। ਹੱਥ ਜੋੜ ਕੇ ਨਮਸਤੇ ਕੀਤੀ ਅਤੇ ਉਨ੍ਹਾਂ ਨੂੰ ਬਿਠਾਉਣ ਲਈ ਆਪਣੀ ਧੋਤੀ ਦੇ ਪੱਲੇ ਨਾਲ ਕੁਰਸੀਆਂ ਸਾਫ ਕਰਨ ਲੱਗ ਪਿਆ। ਜਦੋਂ ਤੱਕ ਉਹ ਲੋਕ ਕੁਰਸੀਆਂ ਉੱਤੇ ਸਜੇ, ਉਦੋਂ ਤੱਕ ਖਾਣ ਲਈ ਕਾਜੂ ਅਤੇ ਪੀਣ ਲਈ ਫਲਾਂ ਦਾ ਜੂਸ ਤੱਕ ਆ ਗਿਆ।

ਖਾਣ ਪੀਣ ਤੋਂ ਬਾਅਦ ਕਰ ਅਧਿਕਾਰੀ ਨੇ ਆਪਣੀਆਂ ਮੁੱਛਾਂ ਉੱਤੇ ਹੱਥ ਫੇਰਦੇ ਹੋਏ ਦੁਕਾਨਦਾਰ ਤੋਂ ਹਿਸਾਬ ਕਿਤਾਬ ਵਾਲੇ ਵਹੀ ਖਾਤੇ ਲੈ ਲਏ ਅਤੇ ਫਾਰਮੈਲਿਟੀ ਵਜੋਂ ਉਨ੍ਹਾਂ ਦੀ ਫਰੋਲਾ-ਫਰਾਲੀ ਕਰਨ ਲੱਗ ਪਿਆ। ਇੱਕ ਪੰਨੇ ਉੱਤੇ ਉਸ ਦੀ ਨਜ਼ਰ ਬੰਨ੍ਹੀ ਗਈ। ਉਹ ਹੈਰਾਨ ਵੀ ਹੋਇਆ ਅਤੇ ਮੁਸਕਰਾਇਆ ਵੀ ਉਸ ਨੇ ਉਹ ਪੰਨਾ ਆਪਣੇ ਮਾਤਹਿਤਾਂ ਨੂੰ ਵੀ ਦਿਖਾਇਆ। ਉਹ ਵੀ ਬਿਨਾਂ ਮੁਸਕਰਾਏ ਨਾ ਰਹਿ ਸਕੇ ਕਿ ਕਿਹੋ ਜਿਹੇ ਲੋਕ ਪਏ ਹਨ ਕਿ ਆਮਦਨ ਕਰ ਬਚਾਉਣ ਲਈ ਕੁੱਤੇ ਨੂੰ ਪਾਈ ਰੋਟੀ ਦੀ ਬੁਰਕੀ ਦਾ ਖਰਚਾ ਵੀ ਕਿਤਾਬਾਂ ਵਿੱਚ ਪਾ ਰੱਖਿਆ ਹੈ।

ਵਹੀ ਖਾਤੇ ਵਿੱਚ ਖਰਚ ਵਾਲੀ ਮਦ ਇਸ ਪ੍ਰਕਾਰ ਲਿਖੀ ਹੋਈ ਸੀ ‘ਮਿਤੀ 17.2.89 ਕੁੱਤੇ ਦਾ ਖਾਣਾ ਪੰਜਾਹ ਰੁਪਏ।’

ਖਰਚੇ ਦੀ ਇਸ ਮਦ ਨੂੰ ਤੱਕ ਦੇ ਦੁਕਾਨਦਾਰ ਵੀ ‘ਹੀ-ਹੀ’ ਕਰਦਾ ਉਨ੍ਹਾਂ ਸਭਨਾਂ ਨਾਲ ਮੁਸਕਰਾਉਣ ਲੱਗ ਪਿਆ।

ਥੋੜ੍ਹੀ ਦੇਰ ਬਾਅਦ ਉਹ ਸਾਰੇ ਲੋਕ ਚਲੇ ਗਏ। ਦੁਕਾਨਦਾਰ ਨੇ ਆਪਣੇ ਹਿਸਾਬ-ਕਿਤਾਬ ਵਾਲੀ ਬਹੀ-ਖਾਤਾ ਖੋਲ੍ਹਿਆ। ਕਾਜੂ ਤੋਂ ਲੈ ਕੇ ਜੂਸ ਤੱਕ ਦਾ ਖਰਚਾ ਜੋੜਿਆ ਅਤੇ ਖਾਤੇ ਵਿੱਚ ਇੱਕ ਮਦ ਹੋਰ ਜੋੜ ਦਿੱਤੀ, ‘ਮਿਤੀ 29.8.89, ਕੁੱਤਿਆਂ ਦਾ ਖਾਣਾ ਇੱਕ ਸੌ ਪੰਜ ਰੁਪਏ।

-ਦਰਸ਼ਨ ਮਿਤਵਾ

## ਹਾਸ ਵਿਅੰਗ

**ਸ਼ੰਕਰ ਪੁਣਤਾਬੇਕਰ**

# ਗਫ਼ੂਰ ਤਾਂਗੇ ਵਾਲਾ



ਗਫ਼ੂਰ ਦਾ ਤਾਂਗਾ ਨੇਤਾ ਅਤੇ ਉਸ ਦਾ ਸਾਮਾਨ ਲੱਦੀ ਜਾ ਰਿਹਾ ਸੀ। ਪਿੰਡ ਦਾ ਵਿੰਗਾ ਟੇਢਾ ਅਤੇ ਲੰਬਾ ਰਾਹ ਸੀ। ਤਾਂਗਾ ਸਟੇਸ਼ਨ ਤੋਂ ਚੱਲਿਆ ਸੀ। ਚੁੱਪ ਤੋੜਦਿਆਂ ਗਫ਼ੂਰ ਨੇ ਗੱਲ ਤੋਰੀ, "ਬਾਊ ਜੀ, ਲੱਗਦਾ ਇਸ ਵਾਰ ਸਾਮਾਨ ਕੁਝ ਜ਼ਿਆਦਾ ਹੀ ਲਿਆਏ ਹੋ।"

"ਤੂੰ ਥੋੜ੍ਹਾ ਤੇਜ਼ ਚੱਲ।" ਨੇਤਾ ਨੇ ਕਿਹਾ।

"ਇਸ ਵਿੱਚ ਨਾ ਮੇਰੇ ਘੋੜੇ ਦਾ ਕਸੂਰ ਹੈ ਨਾ ਇਹਦੇ ਵਰਗੇ ਹੋਰ ਘੋੜਿਆਂ ਦਾ।" ਗਫ਼ੂਰ ਬੋਲਿਆ। "ਤੂੰ ਅਰਥ ਪੁੱਛੇਂਗਾ ਇਸ ਦਾ, ਮੈਂ ਜਾਣਦਾ ਹਾਂ ਇਹ ਉਨ੍ਹਾਂ ਘੋੜਿਆਂ ਦਾ ਕਸੂਰ ਹੈ ਜਿਹੜੇ ਚਾਲੀ ਸਾਲਾਂ ਤੋਂ ਇੱਥੇ ਸੜਕ ਪੁੱਟ ਸੁੱਟਣ ਦੀਆਂ ਗੱਲਾਂ ਕਰਦੇ ਆ ਰਹੇ ਨੇ।" ਗਫ਼ੂਰ ਅੱਗੇ ਬੋਲਿਆ।

"ਗਫ਼ੂਰ, ਤੇਰੀ ਘਰ ਵਾਲੀ ਦਾ ਕੀ ਹਾਲ ਹੈ?"

"ਓਹੀ ਜੋ ਬਿਨਾਂ ਦਵਾਈ, ਤੇਰੀਆਂ ਵੋਟਾਂ ਤੋਂ ਪਹਿਲਾਂ ਸੀ।"

"ਪਿੰਡ ਦਾ ਕੀ ਹਾਲ ਹੈ?"

"ਪਾਣੀ ਤੋਂ ਬਿਨਾਂ ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ। ਹਾਂ! ਤੇਰੇ ਖੂਹ ਦੁਆਲੇ ਉੱਚੀ ਅਤੇ ਮਜ਼ਬੂਤ ਚਾਰਦੀਵਾਰੀ ਹੋ ਗਈ ਹੈ। ਬਾਊ ਜੀ ਤੁਸੀਂ ਲੋਕਾਂ ਖ਼ਾਤਰ ਨਵੇਂ ਖੂਹ ਲਗਾਉਣ ਦਾ ਵਾਅਦਾ ਵੀ ਕੀਤਾ ਸੀ। ਆਪਣੇ ਸਾਮਾਨ ਵਿੱਚ ਤੁਸੀਂ ਨਵੇਂ ਖੂਹ ਨਹੀਂ ਤਾਂ ਖੂਹਾਂ ਦਾ ਨਕਸ਼ਾ ਜ਼ਰੂਰ ਲੈ ਕੇ ਆਏ ਹੋਵੋਗੇ।"

"ਜੇ ਆਪਾਂ ਥੋੜ੍ਹੀ ਦੇਰ ਚੁੱਪ ਹੀ ਰਹੀਏ ਤਾਂ ਚੰਗਾ।"

"ਤਾਂਗਾ ਉਲਾਰ ਹੋ ਰਿਹਾ ਹੈ। ਸਵਾਰੀਆਂ ਲੈ ਕੇ ਜਾਨਾਂ ਤਾਂ ਐਦਾਂ ਨਹੀਂ ਹੁੰਦਾ। ਤੇਰੀ ਵਾਰੀ ਹੀ ਇੰਝ ਹੁੰਦਾ ਹੈ। ਤੇਰਾ ਸਾਮਾਨ ਵੀ ਤਾਂ ਵਾਹਵਾ ਹੀ ਹੁੰਦਾ ਹੈ ਨਾਂ।" ਨੇਤਾ ਬੋਲਿਆ ਹੀ ਨਹੀਂ।

"ਇਹ ਘੋੜਾ ਵੀ ਸਾਮਾਨ ਖਿੱਚਦਾ ਖਿੱਚਦਾ ਹਫ਼ ਜਾਂਦਾ ਹੈ।" ਗਫ਼ੂਰ ਫਿਰ ਬੋਲਿਆ। "ਕਹਿੰਦਾ ਮੈਨੂੰ ਭਰ ਪੇਟ ਘਾਹ ਦੇ, ਤਾਂ ਹੀ ਖਿੱਚੂੰ ਐਨਾ ਭਾਰ। ਪਰ ਮੈਂ ਕਿੱਥੋਂ ਲਿਆਵਾਂ ਭਰ ਪੇਟ ਘਾਹ ਅਤੇ ਛੋਲੇ ਇਹਦੇ ਲਈ?" ਨੇਤਾ ਤਾਂ ਜਿਵੇਂ ਮੌਨ ਹੀ ਧਾਰ ਗਿਆ ਸੀ।

"ਬਾਊ ਜੀ! ਤੁਸੀਂ ਲੋਕਾਂ ਨੂੰ ਰੋਟੀ ਦੇਣ ਦੀ ਗੱਲ ਵੀ ਆਖੀ ਸੀ। ਆਪਣੇ ਸਾਮਾਨ ਵਿੱਚ ਤੁਸੀਂ ਲੋਕਾਂ ਲਈ ਰੋਟੀਆਂ ਵੀ ਜ਼ਰੂਰ ਲੈ ਕੇ ਆਏ ਹੋਵੋਗੇ।"

ਨੇਤਾ ਫਿਰ ਵੀ ਕੁਝ ਨਾ ਬੋਲਿਆ ਸਗੋਂ ਉਸ ਨੂੰ ਆਪਣੇ ਸਾਮਾਨ ਵਿਚਲੇ ਬ੍ਰੈਂਡਿਡ ਕੱਪੜਿਆਂ, ਸਾੜ੍ਹੀਆਂ, ਬੱਚਿਆਂ ਦੇ ਖਿਡੌਣਿਆਂ, ਸ਼ੈਂਪੂਆਂ, ਚਾਕਲੇਟਾਂ, ਪ੍ਰਫਿਊਮਾਂ ਦੀ ਯਾਦ ਆਈ। "ਤੁਸੀਂ ਸੁਣਿਆਂ ਹੋਣੈ।" ਗਫ਼ੂਰ ਦਾ ਗਲ਼ਾ ਭਰ ਆਇਆ। ਕੁਝ ਦੇਰ ਚੁੱਪ ਰਹਿਣ ਪਿੱਛੋਂ ਗਫ਼ੂਰ ਬੋਲਿਆ, "ਬੱਚਿਆਂ ਦੇ ਸਕੂਲ ਦੀ ਛੱਤ ਡਿੱਗ ਪਈ ਸੀ।" ਨੇਤਾ ਚੁੱਪ ਹੀ ਰਿਹਾ। ਉਸ ਨੂੰ ਚੇਤਾ ਨਹੀਂ ਆਇਆ ਕਿ ਸਕੂਲ ਦੀ ਛੱਤ ਬਦਲਾਉਣ ਦਾ ਤਾਂ ਉਸ ਨੇ ਪਿੰਡ ਵਾਲਿਆਂ ਨਾਲ ਵਾਅਦਾ ਵੀ ਕੀਤਾ ਸੀ। ਇਸ ਦੇ ਉਲਟ ਉਸ ਨੂੰ ਚੇਤੇ ਆਇਆ ਕਿ ਉਸ ਦੇ ਪੋਤੇ ਤਾਂ ਸ਼ਹਿਰ ਦੇ ਬੋਰਡਿੰਗ ਸਕੂਲ ਵਿੱਚ ਪੜ੍ਹਦੇ ਸਨ। "ਬਾਊ ਜੀ ਸੌਂ ਗਏ ਸੀ?" ਗਫ਼ੂਰ ਨੇ ਅੱਗੇ ਗੱਲ ਤੋਰੀ। "ਹਾਂ ਸੌਂ ਹੀ ਗਿਆ ਸਾਂ। ਤਾਂ ਹੀ ਤਾਂ ਸਕੂਲ ਦੀ ਛੱਤ ਡਿੱਗ ਪਈ। ਗਫ਼ੂਰ ਥੋੜ੍ਹਾ ਤੇਜ਼ ਚਲਾ।" ਨੇਤਾ ਬੋਲਿਆ। "ਮੈਥੋ ਤਾਂ ਘੋੜੇ ਦੇ ਛਾਂਟਾ ਵੀ ਨਹੀਂ ਵੱਜਦਾ। ਆ ਜਾ ਤੂੰ ਬੈਠ ਜਾ ਮੇਰੀ ਥਾਂ 'ਤੇ। ਤੂੰ ਮਾਰ ਸਕਦਾਂ ਛਾਂਟੇ, ਖਿੱਚਣ ਵਾਲਿਆਂ ਨੂੰ ਭੁੱਖੇ ਰੱਖ ਕੇ।"

ਨੇਤਾ ਚੁੱਪ ਹੀ ਰਿਹਾ।

"ਤੈਨੂੰ ਆਉਂਦੀ ਹੈ ਛਾਂਟੇ ਮਾਰ ਕੇ ਸਪੀਡ ਵਧਾਉਣੀ। ਤੁਹਾਡਾ ਘੋੜਾ ਭੁੱਖਣ ਭਾਣਾ ਦੇਸ਼ ਨੂੰ ਖਿੱਚੀ ਜਾਂਦਾ। ਨਾ ਕੋਈ ਉਸ ਨੂੰ ਘਾਹ ਪਾਉਂਦਾ। ਨਾ ਖਾਣ ਨੂੰ ਛੋਲੇ ਦਿੰਦਾ।"

ਗਫ਼ੂਰ ਨੇ ਪਹਿਲਾਂ ਤਾਂਗਾ ਹੌਲੀ ਕੀਤਾ ਫਿਰ ਰੋਕ ਲਿਆ। "ਤੂੰ ਤਾਂਗਾ ਰੋਕ ਕਿਉਂ ਲਿਆ?" ਨੇਤਾ ਨੇ ਪੁੱਛਿਆ। "ਘੋੜਾ ਆਰਾਮ ਚਾਹੁੰਦਾ ਏ।"

"ਦੇਖ ਗਫ਼ੂਰ ਮੈਂ ਜਲਦੀ ਪਹੁੰਚਣਾ ਹੈ।"

ਗਫ਼ੂਰ ਨੇ ਘੋੜਾ ਜੰਗਲ ਵਿੱਚ ਚਰਨ ਲਈ ਖੁੱਲ੍ਹਾ ਛੱਡ ਦਿੱਤਾ। ਮਜਬੂਰ ਹੋ ਕੇ ਨੇਤਾ ਨੂੰ ਵੀ ਤਾਂਗੇ ਤੋਂ ਥੱਲੇ ਉਤਰਨਾ ਪਿਆ। "ਤੈਨੂੰ ਪਤਾ ਕਿ ਪਿਛਲੇ ਮਹੀਨੇ ਇਕ ਆਦਮੀ ਦਾ ਖ਼ੂਨ ਹੋ ਗਿਆ ਸੀ। ਮੋਟਰ ਸਾਈਕਲ 'ਤੇ ਸੀ ਉਹ। ਅਚਾਨਕ ਲੋਕ ਜੰਗਲ ਵਿਚਦੀ ਆਏ ਅਤੇ ਉਸ ਨੂੰ ਘੇਰ ਲਿਆ। ਉਸ ਆਦਮੀ ਦੀ ਆਤਮਾ ਕਹਿੰਦੇ ਨੇ ਉਸ ਰੁੱਖ ਵਿੱਚ ਹੈ।" ਇਕ ਰੁੱਖ ਵੱਲ ਇਸ਼ਾਰਾ ਕਰਦਿਆਂ ਗਫ਼ੂਰ ਬੋਲਿਆ, "ਇਹ ਵੀ ਸੁਣਿਆ ਹੈ ਕਿ ਜੇ ਕੋਈ ਇਸ ਰੁੱਖ ਦੁਆਲੇ ਸੱਤ ਗੇੜੇ ਲਗਾਵੇ ਤਾਂ ਉਸ ਦੀ ਮਨੋਕਾਮਨਾ ਪੂਰੀ ਹੋ ਜਾਂਦੀ ਹੈ। ਤੇਰੀ ਕੋਈ ਮਨੋ ਇੱਛਾ ਹੈ ਤਾਂ ਤੂੰ ਵੀ ਲਗਾ ਲੈ ਸੱਤ ਗੇੜੇ।"

"ਤੂੰ ਕਿੰਨਾ ਚੰਗਾ ਏਂ ਗਫ਼ੂਰ?" ਨੇਤਾ ਬੋਲਿਆ।

ਨੇਤਾ ਵੀ ਰੁੱਖ ਦੁਆਲੇ ਸੱਤ ਗੇੜੇ ਕੱਢ ਆਇਆ। ਜਦ ਤਾਂਗਾ ਉੱਥੋਂ ਚੱਲਿਆ ਤਾਂ ਗਫ਼ੂਰ ਨੇ ਨੇਤਾ ਨੂੰ ਪੁੱਛਿਆ, "ਤੂੰ ਕਿਹੜੀ ਮਨੋਕਾਮਨਾ ਲਈ ਸੱਤ ਗੇੜੇ ਲਗਾਏ? ਸੱਚੋ ਸੱਚ ਦੱਸੀਂ। ਝੂਠ ਬੋਲੇਂਗਾ ਤਾਂ ਨੁਕਸਾਨ ਹੋਜੂ।"

ਤਾਂਗਾ ਆਪਣੀ ਤੋਰ ਤੁਰ ਪਿਆ। ਨੇਤਾ ਨੇ ਗੱਲ ਬਦਲਦਿਆਂ ਕਿਹਾ, "ਹੁਣ ਘੋੜੇ ਨੂੰ ਜ਼ਰਾ ਤੇਜ ਭਜਾਈਂ।"

"ਤੂੰ ਐਨਾ ਸਾਮਾਨ ਕੇਵਲ ਆਪਣੇ ਲਈ ਹੀ ਲਿਆਇਆ ਏਂ? ਜਾਂ ਪਿੰਡ ਵਾਲਿਆਂ ਲਈ ਵੀ ਕੁਝ ਲੈ ਕੇ ਆਇਆਂ?"

"ਪਿੰਡ ਵਾਲਿਆਂ ਲਈ ਵੀ ਲੈ ਕੇ ਆਇਆ ਹਾਂ।" ਨੇਤਾ ਬੋਲਿਆ।

"ਬੜੀ ਵਧੀਆ ਗੱਲ ਹੈ। ਲੋਕ ਬੜੇ ਖ਼ੁਸ਼ ਹੋਣਗੇ, ਪਰ ਪਤਾ ਤਾਂ ਲੱਗੇ ਕਿ ਤੂੰ ਲੈ ਕੇ ਕੀ ਆਇਐਂ ਲੋਕਾਂ ਲਈ?"

"ਧਰਮ ਨਿਰਪੱਖਤਾ..." ਨੇਤਾ ਨੇ ਕਿਹਾ।

"ਹੈਂ ਇਹ ਕੀ ਚੀਜ਼ ਹੁੰਦੀ ਏ?"

"ਹਿੰਦੂ ਮੁਸਲਮਾਨਾਂ ਨੂੰ ਲੜਨ ਤੋਂ ਰੋਕਦੀ ਹੈ।"

"ਹਿੰਦੂ ਮੁਸਲਮਾਨ ਤਾਂ ਆਪਸ ਵਿੱਚ ਲੜਦੇ ਹੀ ਨਹੀਂ। ਇਹ ਕਿਹੜੀ ਬੇਕਾਰ ਚੀਜ਼ ਚੁੱਕ ਲਿਆਇਆ ਤੂੰ?"

"ਮੈਂ ਤਾਂ ਇਸ ਨਾਲੋਂ ਵੀ ਵੱਡੀ ਚੀਜ਼ ਲਿਆਇਆਂ ਪਿੰਡ ਵਾਲਿਆਂ ਲਈ।"

"ਉਹ ਕਿਹੜੀ ਚੀਜ਼ ਹੈ?"

"ਮੇਰਾ ਦੇਸ਼ ਮਹਾਨ ਦਾ ਨਾਅਰਾ।"

"ਇਹ ਲੋਕਾਂ ਦੇ ਕਿਸ ਕੰਮ ਆਊ?"

"ਆਪਣੇ ਦੇਸ਼ ਨੂੰ ਮਹਾਨ ਬਣਾਉਣ ਦਾ ਸੁਨੇਹਾ ਦੇਵੇਗਾ ਇਹ।"

"ਜਿਹੜੇ ਭੁੱਖੇ ਮਰ ਰਹੇ ਹਨ, ਨਕਾਰੇ ਹਨ, ਕੀ ਉਨ੍ਹਾਂ ਨੂੰ ਵੀ ਕੁਝ ਦੇਵੇਗਾ ਇਹ ਨਾਅਰਾ?" ਗਫ਼ੂਰ ਨੇ ਇਹ ਸਵਾਲ ਕੀਤਾ ਅਤੇ ਤਾਂਗਾ ਰੋਕ ਲਿਆ। ਉਸ ਦਾ ਜੁਆਬ ਉਡੀਕੇ ਬਗੈਰ ਗਫ਼ੂਰ ਫਿਰ ਬੋਲਿਆ, "ਸਕੂਲ ਦੀ ਜਿਹੜੀ ਛੱਤ ਡਿੱਗੀ ਸੀ, ਉਸ ਦੇ ਮਲਬੇ ਦੇ ਥੱਲੇ ਆ ਕੇ ਇਕ ਮੁਸਲਮਾਨ ਬੱਚੇ ਦੀ ਮੌਤ ਹੋ ਗਈ ਸੀ। ਉਸ ਨੂੰ ਇਸ ਥਾਂ ਦਫ਼ਨ ਕੀਤਾ ਗਿਆ ਸੀ। ਉਸ ਬੱਚੇ ਦੀ ਕਬਰ ਛੂਹ ਕੇ ਆਉਂਨਾ ਮੈਂ ਹੁਣੇ ਹੀ।"

ਜਦ ਗਫ਼ੂਰ ਕਬਰ ਛੂਹ ਕੇ ਵਾਪਸ ਮੁੜਿਆ ਤਾਂ ਨੇਤਾ ਨੇ ਪੁੱਛਿਆ, "ਕੀਹਦਾ ਬੱਚਾ ਸੀ ਇਹ?"

"ਕਿਸੇ ਹੋਰ ਦਾ ਨਹੀਂ, ਇਹ ਮੇਰਾ ਬੱਚਾ ਸੀ।" ਗਫ਼ੂਰ ਨੇ ਭਰੇ ਮਨ ਨਾਲ ਕਿਹਾ। "ਚੰਗਾ ਹੋਇਆ ਬਾਊ ਜੀ ਉਹ ਮਰ ਗਿਆ। ਵੱਡਾ ਹੋ ਕੇ ਬੇਰੁਜ਼ਗਾਰਾਂ ਦੀ ਗਿਣਤੀ ਹੀ ਵਧਾਉਣੀ ਸੀ ਉਸ ਨੇ।"

ਨੇਤਾ ਤਾਂ ਕੁਝ ਨਹੀਂ ਬੋਲਿਆ। ਪਰ ਗਫ਼ੂਰ ਉਸ ਨੂੰ ਸੁਣਾ ਕੇ ਬੋਲਦਾ ਰਿਹਾ, "ਮੇਰੇ ਤਾਂਗੇ ਦੀ ਹਾਲਤ ਤਾਂ ਤੂੰ ਦੇਖਦਾ ਹੀ ਏਂ। ਆਟੋ ਰਿਕਸ਼ੇ ਹੜੱਪਦੇ ਜਾ ਰਹੇ ਨੇ ਤਾਂਗਿਆਂ ਨੂੰ।" ਏਨਾ ਕਹਿ ਕੇ ਗਫ਼ੂਰ ਨੇ ਘੋੜੇ ਦੀ ਪਿੱਠ 'ਤੇ ਪਿਆਰ ਨਾਲ ਹੱਥ ਫੇਰਿਆ ਤੇ ਬੋਲਿਆ, "ਚੱਲ ਪੁੱਤ, ਦੇਸ਼ ਨੂੰ ਅੱਗੇ ਲੈ ਕੇ ਚੱਲ।" ਤੇ ਤਾਂਗਾ ਆਪਣੀ ਤੋਰੇ ਤੁਰ ਪਿਆ।

# ਖਿੜ ਖਿੜ ਹੱਸੋ

ਮੈਡਮ (ਬੱਚਿਆਂ ਨੂੰ) - ਤੁਹਾਨੂੰ ਪਤਾ ਸਾਡੇ ਪੁਰਖੇ ਬਾਂਦਰ ਸਨ ?

ਬੱਚਿਆਂ ਵਿੱਚੋਂ ਕਿਸੇ ਨੇ ਜਵਾਬ ਨਹੀਂ ਦਿੱਤਾ।

ਮੈਡਮ- ਬੋਲੋ ਬੱਚਿਉ, ਤੁਹਾਨੂੰ ਪਤਾ ਜਾਂ ਨਹੀਂ ?

ਭੋਲੂ - ਮੈਡਮ ਜੀ, ਤੁਹਾਡੇ ਹੀ ਹੋਣਗੇ ਬਾਂਦਰ, ਅਸੀਂ ਤਾਂ ਚੌਧਰੀਆਂ ਦੇ ਲਾਣੇ 'ਚੋਂ ਵੱਜਦੇ ਆਂ

○ ○ ○

ਅਕਬਰ (ਬੀਰਬਲ ਨੂੰ) - ਮੇਰੇ ਮਾਂ-ਬਾਪ ਮੈਨੂੰ ਐਨਾ ਪਿਆਰ ਕਰਦੇ ਸਨ ਕਿ ਮੇਰੇ ਲਈ ਉਹ ਸਾਰੀ-ਸਾਰੀ ਰਾਤ ਜਾਗਦੇ ਰਹਿੰਦੇ ਸਨ।

ਬੀਰਬਲ - ਹਜ਼ੂਰ, ਇਸੇ ਲਈ ਤਾਂ ਤੁਸੀਂ ਇਕਲੌਤੀ ਔਲਾਦ ਰਹਿ ਗਏ।

○ ○ ○

ਬੇਟਾ (ਆਪਣੀ ਮਾਂ ਨੂੰ)-ਇਹ ਕਹਾਣੀ ਬਹੁਤ ਪੁਰਾਣੀ ਹੈ, ਕੋਈ ਨਵੀਂ ਸੁਣਾਓ।

ਮਾਂ (ਬਹੁਤ ਪਿਆਰ ਨਾਲ) - ਤੇਰੇ ਡੈਡੀ ਘਰ ਆਉਣ ਵਾਲੇ ਹਨ, ਉਨ੍ਹਾਂ ਨੂੰ ਪੁੱਛਾਂਗੀ ਲੇਟ ਕਿਵੇਂ ਹੋਏ, ਫਿਰ ਵੇਖੀਂ ਇੱਕ ਨਵੀਂ ਕਹਾਣੀ ਸੁਣਨ ਨੂੰ ਮਿਲੇਗੀ।

○ ○ ○

ਗੁਆਂਢੀ ਦੀ ਘਰਵਾਲੀ ਲਾਪਤਾ ਸੀ, ਪੱਪੂ ਨੂੰ ਪੁੱਛਣ ਲੱਗਿਆ

ਗੁਆਂਢੀ-ਮੇਰੀ ਘਰਵਾਲੀ ਨੂੰ ਵੇਖਿਆ ਹੈ?

ਪੱਪੂ - ਹਾਂ ਨਹਾਉਂਦੇ ਸਮੇਂ।

ਗੁਆਂਢੀ ਨੇ ਪੱਪੂ ਦਾ ਬੁਰੀ ਤਰ੍ਹਾਂ ਕੁਟਾਪਾ ਚਾੜ੍ਹਿਆ। ਕੁੱਟ ਖਾਣ ਮਗਰੋਂ।

ਪੱਪੂ (ਗੁੱਸੇ ਨਾਲ)-ਪੂਰੀ ਗੱਲ ਤਾਂ ਸੁਣ, ਮੈਂ ਛੱਤ 'ਤੇ ਨਹਾ ਰਿਹਾ ਸੀ, ਨਹਾਉਂਦੇ ਸਮੇਂ ਵੇਖਿਆ ਕਿ ਉਹ ਗੁੱਸੇ ਨਾਲ ਜਾ ਰਹੀ ਹੈ।

○ ○ ○

ਇੱਕ ਪਤੀ ਕਾਫ਼ੀ ਲੇਟ ਘਰ ਆਇਆ ਤਾਂ ਪਤਨੀ ਨੇ ਕਿਹਾ, 'ਸ਼ੁਕਰ ਹੈ, ਤੁਸੀਂ ਆ ਗਏ, ਜੇ ਥੋੜ੍ਹੀ ਦੇਰ ਹੋਰ ਲੇਟ ਹੋ ਜਾਂਦੇ ਤਾਂ ਮੇਰੀ ਤਾਂ ਜਾਨ ਹੀ ਨਿਕਲ ਜਾਣੀ ਸੀ।'

ਪਤੀ-'ਕਾਸ਼! ਮੈਂ ਥੋੜ੍ਹੀ ਦੇਰ ਲੇਟ ਆਉਂਦਾ।'

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**524. ਸਹੀ ਮਾਇਨਿਆਂ 'ਚ ਕੌਣ ਜਿਉਂਦਾ ਹੈ?**

ਉਹ ਮਨੁੱਖ ਜੀਉਂਦਾ ਹੈ, ਜਿਸ ਦੇ ਮਨ ਵਿਚ ਪਰਮਾਤਮਾ ਵਸ ਗਿਆ । ਹੇ ਨਾਨਕ ! ਉਸ ਤੋਂ ਬਿਨਾਂ ਕੋਈ ਹੋਰ ਜੀਉਂਦਾ ਨਹੀਂ ਹੈ। ਜੋ ਜੀਉਂਦੇ ਜੀ ਇੱਜ਼ਤ ਗਵਾ ਕੇ (ਪ੍ਰਲੋਕ 'ਚ) ਜਾਂਦਾ ਹੈ, ਉਸਦਾ ਖਾਧਾ ਪੀਤਾ ਸਭ ਹਰਾਮ ਹੈ । "ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥ ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ 142"।

**525. ਆਪਣੀ ਇੱਜ਼ਤ ਗਵਾ ਕੇ ਪ੍ਰਲੋਕ 'ਚ ਕੌਣ ਜਾਂਦਾ ਹੈ?**

ਜਿਸ ਮਨੁੱਖ ਦਾ ਰਾਜ ਵਿਚ ਪਿਆਰ ਹੈ, ਮਾਲ ਵਿਚ ਮੋਹ ਹੈ, ਉਹ ਇਸ ਮੋਹ ਵਿਚ ਮਸਤ ਹੋਇਆ ਬੇ-ਸ਼ਰਮ ਹੋ ਕੇ ਨੱਚਦਾ ਹੈ। ਹੇ ਨਾਨਕ ! ਪ੍ਰਭੂ ਦੇ ਨਾਮ ਤੋਂ ਸੱਖਣਾ ਮਨੁੱਖ ਠਗਿਆ ਜਾ ਰਿਹਾ ਹੈ, ਲੁੱਟਿਆ ਜਾ ਰਿਹਾ ਹੈ ਤੇ ਇੱਜ਼ਤ ਗਵਾ ਕੇ (ਪ੍ਰਲੋਕ 'ਚ) ਜਾਂਦਾ ਹੈ । "ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥ ਨਾਨਕ ਠਗਿਆ ਮੁਠਾ ਜਾਇ॥ ਵਿਣੁ ਨਾਵੈ ਪਤਿ ਗਇਆ ਗਵਾਇ॥1॥ ਅੰਗ 142" ।

**526. ਮੂਰਖ ਕਿਸਨੂੰ ਆਖਿਆ ਹੈ? ਜਾਂ ਮੂਰਖ ਦੇ ਕੀ ਗੁਣ ਹਨ?**

ਮੂਰਖ ਫਿੱਕਾ (ਨਾਮ ਤੋਂ ਸੱਖਣੇ/ਰੁੱਖੇ ਬੋਲ) ਬੋਲਦਾ ਹੈ ਤੇ ਬਰਬਾਦ ਹੁੰਦਾ ਹੈ । **"ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥** ਅੰਗ 15" । ਮੂਰਖ ਆਦਮੀ ਲੋਭੀ ਹੁੰਦਾ ਹੈ, ਲੋਭ 'ਚ ਫਸਿਆ ਰਹਿੰਦਾ ਹੈ, ਗੁਰੂ ਦੇ ਸ਼ਬਦ ਵਿਚ ਨਹੀਂ ਭਿੱਜਦਾ ਤੇ ਮਾਇਆਧਾਰੀ ਆਪਣੀ ਖੋਟੀ ਮਤਿ ਕਰਕੇ ਆਵਾ ਗਉਣ ਦੇ ਚੱਕਰ 'ਚ ਪਿਆ ਰਹਿੰਦਾ ਹੈ । **"ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰ-ਮਤਿ ਆਵਨੁ ਜਾਨੁ ॥** ਅੰਗ 21" । ਮੂਰਖ ਆਦਮੀ ਆਪਣੇ ਆਪ ਨੂੰ ਕਰਨਹਾਰ ਜਾਣਦਾ ਹੈ, ਮਾਇਆ ਮੋਹ 'ਚ ਉਹ ਕਰਤਾਰ/ਨਾਮ ਨੂੰ ਭੁੱਲਿਆ ਰਹਿੰਦਾ ਹੈ ਤੇ (ਹਰੀ ਦਰਗਹ 'ਚ) ਸਜ਼ਾ ਪਾਉਂਦਾ ਹੈ । **"ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥** ਅੰਗ 39" । ਅਤੇ **"ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥** ਅੰਗ 85" । ਜਿਸ ਹਰੀ ਨੇ ਜਿੰਦ ਤੇ ਸਰੀਰ (ਭਾਵ, ਮਨੁੱਖਾ ਜਨਮ) ਬਖ਼ਸ਼ਿਆ ਹੈ ਤੇ ਜੋ ਰਿਜ਼ਕ ਪੁਚਾਉਂਦਾ ਹੈ ਉਸ ਨੂੰ ਉਹ ਕਦੇ ਭੀ ਯਾਦ ਨਹੀਂ ਕਰਦਾ, ਜਮ ਦੀ ਫਾਹੀ ਉਸ ਦੇ ਗਲੋਂ ਕੱਟੀ ਨਹੀਂ ਜਾਂਦੀ ਤੇ ਉਹ ਮੁੜ ਮੁੜ ਜੰਮਦਾ ਮਰਦਾ ਹੈ । **"ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ ॥ ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥** ਅੰਗ 85" । ਮਾਇਆ ਮੋਹ 'ਚ ਲੱਗ ਕੇ ਮੂਰਖ, ਅਗਿਆਨੀ ਤੇ ਗਵਾਰ ਬਰਬਾਦ ਹੋ ਜਾਂਦੇ ਹਨ; ਗੰਦਗੀ ਵਿਚਲੇ ਕੀੜੇ ਵਾਂਗ ਉਹ ਵਾਰ ਵਾਰ ਤਬਾਹ ਹੁੰਦੇ ਹਨ (ਭਾਵ ਵਾਰ ਵਾਰ ਗਰਭ ਜੋਨੀ 'ਚ ਪੈਂਦੇ ਹਨ) । **"ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ॥ ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ॥** ਅੰਗ 85" । ਉਸ ਪੰਡਿਤ ਨੂੰ ਵੀ ਮੂਰਖ ਕਿਹਾ ਹੈ ਜੋ ਕਿ ਮਾਇਆ ਮੋਹ'ਚ ਉੱਚੀ ਉੱਚੀ ਬੋਲਦਾ ਹੈ, ਮੂਰਖ/ਗਵਾਰ ਆਦਮੀ ਆਪਣੇ ਅੰਤਰ ਆਤਮੇ ਪਰਮੇਸ਼ਰ ਦੀ ਵਿਚਾਰ/ਪਛਾਣ ਨਹੀਂ ਕਰਦਾ । ਮਾਇਆ ਦੇ ਮੋਹ ਵਿਚ (ਉਸ ਨੂੰ ਆਪ ਨੂੰ ਤਾਂ) ਸਮਝ ਨਹੀਂ ਆਉਂਦੀ, ਪਰ ਸੰਸਾਰ ਨੂੰ ਮੱਤਾਂ ਦਿੰਦਾ ਹੈ । (ਇਹੋ ਜਿਹਾ ਮੂਰਖ ਪੰਡਿਤ) ਮਨੁੱਖਾ ਜਨਮ ਵਿਅਰਥ ਗਵਾਉਂਦਾ ਹੈ, ਤੇ ਵਾਰ ਵਾਰ ਜੰਮਦਾ ਮਰਦਾ ਹੈ । **"ਪੰਡਿਤ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ॥ ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥ ਦੂਜੈ ਭਾਇ ਜਗਤੁ ਪਰਬੋਧਦਾ ਨ ਬੂਝੈ ਬੀਚਾਰੁ ॥ ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ॥1॥** ਅੰਗ 86" ।


ਮੂਰਖ, ਅਗਿਆਨੀ, ਗਵਾਰ ਸਤਿਗੁਰੂ ਦੀ ਸੇਵਾ ਨਹੀਂ ਕਰਦੇ । ਫਿਰ ਉਹ ਮੁਕਤੀ ਦਾ ਦੁਆਰ ਕਿੱਥੋਂ ਪਾਉਣਗੇ? ਭਾਵ ਨਹੀਂ ਪਾ ਸਕਦੇ! ਉਹ ਮਰ ਮਰ ਕੇ ਜੰਮਦੇ ਹਨ, ਵਾਰ ਵਾਰ ਇਸ ਸੰਸਾਰ ਤੇ ਆਉਂਦੇ ਹਨ ਤੇ ਜਮ ਦੇ ਦਰ ਤੇ ਸੱਟਾਂ ਖਾਂਦੇ ਹਨ । **"ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥ ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ** ॥4॥ ਅੰਗ 115" । ਮੂਰਖ (ਜੀਵ) ਭੋਗ ਭੋਗਦਾ ਰਹਿੰਦਾ ਹੈ, ਜੋ ਕਿ ਸਾਰੇ ਦੁੱਖਾਂ ਦਾ ਕਾਰਨ ਹੈ । **"ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥** ਅੰਗ 139" । ਮੂਰਖ ਅਪਣੀ ਮੂਰਖਤਾ 'ਚ ਗਿਣਤੀਆਂ ਮਿਣਤੀਆਂ ਕਰਕੇ ਝਗੜਾ ਖੜਾ ਕਰ ਲੈਂਦਾ ਹੈ । **"ਮੂਰਖ ਗਣਤ ਗਣਾਇ ਝਗੜਾ ਪਾਇਆ** ॥ ਅੰਗ 139" । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਹੇ ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ! ਗਿਣਤੀਆਂ ਮਿਣਤੀਆਂ ਕਰਕੇ ਕਿਸੇ ਨੇ ਭੀ ਤੇਰੀ ਪ੍ਰਾਪਤੀ ਨਹੀਂ ਕੀਤੀ । ਉਸ ਪੜ੍ਹੇ ਹੋਏ ਆਦਮੀ ਨੂੰ ਵੀ ਮੂਰਖ ਆਖੋ ਜਿਸਦੇ ਅੰਦਰ ਖਾਣ ਦਾ ਤੇ ਪਦਾਰਥਾਂ ਦਾ ਲੋਭ ਹੈ ਤੇ ਹੰਕਾਰ ਹੈ । **"ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ** ॥ ਅੰਗ 140" । ਮੂਰਖ ਮਨੁੱਖ ਸੋਹਣੇ ਪੱਕੇ (ਘਰਾਂ ਦੇ) ਦਰਵਾਜ਼ਿਆਂ ਨੂੰ ਆਪਣੇ ਸਮਝਦਾ ਹੈ, (ਪਰ ਇਹ ਨਹੀਂ ਜਾਣਦਾ ਕਿ) ਧਨ ਨਾਲ ਭਰੇ ਹੋਏ ਖ਼ਜ਼ਾਨੇ ਇਕ ਪਲਕ ਵਿਚ ਖ਼ਾਲੀ ਹੋ ਜਾਂਦੇ ਹਨ । **"ਪਕੇ ਬੰਕ ਦੁਆਰ ਮੂਰਖ ਜਾਣੈ ਆਪਣੇ ॥ ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥** ਅੰਗ 141" । ਮੂਰਖ ਆਦਮੀ ਭਗਤੀ ਕਰਕੇ ਆਪਣੇ ਆਪ ਨੂੰ ਜਣਾਉਂਦਾ ਹੈ (ਕਿ ਮੈਂ ਭਗਤ ਹਾਂ) । ਮੂਰਖ ਲੋਕ ਰਾਸਾਂ ਪਾਂਦੇ ਹਨ (ਤੇ ਆਪਣੇ ਆਪ ਨੂੰ ਭਗਤ ਪਰਗਟ ਕਰਦੇ ਹਨ), ਨੱਚ ਨੱਚ ਕੇ ਟੱਪਦੇ ਹਨ (ਪਰ ਅੰਤਰ ਆਤਮੇ ਹਉਮੈ ਦੇ ਕਾਰਨ) ਦੁਖ ਹੀ ਦੁਖ ਪਾਉਂਦੇ ਹਨ । ਨੱਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ । ਪਰਮਾਤਮਾ ਦੀ ਭਗਤੀ ਉਹੀ ਮਨੁੱਖ ਪ੍ਰਾਪਤ ਕਰ ਸਕਦਾ ਹੈ, ਜੇਹੜਾ ਗੁਰੂ ਦੇ ਸ਼ਬਦ ਵਿਚ ਜੁੜ ਕੇ (ਆਪਾ-ਭਾਵ ਵਲੋਂ, ਹਉਮੈ ਵਲੋਂ) ਮਰਦਾ ਹੈ । **"ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥ ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ** ॥3॥ ਅੰਗ 153" । ਮੂਰਖ ਮਨੁੱਖ ਦਾ ਸਰੀਰ (ਭਾਵ, ਗਿਆਨ ਇੰਦਰੇ, ਮਨ ਤੇ ਬੁੱਧੀ ਮਾਇਆ ਦੀਆਂ) ਆਸਾਂ ਨਾਲ ਜਕੜਿਆ ਰਹਿੰਦਾ ਹੈ, ਮੂਰਖ ਮਨੁੱਖ ਕਾਮ ਕ੍ਰੋਧ ਮੋਹ ਦੇ ਬੰਧਨਾਂ ਵਿਚ ਫਸਿਆ ਰਹਿੰਦਾ ਹੈ । ਸਿਰ ਉੱਤੇ ਧਰਮਰਾਜ ਖਲੋਤਾ ਹੋਇਆ ਹੈ (ਭਾਵ ਹਰ ਕਰਮ ਨੂੰ ਦੇਖ ਰਿਹਾ ਹੈ, ਪਰ) ਮੂਰਖ ਮਨੁੱਖ (ਆਤਮਿਕ ਜੀਵਨ ਖਤਮ ਕਰਨ ਵਾਲੀ) ਮਾਇਆ ਰੂਪੀ ਜ਼ਹਿਰ ਮਿੱਠੀ ਜਾਣ ਕੇ ਖਾਂਦਾ ਰਹਿੰਦਾ ਹੈ । **"ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥ ਸਿਰ ਊਪਰਿ ਠਾਢੋ ਧਰਮਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ** ॥2॥ ਅੰਗ 178" । ਮੂਰਖ ਮਾਂ ਪਿਓ ਤੇ ਹੋਰ ਸਾਕ ਸੰਬੰਧੀਆਂ ਨੂੰ ਆਪਣੇ ਸਮਝਦਾ ਹੈ । ਪਰ ਇਹ ਨਹੀਂ ਜਾਣਦਾ ਕਿ ਨਾ ਕੋਈ ਕਿਸੇ ਦੀ ਮਾਂ ਹੈ, ਨਾ ਕੋਈ ਕਿਸੇ ਦਾ ਪਿਉ ਹੈ । ਸਾਰੇ ਸਾਕ ਝੂਠੇ ਹਨ ਭਾਵ ਸਦਾ ਕਾਇਮ ਰਹਿਣ ਵਾਲੇ ਨਹੀਂ ਹਨ, ਕਹਿਣ-ਮਾਤ੍ਰ ਹੀ ਹਨ ।

**ਬਾਕੀ ਅਗਲੇ ਹਫ਼ਤੇ ਪੜ੍ਹੋ**


# ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤਕ ਚਾਰ ਪੁਸਤਕਾਂ ਸਿੱਖ ਸਕੂਲ ਡੋਟ ਕੋਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**

BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851

www.fb.com/punjabtimesuk


## ਅਮਰੀਕਾ ਵਿਚ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਜੁੜਵੇਂ ਬੱਚਿਆਂ ਦੀ ਮੌਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਅਮਰੀਕਾ ਵਿਚ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਦੋ ਜੁੜਵੇਂ ਬੱਚਿਆਂ ਦੀ 62 ਸਾਲ ਦੀ ਉਮਰ ਵਿਚ ਮੌਤ ਹੋ ਗਈ। ਗਿਨੀਜ਼ ਵਰਲਡ ਰਿਕਾਰਡ ਨੇ ਜੁੜਵੇਂ ਬੱਚਿਆਂ ਜੋ ਦੋਨੋਂ ਭੈਣਾਂ ਸਨ, ਦੀ ਮੌਤ ਹੋਣ ਦੀ ਪੁਸ਼ਟੀ ਕੀਤੀ ਹੈ। ਸਿਰ ਤੋਂ ਜੁੜੀਆਂ ਲੌਰੀ ਸ਼ੈਪਲ ਤੇ ਜਾਰਜ ਸ਼ੈਪਲ ਦੀ ਮੌਤ ਯੁਨੀਵਰਸਿਟੀ ਆਫ ਪੈਨਸਿਲਵਾਨੀਆ ਹਸਪਤਾਲ ਵਿਚ ਹੋਈ। 18 ਸਤੰਬਰ 1961 ਵਿਚ ਪੈਦਾ ਹੋਈਆਂ ਲੌਰੀ ਤੇ ਜਾਰਜ ਦੀ ਖੋਪੜੀ ਆਪਸ ਵਿਚ ਜੁੜੀ ਹੋਈ ਸੀ ਤੇ ਉਨਾਂ ਦੀਆਂ ਖੂਨ ਦੀਆਂ ਨਾੜੀਆਂ ਤੇ ਦਿਮਾਗ ਦਾ 30 % ਹਿੱਸਾ ਜੁੜਿਆ ਹੋਇਆ ਸੀ। 18 ਅਕਤੂਬਰ 2023 ਨੂੰ ਦਾਅਵਾ ਕੀਤਾ ਗਿਆ ਸੀ ਕਿ ਇਹ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਜੁੜਵੇਂ ਬੱਚੇ ਹਨ।**

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ


ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



# ਕੋਸੀ ਧੁੱਪ ਦਾ ਨਿੱਘ

ਹੁਣ ਜਦ ਹੀਰਾ ਜੁਆਨ ਹੋਇਆ ਤਾਂ ਉਸ ਨੇ ਹੋਰ ਗੁੱਲ ਖਿਲਾਉਣੇ ਸ਼ੁਰੂ ਕਰ ਦਿੱਤੇ। ਕੁੜੀਆਂ ਕੱਤਰੀਆਂ ਦੇ ਚੂੰਢੀਆਂ ਵੱਢਣੀਆਂ ਉਸ ਦਾ ਆਮ ਵਰਤਾਰਾ ਹੋ ਗਿਆ ਸੀ। ਨਿੱਤ ਦੇ ਉਲਾਂਭੇ ਸੁਣਦਾ ਕੌਰਾ ਬੜਾ ਹੀ ਦੁਖੀ ਸੀ। ਉਲਾਂਭੇ ਲੈ ਕੇ ਆਉਣ ਵਾਲਿਆਂ ਨੂੰ ਅਮਰੋ ਸੂਈ ਕੁੱਤੀ ਵਾਂਗ ਟੁੱਟ ਕੇ ਪੈਂਦੀ। ਲੋਕ ਕੌਰੇ ਦੀ ਭਲਮਾਣਸੀ ਕਾਰਨ ਚੁੱਪ ਰਹਿੰਦੇ। ਜੇ ਕੌਰਾ ਕਦੇ ਭੁੱਲ ਭੁਲੇਖੇ ਹੀਰੇ ਜਾਂ ਅਮਰੋ ਨੂੰ ਸਮਝਾਉਣ ਜਾਂ ਰੋਕਣ ਦਾ ਯਤਨ ਕਰਦਾ ਮਾਂ ਪੁੱਤ ਉਸ ਦਰਵੇਸ਼ ਨੂੰ ਵੀ ਚਾਰੇ ਚੁੱਕ ਕੇ ਪੈ ਜਾਂਦੇ ਅਤੇ ਉਹ ਮਜਬੂਰੀ ਵੱਸ ਚੁੱਪ ਕਰ ਜਾਂਦਾ। ਕੌਣ ਨਿੱਤ-ਨਿੱਤ ਲਾਹ-ਪਾਅ ਕਰਵਾਉਂਦਾ...? ਕੌਰੇ ਦਾ ਦਿਲ ਉਚੀ-ਉਚੀ ਰੋਣ ਨੂੰ ਕਰਦਾ। ਪਰ ਕਿਸ ਕੋਲ਼ ਰੋਂਦਾ...? ਜੇ ਆਪਦੇ ਘਰਵਾਲ਼ੀ ਅਮਰੋ ਕੋਲ਼ ਰੋਂਦਾ ਤਾਂ ਉਸ ਨੇ ਕਹਿਣਾ ਸੀ, "ਬੇੜੀ ਬਹਿਣਾ ਪਾਖੰਡ ਕਰਦੈ...!"




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਿਸ਼ਤ-47

### ਕਾਂਡ 19

ਦਿਨ ਚੜ੍ਹਦਾ ਰਿਹਾ ਛੁਪਦਾ ਰਿਹਾ।
ਰੁੱਤਾਂ ਬਦਲਦੀਆਂ ਰਹੀਆਂ।

ਦਿਨ, ਹਫ਼ਤੇ, ਮਹੀਨੇ ਅਤੇ ਫਿਰ ਸਾਲ ਕੀ, ਸਮਝੋ ਇੱਕ ਯੁੱਗ ਬੀਤ ਗਿਆ। ਬਖਤੌਰ ਦਾ ਦੁਬਾਰਾ ਵਿਆਹ ਕਰ ਦਿੱਤਾ ਗਿਆ ਸੀ ਅਤੇ ਸੁੱਚਾ ਸਿਉਂ ਹੋਰਾਂ ਨੇ ਰਲ ਕੇ ਬਖਤੌਰ ਦਾ ਮੁੰਡਾ ਬਚਿੱਤਰ ਵੀ ਮੰਗਵਾ ਦਿੱਤਾ ਸੀ, ਜੋ ਕਾਮਰੇਡ ਦੀ ਨਿਗਰਾਨੀ ਅਧੀਨ ਪੜ੍ਹ ਰਿਹਾ ਸੀ। ਬਖਤੌਰ ਦੀ ਦੂਜੀ ਘਰਵਾਲ਼ੀ ਕਰਮ ਕੌਰ ਵਾਕਿਆ ਹੀ ਕਰਮਾਂ ਵਾਲ਼ੀ, ਸਤਿਯੁਗੀ, ਇਮਾਨਦਾਰ ਅਤੇ ਵਫ਼ਾਦਾਰ ਔਰਤ ਸੀ। ਜਿਸ ਨੇ ਬਚਿੱਤਰ ਨੂੰ ਖ਼ੁਦ ਇੱਥੇ ਬੁਲਾਇਆ, ਉਸ ਨੂੰ ਸਕੇ ਪੁੱਤਰਾਂ ਵਾਂਗ ਪਾਲ਼ਿਆ ਅਤੇ ਕਦੇ ਸਕੀ ਮਾਂ ਨਾ ਯਾਦ ਆਉਣ ਦਿੱਤੀ। ਕਰਮ ਕੌਰ ਨੂੰ ਵਿਆਹੀ ਨੂੰ ਅੱਠ ਸਾਲ ਹੋ ਗਏ ਸਨ, ਪਰ ਉਸ ਨੂੰ ਕੋਈ ਬੱਚਾ ਬੱਚੀ ਨਾ ਹੋਇਆ। ਉਸ ਦੇ ਸਹੁਰਿਆਂ ਨੇ ਸਿੰਗ ਮਿੱਟੀ ਚੁੱਕ ਲਈ ਅਤੇ ਕਲੇਸ਼ ਖੜ੍ਹਾ ਕਰੀ ਰੱਖਿਆ। ਅਖੀਰ ਇਸ ਕਲੇਸ਼ ਦਾ ਨਤੀਜਾ ਤਲਾਕ ਵਿੱਚ ਨਿਕਲਿਆ। ਉਸ ਦੀ ਕਿਸਮਤ ਇਤਨੀ ਤੇਜ਼ ਸੀ ਕਿ ਬਖਤੌਰ ਨਾਲ਼ ਸ਼ਾਦੀ ਕਰਨ ਤੋਂ ਬਾਅਦ ਉਸ ਨੇ ਸਾਲ ਵਿੱਚ ਹੀ ਇੱਕ ਹੱਟੇ ਕੱਟੇ ਮੁੰਡੇ ਜਗਦੇਵ ਨੂੰ ਜਨਮ ਦਿੱਤਾ। ਪਰ ਬਚਿੱਤਰ ਨਾਲ਼ ਉਸ ਨੇ ਫਿਰ ਵੀ ਕੋਈ ਭੇਦ ਭਾਵ ਨਹੀਂ ਕੀਤਾ, ਸਹੀ ਤਰ੍ਹਾਂ ਨਾਲ਼ ਮਾਂ ਬਣ ਕੇ ਰਹੀ।

ਉਧਰ ਕੌਰੇ ਦੇ ਘਰਵਾਲ਼ੀ ਅਮਰੋ ਕਦੋਂ ਦੀ ਜੇਲ੍ਹ ਤੋਂ ਰਿਹਾਅ ਹੋ ਕੇ ਆ ਗਈ ਸੀ ਅਤੇ ਆਉਣ ਤੋਂ ਸਾਲ ਬਾਅਦ ਉਸ ਨੇ ਵੀ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸ ਦਾ ਨਾਂ "ਬੱਗਾ" ਰੱਖਿਆ। ਕੌਰੇ ਦਾ ਵੱਡਾ ਮੁੰਡਾ ਹੀਰਾ ਬੜਾ ਹੀ ਅਲੱਥ ਸੀ। ਪਹਿਲਾਂ ਸਕੂਲ ਵਿੱਚ ਨਾਲ਼ ਦੇ ਮੁੰਡਿਆਂ ਨੂੰ ਕੁੱਟ ਧਰਦਾ ਅਤੇ ਕਿਸੇ ਮਾਸਟਰ ਦੇ ਕੁੱਟਣ 'ਤੇ ਮਾਸਟਰ ਨੂੰ ਵੀ ਗਾਲ੍ਹਾਂ ਕੱਢ ਆਉਂਦਾ। ਪਰ ਮਾਸਟਰ ਕੌਰੇ ਦਾ ਕੂਨਾਂ ਸੁਭਾਅ ਦੇਖ ਕੇ ਚੁੱਪ ਕਰ ਰਹਿੰਦੇ ਅਤੇ ਕਈ ਕੌਰੇ ਨੂੰ ਉਲਾਂਭਾ ਵੀ ਦੇ ਦਿੰਦੇ। ਪਰ ਕੌਰਾ ਆਦਤ ਮੁਜਬ ਚੁੱਪ ਹੀ ਰਹਿੰਦਾ। ਉਸ ਦੇ ਘਰਵਾਲ਼ੀ ਅਮਰੋ ਜੇਲ੍ਹ 'ਚੋਂ ਬਘਿਆੜੀ ਬਣ ਕੇ ਬਾਹਰ ਨਿਕਲ਼ੀ ਸੀ। ਵੱਡੇ ਮੁੰਡੇ ਹੀਰੇ ਅਤੇ ਉਸ ਦੀ ਮਾਂ ਅਮਰੋ ਦੀ ਬਹੁਤ ਬਣਦੀ ਸੀ। ਕੌਰੇ ਨੂੰ ਉਹ ਮਾਂ ਪੁੱਤ ਡੱਕਾ ਦਬਾਲ਼ ਨਹੀਂ ਸਨ। ਕੌਰੇ ਨੂੰ ਸਿਰਫ਼ ਇੱਕ ਹੀ ਆਸਰਾ ਸੀ ਵੱਡੇ ਭਰਾ ਬਖਤੌਰ ਦਾ, ਉਹ ਵੀ ਮੁੱਦਤਾਂ ਹੋਈਆਂ ਵਿਦੇਸ਼ ਜਾ ਬਿਰਾਜਿਆ ਸੀ ਅਤੇ ਮੁੜ ਕੇ ਬੱਤੀ ਨਹੀਂ ਵਾਹੀ ਸੀ। ਜਦ ਅਮਰੋ ਅਤੇ ਹੀਰਾ ਕੌਰੇ ਨੂੰ ਮੂੰਹ ਨਾ ਬੋਲਦੇ ਤਾਂ ਕੌਰਾ ਖੇਤ ਜਾ ਕੇ ਬਹੁਤ ਵਾਰ ਰੋਂਦਾ। ਹੁਣ ਉਹ ਨਿੱਤ ਦਾ ਪਿਆਕੜ ਬਣ ਗਿਆ ਸੀ। ਜਦ ਵੀ ਉਹ ਖੇਤ ਜਾਂਦਾ, ਉਸ ਨੂੰ ਬਾਪੂ ਅਤੇ ਬਖਤੌਰ ਦੀ ਯਾਦ ਤੋੜ-ਤੋੜ ਖਾਂਦੀ।

ਹੁਣ ਜਦ ਹੀਰਾ ਜੁਆਨ ਹੋਇਆ ਤਾਂ ਉਸ ਨੇ ਹੋਰ ਗੁੱਲ ਖਿਲਾਉਣੇ ਸ਼ੁਰੂ ਕਰ ਦਿੱਤੇ। ਕੁੜੀਆਂ ਕੱਤਰੀਆਂ ਦੇ ਚੂੰਢੀਆਂ ਵੱਢਣੀਆਂ ਉਸ ਦਾ ਆਮ ਵਰਤਾਰਾ ਹੋ ਗਿਆ ਸੀ। ਨਿੱਤ ਦੇ ਉਲਾਂਭੇ ਸੁਣਦਾ ਕੌਰਾ ਬੜਾ ਹੀ ਦੁਖੀ ਸੀ। ਉਲਾਂਭੇ ਲੈ ਕੇ ਆਉਣ ਵਾਲਿਆਂ ਨੂੰ ਅਮਰੋ ਸੂਈ ਕੁੱਤੀ ਵਾਂਗ ਟੁੱਟ ਕੇ ਪੈਂਦੀ। ਲੋਕ ਕੌਰੇ ਦੀ ਭਲਮਾਣਸੀ ਕਾਰਨ ਚੁੱਪ ਰਹਿੰਦੇ। ਜੇ ਕੌਰਾ ਕਦੇ ਭੁੱਲ ਭੁਲੇਖੇ ਹੀਰੇ ਜਾਂ ਅਮਰੋ ਨੂੰ ਸਮਝਾਉਣ ਜਾਂ ਰੋਕਣ ਦਾ ਯਤਨ ਕਰਦਾ ਮਾਂ ਪੁੱਤ ਉਸ ਦਰਵੇਸ਼ ਨੂੰ ਵੀ ਚਾਰੇ ਚੁੱਕ ਕੇ ਪੈ ਜਾਂਦੇ ਅਤੇ ਉਹ ਮਜਬੂਰੀ ਵੱਸ ਚੁੱਪ ਕਰ ਜਾਂਦਾ। ਕੌਣ ਨਿੱਤ-ਨਿੱਤ ਲਾਹ-ਪਾਅ ਕਰਵਾਉਂਦਾ...? ਕੌਰੇ ਦਾ ਦਿਲ ਉਚੀ-ਉਚੀ ਰੋਣ ਨੂੰ ਕਰਦਾ। ਪਰ ਕਿਸ ਕੋਲ਼ ਰੋਂਦਾ...? ਜੇ ਆਪਦੇ ਘਰਵਾਲ਼ੀ ਅਮਰੋ ਕੋਲ਼ ਰੋਂਦਾ ਤਾਂ ਉਸ ਨੇ ਕਹਿਣਾ ਸੀ, "ਬੇੜੀ ਬਹਿਣਾ ਪਾਖੰਡ ਕਰਦੈ...!"

ਕੌਰਾ ਹੀਰੇ ਨੂੰ ਪੜ੍ਹਾਉਣਾ ਚਾਹੁੰਦਾ ਸੀ।

ਪਰ ਦਸਵੀਂ ਕਰਨ ਤੋਂ ਬਾਅਦ ਹੀਰਾ ਹੁਣ ਕਾਲਜ ਦਾ ਮੂੰਹ ਵੀ ਨਹੀਂ ਦੇਖਣਾ ਚਾਹੁੰਦਾ ਸੀ। ਦਸਵੀਂ ਵਿੱਚ ਹੀਰੇ ਨੇ ਤਿੰਨ ਸਾਲ ਲਾਏ ਸਨ। ਹੀਰਾ ਜਿਉਂ-ਜਿਉਂ ਜੁਆਨ ਹੁੰਦਾ ਆ ਰਿਹਾ ਸੀ, ਤਿਉਂ-ਤਿਉਂ ਉਸ ਦੀਆਂ ਆਦਤਾਂ ਵਿਗੜ ਰਹੀਆਂ ਸਨ। ਉਸ ਦੀ ਮਾਂ ਉਸ ਦੀ ਨਿੱਠ ਕੇ ਹਮਾਇਤ ਕਰਦੀ ਸੀ। ਲੋਕ ਉਸ ਬਾਰੇ ਭਾਂਤ-ਭਾਂਤ ਦੀਆਂ ਗੱਲਾਂ ਕਰਦੇ, "ਸਹੁਰਾ ਜੰਮਿਆਂ ਤਾਂ ਜੇਲ੍ਹ 'ਚ ਈ ਐ, ਭੈੜੀਆਂ ਘਤਿੱਤਾਂ ਨਾ ਕਰੂ, ਤਾਂ ਹੋਰ ਕੀ ਜਗਰਾਤੇ ਕਰੂ...?" ਇਹ ਸੁਣ ਕੇ ਕੌਰਾ ਲਹੂ ਦੀ ਘੁੱਟ ਪੀ ਕੇ ਰਹਿ ਜਾਂਦਾ।

ਕੌਰੇ ਦਾ ਦਿਲ ਕਰਦਾ ਸੀ ਕਿ ਬਖਤੌਰ ਨੂੰ ਚਿੱਠੀ ਲਿਖੇ। ਵੈਸੇ ਬਖਤੌਰ ਦੀ ਚਿੱਠੀ ਕਦੇ-ਕਦੇ ਆ ਜਾਂਦੀ ਸੀ। ਚਾਹੇ ਬਖਤੌਰ ਨੂੰ ਬਹੁਤਾ ਲਿਖਣਾ-ਪੜ੍ਹਨਾ ਨਹੀਂ ਆਉਂਦਾ ਸੀ। ਪਰ ਚਿੱਠੀ ਪੱਤਰ ਜੋਕਰਾ ਉਹ ਪੜ੍ਹਿਆ ਹੋਇਆ ਸੀ। ਚਿੱਠੀ ਵਿੱਚ ਉਸ ਦੀ ਘਰਵਾਲ਼ੀ ਕਰਮ ਕੌਰ ਨੇ ਵੀ ਚਾਰ ਅੱਖਰ ਪਾਏ ਹੁੰਦੇ।

ਇੱਕ ਦਿਨ ਕੌਰਾ ਡਾਕੀਏ ਤੋਂ ਲਿਫ਼ਾਫ਼ਾ ਲੈ ਆਇਆ ਅਤੇ ਕੇਹਰੇ ਚਾਚੇ ਕੋਲ਼ ਚਲਿਆ ਗਿਆ। ਕੇਹਰਾ ਹੁਣ ਬਿਰਧ ਹੋ ਚੁੱਕਿਆ ਸੀ। ਉਸ ਨੇ ਕੇਹਰੇ ਦੇ ਪੋਤੇ ਕੋਲ਼ੋਂ ਚਿੱਠੀ ਲਿਖਵਾ ਕੇ ਬਖਤੌਰ ਨੂੰ ਪਾ ਦਿੱਤੀ। ਚਿੱਠੀ ਵਿੱਚ ਦਿਲ ਦੀਆਂ ਬਹੁਤ ਗੱਲਾਂ ਲਿਖੀਆਂ ਹੋਈਆਂ ਸਨ। ਨਿਹੋਰੇ ਅਤੇ ਗਿਲੇ-ਸ਼ਿਕਵੇ ਵੀ ਲਿਖੇ ਹੋਏ ਸਨ। ਚਿੱਠੀ ਜੇਬ ਵਿੱਚ ਪਾਉਂਦਾ ਹੋਇਆ ਕੌਰਾ ਚਾਚੇ ਕੇਹਰੇ ਕੋਲ਼ ਭੁੱਬੀਂ ਰੋ ਪਿਆ।

-"ਧਿਰਗ ਐ ਜਿਉਣ ਦੇ ਚਾਚਾ...! ਨਾ ਪੁੱਤ ਮੂੰਹ ਬੋਲਦੈ, ਤੇ ਨਾ ਅਮਰੋ...!"

-"ਕੀ ਕਰੀਏ ਕੌਰਿਆ...? ਗਾਉਣ ਆਲ਼ੇ ਗਾਉਂਦੇ ਹੁੰਦੇ ਸੀ; ਲੱਗਦੀ ਜੁੱਤੀ ਨਾਰ ਕੁਪੱਤੀ ਦੇਵਣ ਦੁੱਖ ਹਮੇਸ਼ਾ...!"

ਕੌਰਾ ਰੋਈ ਜਾ ਰਿਹਾ ਸੀ ਅਤੇ ਕੇਹਰਾ ਉਸ ਨੂੰ ਬੱਚਿਆਂ ਵਾਂਗ ਥਾਪੜੀ ਜਾ ਰਿਹਾ ਸੀ।

-"ਦਿਲ ਰੱਖੀਦਾ ਹੁੰਦੈ ਕੌਰਿਆ..! ਸਮੋਂ ਇੱਕੋ ਜਿਆ ਨੀ ਰਹਿੰਦਾ ਹੁੰਦਾ..! ਸੌਖੇ ਦਿਨ ਵੀ ਆਉਣਗੇ...! ਜਦੋਂ ਨੂੰਹ ਆਈ, ਮਾਹੌਲ ਆਪੇ ਸੁਧਰਜੂਗਾ...!"

-"ਕੜੀ ਅਰਗਾ ਜੁਆਨ ਐਂ, ਦੇਖ ਕੇ ਭੁੱਖ ਲਹਿੰਦੀ ਐ, ਪਰ ਜਦੋਂ ਬੋਲਦੈ, ਅੱਗ ਈ ਉਗਲ਼ਦੈ...! ਸੋਚਦੈਂ ਕੁਛ ਖਾ ਕੇ ਮਰਜਾਂ...!"

-"ਹੈਅ ਕਮਲ਼ਾ...? ਕਿਹੋ ਜੀਆਂ ਗੱਲਾਂ ਕਰਨ ਲੱਗ ਪਿਆ ਤੂੰ...? ਜਿੰਦਗੀ ਜਿਉਣ ਆਸਤੇ ਦਿੱਤੀ ਐ ਰੱਬ ਨੇ, ਮਰਨ ਆਸਤੇ ਥੋੜ੍ਹੋ ਦਿੱਤੀ ਐ...? ਤੂੰ ਆਹ ਚਿੱਠੀ ਪਾ ਬਖਤੌਰ ਨੂੰ, ਆਪਾਂ ਨੂੰ ਮਿਲਜੂ ਆ ਕੇ...! ਪਤੰਦਰ ਜਮਾਂ ਈ ਮੋਹ ਤੋੜ ਹੋ ਗਿਆ ਬਲੈਤੀਆ ਬਣ ਕੇ..!"

-"ਬੋਤਲ ਹੈ ਚਾਚਾ...?"

-"ਚਾਹੇ ਦੋ ਚੱਕ..! ਤੇਰੀ ਜਾਨ ਨੂੰ ਬੋਤਲਾਂ ਦਾ ਘਾਟਾ...?" ਚਾਚੇ ਨੇ ਦੋ ਬੋਤਲਾਂ ਲਿਆ ਕੇ ਅੱਗੇ ਧਰ ਦਿੱਤੀਆਂ।

-"ਨਹੀਂ ਚਾਚਾ...! ਇੱਕ ਈ ਬਾਧੂ ਆ..! ਦੋ ਪੈੱਗ ਐਥੇ ਲਾ ਜਾਊਂ, ਤੇ ਬਾਕੀ ਬੋਤਲ ਲਕੋ ਕੇ ਘਰੇ ਲੈ ਜਾਊਂ..! ਜੇ ਓਸ ਕੁੱਤੀ ਤੀਮੀ ਨੂੰ ਪਤਾ ਲੱਗ ਗਿਆ, ਫੇਰ ਖੁਰਗੋ ਪੱਟਣ ਲੱਗਜੂ..!" ਕੌਰੇ ਨੇ ਹਾਉਕਾ ਲਿਆ।

ਉਸ ਨੇ ਦੋ ਪੈੱਗ ਲਾ ਕੇ ਬੋਤਲ ਡੱਬ ਵਿੱਚ ਦੇ ਲਈ।

ਘਰ ਜਾਂਦਾ-ਜਾਂਦਾ ਉਹ ਬਖਤੌਰ ਨੂੰ ਲਿਖੀ ਚਿੱਠੀ "ਲੈਟਰ-ਬੌਕਸ" ਵਿੱਚ ਪਾ ਗਿਆ।

ਅਗਲੇ ਦਿਨ ਹੀਰੇ ਨੇ ਨਵਾਂ ਹੀ ਚੰਦ ਚਾੜ੍ਹ ਦਿੱਤਾ। ਨਿੱਕੀ ਜਿਹੀ ਗੱਲ ਤੋਂ ਨੰਬਰਦਾਰ ਦੇ ਮੁੰਡੇ 'ਤੇ ਗੰਡਾਸਾ ਵਾਹ ਕੇ ਕਾਫ਼ੀ ਜ਼ਖ਼ਮੀਂ ਕਰ ਦਿੱਤਾ। ਜਦ ਕੌਰੇ ਨੂੰ ਪਤਾ ਲੱਗਿਆ, ਉਸ ਦੇ ਹਰਾਸ ਮਾਰੇ ਗਏ।

ਜਦ ਆਂਢ-ਗੁਆਂਢ ਦੇ ਲੋਕਾਂ ਨੇ ਆ ਕੇ ਦੱਸਿਆ ਤਾਂ ਆਦਤ ਅਨੁਸਾਰ ਅਮਰੋ ਬੱਕੜਵਾਹ ਕਰਨ ਲੱਗ ਪਈ।

-"ਨ੍ਹਾ ਜੇ ਭੋਰਾ ਸੱਟ ਵੱਜਗੀ ਫੇਰ ਕੀ ਲੋਹੜ੍ਹਾ ਆ ਗਿਆ..! ਸੱਟਾਂ ਵੀ ਮੁੰਡੇ ਖੁੰਡੇ ਈ ਮਾਰਦੇ ਤੇ ਖਾਂਦੇ ਐ, ਕੀ ਕਰਾੜਾਂ ਆਲ਼ੀਆਂ ਗੱਲਾਂ ਕਰੀ ਜਾਂਦੇ ਐ ਪੁੱਤ ਖਾਣੇਂ ਲੋਕ...!"

ਭਾਅ ਦੀ ਤਾਂ ਉਹਨਾਂ ਦੇ ਓਦੋਂ ਬਣੀ, ਜਦੋਂ ਨੰਬਰਦਾਰ ਨੇ ਆਪਣਾ ਮੁੰਡਾ ਹਸਪਤਾਲ਼ ਦਾਖਲ ਕਰਵਾ ਦਿੱਤਾ ਅਤੇ ਪੁਲੀਸ ਕੋਲ਼ ਰਪਟ ਦਰਜ ਜਾ ਕਰਵਾਈ।

ਪੁਲ਼ਸ ਪਿੰਡ ਪਹੁੰਚੀ ਤਾਂ ਹੀਰਾ ਡਰਦਾ ਕਿਸੇ ਪਾਸੇ ਖਿਸਕ ਗਿਆ ਸੀ।

-"ਦੁੱਧ ਛਕੋਗੇ ਜਨਾਬ...?" ਪੰਚਾਇਤ ਮੈਂਬਰ ਨੇ ਠਾਣੇਦਾਰ ਨੂੰ ਖਾਤਿਰਦਾਰੀ ਬਾਰੇ ਪੁੱਛਿਆ।

-"ਦੁੱਧ ਦੀ ਲੋੜ ਨੀ, ਬੰਦਾ ਹਾਜਰ ਕਰੋ...!" ਠਾਣੇਦਾਰ ਨੇ ਡੰਡਾ ਮੇਜ 'ਤੇ ਠੋਕਰਿਆ। ਮੈਂਬਰ ਚੁੱਪ ਕਰ ਗਿਆ।

ਸਰਪੰਚ ਅਤੇ ਚੌਂਕੀਦਾਰ ਆ ਪਹੁੰਚੇ।

-"ਆ ਬੈਠ ਸਰਪੈਂਚਾ...! ਤੇਰੇ ਪਿੰਡ ਐਡੀ ਵਾਰਦਾਤ ਹੋਜੇ, ਤੇ ਤੂੰ ਠਾਣੇ ਵੀ ਨਾ ਪਹੁੰਚੇਂ...?" ਜਾਣਕਾਰ ਠਾਣੇਦਾਰ ਨੇ ਸਰਪੈਂਚ ਨੂੰ ਮਿੱਠਾ ਉਲਾਂਭਾ ਦਿੱਤਾ।

-"ਮੈਂ ਤਾਂ ਸਹੁਰੀਂ ਗਿਆ ਸੀ ਠਾਣੇਦਾਰ ਸਾਅਬ..! ਹੁਣ ਮੁੜਿਐਂ..! ਜਦੋਂ ਥੋਡੇ ਆਉਣ ਦਾ ਪਤਾ ਲੱਗਿਆ, ਮੈਂ ਤਾਂ ਪੈਰ ਜੁੱਤੀ ਨੀ ਪਾਈ, ਫੱਟ ਆ ਵੱਜਿਆ...!"

-"ਸਹੁਰਿਆਂ ਦੇ ਨਾਂ ਨੂੰ ਤਾਂ ਰਿੱਛ ਟੱਪਣ ਲੱਗ ਜਾਂਦੈ, ਤੂੰ ਤਾਂ ਫੇਰ ਬੰਦੈਂ, ਸਰਪੈਂਚਾ..!" ਠਾਣੇਦਾਰ ਦੇ ਨਾਲ਼ ਸਰਪੰਚ ਵੀ ਹੱਸ ਪਿਆ, "ਵਾਰਦਾਤ ਕਰਨ ਆਲ਼ਾ ਮੁੰਡਾ ਕਿੱਥੇ ਐ...?" ਠਾਣੇਦਾਰ ਅਸਲ ਗੱਲ ਵੱਲ ਆਇਆ।

-"ਸਾਹਬ ਬਹਾਦਰ, ਮੁੰਡਾ ਹੈਗਾ ਅੰਤ ਦਰਜੇ ਦਾ ਅਲੱਥ, ਤੇ ਪਿਉ ਸਿਰੇ ਦਾ ਸ਼ਰੀਫ਼ ਤੇ ਗਊ ਇਨਸਾਨ...! ਮਾਂ ਦੀ ਚੱਕ 'ਤੇ ਮੁੰਡਾ ਪਿਉ ਦੀ ਭੋਰਾ ਨੀ ਸੁਣਦਾ, ਪਿਉ ਤਾਂ ਇਹਦੇ ਵੱਲੋਂ ਆਪ ਬਥੇਰਾ ਤੰਗ ਐ, ਮਾਂ ਪੁੱਤ ਉਹਨੂੰ ਵੀ ਮੂੰਹ ਨੀ ਬੋਲਦੇ...!"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ:
07806945964



# ਮੈਂ ਤੰਦਰੁਸਤ ਕਿਵੇਂ ਹੋਇਆ ?

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ – 13**



**ਪਹਿਲੀ ਵਾਰ ਮੈਂ ਦੰਦਾ ਦੇ ਡਾਕਟਰ ਕੋਲ 2008 ਵਿਚ ਗਿਆ। ਉਸ ਵਕਤ ਹੇਠਲੇ ਜਬ੍ਹਾੜੇ ਦੀ ਸੱਜੇ ਪਾਸੇ ਵਾਲੀ ਇਕ ਦਾੜ੍ਹ ਨੇ ਮੇਰਾ ਜੀਣਾ ਹਰਾਮ ਕੀਤਾ ਹੋਇਆ ਸੀ । ਡਾਕਟਰ ਨੇ ਐਕਸਰੇ ਕੀਤਾ ਤੇ ਮੈਨੂੰ ਉਸ ਦਾਹੜ ਦੀ ਹਾਲਤ ਦੱਸਦਿਆਂ ਕਿਹਾ ਕਿ ਤੁਹਾਡੀ ਦਾਹੜ ਵਿਚਕਾਰੋਂ ਪਾਟ ਗਈ ਹੈ, ਇਸ ਨੂੰ ਪੁੱਟ ਦੇਣਾ ਹੀ ਇਕੋ ਇਕ ਹੱਲ ਹੈ, ਪਰ ਮੈਂ ਡਾਕਟਰ ਨੂੰ ਮਨ੍ਹਾ ਕਰਦਿਆਂ ਕਿਹਾ ਕਿ ਮੈਂ ਅਜੇ ਆਪਣੇ ਕਿਸੇ ਵੀ ਦੰਦ ਨੂੰ ਪਟਾਉਣਾ ਨਹੀਂ ਚਾਹੁੰਦਾ, ਤੁਸੀਂ ਇਸ ਦੀ ਫਿਲਿੰਗ ਕਰ ਦਿਓ । ਬੇਸ਼ੱਕ ਡਾਕਟਰ ਮੇਰੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ, ਪਰ ਫੇਰ ਵੀ ਉਸ ਨੇ ਵਧੀਆ ਚਿੱਟੇ ਰੰਗ ਦੇ ਕੰਪਾਊਂਡ ਨਾਲ ਮੇਰੀ ਦਾਹੜ ਇਹ ਕਹਿੰਦਿਆ ਭਰ ਦਿੱਤੀ ਕਿ ਮੈਨੂੰ ਨਹੀਂ ਲਗਦਾ ਕਿ ਮੇਰੀ ਇਹ ਫਿਲਿੰਗ ਤੁਹਾਡੇ ਕਰੈਕ ਹੋਏ ਦੰਦ ਵਿਚ ਬਹੁਤਾ ਸਮਾ ਟਿਕ ਪਾਏਗੀ । ਦੱਸਣਾ ਚਾਹਾਂਗਾ ਕਿ ਅੱਜ 16 ਸਾਲ ਬਾਅਦ ਵੀ ਉਹ ਦਾਹੜ ਮੇਰੇ ਮੂੰਹ ਵਿਚ ਸਹੀ ਸਲਾਮਤ ਹੈ ਤੇ ਭੋਜਨ ਦੀ ਕੱਟ ਵੱਢ ਵੀ ਤਿੱਖੇ ਗੰਡਾਸੇ ਵਾਂਗ ਕਰਦੀ ਹੈ ।**

ਦੰਦ ਸਾਡੇ ਸਰੀਰ ਦਾ ਇਕ ਬਹੁਤ ਹੀ ਅਹਿਮ ਅੰਗ ਹਨ । ਚਿੱਟੇ ਮੋਤੀਆਂ ਵਰਗੇ ਦੰਦ ਹਰ ਵਿਅਕਤੀ ਦੀ ਸ਼ਖਸ਼ੀਅਤ ਨੂੰ ਚਾਰ ਚੰਨ ਲਗਾ ਦਿੰਦੇ ਹਨ , ਦੂਜੇ ਪਾਸੇ ਮੂੰਹ ਵਿਚ ਦੰਦਾਂ ਦੀ ਗੈਰਹਾਜਰੀ ਜਾਂ ਉਹਨਾਂ ਲਗਾ ਨੂੰ ਹੋਇਆ ਕੀੜਾ ਭੁਣਖੀ ਕਿਸੇ ਚੰਗੇ ਭਲੇ ਬੰਦੇ ਦਾ ਵੀ ਹੁਲੀਆ ਵਿਗਾੜ ਕੇ ਰੱਖ ਦਿੰਦੀ ਹੈ ।

ਮੈਨੂੰ ਸਮੇਂ ਸਮੇਂ ਦੰਦਾ ਇਨਫੈਕਸ਼ਨ ਹੁੰਦਾ ਰਿਹਾ ਹੈ । ਪੱਥਰ ਵਰਗੇ ਪੱਕੇ ਦੰਦਾਂ ਵਿਚ ਬਹੁਤ ਤੇਜ ਸਰਜ ਹੁੰਦੀ ਰਹੀ, ਦੰਦਾਂ ਵਿਚ ਬਿਜਲੀਂ  ਦੀ ਲਹਿਰ ਚਲਦੀ ਜੋ ਇਨੀ ਕੁ ਦਰਦਨਾਕ ਹੁੰਦੀ ਕਿ ਇਕ ਵਾਰ ਤਾਂ ਚੀਕਾਂ ਨਿਕਲ ਜਾਂਦੀਆਂ, ਦੰਦਾਂ ਦੀ ਦਰਦ ਨਾਲ ਰਾਤਾਂ ਦੀ ਨੀਂਦ ਹਰਾਮ ਹੋ ਜਾਂਦੀ, ਵਾਰ ਵਾਰ ਦੰਦਾਂ ਦੇ ਡਾਕਟਰ ਕੋਲ ਜਾਣਾ ਪੈਂਦਾ ਤੇ ਉਸ ਨੇ ਐਂਟੀਬਾਇਟਕ ਦਾ ਕੋਰਸ ਪਰੈਸਕਰਾਈਬ ਕਰਨ ਦੇ ਨਾਲ ਹੀ ਐਡਵਾਈਜਰੀ ਦੇ ਦੇਣੀ ਕਿ ਦੰਦਾਂ ਨੂੰ ਸਵੇਰੇ ਸ਼ਾਮ ਚੰਗੀ ਤਰਾਂ ਸਾਫ ਕਰਿਆ ਕਰੋ । ਐਂਟੀ ਬਾਇਟਕ ਦਾ ਕੋਰਸ ਪੂਰਾ ਹੋਣ ਦੇ ਨਾਲ ਦੰਦ ਠੀਕ ਤਾਂ ਜਰੂਰ ਹੋ ਜਾਂਦੇ, ਪਰ ਵਰ੍ਹੇ ਛਿਮਾਹੀ ਇਸ ਬਿਮਾਰੀ ਨਾਲ ਮੇਰਾ ਕਈ ਸਾਲਾਂ ਤੋ ਪੱਕਾ ਵਾਹ ਵਾਸਤਾ ਪੈਂਦਾ ਰਿਹਾ । ਕਹਿਣ ਦਾ ਭਾਵ ਇਹ ਕਿ ਬਿਮਾਰੀ ਦੀ ਜੜ੍ਹ ਨਾ ਫੜੀ ਜਾ ਸਕਣ ਕਰਕੇ, ਇਹ ਵਾਰ ਵਾਰ ਮੇਰੇ ਦੰਦਾਂ ਉੱਤੇ ਹਮਲਾ ਕਰਦੀ ਰਹਿੰਦੀ ਸੀ ।

ਪਹਿਲੀ ਵਾਰ ਮੈਂ ਦੰਦਾਂ ਦੇ ਡਾਕਟਰ ਕੋਲ 2008 ਵਿਚ ਗਿਆ। ਉਸ ਵਕਤ ਹੇਠਲੇ ਜਬ੍ਹਾੜੇ ਦੀ ਸੱਜੇ ਪਾਸੇ ਵਾਲੀ ਇਕ ਦਾੜ੍ਹ ਨੇ ਮੇਰਾ ਜੀਣਾ ਹਰਾਮ ਕੀਤਾ ਹੋਇਆ ਸੀ । ਡਾਕਟਰ ਨੇ ਐਕਸਰੇ ਕੀਤਾ ਤੇ ਮੈਨੂੰ ਉਸ ਦਾਹੜ ਦੀ ਹਾਲਤ ਦੱਸਦਿਆਂ ਕਿਹਾ ਕਿ ਤੁਹਾਡੀ ਦਾਹੜ ਵਿਚਕਾਰੋਂ ਪਾਟ ਗਈ ਹੈ, ਇਸ ਨੂੰ ਪੁੱਟ ਦੇਣਾ ਹੀ ਇਕੋ ਇਕ ਹੱਲ ਹੈ, ਪਰ ਮੈਂ ਡਾਕਟਰ ਨੂੰ ਮਨ੍ਹਾ ਕਰਦਿਆਂ ਕਿਹਾ ਕਿ ਮੈਂ ਅਜੇ ਆਪਣੇ ਕਿਸੇ ਵੀ ਦੰਦ ਨੂੰ ਪਟਾਉਣਾ ਨਹੀਂ ਚਾਹੁੰਦਾ, ਤੁਸੀਂ ਇਸ ਦੀ ਫਿਲਿੰਗ ਕਰ ਦਿਓ । ਬੇਸ਼ੱਕ ਡਾਕਟਰ ਮੇਰੀ ਗੱਲ ਮੰਨਣ ਨੂੰ ਤਿਆਰ ਨਹੀਂ ਸੀ, ਪਰ ਫੇਰ ਵੀ ਉਸ ਨੇ ਵਧੀਆ ਚਿੱਟੇ ਰੰਗ ਦੇ ਕੰਪਾਊਂਡ ਨਾਲ ਮੇਰੀ ਦਾਹੜ ਇਹ ਕਹਿੰਦਿਆ ਭਰ ਦਿੱਤੀ ਕਿ ਮੈਨੂੰ ਨਹੀਂ ਲਗਦਾ ਕਿ ਮੇਰੀ ਇਹ ਫਿਲਿੰਗ ਤੁਹਾਡੇ ਕਰੈਕ ਹੋਏ ਦੰਦ ਵਿਚ ਬਹੁਤਾ ਸਮਾ ਟਿਕ ਪਾਏਗੀ । ਦੱਸਣਾ ਚਾਹਾਂਗਾ ਕਿ ਅੱਜ 16 ਸਾਲ ਬਾਅਦ ਵੀ ਉਹ ਦਾਹੜ ਮੇਰੇ ਮੂੰਹ ਵਿਚ ਸਹੀ ਸਲਾਮਤ ਹੈ ਤੇ ਭੋਜਨ ਦੀ ਕੱਟ ਵੱਢ ਵੀ ਤਿੱਖੇ ਗੰਡਾਸੇ ਵਾਂਗ ਕਰਦੀ ਹੈ । ਇਸੇ ਦੌਰਾਨ 2017 ਵਿਚ ਘਰ ਬਦਲੀ ਕਰਨ ਕਰਕੇ ਮੈਨੂੰ ਦੰਦਾ ਦਾ ਡਾਕਟਰ ਵੀ ਬਦਲੀ ਕਰਨਾ ਪੈ ਗਿਆ । ਨਵੇਂ ਡਾਕਟਰ ਨੇ ਦੁਬਾਰਾ ਜਬ੍ਹਾੜਿਆਂ ਦੇ ਐਕਸਰੇ ਕੀਤੇ ਤੇ ਐਕਸਰੇ ਦੇਖਕੇ ਉਸ ਨੇ ਦੋ ਦਾਹੜਾਂ ਜਿਹਨਾਂ ਵਿਚ ਇਕ ਪਹਿਲੇ ਡਾਕਟਰ ਤੋਂ ਫਿਲ ਕਰਵਾਈ ਤੇ ਦੂਸਰੀ ਖੱਬੇ ਪਾਸੇ ਵਾਲੇ ਉਪਰਲੇ ਜਬ੍ਹਾੜੇ ਦੇ ਬਿਲਕੁਲ ਪਿਛੇ ਵਾਲੀ ਦਾਹੜ ਜਿਸ ਨੂੰ ਅਕਲ ਦਾਹੜ ਵੀ ਕਿਹਾ ਜਾਂਦਾ ਹੈ, ਨੂੰ ਪੱਟਣ ਦੀ ਸਲਾਹ ਦੇ ਦਿੱਤੀ। ਅਕਲ ਦਾਹੜ ਵਿਚ ਮਿੱਠਾ ਮਿੱਠਾ ਦਰਦ ਰਹਿੰਦਾ ਸੀ ਜਦ ਕਿ ਦੂਸਰੀ ਦੀ ਕਰੈਕ ਰੀਫਿਲੰਗ  ਤੋਂ ਡਾਕਟਰ ਮਨ੍ਹਾ ਕਰ ਰਿਹਾ ਸੀ । ਇਸ ਵਾਰ ਮੇਰੇ ਮਨ੍ਹਾ ਕਰਨ ‘ਤੇ ਨਵੇ ਡਾਕਟਰ ਨੇ ਮੈਨੂੰ ਕਿਸੇ ਵੱਡੇ  ਕੰਸਟੈਲਟੇਂਟ ਕੋਲ ਰੈਫਰ ਕਰਨ ਦੀ ਸਲਾਹ ਦਿੱਤੀ ਤੇ ਮੈਂ ਹਾਂ ਵਿਚ ਸਿਰ ਹਿਲਾ ਦਿੱਤਾ । ਡੇਢ ਕੁ ਮਹੀਨੇ ਬਾਅਦ ਰੈਫਰਲ ਵਾਲੇ ਕੰਸਟਲਟੈਂਟ ਦਾ ਸੱਦਾ ਪੱਤਰ ਆਇਆ ਤੇ ਸੱਦੇ ਪੱਤਰ ਮੁਤਾਬਿਕ ਦਿੱਤੇ ਟਾਇਮ ਅਤੇ ਦਿਨ ਨੂੰ ਮੈਂ ਉਸ ਕੰਸਟਲਟੈਂਟ ਦੀ ਕਲੀਨਿਕ ਜਾ ਹਾਜਰ ਹੋਇਆ ।

ਉਥੇ ਜੋ ਮੇਰੇ ਨਾਲ ਹੋਇਆ, ਉਹ ਵਾਕਿਆ ਸੁਣਕੇ ਤੁਸੀਂ ਹੈਰਾਨ ਹੋ ਜਾਵੋਗੇ ਕਿ ਉਸ ਕੰਸਟਲਟੈਂਟ ਨੇ ਮੈਨੂੰ ਕੁੱਝ ਵੀ ਦੱਸਿਆ ਪੁੱਛਿਆ ਨਹੀਂ, ਸਿੱਧਾ ਦੰਦਾਂ ਦੇ ਇਲਾਜ ਵਾਲੀ ਕੁਰਸੀ ਉੱਤੇ ਲੰਮਾ ਪਾ ਲਿਆ ਤੇ ਮੇਰੇ ਗਲ ਅਤੇ ਮੂੰਹ ਦੁਆਲੇ ਦੋ ਨਰਸਾਂ ਨੇ ਇਸ ਤਰਾ ਦੀ ਤਿਆਰੀ ਖਿੱਚਣੀ ਸ਼ੁਰੂ ਕੀਤੀ ਕਿ ਜਿਵੇਂ ਮੇਰਾ ਕੋਈ ਵੱਡਾ ਅਪਰੇਸ਼ਨ ਕਰਨਾ ਹੋਵੇ ।

ਲਓ ਜੀ, ਕੰਸਟਲਟੈਂਟ ਨੇ ਸਰਿੰਜ ਵਿਚ ਟੀਕਾ ਭਰਿਆ, ਸਰਿੰਜ ਵਿਚੋਂ ਹਵਾ ਕੱਢਣ ਲਈ ਦੋ ਕੁ ਪਿਚਕਾਰੀਆਂ ਜਿਹੀਆਂ ਮਾਰੀਆਂ ਤੇ ਮੇਰੇ ਮੂੰਹ ਦੇ ਅੰਦਰ ਖੱਬੇ ਪਾਸੇ ਵਾਲੇ ਹੇਠਲੇ ਜਬ੍ਹਾੜੇ ਦੀ ਅਕਲ ਦਾਹੜ ਦੇ ਨੇੜੇ ਠੋਕ ਦਿੱਤਾ, ਫਿਰ ਇਕ ਹੋਰ ਭਰਿਆ ਤੇ ਉਹ ਵੀ ਪਹਿਲੇ ਵਾਲੇ ਟੀਕੇ ਦੇ ਨੇੜੇ ਜਿਹੇ ਹੀ ਠੋਕ ਦਿੱਤਾ । ਮੇਰੇ ਮਨ ਚ ਇਹ ਚੱਲ ਰਿਹਾ ਸੀ ਕਿ ਮੈਂ ਉਸ ਕਲੀਨਕ ਵਿਚ ਪਹਿਲੀ ਵਾਰ ਗਿਆਂ ਸੀ, ਸ਼ਾਇਦ ਟੀਕੇ ਲਗਾ ਕੇ ਕੋਈ ਖਾਸ ਐਕਸਰੇ ਕਰਨ ਤੋਂ ਬਾਅਦ ਡਾਕਟਰ ਮੈਨੂੰ ਸਲਾਹ ਮਸ਼ਵਰਾ ਵਗੈਰਾ ਦੇਵੇਗਾ ,ਪਰ ਜਦ ਮੈਂ ਚੋਰ ਅੱਖ ਨਾਲ ਦੇਖਿਆ ਤਾਂ ਦੋ ਨਰਸਾਂ ਦੰਦ ਪੁੱਟਣ ਵਾਲੇ ਔਜਾਰ ਮੇਰੇ ਨੇੜੇ ਰੱਖ ਰਹੀਆਂ ਸਨ ਤੇ ਕੰਸਟਲਟੈਂਟ ਸਾਹਿਬ ਇਕ ਹੋਰ ਟੀਕਾ ਲਾਉਣ ਵਾਸਤੇ ਸ਼ੀਸ਼ੀ ਵਿਚ ਭਰ ਰਹੇ ਸਨ।

ਇਹ ਉਕਤ ਸੀਨ ਦੇਖ ਕੇ ਮੈਨੂੰ ਕੁੱਝ ਸ਼ੱਕ ਜਿਹੀ ਹੋਈ ਤੇ ਮੈਂ ਉਹਨਾਂ  ਦੁਆਰਾ ਕੀਤੀ ਹੋਈ ਮੇਰੀ ਪੈਕਿੰਗ ਖੋਹਲਕੇ, ਕਲੀਨਕ ਦੇ ਇਲਾਜ ਵਾਲੀ ਕੁਰਸੀ ‘ਤੇ ਉਠਕੇ ਬੈਠ ਗਿਆ ਤੇ ਕੰਸਟਲਟੈਂਟ ਨੂੰ ਪੁੱਛਣ ਲੱਗਾ ਕਿ ਅਸਲ ਵਿਚ ਤੂੰ ਅੱਜ ਮੇਰੇ ਨਾਲ ਕਰਨਾ ਕੀ ਚਾਹੁੰਦੈ ? ਉਸ ਨੇ ਅੱਗੋਂ ਜਵਾਬ ਦਿੱਤਾ ਕਿ ਅੱਜ ਤੇਰੀਆਂ ਦੋ ਦਾਹੜਾ ਪੱਟਣੀਆਂ ਹਨ। ਮੈਂ ਫਿਰ ਸਵਾਲ ਕੀਤਾ ਕਿ ਉਸ ਨੂੰ ਮੇਰੀਆਂ ਦਾਹੜਾਂ ਪੁੱਟਣ ਵਾਸਤੇ ਕਿਹਾ ਕਿਸਨੇ ਹੈ ? ਇਸ ਦੇ ਜਵਾਬ ਵਜੋਂ, ਉਸ ਕੰਸਟਲਟੈਂਟ ਨੇ ਆਪਣੇ ਟੇਬਲ ਦੀ ਡਰਾਅ ਖੋਹਲੀ ਤੇ ਮੈਨੂੰ ਇਕ ਐਕਸਰਾ ਦਿਖਾਉਦਿਆ ਕਹਿੰਦਾ ਕਿ ਤੇਰੇ ਡੈਂਟਸਟ ਨੂੰ ਤੈਨੂੰ ਇਸੇ ਕਰਕੇ ਹੀ ਇਥੇ ਮੇਰੇ ਕੋਲ ਰੈਫਰ ਕੀਤਾ ਹੈ ਤੇ ਨਾਲ ਇਹ ਐਕਸਰਾ ਵੀ ਭੇਜਿਆ ਹੈ ।

ਜਦ ਮੈਂ ਉਸ ਨੂੰ ਦੱਸਿਆ ਕਿ ਮੈਂ ਤਾਂ ਡੈਂਟਿਸਟ ਨੂੰ ਮਨ੍ਹਾ ਕਰ ਦਿੱਤਾ ਸੀ, ਫਿਰ ਇਹ ਦਾਹੜਾਂ ਕੱਢਣ ਵਾਲੀ ਰੈਫਰੈਲ ਤੈਨੂੰ ਉਸ ਨੇ ਕਿਵੇਂ ਭੇਜ ਦਿੱਤੀ ਤਾਂ ਉਸ ਨੇ ਕਿਹਾ ਕਿ ਇਸ ਬਾਰੇ ਮੈਂ ਕੁੱਝ ਨਹੀਂ ਜਾਣਦਾ, ਤੂੰ ਆਪਣੇ ਡੈਂਟਿਸਟ ਨੂੰ ਹੀ ਜਾ ਕੇ ਪੁੱਛ । ਉਸ ਨੇ ਨਾਲ ਆਪਣੇ ਦੋਵੇਂ ਹੱਥ ਉੱਪਰ ਕਰਦਿਆ ਕਿਹਾ ਕਿ ਜੇਕਰ ਤੁਸੀਂ ਦਾਹੜਾਂ ਨਹੀਂ ਪੁਟਾਉਣੀਆਂ ਤਾਂ ਕੋਈ ਗੱਲ ਨਹੀਂ ਤੁਸੀਂ ਜਾ ਸਕਦੇ ਹੋ । ਉਥੋਂ ਤੁਰਨ ਲੱਗਿਆਂ ਮੈ ਉਸ ਕੰਸਟਲਟੈਂਟ ਨੂੰ ਆਪਣੀ ਫਿਕਰਮੰਦੀ ਵਿਚ ਪੁੱਛਿਆ ਕਿ ਇਹ ਜੋ ਦੋ ਟੀਕੇ ਲਗਾਏ ਹਨ ਇਹਨਾਂ ਨਾਲ ਮੇਰੇ ਮੂੰਹ ਦਾ ਖੱਬਾ ਪਾਸਾ ਪੂਰੀ ਤਰਾਂ ਨਮ ਹੋ ਗਿਆ ਹੈ, ਮੈਨੂੰ ਬੋਲਣ ਵਿਚ ਕਾਫੀ ਮੁਸ਼ਕਲ ਪੇਸ਼ ਆ ਰਹੀ ਹੈ, ਇਹ ਕਦ ਕੁ ਠੀਕ ਹੋ ਜਾਵੇਗਾ ਤਾਂ ਉਸ ਨੇ ਕਿਹਾ ਕਿ ਕੋਈ ਫਿਕਰ ਨਹੀਂ ਕਰਨਾ, ਦੋ ਕੁ ਘੰਟੇ ਵਿਚ ਸਭ ਕੁੱਝ ਠੀਕ ਹੋ ਜਾਵੇਗਾ, ਬਸ ਧਿਆਨ ਰੱਖਣਾ ਕਿ ਆਪਣੇ ਦੰਦਾਂ ਨੂੰ ਕੋਈ ਛੇੜਛਾੜ ਨਹੀਂ ਕਰਨਾ, ਠੰਢਾ ਪਾਣੀ ਜਰੂਰ ਸਿਪ ਕਰਦੇ ਰਹਿਣਾ ।

ਉਕਤ ਘਟਨਾ ਕੋਈ ਚਾਰ  ਕੁ ਸਾਲ ਪੁਰਾਣੀ ਹੈ । ਉਹ ਦੋਹਵੇਂ ਦਾਹੜਾਂ ਅੱਜ ਵੀ ਬਿਲਕੁਲ ਠੀਕ ਠਾਕ ਹਨ ਜਦ ਕਿ ਇਕ ਹੋਰ ਦਾਹੜ ਜੋ ਬਹੁਤਾ ਹੀ ਤੰਗ ਪਰੇਸ਼ਾਨ ਕਰਨ ਲੱਗ  ਪਈ ਸੀ ਉਸ ਨੂੰ ਮੈ ਪਿਛਲੇ ਅਕਤੂਬਰ ਵਿਚ ਆਪਣੀ ਪੰਜਾਬ ਫੇਰੀ ਦੌਰਾਨ ਕਢਵਾ ਆਇਆ ਹਾਂ ,ਕੁਲ ਮਿਲ-ਾਕੇ 31 ਦੰਦ ਅੱਜ ਵੀ ਅਖਰੋਟ ਭੰਨਣ ਤੇ ਛੋਲੇ ਚੱਬਣ ਵਿਚ ਪਰਵਾਹ ਨਹੀਂ ਕਰਦੇ ।

ਹੁਣ ਤੁਹਾਡੇ ਮਨ ਚ ਸਵਾਲ ਹੋਵੇਗਾ ਕਿ ਵਾਰ ਵਾਰ ਇੰਫੈਕਸ਼ਨ ਹੋਣ ਨਾਲ ਦੰਦਾਂ ਨੂੰ ਬਚਾਈ ਰੱਖਣਾ ਬਹੁਤ ਮੁਸ਼ਕਲ ਹੈ, ਪਰ ਤੁਸੀਂ ਇਹ ਕਿਵੇਂ ਸੰਭਵ ਕੀਤਾ । ਇਸ ਦੇ ਜਵਾਬ ਵਿਚ ਮੈਂ ਇਹ ਹੀ ਕਹਾਂਗਾ ਕਿ ਮੈਂ ਦੰਦਾਂ ਨੂੰ ਵਾਰ ਵਾਰ ਇੰਨਫੈਕਸ਼ਨ ਹੋਣ ਦੀ ਮੁੱਖ ਵਜ੍ਹਾ ਪਹਿਚਾਣ ਲਈ ਤੇ ਆਪਣੇ ਖਾਣੇ ਵਿਚੋ ਉਹਨਾਂ ਵਸਤਾਂ ਨੂੰ ਹਮੇਸ਼ਾ ਲਈ ਬਾਹਰ ਕਰ ਦਿੱਤਾ ਤੇ ਉਹ ਮੁੱਖ ਵਜ੍ਹਾ ਸੀ ਮਿੱਠਾ/ਖੰਡ/ ਮਿਠਿਆਈਆਂ ਤੇ ਕੋਕਾ ਕੋਲਾ ਆਦਿ । ਹੁਣ ਦੰਦ ਵੀ ਠੀਕ ਠੀਕ ਹਨ ਤੇ ਸਿਹਤ ਵੀ।

ਇਥੇ ਸਾਨੂੰ ਦੋ ਨਸੀਹਤਾਂ ਮਿਲਦੀਆਂ ਹਨ, ਪਹਿਲੀ ਇਹ ਕਿ ਸਿਹਤ ਮਾਹਿਰਾਂ ਉੱਤੇ ਅੰਨ੍ਹਾ ਭਰੋਸਾ ਨਾ ਕਰੋ, ਉਹ ਵੀ ਗਲਤੀ ਕਰ ਸਕਦੇ ਹਨ, ਦੂਜਾ ਆਪਣੀਆ ਖਾਣ ਪੀਣ ਦੀਆਂ ਆਦਤਾਂ ਉਤੇ ਝਾਤੀ ਮਾਰੇ ਕਿ ਕਿਧਰੇ ਕੋਈ ਇਸ ਤਰਾਂ ਦੀ ਚੀਜ ਦਾ ਸੇਵਨ ਤਾਂ ਕਰਦੇ ਜੋ ਸਾਡੀ ਸਿਹਤ ਵਾਸਤੇ ਹਾਨੀਕਾਰਕ ਹੋਵੇ । ਮੁਕਦੀ ਗੱਲ ਇਹ ਕਿ ਆਪਣੀ ਸਿਹਤ ਪ੍ਰਤੀ ਜਰਾ ਜਿੰਨਾ ਜਾਗਰੂਕ ਹੋਣ ਦੀ ਲੋੜ ਸਾਡੇ ਸਭਨਾਂ ਵਾਸਤੇ ਬਹੁਤ ਜਰੂਰੀ ਹੈ, ਜਰਾ ਅਜਮਾ ਕੇ ਦੇਖੋ, ਇਸ ਦੇ ਸਿੱਟੇ ਬੜੇ ਹੈਰਾਨਕੁੰਨ ਮਿਲਦੇ ਹਨ ।

ਚਲਦਾ……

## ਹਾਸੇ ਦੀ ਪਟਾਰੀ

**ਪਤੀ,** ਜਦੋਂ ਮੈਂ ਇੰਨਾ ਹੀ ਖਰਾਬ ਹਾਂ ਤਾਂ ਅਗਲੇ ਜਨਮ ਲਈ ਕਿਉਂ ਮੰਗ ਰਹੀ ਏਂ?

ਪਤਨੀ, ਇੰਨਾ ਸੁਧਾਰਨ ਤੋਂ ਬਾਅਦ ਕਿਸੇ ਹੋਰ ਨੂੰ ਕਿਉਂ ਦੇਵਾਂ?

*---*---*

**ਰਾਜੂ,** ਦੁਨੀਆਂ ਦੇ ਦੋ ਅਜਿਹੇ ਪ੍ਰਾਣੀ ਦੱਸੋ, ਜਿਨ੍ਹਾਂ ਨੂੰ ਠੰਢ ਨਹੀਂ ਲੱਗਦੀ।

ਪਵਨ, ਇਕ ਪੈਂਗੁਇਨ ਅਤੇ ਦੂਜਾ ਵਿਆਹ ਵਿੱਚ ਆਈਆਂ ਔਰਤਾਂ।

*---*---*

**ਪੁਲਸ** ਅਧਿਕਾਰੀ (ਚੋਰ ਨੂੰ), ਘਰ ਦੇ ਮਾਲਕ ਦੇ ਹੁੰਦਿਆਂ ਤੂੰ ਚੋਰੀ ਕਿਵੇਂ ਕੀਤੀ?

ਚੋਰ, ਸਾਹਬ, ਤੁਹਾਡੀ ਚੰਗੀ ਨੌਕਰੀ ਹੈ, ਚੰਗੀ ਤਨਖਾਹ ਹੈ, ਤੁਸੀਂ ਇਹ ਸਭ ਸਿੱਖ ਕੇ ਕੀ ਕਰੋਗੇ?

*---*---*

**ਅਧਿਆਪਕ,** ਬੱਚਿਓ, ਤੁਹਾਡੇ ਵਿੱਚੋਂ ਸਵਰਗ ਕੌਣ ਜਾਵੇਗਾ?

ਸਭ ਨੇ ਹੱਥ ਖੜ੍ਹੇ ਕਰ ਦਿੱਤੇ, ਸਿਰਫ ਇਕ ਛੋਟੀ ਲੜਕੀ ਨੇ ਨਹੀਂ ਕੀਤਾ।

ਅਧਿਆਪਕ, ਤੂੰ ਕਿਉਂ ਨਹੀਂ ਜਾਣਾ ਚਾਹੁੰਦੀ?

ਲੜਕੀ, ਮਾਂ ਨੇ ਕਿਹਾ ਹੈ ਕਿ ਸਕੂਲ ਤੋਂ ਸਿੱਧਾ ਘਰ ਨਾ ਆਈ ਤਾਂ ਲੱਤਾਂ ਤੋੜ ਦਿਆਂਗੀ।

*---*---*

# • ਪੰਜਾਬੀ ਫ਼ਿਲਮ ਦਰਪਣ •

## ਪਾਲੀ ਮਾਂਗਟ ਸੱਚੀਂ ਮੁੱਚੀਂ ਹੁਣ ਸਟਾਰ ਪੱਕਾ



"ਰੁਪਿੰਦਰ ਗਾਂਧੀ " ਫ਼ਿਲਮ ਤੋਂ ਬਾਅਦ ਪਾਲੀ ਮਾਂਗਟ ਦੇ ਸਟਾਰ ਬਣ ਜਾਣ ਦੇ ਮੌਕੇ ਸਨ ਫ਼ਾਇਦਾ ਵੀ ਹੋਇਆ ਪਰ ਵਿਚਾਲੇ ਬ੍ਰੇਕ ਲੱਗ ਗਈ ਵ਼ਾਰ ਵਾਰ ਓਹ ਦਿਨ ਨਹੀਂ ਰਹਿੰਦੇ ਤੇ ਹੁਣ ਅਭਿਨੇਤਾ ਪਾਲੀ ਮਾਂਗਟ ਫਿਰ ਸਰਗਰਮ ਹੈ। ਜੋਹਨ ਅਬਰਾਹਮ ਨਾਲ "ਦਾ ਡਿਪਲੋਮੈਟ" ਬਾਲੀਵੁੱਡ ਫਿਲਮ ਤੇ ਹੁਣ ਓਸ ਨੇ "ਮਿੱਠਾ ਜ਼ਹਿਰ" ਫ਼ਿਲਮ ਕੀਤੀ ਹੈ। ਇਸ ਦੇ ਨਾਲ ਹੀ ਅੱਜ ਕਲ ਓਹ ਸੁਖਪਾਲ ਸਿੱਧੂ ਦੀ ਫ਼ਿਲਮ "ਕਬੂਤਰਬਾਜ਼" ਕਰ ਰਿਹਾ ਹੈ। ਪਾਲੀ ਮਾਂਗਟ ਕੋਲ ਹੋਰ ਚਾਰ ਫ਼ਿਲਮਾਂ ਹਨ ਤੇ ਇਸ ਤਰਾਂ ਹੁਣ ਪੱਕਾ ਸਟਾਰ ਬਣ ਜਾਣ ਦਾ ਵਕਤ ਆ ਗਿਆ ਹੈ। ਪਾਲੀ ਮਾਂਗਟ ਦਾ ਕਹਿਣਾ ਹੈ ਕਿ ਕੁੱਝ ਦਿਨ ਹੋਰ ਇੱਕ ਵੱਡੀ ਪੰਜਾਬੀ ਤੇ ਬਾਲੀਵੁੱਡ ਫ਼ਿਲਮ ਓਸ ਕੋਲ ਆ ਰਹੀ ਹੈ। ਮਤਲਬ ਬੱਲੇ ਹੀ ਬੱਲੇ ਸ਼ਾਵਾ ਹੀ ਸ਼ਾਵਾ।

## ਹੈਦਰ ਸੁਲਤਾਨ ਲਾਲੀਵੁਡ ਤੇ ਮਨਮੋਹਨ ਵਿਗ ਪਾਲੀਵੁੱਡ ਸਟਾਰ



ਤਮੰਨਾ ਪੂਰੀ ਕਰਨ ਲਈ ਮਿਹਨਤ ਨਾਲ ਤਕਦੀਰ ਤੇ ਰੱਬ ਦਾ ਸਾਥ ਜ਼ਰੂਰੀ ਹੈ ਤੇ ਇਹ ਗੱਲ ਪਾਕਸਤਾਨੀ ਪੰਜਾਬੀ ਫ਼ਿਲਮਾਂ ਦੇ ਹੀਰੋ ਹੈਦਰ ਸੁਲਤਾਨ ਆਖਦੇ ਹਨ। ਹੈਦਰ ਸਵਰਗੀ ਸੁਪਰ ਸਟਾਰ ਸੁਲਤਾਨ ਰਾਹੀ ਦੇ ਬੇਟੇ ਹਨ । "ਬਾਬਲ ਵੀਰ" ਓਹਨਾਂ ਦੀ ਹੁਣੇ ਹਿੱਟ ਹੋਈ ਫ਼ਿਲਮ ਏ ਤੇ ਓਹ ਸ਼ਾਨ ਤੇ ਪਿਤਾ ਦੀ ਤਰਾਂ ਸੁਪਰ ਸਟਾਰ ਬਣ ਜਾਣ ਦਿਨ ਰਾਤ ਇੱਕ ਕੀਤਾ ਹੈ ਤੇ ਮਨਮੋਹਨ ਵਿਗ ਜਿਹੜੇ ਐਲਬਮ ਤੇ ਫ਼ਿਲਮ ਕੈਮਰਾਮੈਨ ਨੇ ਨੂੰ "ਯਾਰਾਂ ਦੇ ਯਾਰ" ਦੇ ਨਿਰਦੇਸ਼ਕ ਅਜੇ ਸਿੰਘ ਨੇ ਨਵੀਂ ਫ਼ਿਲਮ ਲਈ ਡੀ ਓ ਪੀ ਲਿਆ ਹੈ। ਹਰਿਆਣੇ ਦਾ ਮਾਣ ਮਨਮੋਹਨ ਵਿਗ ਵੀ ਹੈਦਰ ਸੁਲਤਾਨ ਦੀ ਤਰਾਂ ਤਮੰਨਾ ਪੂਰੀ ਕਰਨ ਲਈ ਦਿਨ ਰਾਤ ਇੱਕ ਕਰ ਰਹੇ ਹਨ। ਹੈਦਰ ਤੇ ਵਿਗ ਲਈ ਦੁਆਵਾਂ ਕਾਮਯਾਬੀ ਦੀਆਂ।

## "ਤਬਾਹੀ ਰਿਲੋਡਡ" ਤੇ ਸੰਕਟ ਕਿਸ ਪਾਇਆ



ਸਾਰੀਆਂ ਤਿਆਰੀਆਂ ਸਨ ਤੇ ਬਲਬੀਰ ਟਾਂਡਾ ਦੀ ਫ਼ਿਲਮ "ਤਬਾਹੀ ਰਿਲੋਡਡ" ਸਿਨੇਮਾ ਘਰਾਂ ਵਿੱਚ ਆ ਰਹੀ ਸੀ ਪਰ ਸੂਤਰਾਂ ਦਾ ਹਵਾਲਾ ਕਾਮਯਾਬ ਹੋ ਗਿਆ ਤੇ ਐਨ ਸਮੇਂ ਤੇ ਇਹ ਫ਼ਿਲਮ ਰਲੀਜ਼ ਨਹੀਂ ਹੋਣੀ ਦੀ ਖ਼ਬਰ ਆਈ। ਆਖਿਰ ਇਹ ਕਿਉਂ ਤੇ ਕਿਵੇਂ ਕੀਤਾ ਗਿਆ। ਫ਼ਿਲਮ ਪੰਜਾਬ ਦੇ ਰਾਜਨੀਤਕ ਸਿਸਟਮ, ਡੇਰੇਵਾਦ ਤੇ ਪੁਲਿਸ ਜਬਰ ਤੇ ਹੋਣ ਕਰ ਕੇ ਕਈਆਂ ਨੂੰ ਚੁੱਭੀ ਕਿ ਜੇਕਰ ਇਹ ਆਈ ਤਾਂ ਸਾਡੇ ਚਿਹਰੇ ਨੰਗੇ ਹੋਣਗੇ। ਜਦ ਸੈਂਸਰ ਬੋਰਡ ਨੇ ਪਾਸ ਕੀਤੀ ਏ ਤਦ ਨਿਰਮਾਤਾਵਾਂ ਦਾ ਨੁਕਸਾਨ ਕਰਨਾ ਠੀਕ ਨਹੀਂ। ਫਿਲਮ ਦੇ ਗਾਣੇ ਹਿਟ ਹਨ ਤੇ ਹੁਣ ਨਿਰਮਾਤਾ ਸਾਰੇ ਪੱਖ ਮੁੱਖ ਰੱਖ ਫਿਲਮ ਰਲੀਜ਼ ਕਰਨ ਲਈ ਸਰਗਰਮ ਹਨ। ਦੇਖੋ ਅੱਗੇ ਅੱਗੇ ਕੀ ਹੁੰਦਾ ਹੈ ? ਪਹਿਲੀ "ਤਬਾਹੀ" ਵੀ ਰੋਕੀ ਗਈ ਸੀ ਪਰ ਆ ਕਿ ਇਹ ਸੁਪਰ ਹਿਟ ਰਹੀ ਸੀ।

## ਮੰਗਤ ਬੱਧਣ ਕਾਮਯਾਬ ਫ਼ਿਲਮੀ ਕੈਮਰਾਮੈਨ



ਫ਼ਿਲਮ ਹੁੰਦੀ ਹੀ ਕੈਮਰਾਮੈਨ ਦੇ ਸਿਰ ਤੇ ਹੈ ਤੇ ਮੰਗਤ ਬੱਧਣ ਨੇ ਖਿਡੌਣੇ ਖੇਡਣ ਵਾਲੀ ਉਮਰ ਵਿੱਚ ਵਿਜੇ ਖੇਪੜ ਨਾਲ ਲਾਈਟ ਤੇ ਕੈਮਰਾ ਵਿਭਾਗ ਵਿੱਚ ਪ੍ਰਵੇਸ਼ ਕੀਤਾ ਸੀ। ਤਾਂ ਹੀ ਚੜ੍ਹਦੀ ਜਵਾਨੀ ਵਿੱਚ ਓਹ ਫ਼ਿਲਮ ਕੈਮਰਾਮੈਨ ਬਣ ਗਿਆ। ਇਸ ਨੂੰ ਸਿਨੇ ਆਟੋ ਗ੍ਰਾਫਰ ਕਿਹਾ ਜਾਂਦਾ ਸੀ। ਮੰਗਤ ਨੇ "ਚੇਲਿੰਜ " ਕਾਲਜ ਕੈਂਪਸ" ਤੇ "ਦਿੱਲੀ ਤੋਂ ਲਹੌਰ" ਫ਼ਿਲਮਜ਼ ਦੀ ਫੋਟੋਗ੍ਰਾਫੀ ਕਰ ਕਿ ਆਪਣੀ ਕਾਬੀਲੀਅਤ ਦਾ ਸਬੂਤ ਦਿੱਤਾ। ਡੀ ਓ ਪੀ ਮੰਗਤ ਅਨੁਸਾਰ ਕੈਮਰਾਮੈਨ ਅੱਧਾ ਨਿਰਦੇਸ਼ਕ ਹੁੰਦਾ ਹੈ। ਓਸ ਨੇ ਜਸ਼ਨ ਤੇ ਨਵ ਬਾਜਵਾ ਨਾਲ "ਚੰਨ ਤਾਰਾ" ਫ਼ਿਲਮ ਦੀ ਫੋਟੋਗ੍ਰਾਫੀ ਵੀ ਕੀਤੀ ਹੈ। ਮੰਗਤ ਅਨੁਸਾਰ ਵਿਨੀਤ ਅਟਵਾਲ ਤੇ ਸਤਨਾਮ ਦੀ "ਕਰਜ਼ਾ" ਓਹ ਕਰ ਰਿਹਾ ਹੈ, ਵੈੱਬ ਸੀਰੀਜ਼ ਹਨ ਤੇ ਓਹ ਇੱਕ ਦਿਨ ਬਾਲੀਵੁੱਡ ਫ਼ਿਲਮਜ਼ ਤੱਕ ਡਾਇਰੈਕਟਰ ਆਫ ਫੋਟੋਗ੍ਰਾਫੀ ਬਣ ਚਮਕਣ ਦੇ ਇਰਾਦੇ ਰੱਖਦਾ ਹੈ। ਬਲਬੀਰ ਬੇਗ਼ਮਪੁਰੀ ਤੋਂ ਓਸ ਨੇ ਬਹੁਤ ਕੁੱਝ ਸਿੱਖਿਆ ਹੈ।

## ਸੁਖਪਾਲ ਸੁੱਖ ਦੇ ਸੰਗੀਤ ਵਿੱਚ ਅੱਜ ਵੀ ਤਾਜ਼ਗੀ



ਜਦ ਚਰਨਜੀਤ ਆਹੂਜਾ,ਅਤੁਲ ਸ਼ਰਮਾ, ਸੁਰਿੰਦਰ ਬਚਨ ਸੰਗੀਤਕਾਰ ਬਣ ਛਾਏ ਹੋਏ ਸਨ ਤਦ ਸੁਖਪਾਲ ਸੁੱਖ ਦੀ ਆਮਦ ਨੇ ਨਵਾਂ ਪੰਜਾਬੀ ਸੰਗੀਤ ਇਤਿਹਾਸ ਲਿਖ ਦਿੱਤਾ। ਸਰਬਜੀਤ ਚੀਮਾ ਤੋਂ ਫ਼ਿਲਮਜ਼ ਤੱਕ ਸਫ਼ਲ ਸੰਗੀਤ ਦੇਣ ਵਾਲੇ ਸੁਖਪਾਲ ਸਬੰਧੀ ਨਾਇਕਾ ਨੀਨਾ ਸਿੱਧੂ ਬੁੰਦੇਲ ਨੇ ਕਿਹਾ ਸੀ ਕਿ ਸੁੱਖ ਲੰਬਾ ਸਮਾਂ ਚਲਣਗੇ।ਅੱਜ ਵੀ ਸੁੱਖ ਕੋਲ ਬਹੁਤ ਗਾਇਕ,ਟਰੈਕ ਤੇ ਫ਼ਿਲਮੀ ਸੰਗੀਤ ਹੈ। ਸਦਬਹਾਰ ਸੰਗੀਤ ਦਾ ਨਾਮ ਹੀ ਸੁਖਪਾਲ ਸੁੱਖ ਹੈ ਤੇ ਵੈੱਬ ਸੀਰੀਜ਼ ਤੱਕ ਦਾ ਸੰਗੀਤ ਵੀ ਓਹ ਤਿਆਰ ਕਰ ਰਹੇ ਹਨ। ਇਹੀ ਨਹੀਂ ਓਹ ਆਧੁਨਿਕ ਤਕਨੀਕ ਨਾਲ ਸੰਗੀਤ ਦੇ ਰਹੇ ਹਨ। ਸੁੱਖ ਰਹੀ ਤਾਂ ਸੁਖਪਾਲ ਸੁੱਖ ਜਲਦੀ ਅਜਿਹੇ ਗੀਤ ਸੰਗੀਤਬੱਧ ਕਰ ਦੇਣਗੇ ਜਿਹੜੇ "ਰੰਗ ਰਾਰਾ ਰੀਰੀ" ਦੀ ਤਰਾਂ ਖ਼ੂਬ ਚਲਣਗੇ।

## "ਸੜ ਸੜ ਮਰਦੇ" ਦਲਜੀਤ ਚਾਹਲ ਦੀ ਗਾਇਕੀ/ਜੋਧਬੀਰ ਚਾਹਲ ਦੀ ਪੇਸ਼ਕਾਰੀ

ਜੋਧਬੀਰ ਚਾਹਲ ਨੌਜਵਾਨ ਗੀਤਕਾਰ ਹੈ



ਤੇ ਕਲਮ ਦੇ ਨਾਲ ਹੀ ਸੰਗੀਤਕ ਵਲਵਲੇ ਦਿਲ ਦਿਮਾਗ ਵਿੱਚ ਹਨ ਤੇ ਲਿਹਾਜ਼ਾ ਓਸ ਨੇ ਨੌਜਵਾਨ ਗਾਇਕ ਦਲਜੀਤ ਚਾਹਲ ਦਾ ਜਿਹੜਾ ਗਾਣਾ "ਸੜ ਸੜ ਮਰਦੇ" ਕੱਢਿਆ ਓਸ ਨੂੰ ਖ਼ੂਬ ਚਰਚਾ ਮਿਲੀ। ਪੇਂਡੂ ਮਾਫੀਆ ਰਿਕਾਰਡਜ਼ ਨੇ ਲਾਭ ਦਲਜੀਤ ਚਾਹਲ ਨੂੰ ਗਾਇਕ ਬਣ ਤੇ ਜੋਧ ਬੀਰ ਨੂੰ ਸੰਗੀਤਕਾਰ ਵਜੋਂ ਦਿੱਤਾ ਕਿ ਅੱਜ ਜੱਗੀ ਕਾਦੀਆਂ ਜਿਹੇ ਸੰਗੀਤ ਪੇਸ਼ਕਾਰ ਦੋਵਾਂ ਦੇ ਕੰਮ ਤੋਂ ਸੰਤੁਸ਼ਟ ਹਨ। ਪਾਰਥ ਗੁਪਤਾ ਤੇ ਗੁਰਦਾਸ ਦੇ ਸ਼ੁਕਰਗੁਜਾਰ ਦਲਜੀਤ ਤੇ ਜੋਧਬੀਰ ਚਾਹਲ ਆਓਣ ਵਾਲੇ ਸਮੇਂ ਵਿੱਚ ਪੰਜਾਬੀ ਗਾਇਕੀ ਤੇ ਸੰਗੀਤ ਵਿੱਚ ਖਾਸ ਕਲਾਕਾਰ ਬਣ ਜਾਣਗੇ ਲੱਗਦਾ ਹੈ। "ਸੜ ਸੜ ਮਰਦੇ" ਵਾਲੀ ਆਸ਼ਿਮਾ ਕੰਵਰ ਵੀ ਕਹਿੰਦੀ ਏ ਕਿ ਚਾਹਲ ਦੋਵੇਂ ਭਵਿੱਖ ਦੇ ਸਟਾਰ ਹਨ।

-ਅੰਮ੍ਰਿਤ ਪਵਾਰ

# ਵਿਸਾਖੀ ਮੇਲੇ ਦੀ ਇੱਕ ਯਾਦ

ਇਹ ਗੱਲ ਕਰੀਬ 50 ਸਾਲ ਪੁਰਾਣੀ ਹੈ। ਅਸੀਂ ਉਦੋਂ ਗੋਨਿਆਨਾ ਮੰਡੀ (ਬਠਿੰਡਾ) ਵਿਖੇ ਰਹਿੰਦੇ ਸਾਂ। ਪਿਤਾ ਜੀ ਸਰਕਾਰੀ ਸਕੂਲ ਵਿੱਚ ਅਧਿਆਪਕ ਸਨ। ਮੈਂ ਚੌਥੀ ਜਮਾਤ ਵਿੱਚ ਅਤੇ ਮੇਰਾ ਭਰਾ ਪੰਜਵੀਂ ਵਿੱਚ ਪੜ੍ਹਦੇ ਸਾਂ। ਮੇਰੇ ਪਿਤਾ ਹਰ ਸਾਲ ਵਿਸਾਖੀ ਦੇ ਮੇਲੇ ਤੇ ਤਖ਼ਤ ਸ਼੍ਰੀ ਦਮਦਮਾ ਸਾਹਿਬ ਸੇਵਾ ਲਈ ਜਾਂਦੇ ਸਨ। ਉਹ ਆਪਣੇ ਨਾਲ ਸਾਨੂੰ, ਪਰਿਵਾਰ ਦੇ ਮੈਂਬਰਾਂ ਨੂੰ, ਵੀ ਲੈ ਕੇ ਜਾਂਦੇ ਸਨ। ਉਨ੍ਹੀਂ ਦਿਨੀਂ ਪਿੰਡਾਂ ਤੋਂ ਲੋਕੀਂ ਸਾਈਕਲਾਂ ਤੇ ? ਮੇਲੇ ਆਇਆ ਕਰਦੇ ਸਨ। ਸਾਈਕਲ ਸੰਭਾਲਣ ਦੀ ਸੇਵਾ ਪਿਤਾ ਜੀ ਕਰਦੇ। ਉਨ੍ਹਾਂ ਦਾ ਨਾਂ ਵੀ ਸ਼੍ਰੋਮਣੀ ਕਮੇਟੀ ਦੇ ਇਸ਼ਤਿਹਾਰਾਂ ਵਿੱਚ ਲਿਖਿਆ ਹੁੰਦਾ ਸੀ। ਅਸੀਂ ਤਿੰਨ ਉਥੇ ਰੁਕਦੇ। ਨਾਲੇ ਦਰਸ਼ਨ ਇਸ਼ਨਾਨ ਕਰਦੇ, ਨਾਲੇ ਸੇਵਾ। ਯਾਨੀ ਨਾਲੇ ਪੁੰਨ ਨਾਲੇ ਫ਼ਲੀਆਂ। ਪਿਤਾ ਜੀ ਨੇ ਆਪਣਾ ਲਿਖਿਆ ਗੁਰੂ ਗੋਬਿੰਦ ਸਿੰਘ ਜੀ ਬਾਰੇ ਇੱਕ ਭਾਸ਼ਣ ਸਾਨੂੰ ਤਿਆਰ ਕਰਵਾਇਆ ਸੀ। ਇਹ ਭਾਸ਼ਣ ਅਸੀਂ ਇਥੇ ਤਖ਼ਤ ਸਾਹਿਬ ਵਿਖੇ ਹੋਣ ਵਾਲੇ ਸਮਾਗਮ ਵਿੱਚ ਪੜ੍ਹਿਆ ਕਰਦੇ ਸਾਂ। ਪਰ ਸਮਾਂ ਲੈਣ ਲਈ ਬਹੁਤ ਮਿਹਨਤ ਕਰਨੀ ਪੈਂਦੀ। ਪਿਤਾ ਜੀ ਹੀ ਸਾਨੂੰ ਸਮਾਂ ਲੈ ਕੇ ਦਿੰਦੇ ਸਨ।

ਸਾਡਾ ਭਾਸ਼ਣ ਪੜ੍ਹਨ ਦਾ ਤਰੀਕਾ ਬਿਲਕੁਲ ਨਵਾਂ ਤੇ ਵੱਖਰਾ ਸੀ। ਇਸਦੀ ਇੱਕ ਪੰਕਤੀ ਮੈਂ ਤੇ ਅਗਲੀ ਪੰਕਤੀ ਮੇਰਾ ਭਰਾ ਪੜ੍ਹਦਾ। ਜ਼ਬਾਨੀ ਯਾਦ ਕੀਤੇ ਇਸ ਭਾਸ਼ਣ ਨੂੰ ਅਸੀਂ ਵਿਸ਼ੇਸ਼ ਸੰਕੇਤਾਂ/ਇਸ਼ਾਰਿਆਂ ਦੀ ਮਦਦ ਨਾਲ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ। ਵਿੱਚ-ਵਿੱਚ ਕਵਿਤਾ ਦੀਆਂ ਪੰਕਤੀਆਂ ਨੂੰ ਅਸੀਂ ਗਾ ਕੇ ਅਤੇ ਇਕੱਠੇ ਸੁਰਤਾਲ ਨਾਲ ਸੁਣਾਉਂਦੇ। ਪੰਜ ਤੋਂ ਸੱਤ ਮਿੰਟ ਦੇ ਇਸ ਭਾਸ਼ਣ ਨੂੰ ਸੰਗਤਾਂ ਇਕਾਗਰਚਿੱਤ ਅਤੇ ਅਚੰਭੇ ਨਾਲ ਸੁਣਦੀਆਂ। ਛੋਟੀ ਉਮਰ ਦੇ ਬੱਚਿਆਂ ਵੱਲੋਂ ਬਿਨਾਂ ਝਿਜਕੇ, ਬਿਨਾਂ ਡੋਲਿਆਂ, ਬਿਨਾਂ ਭੁੱਲਿਆਂ ਪੇਸ਼ ਕੀਤਾ ਇਹ ਭਾਸ਼ਣ ਸੰਗਤ ਉੱਤੇ ਜਾਦੂਈ ਅਸਰ ਪਾਉਂਦਾ ਤੇ ਉਹ ਇਨਾਮ ਵਜੋਂ ਨੋਟਾਂ ਦਾ ਮੀਂਹ ਵਰ੍ਹਾ ਦਿੰਦੇ।



ਨੋਟ ਤਾਂ ਭਾਵੇਂ ਉਦੋਂ ਦੋ-ਦੋ, ਪੰਜ-ਪੰਜ ਦੇ ਹੀ ਹੁੰਦੇ ਸਨ, ਕਦੇ ਕੋਈ ਪੰਜਾਹ ਜਾਂ ਸੌ ਦਾ ਨੋਟ ਵੀ ਇਨਾਮ ਵਜੋਂ ਦੇ ਦਿੰਦਾ। ਪਿਤਾ ਜੀ ਨੇ ਬਚਪਨ ਵਿੱਚ ਲੈਕਚਰ (ਭਾਸ਼ਣਬਾਜ਼ੀ) ਦੇ ਅਜਿਹੇ ਗੁਣ ਭਰੇ ਕਿ ਮੈਂ ਆਗਾਮੀ ਜੀਵਨ ਵਿੱਚ ਕਾਲਜ ਲੈਕਚਰਾਰ ਬਣਿਆ ਅਤੇ ਪਿੱਛੋਂ ਇੱਕ ਯੂਨੀਵਰਸਿਟੀ ਵਿੱਚ ਵੀ ਸਹਿ-ਪ੍ਰੋਫ਼ੈਸਰ ਵਜੋਂ ਸੇਵਾ ਨਿਭਾਈ। ਅੱਜ ਵੀ ਜਦੋਂ ਵਿਸਾਖੀ ਦਾ ਤਿਉਹਾਰ ਆਉਂਦਾ ਹੈ, ਤਾਂ ਮੈਨੂੰ ਇਹ ਘਟਨਾ ਸ਼ਿੱਦਤ ਨਾਲ ਯਾਦ ਆਉਂਦੀ ਹੈ, ਜਿਸਨੂੰ ਹੁਣ ਮੈਂ ਆਪਣੇ ਪਰਿਵਾਰ (ਪਤਨੀ ਤੇ ਬੇਟੀ) ਨਾਲ ਸਾਂਝੀ ਕਰਕੇ ਪੁਰਾਣੇ ਸਮੇਂ ਵਿੱਚ ਪਹੁੰਚ ਜਾਂਦਾ ਹਾਂ।

ਪ੍ਰੋ. ਨਵ ਸੰਗੀਤ ਸਿੰਘ

# ਨਿੱਜੀ ਵਿੱਦਿਅਕ ਅਦਾਰਿਆਂ ਤੇ ਸਰਕਾਰਾਂ ਮਿਹਰਬਾਨ

**ਡਾ. ਅਮਨਪ੍ਰੀਤ ਸਿੰਘ ਬਰਾੜ**
9653790000



ਅੱਜ ਤਕਰੀਬਨ ਚਾਰ ਸਾਲ ਹੋਣ ਵਾਲੇ ਹਨ ਨਵੀਂ ਸਿੱਖਿਆ ਨੀਤੀ ਆਈ ਨੂੰ, ਪਰ ਇਸ ਨਾਲ ਪੜ੍ਹਾਈ ਵਿੱਚ ਤਾਂ ਕੋਈ ਬਹੁਤਾ ਸੁਧਾਰ ਆਇਆ ਨਹੀਂ ਲੱਗਦਾ। ਇਹ ਗੱਲ ਜ਼ਰੂਰ ਹੈ ਕਿ ਇਸ ਨੂੰ ਲਾਗੂ ਕਰਨ ਲਈ ਮਾਪਿਆ ਤੇ ਵੱਡਾ ਆਰਥਿਕ ਬੋਝ ਪੈ ਗਿਆ ਹੈ ਕਿਤਾਬਾਂ, ਵਰਦੀਆਂ ਅਤੇ ਫੀਸਾਂ ਦੇ ਰੂਪ ਵਿੱਚ। ਹੈਰਾਨੀ ਜਨਕ ਗੱਲ ਹੈ ਕਿ 34 ਸਾਲਾਂ ਬਾਅਦ ਇਸ ਨੀਤੀ ਵਿੱਚ ਅਧਿਆਪਕਾਂ ਨੂੰ ਕੋਈ ਸਥਾਨ ਨਹੀਂ ਮਿਲਿਆ। ਇਸ ਨੂੰ ਲਾਗੂ ਇਮਾਰਤਾਂ, ਕਿਤਾਬਾਂ, ਵਰਦੀਆਂ ਨੇ ਨਹੀਂ ਕਰਨਾ ਬਲਕਿ ਅਧਿਆਪਕਾਂ ਨੇ ਕਰਨਾ ਹੈ। ਅੱਜ ਹਾਲਾਤ ਇਹ ਹਨ ਕਿ ਇੱਕ ਅਧਿਆਪਕ ਆਪਣੇ ਬੱਚੇ ਨੂੰ ਅਧਿਆਪਕ ਬਣਾਉਣਾ ਨਹੀਂ ਚਾਹੁੰਦਾ। ਇਹਨਾਂ ਹਾਲਾਤਾਂ ਲਈ ਸਿੱਖਿਆ ਦਾ ਨਿੱਜੀਕਰਨ ਜਿੰਮੇਵਾਰ ਹੈ। ਅੱਜ ਸਿੱਖਿਆ ਦੇ ਵਿੱਚ ਸਕੂਲ ਤੋਂ ਲੈ ਕਿ ਕਾਲਜ਼, ਯੂਨੀਵਰਸਟੀਆਂ ਵਿੱਚ ਨਿੱਜੀ ਸਿਖਿੱਆ ਅਦਾਰਿਆਂ ਦਾ ਬੋਲ ਬਾਲਾ ਹੈ। ਸਰਕਾਰਾਂ ਆਪਣੇ ਅਧਾਰਿਆਂ ਨੂੰ ਹੋਲੀ-ਹੋਲੀ ਘਟਾਉਣ ਅਤੇ ਬੰਦ ਕਰਨ ਦੀ ਨੀਤੀ ਅਪਨਾ ਰਹੀਆਂ ਹਨ।

**ਨਿੱਜੀ ਸਕੂਲ:-** ਹਾਲਾਂਕਿ ਹਰ ਸੂਬੇ ਵਿੱਚ ਸੂਬਾ ਸਿੱਖਿਆ ਵਿਭਾਗ ਹੈ ਅਤੇ ਉਸਦੇ ਹੇਠ ਸਰਕਾਰੀ ਅਤੇ ਨਿੱਜੀ ਸਕੂਲ ਆਉਂਦੇ ਹਨ। ਵਿਭਾਗ ਵੇਲੇ ਕੁਵਲੇ ਚਿੱਠੀ ਕੱਢਦਾ ਹੈ ਪਰ ਅਸਰ ਕੁੱਝ ਨਹੀਂ ਹੁੰਦਾ। ਅੱਜ ਸੂਬਿਆਂ ਦੇ ਸਰਕਾਰੀ ਸਕੂਲਾਂ ਦੀ ਹਾਲਤ ਐਨੀ ਪਤਲੀ ਹੈ ਕਿ ਨਾਂ ਤਾਂ ਉਹਨਾਂ ਵਿੱਚ ਆਧੁਨਿਕ ਕਲਾਸ ਰੂਮ ਹਨ ਨਾਂ ਹੀ ਬਣਾਉਣ ਲਈ ਕਸ਼ਮਤਾ ਹੈ। ਇਮਾਰਤਾਂ ਖਸਤਾ ਹਾਲਤ ਵਿੱਚ ਹਨ ਅਤੇ ਪੜਾਉਣ ਲਈ ਅਧਿਆਪਕ ਨਹੀ ਹਨ। ਪੰਜਾਬ ਦੀ ਗੱਲ ਕਰੀਏ ਤਾਂ ਇਸ ਵੇਲੇ ਪੰਜਾਬ ਵਿੱਚ ਤਕਰੀਬਨ 19262 ਸਕੂਲ ਹਨ ਜਿਹਨਾਂ ਵਿਚੋਂ 12880 ਸਕੂਲ ਪ੍ਰਾਈਮਰੀ ਹਨ। ਹੈਰਾਨੀ ਜਨਕ ਖੁਲਾਸੇ ਕੀਤੇ ਪਿਛੇ ਜਿਹੇ ਆਈ "ਨੈਸ਼ਨਲ ਅਚੀਵਮੈਂਟ ਸਰਵੇ" ਰਿਪੋਰਟ ਨੇ। ਰਿਪੋਰਟ ਅਨੁਸਾਰ ਤੀਜੀ ਤੋਂ ਅੱਠਵੀਂ ਤੱਕ ਜਮਾਤ ਦੇ ਵਿਦਿਆਰਥੀਆਂ ਵਿਚੋਂ 50 ਫੀਸਦੀ ਪੰਜਾਬੀ ਅਤੇ 75 ਫੀਸਦੀ ਅੰਗਰੇਜ਼ੀ ਪੜ੍ਹਨ ਦੇ ਅਸਮਰਥ ਸਨ। ਵਿਚਾਰਨ ਦੀ ਗੱਲ ਹੈ ਕਿ ਦੋ ਭਾਸ਼ਾਵਾਂ ਇੱਕ ਪੰਜਾਬ ਦੀ ਮਾਂ ਬੋਲੀ ਦੂਜੀ ਅੰਤਰਾਸ਼ਟਰੀ ਭਾਸ਼ਾ ਜੇ ਵਿਦਿਆਰਥੀ ਇਹਨਾਂ ਨੂੰ ਹੀ ਚੰਗੀ ਤਰ੍ਹਾਂ ਨਾਲ ਪੜ੍ਹ ਲਿਖ ਨਹੀਂ ਸਕਦਾ ਤਾਂ ਫੇਰ ਉਸਦੀ ਪੜ੍ਹਾਈ (ਜਿਸ ਵਿੱਚ ਅੱਠ ਸਾਲ ਬਰਬਾਦ ਹੋਏ) ਕਿਸ ਕੰਮ ਦੀ? ਸਰਕਾਰੀ ਸਕੂਲਾਂ ਦੇ ਹਾਲਾਤ ਇਹ ਹਨ ਕਿ ਅਗਸਤ 2022 ਵਿੱਚ 400 ਸਕੂਲਾਂ ਵਿੱਚ ਇੱਕ ਵੀ ਅਧਿਆਪਕ ਨਹੀਂ ਸੀ ਅਤੇ 1600 ਸਕੂਲ ਸਿਰਫ ਇੱਕ ਅਧਿਆਪਕ ਨਾਲ ਚੱਲ ਰਹੇ ਸਨ। ਮਾਨਯੋਗ ਪੰਜਾਬ ਦੇ ਸਿੱਖਿਆ ਮੰਤਰੀ ਦੇ 30 ਨਵੰਬਰ 2023 ਨੂੰ ਵਿਧਾਨ ਸਭਾ ਵਿੱਚ ਦਿੱਤੇ ਬਿਆਨ ਮੁਤਾਬਕ 600 ਦੇ ਕਰੀਬ ਸਕੂਲਾਂ ਵਿੱਚ ਇੱਕ ਅਧਿਆਪਕ ਹੈ। ਉਹਨਾਂ ਅੱਗੇ ਕਿਹਾ ਮਾਰਚ 2024 ਵਿੱਚ ਕੋਈ ਵੀ ਸਕੂਲ ਬਿਨਾਂ ਅਧਿਆਪਕ ਤੋਂ ਨਹੀਂ ਹੋਵੇਗਾ। ਸਵਾਲ ਇਹ ਹੈ ਕਿ ਇਹ ਨੰਬਰ ਸਕੂਲ ਬੰਦ ਕਰਕੇ ਘਟਾਏ ਗਏ ਹਨ ਜਾਂ ਫਿਰ ਨਵੇਂ ਅਧਿਆਪਕ ਭਰਤੀ ਕਰਕੇ। ਸੁਣਨ ਵਿੱਚ ਆਇਆ ਹੈ ਕਿ ਜਿਥੇ ਵਿਦਿਆਰਥੀਆਂ ਦੀ ਭਰਤੀ ਘੱਟ ਹੈ ਉਹਨਾਂ ਸਕੂਲਾਂ ਨੂੰ ਬੰਦ ਕਰਕੇ ਅਧਿਆਪਕ ਦੂਜੇ ਸਕੂਲਾਂ ਵਿੱਚ ਭੇਜੇ ਗਏ ਹਨ। ਇਸ ਸਭ ਦੇ ਬਾਵਜੂਦ ਵਿਭਾਗ ਦੀ ਕੁਸ਼ਲਤਾ ਵੇਖੋ ਮੁੱਖ ਅਧਿਆਪਕਾਂ ਦੇ ਨਤੀਜੇ ਭੇਜਣ ਤੋਂ ਪਹਿਲਾਂ ਹੀ ਪੋਰਟਲ ਤੇ ਨਤੀਜਾ 100 ਫੀਸਦੀ ਪਾ ਦਿੱਤਾ। ਜਿਹੜੇ ਵਿਦਿਆਰਥੀ ਸਕੂਲ ਵਿੱਚੋਂ ਗੈਰ ਹਾਜ਼ਰ ਰਹੇ ਉਹਨਾਂ ਨੂੰ ਵੀ ਉਪਰਲੀ ਕਲਾਸ ਵਿੱਚ ਭੇਜ ਦਿੱਤਾ। ਏਥੇ ਹੀ ਬੱਸ ਨਹੀਂ ਇਹ ਵੀ ਹੁਕਮ ਕਰ ਦਿੱਤਾ ਕਿ ਪਰੀ ਨਰਸਰੀ ਜਾਂ ਨਰਸਰੀ ਵਾਲੇ ਬੱਚਿਆਂ ਨੂੰ ਸਕੂਲ ਅਧਿਆਪਕ ਆਪਣੇ ਲੇਵਲ ਤੇ ਰਿਟੇਨ ਕਰ ਲੈਣ।

ਇਸ ਸਭ ਦਾ ਫਾਇਦਾ ਸਿੱਧਾ ਨਿੱਜੀ ਸਕੂਲਾਂ ਨੂੰ ਹੁੰਦਾ ਹੈ। ਅੱਜ ਨਿੱਜੀ ਸਕੂਲ ਪਿੰਡਾਂ ਵਿੱਚ ਵੀ ਖੁੱਲ੍ਹ ਚੱਕੇ ਹਨ ਪਰ ਪੜ੍ਹਾਈ ਦਾ ਮਿਆਰ ਉੱਥੇ ਸ਼ਹਿਰੀ ਸਕੂਲਾਂ ਵਰਗਾ ਨਹੀਂ ਪਰ ਕਈ ਜਗ੍ਹਾ ਸਰਕਾਰੀ ਸਕੂਲਾਂ ਨਾਲੋਂ ਉੱਚਾ ਹੈ। ਹੈਰਾਨੀ ਦੀ ਗੱਲ ਹੈ ਕਿ ਸਰਕਾਰੀ ਅਧਿਆਪਕ ਜੋ 70-80 ਹਜ਼ਾਰ ਤਨਖਾਹ ਲੈਂਦਾ ਹੈ ਆਪਣਾ ਬੱਚਾ ਪ੍ਰਾਈਵੇਟ ਜਿੱਥੇ 20 ਹਜ਼ਾਰ ਤਨਖਾਹ ਲੈਣ ਵਾਲਾ ਅਧਿਆਪਕ ਪੜਾਉਂਦਾ ਹੈ ਉਥੇ ਫੀਸ ਦੇ ਕੇ ਭੇਜਦਾ ਹੈ। ਇਥੋਂ ਸ਼ੁਰੂ ਹੁੰਦਾ ਹੈ ਮਾਪਿਆ ਦਾ ਸ਼ੋਸ਼ਨ! ਅੱਜ ਨਿੱਜੀ ਸਕੂਲਾਂ ਨੂੰ ਖੁੱਲ੍ਹ ਹੈ ਕਿ ਹਰ ਸਾਲ ਉਹ 8 ਫੀਸਦੀ ਤੱਕ ਦੀ ਦਰ ਨਾਲ ਫੀਸ ਵਧਾ ਸਕਦੇ ਹਨ। ਜੇ ਮਹਿੰਗਾਈ ਉਹਨਾਂ ਲਈ ਵੱਧਦੀ ਹੈ ਤਾਂ ਸਭ ਲਈ ਵੱਧ ਰਹੀ ਹੈ। ਪੰਜਾਬ ਦੀ ਅੱਧੀ ਅਬਾਦੀ ਖੇਤੀ ਤੇ ਨਿਰਭਰ ਕਰਦੀ ਹੈ। 8 ਫੀਸਦੀ ਨਾਲ ਨਾਂ ਤਾਂ ਕਿਸਾਨ ਦੀ ਆਮਦਨ ਵੱਧਦੀ ਹੈ ਨਾਂ ਹੀ ਮਜ਼ਦੂਰ ਦੀ ਦਿਹਾੜੀ। ਉੱਧਰ ਆਮ ਲੋਕ ਜੋ ਨਿੱਜੀ ਨੌਕਰੀ ਕਰਦੇ ਹਨ ਉਹਨਾਂ ਦੀ ਦਿਹਾੜੀ ਵੀ ਨਹੀਂ ਵੱਧਦੀ। ਇਥੋਂ ਤੱਕ ਕੇ ਇਹਨਾਂ ਨਿੱਜੀ ਸਕੂਲਾਂ ਵਿੱਚ ਕੰਮ ਕਰਨ ਵਾਲੇ ਅਧਿਆਪਕਾਂ ਦੀ ਤਨਖਾਹ ਵੀ 8 ਫੀਸਦੀ ਨਾਲ ਨਹੀਂ ਵੱਧਦੀ। ਫੇਰ ਨਿੱਜੀ ਸਕੂਲਾਂ ਨੂੰ ਇਹ ਖੁੱਲ ਕਿਉਂ, ਕੀ ਹੈ ਸਰਕਾਰ ਦੀ ਮਜ਼ਬੂਰੀ?

ਜ਼ਿਕਰ ਯੋਗ ਹੈ ਕਿ ਸਰਕਾਰ ਨੂੰ ਸਹੂਲਤਾਂ ਦੇ ਅਧਾਰ ਤੇ ਮੁੱਡਲੀ ਫੀਸ ਤਹਿ ਕਰਨੀ ਚਾਹੀਦੀ ਹੈ। ਇਸ ਵਿੱਚ ਬੁਨਿਆਦੀ ਢਾਂਚਾ ਕਿਹੋ ਜਿਹਾ ਹੈ, ਸਹਾਇਕ ਸਟਾਫ ਕਿੰਨਾ ਹੈ ਜੋ ਬੱਚਿਆ ਦੀ ਦੇਖ ਭਾਲ ਕਰ ਸਕੇ ਅਤੇ ਅਧਿਆਪਕਾਂ ਦਾ ਤਜੁਰਬਾ ਕੀ ਹੈ ਤੇ ਉਹਨਾਂ ਦਾ ਵੇਤਨ ਕਿੰਨਾ ਹੈ। ਇਸ ਬੇਸ ਟਿਊਸ਼ਨ ਫੀਸ ਦੇ ਨਾਲ ਕੰਪਿਊਟਰ ਫੀਸ, ਪ੍ਰਯੋਗਸ਼ਾਲਾ ਦੇ ਖਰਚੇ ਕਿੰਨੇ ਹਨ ਅਤੇ ਉਹਨਾਂ ਦੀ ਵਰਤੋਂ ਕਿਵੇਂ ਹੋ ਰਹੀ ਹੈ। ਇਹਨਾਂ ਖਰਚਿਆਂ ਨੂੰ ਟਿਊਸ਼ਨ ਫੀਸ ਵਿੱਚ ਹੀ ਗਿਣਨਾ ਚਾਹੀਦਾ ਹੈ ਕਿਉਂ ਕਿ ਇਹ ਤਾਂ ਪੜ੍ਹਾਈ ਦਾ ਹਿਸਾ ਹਨ। ਫੀਸ ਦਾ ਵਾਧਾ ਵੀ ਬੇਸ ਅਧਾਰ ਤੇ ਹੀ ਹੋਣਾ ਚਾਹੀਦਾ ਹੈ ਜਿਵੇਂ ਮੁਲਾਜਮਾਂ ਦੀ ਬੇਸ ਤਨਖਾਹ ਤੇ ਵਾਧਾ ਹੁੰਦਾ ਹੈ।

**ਕਿਤਾਬਾਂ:** ਅੱਜ ਤੁਸੀਂ ਦੇਖੋਗੇ ਕਿ ਸਕੂਲ ਤਾਂ ਕਿਤਾਬਾਂ ਨਹੀਂ ਦਿੰਦੇ ਪਰ ਕਿਤਾਬਾਂ ਦੀ ਲਿਸਟ ਦੇ ਦਿੰਦੇ ਹਨ। ਜਿਹੜੀਆਂ ਕਿਤਾਬਾਂ ਦੱਸੀਆ ਜਾਂਦੀਆ ਹਨ ਉਹ ਆਮ ਦੁਕਾਨਾਂ ਤੋਂ ਮਿਲਦੀਆਂ ਹੀ ਨਹੀ। ਹਰ ਸਕੂਲ ਦੀ ਕਿਤਾਬ ਕਿਸੇ ਖਾਸ ਦੁਕਾਨਦਾਰ ਤੋਂ ਹੀ ਮਿਲਦੀ ਹੈ। ਉਹ ਪੈਸੇ ਸਕੂਲ ਤੋਂ ਵੀ ਵੱਧ ਲਾਉਂਦਾ ਹੈ ਅਤੇ ਧੱਕੇ ਨਾਲ ਸਟੇਸ਼ਨਰੀ ਅਤੇ ਕਾਪੀਆਂ ਵੀ ਚੁਕਾਉਂਦਾ ਹੈ। ਗੱਲ ਤਾਂ ਸੋਚਣ ਵਾਲੀ ਹੈ ਕਿ ਨਰਸਰੀ ਤੋਂ ਪੰਜਵੀ ਤੱਕ ਐਨ ਸੀ ਈ ਆਰ ਟੀ ਨਹੀਂ ਆਉਂਦੀ ਉੱਥੇ ਕਿਉਂ ਨਹੀ ਜਿਸ ਬੋਰਡ ਨਾਲ ਸਕੂਲ ਸੰਬੰਧਿਤ ਹਨ ਉਹ ਬੋਰਡ ਹੀ ਕਿਤਾਬਾਂ ਦੀ ਲਿਸਟ ਜਾਰੀ ਕਰਨ ਅਤੇ ਹਰ ਵਿਸ਼ੇ ਦੀਆਂ ਦੋ ਤੋਂ ਤਿੰਨ ਕਿਤਾਬਾਂ ਅਲੱਗ-ਅਲੱਗ ਪਬਲਿਸ਼ਰ ਦੀਆਂ ਸਿਫਾਰਿਸ਼ ਕਰਨ। ਸਕੂਲ ਉਹਨਾਂ ਵਿੱਚੋਂ ਹੀ ਚੁਣੇ ਅਤੇ ਲਗਵਾਏ। ਉਹ ਲਿਸਟ ਬੋਰਡ ਦੀ ਵੈਬਸਾਈਟ ਤੇ ਹੋਵੇ ਤਾਂ ਕਿ ਕਿਤਾਬਾਂ ਵੇਚਣ ਵਾਲੇ ਦੁਕਾਨਦਾਰ ਉਹ ਕਿਤਾਬਾਂ ਰੱਖ ਕਿ ਵੇਚ ਸਕਣ, ਮੁਕਾਬਲਾ ਵੱਧੇਗਾ ਤਾਂ ਕਮਿਸ਼ਨ ਘੱਟੇਗਾ। ਇਸੇ ਤਰ੍ਹਾਂ ਛੇਵੀਂ ਤੋਂ ਐਨ. ਸੀ. ਈ. ਆਰ. ਟੀ ਦੀਆਂ ਕਿਤਾਬਾਂ ਲੱਗ ਜਾਂਦੀਆਂ ਹਨ ਪਰ ਅੰਗਰੇਜੀ, ਪੰਜਾਬੀ, ਹਿੰਦੀ ਦੀਆਂ ਕਿਤਾਬਾਂ ਐਨ ਸੀ ਈ ਆਰ ਟੀ ਦੀਆਂ ਨਹੀ ਆਉਂਦੀਆਂ। ਪ੍ਰਾਈਵੇਟ ਸਕੂਲ ਇਹਨਾਂ ਵਿਸ਼ਿਆਂ ਵਿੱਚ ਮਹਿੰਗੀ ਤੋਂ ਮਹਿੰਗੀ ਕਿਤਾਬ ਲਗਵਾਉਂਦੇ ਹਨ। ਕਿਤਾਬ ਦਾ ਰੇਟ ਇਹਨਾਂ ਵੱਧ ਹੁੰਦਾ ਹੈ ਕਿ ਹਰ ਕੋਈ ਦੁਕਾਨਦਾਰ ਉਸਨੂੰ ਰੱਖਦਾ ਹੀ ਨਹੀਂ। ਇਹ ਮਾਪਿਆਂ ਦੀ ਵੀ ਪਹੁੰਚ ਤੋਂ ਬਾਹਰ ਹੁੰਦੀਆ ਹਨ। ਕੀ ਇਹ ਧੱਕਾ ਨਹੀਂ?

**ਵਰਦੀਆਂ:-** ਵਰਦੀਆਂ ਦਾ ਹਾਲ ਵੀ ਇਹੋ ਜਿਹਾ ਹੀ ਹੈ ਇਸ ਤੇ ਰਾਈਡਰ ਲੱਗਣਾ ਚਾਹੀਦਾ ਹੈ ਕਿ ਜੋ ਵਰਦੀ ਸਕੂਲ ਲੱਗਵਾਉਂਦਾ ਹੈ ਉਸ ਦਾ ਰੰਗ, ਡਿਜ਼ਾਇਨ ਘੱਟੋ ਘੱਟ 5 ਸਾਲ ਤੋਂ ਪਹਿਲਾਂ ਬਦਲਿਆ ਨਹੀ ਜਾਣਾ ਚਾਹੀਦਾ ਤਾਂ ਜੋ ਸਾਰੇ ਵਰਦੀ ਬਣਾਉਣ ਵਾਲਿਆਂ ਨੂੰ ਪਤਾ ਹੋਵੇ ਅਤੇ ਉਹ ਵਰਦੀਆਂ ਬਣਾਉਣ। ਹੁਣ ਹੁੰਦਾ ਕੀ ਹੈ ਕਿ ਇੱਕ ਬਣਾਉਣ ਵਾਲੇ ਨੂੰ ਸਕੂਲ ਡਿਜ਼ੀਇਨ ਤੇ ਰੰਗ ਦੱਸ ਦਿੰਦਾ ਹੈ ਅਤੇ ਉਹ ਹੀ ਬਣਾਉਂਦਾ ਹੈ ਅਤੇ ਮਨਮਰਜ਼ੀ ਦਾ ਰੇਟ ਲਾਉਂਦੇ ਹੈ ਬਾਕੀਆਂ ਨੂੰ ਅਗਲੇ ਸਾਲ ਪਤਾ ਲਗਦਾ ਹੈ। ਸਕੂਲ ਦਾ ਪਤਾ ਨਹੀਂ ਕਦੋਂ ਵਰਦੀ ਦੇ ਰੰਗ ਜਾਂ ਡਿਜ਼ਾਇਨ ਬਦਲ ਦਿੰਦੇ ਹਨ।


ਰੈਗੂਲੈਟਰੀ ਅਥਾਰਟੀ - ਇੱਕ ਨਵੀਂ ਰੈਗੂਲੇਟਰੀ ਅਥਾਰਟੀ ਬਣਨੀ ਚਾਹੀਦੀ ਜਿਸ ਕੋਲ ਫੀਸ ਨੂੰ ਸੈਟ ਕਰਨ ਦੇ ਨਾਲ ਨਾਲ ਬਾਕੀ ਅਧਿਕਾਰ ਵੀ ਹੋਣ ਜਿਵੇ ਬੁਨਿਆਦੀ ਢਾਂਚਾਂ, ਕਿਤਾਬਾਂ, ਡਰੈਸ, ਟੀਚਰਾਂ ਦੀ ਤਨਖਾਹ ਅਤੇ ਪੜ੍ਹਾਈ ਦਾ ਮਿਆਰ ਕਿਹੋ ਜਿਹਾ ਹੈ। ਇਸ ਵਿੱਚ ਧਿਆਨ ਦੇਣ ਦੀ ਲੋੜ ਹੈ ਕਿ 2016 ਵਿੱਚ ਜੋ ਰੈਗੂਲੇਟਰੀ ਅਥਾਰਟੀ ਬਣਾਈ ਸੀ ਉਹ ਸਿਰਫ ਫੀਸ ਪ੍ਰਤੀ ਹੀ ਸੀ ਅਤੇ ਉਸ ਵਿਚ ਮਾਪਿਆਂ ਨੂੰ ਨਹੀਂ ਰੱਖਿਆ ਗਿਆ ਸੀ। ਸੋ ਇਸ ਨਵੀਂ ਅਥਾਰਟੀ ਵਿਚ ਮਾਪਿਆਂ ਦੇ ਪ੍ਰਤੀਨਿਧੀ ਵੀ ਹੋਣ ਅਤੇ ਚੁਣੇ ਉਹ ਹੀ ਜਾਣ ਜਿੰਨਾਂ ਦੇ ਬੱਚੇ ਸਕੂਲਾਂ ਵਿੱਚ ਪੜ੍ਹਦੇ ਹੋਣ ਅਤੇ ਪ੍ਰਾਈਮਰੀ, ਮਿਡਲ, ਹਾਈ, ਤਿੰਨਾਂ ਦੀ ਪ੍ਰਤੀਨਿਧਤਾ ਕਰਨ।

ਇਕ ਹੋਰ ਗੱਲ ਵੀ ਜ਼ਿਕਰ ਯੋਗ ਹੈ ਕਿ ਜੇ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਹੈ ਉਸ ਨੂੰ ਅੱਠਵੀਂ ਤੱਕ ਸਕੂਲ ਵਿੱਚ ਬਿਠਾਈ ਰੱਖਦੇ ਹਨ ਅਤੇ ਫੀਸ ਲਈ ਜਾਂਦੇ ਹਨ। ਉਸ ਤੋਂ ਬਾਅਦ ਆਪਣੇ ਸਕੂਲਾਂ ਦਾ ਨਤੀਜਾ ਠੀਕ ਰੱਖਣ ਲਈ ਨੌਵੀ, ਦਸਵੀਂ ਵਿੱਚ ਉਸ ਨੂੰ ਕੱਡ ਦਿੰਦੇ ਹਨ। ਇਹ ਗਲਤ ਹੈ ਜਦੋਂ ਉਹ ਪੜ੍ਹਦਾ ਹੀ ਨਹੀਂ ਸੀ ਫੇਰ ਅੱਠਵੀ ਤੱਕ ਕਿਉਂ ਬਿਠਾਈ ਰੱਖਿਆ, ਅਗਰ ਰੱਖਿਆ ਹੈ ਤਾਂ ਫਿਰ ਦਸਵੀਂ ਦਾ ਇਮਤਿਹਾਨ ਵੀ ਉਸੇ ਸਕੂਲ ਵਿੱਚ ਹੀ ਹੋਵੇ ।

ਸਕੂਲਾਂ ਤੇ ਕੋਈ ਆਮਦਨ ਟੈਕਸ ਨਹੀ ਲੱਗਦਾ ਕਿਉਂਕਿ ਇਹ ਸਮਾਜ ਭਲਾਈ ਦਾ ਕੰਮ ਕਰ ਰਹੇ ਹਨ। ਸੋ ਇਹਨਾ ਦਾ ਸਮਾਜਿਕ ਆਡਿਟ ਹੋਵੇ ਅਤੇ ਉਸ ਨੂੰ ਜਨਤਕ ਕੀਤਾ ਜਾਵੇ।

**ਨਿਚੋੜ:** ਅਗਰ ਉਪਰੋਕਤ ਸਿਸਟਮ ਵਿੱਚ ਬਦਲਾਵ ਲਿਆਉਣਾ ਹੈ ਇਕ ਅਸਰਦਾਰ ਰੇਗੁਲੇਟਰੀ ਅਥਾਰਟੀ ਬਣਾਈ ਜਾਵੇ ਜੋ ਘੱਟੋ ਘੱਟ ਸਾਲ ਵਿੱਚ ਇੱਕ ਵਾਰ ਸਕੂਲ ਦਾ ਮੁਆਇਨਾ ਕਰਕੇ ਰਿਪੋਰਟ ਦੇਵੇ ਜਿਸ ਲਈ ਇੱਕ ਵਿਸਥਾਰ ਪੂਰਵਕ ਪ੍ਰੋਫਰਮਾ ਬਣਾਇਆ ਜਾਵੇ। ਮੁਫਤ ਦੀਆਂ ਸਹੂਲਤਾਂ ਜਿਵੇਂ "ਮਿਡ ਡੇ ਮੀਲ" ਬੰਦ ਕਰਕੇ ਪੜ੍ਹਾਈ ਤੇ ਜੋਰ ਦਿੱਤਾ ਜਾਵੇ। ਅੱਜ ਹੋ ਕੀ ਰਿਹਾ ਹੈ ਮਾਸਟਰਾਂ ਨੂੰ ਪੜ੍ਹਾਈ ਦਾ ਫਿਕਰ ਘੱਟ ਅਤੇ ਮਿਡ ਡੇ ਮੀਲ ਦਾ ਜਿਆਦਾ ਰਹਿੰਦਾ ਹੈ। ਪਿਛੇ ਸਰਕਾਰੀ ਨੁੰਮਾਇੰਦੇ ਸਕੂਲਾਂ ਵਿੱਚ ਗਏ ਉਹ ਰਸੋਈ ਵਿੱਚ ਵੀਡੀਓ ਬਣਾਉਂਦੇ ਰਹੇ ਅਤੇ ਪੜ੍ਹਾਈ ਦੀ ਕੋਈ ਗੱਲ ਨਹੀਂ ਕੀਤੀ। ਪੰਜਾਬ ਵਿੱਚ ਕੋਈ ਐਸਾ ਘਰ ਨਹੀਂ ਜਿਥੇ ਰੋਟੀ ਨਾ ਪੱਕਦੀ ਹੋਵੇ। ਮਜ਼ਦੂਰ ਵੀ ਸਵੇਰੇ ਆਪਣੀ ਰੋਟੀ ਖਾ ਕੇ ਵੀ ਜਾਂਦਾ ਹੈ ਅਤੇ ਨਾਲ ਲੈ ਕੇ ਜਾਂਦਾ ਹੈ ਅਤੇ ਨਾਲ ਵੀ ਲੈ ਕੇ ਜਾਂਦਾ ਹੈ। ਇਸ ਤੋਂ ਉੱਪਰ ਮੁਫਤ ਅਨਾਜ ਤਾਂ ਮਿਲਦਾ ਹੈ। ਸਕੂਲ ਸਾਲ ਵਿੱਚ 180-190 ਦਿਨ ਲੱਗਦੇ ਹਨ। ਜਿਥੋਂ ਬਾਕੀ 6 ਮਹੀਨੇ ਬੱਚਾ ਦੁਪਿਹਰੇ ਰੋਟੀ ਖਾਂਦਾ ਹੈ ਉੱਥੋਂ ਸਕੂਲ ਵਾਲੇ ਦਿਨ ਵੀ ਖਾ ਲਵੇਗਾ। ਹਰ ਬੱਚੇ ਤੋਂ ਫੀਸ ਵੀ ਲਈ ਜਾਵੇ ਭਾਵੇਂ ਥੋੜੀ ਹੋਵੇ ਜਿਵੇਂ ਹਸਪਤਾਲ ਵਿੱਚ ਪਰਚੀ ਬਣਾਉਣ ਵੇਲੇ ਲਈ ਜਾਂਦੀ ਹੈ। ਮਾਸਟਰਾਂ ਦੀ ਭਰਤੀ ਹੋਵੇ ਤੇ ਫਾਲਤੂ ਕੰਮ, ਸਰਵੇ ਜਾਂ ਵੋਟਾਂ ਬਣਾਉਣ ਲਈ ਅਧਿਆਪਕਾਂ ਨੂੰ ਨਾ ਲਗਾਇਆ ਜਾਵੇ। ਨਤੀਜਾ ਅਸਲ ਹੋਵੇ ਬਨਾਉਟੀ ਨਤੀਜੇ ਕੱਡ ਕੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਧੋਖੇ ਵਿੱਚ ਨਾ ਰੱਖਿਆ ਜਾਵੇ। ਪੜ੍ਹਾਈ ਉਥੋਂ ਤੱਕ ਕਰਵਾਈ ਜਾਵੇ ਜਿਥੋਂ ਤੱਕ ਬੱਚੇ ਦੀ ਸਮਰੱਥਾ ਹੋਵੇ।

# ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ



20 ਅਪ੍ਰੈਲ ਜਨਮ ਦਿਨ 'ਤੇ ਵਿਸ਼ੇਸ਼

91-9417533060
gumtalacs@gmail.com



ਸਿੱਖ ਧਰਮ ਦਾ ਇਤਿਹਾਸ ਲਹੂ ਦੀ ਸਿਆਹੀ ਨਾਲ ਲਿਖਿਆ ਗਿਆ ਹੈ ਕਿਉਂਕਿ ਸੱਚੇ ਧਰਮ ਦੀ ਸਥਾਪਨਾ ਲਈ ਜੋ ਔਕੜਾਂ ਸਿੱਖਾਂ ਨੂੰ ਸਹਿਣੀਆਂ ਪਈਆਂ, ਅਤੇ ਜਿਸ ਉਤਸ਼ਾਹ ਅਤੇ ਚਾਅ ਨਾਲ ਸਿੱਖਾਂ ਨੂੰ ਦੇਸ਼ ਅਤੇ ਧਰਮ ਤੋਂ ਕੁਰਬਾਨ ਹੋਣਾ ਪਿਆ, ਸ਼ਾਇਦ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚੋਂ ਲੱਭਣੀ ਮੁਸ਼ਕਿਲ ਹੋਵੇ। ਭਾਈ ਮਨੀ ਸਿੰਘ ਸਿੱਖ ਸ਼ਹੀਦਾਂ ਦੀ ਮਾਲਾ ਦਾ ਇੱਕ ਅਦੁੱਤੀ ਮੋਤੀ ਹੈ ਜਿਸ ਨੇ ਆਪਣੇ ਬੰਦ ਬੰਦ ਕਟਵਾ ਕੇ ਸੰਕਟ-ਕਾਲ ਵਿੱਚ ਸਿੱਖ ਧਰਮ ਦੀ ਸ਼ਾਨ ਅਤੇ ਗੌਰਵ ਨੂੰ ਕਾਇਮ ਰੱਖਿਆ। ਭਾਈ ਮਨੀ ਸਿੰਘ ਦਾ ਚਰਿੱਤਰ ਆਤਮ-ਉਤਸਰਗੀ ਸਾਧਕਾਂ ਅਤੇ ਧਰਮ ਦੇ ਜਿਗਿਆਸੂਆਂ ਲਈ ਇੱਕ ਚਾਨਣ ਮੁਨਾਰਾ ਹੈ, ਜਿਸ ਦੀਆਂ ਚਰਿੱਤਰਗਤ ਵਿਸ਼ਿਸ਼ਟਤਾਵਾਂ ਦਾ ਅਨੁਕਰਣ ਕਰਕੇ ਕੋਈ ਵੀ ਧਰਮ-ਸਾਧਕ ਧੰਨ ਹੋ ਸਕਦਾ ਹੈ।

**'ਸ਼ਹੀਦ ਬਿਲਾਸ' ਪੁਸਤਕ ਦੇ ਆਧਾਰ 'ਤੇ ਭਾਈ ਮਨੀ ਸਿੰਘ ਦਾ ਸੰਖਿਪਤ ਜੀਵਨ ਬ੍ਰਿਤਾਂਤ ਇਸ ਪ੍ਰਕਾਰ ਹੈ :-**

ਕੁਲ ਪਰੰਪਰਾ :- ਉਦੇ ਦੀਪ ਦੀ ਬੰਸ (ਪੰਵਾਰ ਰਾਜਪੂਤ) ਵਿੱਚ ਪੈਦਾ ਹੋਏ ਭਾਈ ਮਨੀ ਸਿੰਘ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਵੱਡੇ ਵਡੇਰੇ ਬੜੇ ਪੱਕੇ ਗੁਰ ਸਿੱਖ ਸਨ। ਭਾਈ ਸਾਹਿਬ ਦੇ ਦਾਦੇ ਦਾ ਨਾਂ ਬਲੂ ਰਾਉ ਸੀ ਜੋ ਛੇਵੇਂ ਗੁਰੂ ਦਾ ਇੱਕ ਬਲਵਾਨ ਯੋਧਾ ਸਿੱਖ ਸੀ। ਬਲੂ ਰਾਉ ਦੇ ਘਰ ਮਲੂਕਾ, ਮਾਈ ਦਾਸ, ਰੁੜੀਆ ਰੁਪੀਆ, ਜੈਮਲ, ਬੀਰੀਆ, ਨੇਤਾ, ਸਾ�Fੂ, ਸੁੰਦਰ ਮਾਧੋ, ਰਈਆ, ਸੁਹੇਲਾ ਨਾਂ ਦੇ ਬਾਰ੍ਹਾਂ ਪੁੱਤਰਾਂ ਦਾ ਜਨਮ ਹੋਇਆ। ਇਨ੍ਹਾਂ ਵਿੱਚੋਂ ਭਾਈ ਮਾਈ ਦਾਸ ਦੇ ਘਰ ਭਾਈ ਮਨੀ ਸਿੰਘ ਦਾ ਜਨਮ ਹੋਇਆ। ਮਾਈ ਦਾਸ ਨੇ ਦੋ ਵਿਆਹ ਕੀਤੇ। ਪਹਿਲੀ ਪਤਨੀ ਮਧਰੀ ਦੀ ਕੁੱਖੋਂ ਸੱਤ ਪੁੱਤਰਾਂ ਦਾ ਜਨਮ ਹੋਇਆ-ਜੇਠਾ, ਦਿਆਲ ਦਾਸ, ਮਨੀ ਰਾਮ, ਦੁਨੀਆ, ਮਾਨਾ, ਅਮਰ ਚੰਦ, ਰੂਪਾ। ਦੂਜੀ ਪਤਨੀ ਲਡਿਕੀ ਨੇ ਪੰਜ ਪੁੱਤਰਾਂ ਨੂੰ ਜਨਮ ਦਿੱਤਾ-ਜਗਤੂ, ਸੋਹਣਾ, ਲਹਿਣਾ, ਰਾਇ ਅਤੇ ਹਰੀ ਚੰਦ। ਇਨ੍ਹਾਂ 12 ਭਰਾਵਾਂ ਨੇ ਸਿੱਖ ਧਰਮ ਦੀ ਸਥਾਪਨਾ ਲਈ ਵੱਧ ਚੜ੍ਹ ਕੇ ਆਪਣੀਆਂ ਕੁਰਬਾਨੀਆਂ ਦਿੱਤੀਆਂ।

**ਮੁੱਢਲਾ ਜੀਵਨ :-** ਭਾਈ ਮਨੀ ਸਿੰਘ ਦਾ ਜਨਮ 1701 ਬਿ. ਨੂੰ ਐਤਵਾਰ ਚੇਤਰ ਸੁਦੀ ਬਾਰ੍ਹਵੀਂ (10 ਮਾਰਚ 1644 ਈ.) ਨੂੰ ਹੋਇਆ। 13 ਵਰ੍ਹਿਆਂ ਦੀ ਆਯੂ ਵਿੱਚ ਮਨੀ ਸਿੰਘ ਆਪਣੇ ਪਿਤਾ ਦੇ ਸੰਗ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਲਈ ਕੀਰਤਪੁਰ ਆਏ। ਉਨ੍ਹਾਂ ਦੇ ਸੁੰਦਰ ਸਰੂਪ ਅਤੇ ਹੋਣਹਾਰੀ ਨੂੰ ਵੇਖਕੇ ਗੁਰੂ ਜੀ ਨੇ ਕਿਹਾ- "ਮਨੀਆ ਇਹ ਗਨੀਆ ਹੋਵੇਗਾ ਬੀਚ ਜਗ ਸਾਰੇ"। ਕੀਰਤਪੁਰ ਵਿੱਚ ਮਨੀ ਸਿੰਘ ਗੁਰੂ ਦਰਬਾਰ ਵਿੱਚ ਦੋ ਵਰ੍ਹੇ ਰਹੇ। ਗੁਰੂ ਹਰਿ ਰਾਇ ਜੀ ਦੇ ਜੋਤੀ ਜੋਤਿ ਸਮਾਣ 'ਤੇ ਭਾਈ ਮਨੀ ਸਿੰਘ ਗੁਰੂ ਹਰਿਕ੍ਰਿਸ਼ਨ ਜੀ ਦੀ ਸੇਵਾ ਵਿੱਚ ਰਹੇ ਅਤੇ ਉਨ੍ਹਾਂ ਨਾਲ ਦਿੱਲੀ ਵੀ ਗਏ। ਗੁਰੂ ਜੀ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਗੁਰੂ-ਮਾਤਾ (ਗੁਰੂ ਹਰਿ ਰਾਇ ਜੀ ਦੀ ਪਤਨੀ-ਮਾਤਾ ਸੁਲੱਖਣੀ) ਨਾਲ ਗੁਰੂ ਤੇਗ ਬਹਾਦਰ ਦੇ ਦਰਸ਼ਨਾਂ ਨੂੰ ਬਕਾਲੇ ਆਏ। ਉਦੋਂ ਉਨ੍ਹਾਂ ਦੀ ਉਮਰ 20 ਵਰ੍ਹਿਆਂ ਦੀ ਸੀ।

**ਆਨੰਦਪੁਰ ਵਿੱਚ ਨਿਵਾਸ :-** ਕਸ਼ਮੀਰ ਦੇ ਪੰਡਿਤਾਂ ਦੀ ਪੁਕਾਰ ਸੁਣ ਕੇ ਜਦੋਂ ਗੁਰੂ ਤੇਗ ਬਹਾਦਰ ਜੀ ਦਿੱਲੀ ਨੂੰ ਗਏ, ਉਦੋਂ ਭਾਈ ਦਿਆਲਾ, ਊਦਾ ਅਤੇ ਚਾਰ ਹੋਰ ਸਿੱਖ ਗੁਰੂ ਸਾਹਿਬ ਨਾਲ ਦਿੱਲੀ ਗਏ ਅਤੇ ਜੇਠਾ ਤੇ ਭਾਈ ਮਨੀ ਸਿੰਘ ਆਦਿ ਸਿੱਖ ਬਾਲਕ ਗੋਬਿੰਦ ਰਾਏ ਪਾਸ ਆਨੰਦਪੁਰ ਹੀ ਰਹੇ।

ਪਾਉਂਟਾ ਸਾਹਿਬ ਨੂੰ ਜਾਣਾ :- ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਚਲੇ ਜਾਣ 'ਤੇ ਭਾਈ ਮਨੀ ਸਿੰਘ ਉਨ੍ਹਾਂ ਨਾਲ ਰਹੇ ਅਤੇ ਮਾਤਾ ਪੰਜਾਬ ਕੌਰ ਵੱਲੋਂ ਬਾਬਾ ਰਾਮ ਰਾਇ ਜੀ ਦੀ ਮ੍ਰਿਤੂ ਦੀ ਚਿੱਠੀ ਆਉਣ 'ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਡੇਹਰਾਦੂਨ ਵੀ ਗਏ। ਗੁਰੂ ਦਰਬਾਰ ਵਿੱਚ ਉਨ੍ਹਾਂ ਦਾ ਬਹੁਤ ਮਹੱਤਵ ਸੀ। ਉਨ੍ਹਾਂ ਨੂੰ ਬਾਵਨ ਕਵੀਆਂ ਵਿੱਚ ਵੀ ਗਿਣਿਆ ਜਾਂਦਾ ਸੀ।

ਬਾਬਾ ਰਾਮ ਰਾਇ ਦੀ ਪਹਿਲੀ ਬਰਸੀ (24 ਭਾਦਰੋਂ ਸੰਮਤ 1745 ਬਿ.) ਦੇ ਮੌਕੇ 'ਤੇ ਗੁਰੂ ਸਾਹਿਬ ਨੇ ਮਨੀ ਸਿੰਘ ਜੀ ਨੂੰ 50 ਚੋਣਵੇਂ ਸਿੱਖਾਂ ਸਹਿਤ ਡੇਹਰਾਦੂਨ ਭੇਜਿਆ। ਉਥੇ ਮਾਤਾ ਪੰਜਾਬ ਕੌਰ ਦੇ ਗੁਰਬਖਸ਼ ਨਾਂ ਦੇ ਇੱਕ ਰਾਮ ਰਾਈਏ ਸਾਧੂ ਨੂੰ ਧਿਕਾਰਨ 'ਤੇ ਉਸ ਨੇ ਦਸ਼ਮੇਸ਼ ਗੁਰੂ ਦੀ ਨਿੰਦਿਆ ਕੀਤੀ। ਭਾਈ ਮਨੀ ਸਿੰਘ ਆਦਿ ਹੋਰ ਪੰਜਾਹ ਸਿੱਖਾਂ ਨੇ ਗੁਰੂ-ਅਪਮਾਨ ਦਾ ਬਦਲਾ ਖੰਡਾ ਖੜਕਾ ਕੇ ਲਿਆ ਅਤੇ ਡੇਹਰਾਦੂਨ ਤੋਂ ਪਾਉਂਟਾ ਸਾਹਿਬ ਪਰਤ ਆਏ ਅਤੇ ਗੁਰੂ ਸਾਹਿਬ ਨੂੰ ਸਾਰਾ ਹਾਲ ਸੁਣਾਇਆ। ਸਾਰਮੌਰ (ਸਿਰਮੌਰ) ਦੇ ਰਾਜੇ ਫਤਹ ਸ਼ਾਹ ਨੇ 1745 ਬਿ. (ਸੰਨ 1688) ਦੇ 18 ਅਸੂ ਨੂੰ ਗੁਰੂ ਜੀ ਉਪਰ ਧਾਵਾ ਕੀਤਾ ਤਾਂ ਗੁਰੂ ਜੀ ਦੇ ਜਿਨ੍ਹਾਂ ਨਾਮੀ ਸਿੱਖਾਂ ਨੇ ਇਸ ਭੰਗਾਣੀ ਦੇ ਪ੍ਰਸਿੱਧ ਯੁੱਧ ਵਿੱਚ ਹਿੱਸਾ ਲਿਆ, ਉਨ੍ਹਾਂ ਵਿੱਚ ਭਾਈ ਮਨੀ ਸਿੰਘ ਦਾ ਨਾਂ ਵਿਸ਼ੇਸ਼ ਉਲੇਖਯੋਗ ਹੈ।

**ਫਿਰ ਆਨੰਦਪੁਰ ਵਿੱਚ :-** ਕਹਿਲੂਰ ਦੇ ਰਾਜੇ ਭੀਮ ਚੰਦ ਨੇ ਸੰਕਟ ਬਣਨ 'ਤੇ ਗੁਰੂ ਜੀ ਨੂੰ ਸਹਾਇਤਾ ਦੇਣ ਦੀ ਪ੍ਰਾਰਥਨਾ ਕੀਤੀ। ਗੁਰੂ ਜੀ ਨਦੌਣ ਸਾਹਿਬ ਲਈ ਗਏ। ਸੰਮਤ 1747 ਸੰਨ 1691 ਦੇ ਚੇਤਰ ਮਹੀਨੇ ਦੀ 22 ਨੂੰ ਹੋਏ ਨਦੌਣ ਯੁੱਧ ਵਿੱਚ ਭਾਈ ਮਨੀ ਸਿੰਘ ਸਮੇਤ ਚੌਣਵੇਂ ਸਿੱਖ ਸ਼ਾਮਲ ਹੋਏ। ਨਦੌਣੋਂ ਪਰਤਣ 'ਤੇ ਭਾਈ ਮਨੀ ਸਿੰਘ ਦੇ ਸਿੱਖੀ ਸਿਦਕ ਤੋਂ ਪ੍ਰਸੰਨ ਹੋ ਕੇ ਦਸਮ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਗੁਰੂ ਦਰਬਾਰ ਦੀ ਦੀਵਾਨਗੀ ਦੀ ਪਦਵੀ ਬਖਸ਼ੀ। ਸੰਮਤ 1783 ਦੀ ਵਿਸਾਖੀ ਨੂੰ ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਉਸ ਸਮੇਂ ਭਾਈ ਮਨੀ ਸਿੰਘ ਦੇ ਨਾਲ ਉਨ੍ਹਾਂ ਦੇ ਦੋ ਭਰਾਵਾਂ ਤੇ ਪੰਜ ਪੁੱਤਰਾਂ ਨੇ ਅੰਮ੍ਰਿਤ ਪਾਨ ਕੀਤਾ ਤੇ ਉਹ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ। ਸੰਮਤ 1752 ਬਿ. (1695 ਈ.) ਵਿੱਚ ਹੁਸੈਨ ਖ਼ਾਨ ਨਾਲ ਹੋਏ ਯੁੱਧ ਵਿੱਚ ਗੁਰੂ ਜੀ ਦੇ ਨਾਲ ਆਪ ਨੇ ਵੀ ਜੌਹਰ ਦਿਖਾਏ। ਸਿੱਟੇ ਵਜੋਂ ਉਨ੍ਹਾਂ ਪ੍ਰਤੀ ਸਾਰੇ ਸਿੱਖ ਸਮਾਜ ਵਿੱਚ ਉਨ੍ਹਾਂ ਦਾ ਹੋਰ ਵੀ ਮਾਣ ਸਤਿਕਾਰ ਹੋਣ ਲੱਗਾ।

**ਅੰਮ੍ਰਿਤਸਰ ਵਿੱਚ ਗ੍ਰੰਥੀ ਬਣ ਕੇ ਜਾਣਾ :-** ਦਰਬਾਰ ਸਾਹਿਬ ਅੰਮ੍ਰਿਤਸਰ ਕੁਝ ਸਾਲਾਂ ਬਾਅਦ ਜਦ ਸੋਢੀ ਹਰਿ ਜੀ ਦੀ ਮੌਤ ਹੋ ਗਈ ਤਾਂ ਉਸਦਾ ਪੁੱਤਰ ਸੋਢੀ ਨਿਰੰਜਨ ਰਾਇ ਗੱਦੀ 'ਤੇ ਬੈਠਾ। ਸੰਗਤ ਨੇ ਉਸ ਦਾ ਸਾਥ ਨਾ ਦਿੱਤਾ ਅਤੇ ਉਸ ਦਾ ਬਲ ਘਟ ਗਿਆ। ਇਸ ਦੇ ਸਿੱਟੇ ਵਜੋਂ ਅੰਮ੍ਰਿਤਸਰ ਦੀ ਸੰਗਤ ਨੇ ਆਨੰਦਪੁਰ ਸਾਹਿਬ ਆ ਕੇ ਗੁਰੂ ਜੀ ਨੂੰ ਅਕਾਲ ਬੁੰਗੇ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਕਰਨ ਲਈ ਸੇਵਾਦਾਰ ਭੇਜਣ ਦੀ ਬੇਨਤੀ ਕੀਤੀ। 1755 ਬਿ. ਦੀ ਵਿਸਾਖੀ ਨੂੰ ਜੁੜੀ ਸੰਗਤ ਵੇਲੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਦੀ ਸੇਵਾ ਦਾ ਆਦੇਸ਼ ਦਿੱਤਾ। ਇਸ ਮੌਕੇ ਭਾਈ ਮਨੀ ਸਿੰਘ ਤੇ ਉਸ ਦੇ ਦੋ ਭਰਾਵਾਂ ਅਤੇ ਪੰਜ ਪੁੱਤਰਾਂ ਨੇ ਅੰਮ੍ਰਿਤਪਾਨ ਕੀਤਾ ਤੇ ਉਹ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ। ਭਾਈ ਮਨੀ ਸਿੰਘ ਪੰਜ ਸਿਦਕੀ ਸਿੰਘਾਂ-ਭਪਤਿ ਸਿੰਘ, ਗੁਲਜ਼ਾਰ ਸਿੰਘ, ਕੋਇਰ ਸਿੰਘ, ਦਾਨ ਸਿੰਘ ਅਤੇ ਕੀਰਤ ਸਿੰਘ-ਸਹਿਤ ਸੰਗਤ ਨਾਲ ਅੰਮ੍ਰਿਤਸਰ ਦੀ ਵਿਵਸਥਾ ਠੀਕ ਕਰਨ ਲਈ ਚਲ ਪਏ। ਉਨ੍ਹਾਂ ਅੰਮ੍ਰਿਤਸਰ ਪਹੁੰਚ ਕੇ ਮੀਣਿਆਂ ਵਲੋਂ ਪਾਈਆਂ ਕੁਪ੍ਰਥਾਵਾਂ ਨੂੰ ਦੂਰ ਕੀਤਾ ਅਤੇ ਸਿੱਖੀ ਦੀ ਮਰਯਾਦਾ ਨੂੰ ਫਿਰ ਤੋਂ ਭਰਪੂਰ ਰੂਪ ਵਿੱਚ ਪ੍ਰਚੱਲਿਤ ਕੀਤਾ। ਦੂਰੋਂ ਦੂਰੋਂ ਸੰਗਤਾਂ ਆਣ ਲੱਗੀਆਂ ਅਤੇ ਰੌਣਕ ਵੱਧਣ ਲੱਗ ਪਈ।

**ਹੁਕਮਨਾਮਾ ਪ੍ਰਾਪਤ ਕਰਨਾ :-** ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਕਈ ਵਰ੍ਹੇ ਬੀਤ ਗਏ। ਇਸ ਦੌਰਾਨ ਉਹ ਕਈ ਵਾਰ ਆਨੰਦਪੁਰ ਸਾਹਿਬ ਗੁਰੂ ਦਰਸ਼ਨਾਂ ਲਈ ਆਏ। ਉਨ੍ਹਾਂ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਇੱਕ ਹੁਕਮਨਾਮਾ ਵੀ ਦਿੱਤਾ। ਹੁਕਮਨਾਮਾ ਪ੍ਰਾਪਤ ਕਰਕੇ ਅਤੇ ਗੁਰੂ ਜੀ ਤੋਂ ਆਗਿਆ ਲੈ ਕੇ ਭਾਈ ਮਨੀ ਸਿੰਘ ਬੜੀ ਆਜਿਜ਼ੀ ਨਾਲ ਅੰਮ੍ਰਿਤਸਰ ਪਰਤੇ। ਇਧਰ ਆਨੰਦਪੁਰ ਵਿੱਚ ਯੁੱਧ ਕਰਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਮਾਲਵੇ ਦੇਸ਼ ਵੱਲ ਨਿਕਲ ਗਏ। ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਸੂਚਨਾ ਮਿਲੀ ਕਿ ਵੈਰੀਆਂ ਨਾਲ ਹੋਏ ਯੁੱਧਾਂ ਵਿੱਚ ਗੁਰੂ ਜੀ ਦੇ ਮਾਤਾ ਜੀ, ਚਾਰ ਸਾਹਿਬਜ਼ਾਦੇ ਅਤੇ ਹੋਰ ਅਨੇਕ ਸਿੰਘ ਸ਼ਹੀਦ ਹੋ ਗਏ ਸਨ ਅਤੇ ਉਨ੍ਹਾਂ ਵਿੱਚ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸ਼ਾਮਲ ਸਨ।

ਜਦੋਂ ਗੁਰੂ ਜੀ ਮਾਲਵਾ ਖੇਤਰ ਵਿੱਚ ਸਾਬੋ ਕੀ ਤਲਵੰਡੀ ਪਹੁੰਚੇ ਤਾਂ ਭਾਈ ਮਨੀ ਸਿੰਘ ਜੀ ਸੰਗਤ ਸਹਿਤ ਗੁਰੂ ਜੀ ਦੇ ਦਰਸ਼ਨਾਂ ਨੂੰ ਉੱਥੇ ਪਹੁੰਚੇ। ਉੱਥੋਂ ਗੁਰੂ ਜੀ ਨਾਲ ਦੱਖਣ ਵੱਲ ਗਏ। ਬਘੌਰ (ਰਾਜਸਥਾਨ) ਨਾਂ ਦੇ ਕਸਬੇ ਤੋਂ ਭਾਈ ਮਨੀ ਸਿੰਘ, ਰਾਮ ਕੌਰ (ਭਾਈ ਗੁਰਬਖਸ਼ ਸਿੰਘ) ਆਦਿ ਸਿੰਘਾਂ ਨੂੰ ਗੁਰੂ ਜੀ ਨੇ ਧੀਰਜ ਦੇ ਕੇ ਵਾਪਸ ਪਰਤਾ ਦਿੱਤਾ। ਭਾਈ ਮਨੀ ਸਿੰਘ ਨੇ ਅੰਮ੍ਰਿਤਸਰ ਵਾਪਸ ਪਰਤ ਕੇ ਗੁਰੂ ਜੀ ਦੇ ਵਿਯੋਗ ਵਿੱਚ ਉਦਾਸ ਹੋਏ। ਸਿੱਖਾਂ ਨੂੰ ਵਿਸ਼ੇਸ਼ ਸਾਖੀਆਂ ਦੀ ਰਚਨਾ ਕਰਕੇ ਧੀਰਜ ਦੇਣਾ ਆਰੰਭ ਕੀਤਾ :-

ਦੱਖਣ ਦਿਸ ਸਤਿਗੁਰ ਗਏ, ਸੰਗਤ ਭਈ ਉਦਾਸ।
ਧੀਰਜ ਦੇਵੈ ਮਨੀ ਸਿੰਘ, ਰਚ ਸਾਖੀਆਂ ਪਾਸ।99।

**ਅੰਮ੍ਰਿਤਸਰ ਦਾ ਭੇੜ :-** ਇਸ ਤਰ੍ਹਾਂ ਗੁਰ-ਉਪਦੇਸ਼ ਕਰਦਿਆਂ ਅਤੇ ਜਸ ਗਾਂਦਿਆਂ, ਢਾਈ ਵਰ੍ਹੇ ਬੀਤ ਗਏ। ਇਸ ਉਪਰੰਤ ਵਿਸਾਖੀ ਵਾਲੇ ਦਿਨ ਸੰਗਤਾਂ ਦੂਰ ਦੂਰ ਤੋਂ ਆਈਆਂ ਅਤੇ ਖੂਬ ਦੀਵਾਨ ਸਜਿਆ। ਉਦੋਂ ਮੀਣਾ ਸੰਪ੍ਰਦਾਇ ਦੇ ਸੋਢੀ ਨਿਰੰਜਨ ਰਾਇ, ਜੋ ਸੋਢੀ ਹਰਿ ਜੀ ਦਾ ਪੁੱਤਰ ਸੀ, ਦਾ ਮੁਖਤਿਆਰ ਚੂਹੜਮਲ ਓਹਰੀ ਖਤਰੀ ਅੰਮ੍ਰਿਤਸਰ ਰਹਿੰਦਾ ਸੀ। ਉਸ ਦੇ ਦੋ ਪੁੱਤਰ ਸਨ-ਮੁਹਕਮ ਸਿੰਘ ਅਤੇ ਰਾਮੂ ਮਲ। ਮੁਹਕਮ ਸਿੰਘ ਅੰਮ੍ਰਿਤਧਾਰੀ ਸਿੰਘ ਸੀ, ਇਸ ਲਈ ਉਸ ਦੀਆਂ ਆਪਣੇ ਮੀਣੇ ਪਿਤਾ ਤੋਂ ਭਿੰਨ ਰੁਚੀਆਂ ਸਨ, ਜਦ ਕਿ ਰਾਮੂ ਮਲ ਆਪਣੇ ਪਿਉ ਦੀਆਂ ਭਾਵਨਾਵਾਂ ਅਨੁਕੂਲ ਕੰਮ ਕਰਦਾ ਸੀ। ਰਾਮੂ ਮਲ ਤੋਂ ਸਿੱਖਾਂ ਨੇ ਕੁਝ ਤੂਤ ਮੁੱਲ ਲੈਣੇ ਚਾਹੇ ਪਰ ਰਾਮੂ ਮਲ ਨੇ ਤੂਤ ਨਾ ਦਿੱਤੇ, ਸਗੋਂ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਪਮਾਨ ਸੂਚਕ ਕੁਬੋਲ ਬੋਲਿਆ। ਇਸ 'ਤੇ ਸਿੱਖਾਂ ਨੇ ਉਸ ਦੀ ਬਾਗ਼ ਵਿੱਚ ਹੀ ਕੁੱਟਮਾਰ ਕੀਤੀ। ਬਾਗ਼ ਦੇ ਰਾਖਿਆਂ ਨੇ ਤੁਰੰਤ ਚੂਹੜ ਮਲ ਨੂੰ ਸੂਚਨਾ ਦਿੱਤੀ। ਉਸ ਨੇ ਗੁੱਸੇ ਵਿੱਚ ਆ ਕੇ ਸਿੱਖਾਂ ਨੂੰ ਪਕੜਾਉਣ ਦਾ ਮਨਸੂਬਾ ਬਣਾਇਆ ਅਤੇ ਭਾਈ ਮਨੀ ਸਿੰਘ ਦੇ ਸਮਝਾਉਣ ਦੇ ਬਾਵਜੂਦ ਉਹ ਆਪਣੇ ਮਨਸੂਬੇ ਅਨੁਸਾਰ ਲਾਹੌਰ ਦੇ ਨਾਜ਼ਮ ਅਸਲਮ ਖਾਂ ਪਾਸ ਗਿਆ। ਸੂਬੇ ਨੇ ਮਨੀ ਸਿੰਘ ਨੂੰ ਜਵਾਬਤਲਬੀ ਲਈ ਪਰਵਾਨਾ ਭੇਜਿਆ। ਭਾਈ ਮਨੀ ਸਿੰਘ ਨੇ ਚੰਗੀ ਤਰ੍ਹਾਂ ਵਿਚਾਰ ਕਰਕੇ ਭਾਈ ਤਾਰਾ ਸਿੰਘ ਨੂੰ ਸੂਬੇ ਪਾਸ ਲਾਹੌਰ ਭੇਜਿਆ। ਉਥੇ ਮੀਣੇ ਬਹੁਤ ਸਰਗਰਮ ਰਹੇ ਅਤੇ ਸਿੱਖਾਂ ਵਿਰੁੱਧ ਸੂਬੇ ਦੇ ਕੰਨ ਭਰਦੇ ਰਹੇ। ਲਾਹੌਰ ਦੇ ਸੂਰਤ ਸਿੰਘ ਆਦਿ ਸਿੱਖ ਵੀ ਵਿੱਚ ਪਏ, ਪਰ ਇਸ ਗੱਲ ਦਾ ਨਿਪਟਾਰਾ ਨਾ ਹੋਇਆ ਅਤੇ ਭਾਈ ਤਾਰਾ ਸਿੰਘ ਨੇ ਪਰਤ ਕੇ ਭਾਈ ਮਨੀ ਸਿੰਘ ਨੂੰ ਸਾਰੀ ਗੱਲ ਆਣ ਦੱਸੀ। ਚੂਹੜ ਮਲ ਦੇ ਅੰਮ੍ਰਿਤਸਰ ਆਣ ਦਾ ਪਤਾ ਲੱਗਣ 'ਤੇ ਮਨੀ ਸਿੰਘ ਨੇ ਉਸ ਨੂੰ ਆਪਣੇ ਕੋਲ ਬੁਲਾਇਆ, ਪਰ ਉਹ ਨਾ ਆਇਆ। ਉਧਰ ਪੱਟੀ ਤੋਂ ਭਾਈ ਮਨੀ ਸਿੰਘ ਨੂੰ ਸੂਚਨਾ ਮਿਲੀ ਕਿ ਉਥੋਂ ਦਾ ਅਮੀਰ ਹਰਸਾ (ਹਰਿ ਸਹਾਇ) ਚੂਹੜ ਮਲ ਦੀ ਸਹਾਇਤਾ ਲਈ ਅੰਮ੍ਰਿਤਸਰ ਉਤੇ ਹਮਲੇ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਗੱਲ ਦੇ ਪਤਾ ਲੱਗਣ 'ਤੇ ਭਾਈ ਮਨੀ ਸਿੰਘ ਨੇ ਸਲਾਹ ਕੀਤੀ ਅਤੇ ਸਿੱਖਾਂ ਨੂੰ ਚੂਹੜ ਮਲ ਨੂੰ ਦੰਡ ਦੇਣ ਲਈ ਪ੍ਰੇਰਿਤ ਕੀਤਾ। ਸਿੱਖਾਂ ਤੋਂ ਮਾਰ ਖਾ ਕੇ ਅਤੇ ਘਰ ਲੁਟਵਾ ਕੇ ਚੂਹੜ ਮਲ ਆਪਣੀ ਮਦਦ ਲਈ ਹਰਿ ਸਹਾਇ ਪਾਸ ਪੱਟੀ ਗਿਆ ਅਤੇ ਇਧਰ ਭਾਈ ਮਨੀ ਸਿੰਘ ਨੇ ਚਿੱਠੀਆਂ ਲਿਖ ਕੇ ਸਿੱਖਾਂ ਨੂੰ ਧਰਮ ਯੁੱਧ ਲਈ ਅੰਮ੍ਰਿਤਸਰ ਬੁਲਾ ਲਿਆ। ਚੂਹੜ ਮਲ ਦੀ ਪੁਕਾਰ ਸੁਣ ਕੇ ਹਰਿ ਸਹਾਇ ਨੇ ਅੰਮ੍ਰਿਤਸਰ 'ਤੇ ਚੜ੍ਹਾਈ ਕਰ ਦਿੱਤੀ।

ਇਸ ਲੜਾਈ ਤੋਂ ਬਾਅਦ ਚੂਹੜ ਮਲ ਲਾਹੌਰ ਦੇ ਨਾਜ਼ਮ ਅਸਲਮ ਖਾਂ ਪਾਸ ਜਾ ਕੇ ਰੋਇਆ। ਉਸ ਨੇ ਸਲਾਹ ਕਰਕੇ ਦੇਵਾ ਨਾਂ ਦੇ ਇੱਕ ਜੱਟ ਨੂੰ ਫੌਜ ਅਤੇ ਮੁਲਖਈਏ ਸਹਿਤ ਲਾਹੌਰੋਂ ਅੰਮ੍ਰਿਤਸਰ ਉਤੇ ਹਮਲਾ ਕਰਨ ਲਈ ਭੇਜਿਆ। ਇਧਰੋਂ ਭਾਈ ਮਨੀ ਸਿੰਘ ਨੇ ਵੀ ਯੁੱਧ ਕਰਨ ਲਈ ਸਿੰਘਾਂ ਨੂੰ ਉਤਸਾਹਿਤ ਕੀਤਾ :-

ਦੇਵਾ ਲੈ ਮੁਲਖਈਆ, ਔਰ ਫੌਜ ਤੁਰਕਾਨ।
ਆਯਾ ਚੜ੍ਹ ਗੁਰ ਚੱਕ ਤੇ, ਪਰਨ ਲਗੋ ਘਮਸਾਨ।126।
ਮਨੀ ਸਿੰਘ ਬੀ ਆਦਿ ਲੈ, ਨਾਮੀ ਨਾਮੀ ਬੀਰ। ਲਗੇ ਲਰਨ ਤੁਰਕੇਸ਼ ਸੰਗ, ਲੈ ਸਿੱਖਨ ਕੀ ਭੀਰ।127।

ਬਾਕੀ ਹਿਸਾ ਸਫਾ 40'ਤੇ ਪੜ੍ਹੋ

39 ਸਫੇ ਦੀ ਬਾਕੀ

ਇਹ ਯੁੱਧ 1766 ਬਿ. (1709 ਈ.) ਵਿੱਚ ਗੁਰੂ ਚੱਕ ਤੋਂ ਤਿੰਨ ਕੁ ਕੋਹਾਂ ਦੀ ਵਿੱਥ 'ਤੇ ਢਾਈ ਪਹਿਰਾਂ (ਜਾਮਾਂ) ਤੱਕ ਹੁੰਦਾ ਰਿਹਾ। ਅੰਤ ਵੈਰੀ ਹਾਰ ਕੇ ਭੱਜ ਗਏ ਅਤੇ ਚੂਹੜ ਮਲ ਅਤੇ ਦੇਵਾ ਜੱਟ ਵੀ ਬਚ ਕੇ ਖਿਸਕ ਗਏ।

ਇਸ ਭੇੜ ਤੋਂ ਬਾਅਦ ਸਿੱਖਾਂ ਦਾ ਆਤਮ ਗੌਰਵ ਵਧਿਆ। ਉਧਰੋਂ ਬੰਦਾ ਬਹਾਦਰ ਦੀਆਂ ਜਿੱਤਾਂ ਨੇ ਸਿੰਘਾਂ ਦੇ ਹੌਂਸਲੇ ਹੋਰ ਬੁਲੰਦ ਕੀਤੇ। 1768 ਬਿ. (1711 ਈ.) ਨੂੰ ਅੰਮ੍ਰਿਤਸਰ ਵਿੱਚ ਹੋਲੇ ਮਹੱਲੇ ਦੇ ਪੁਰਬ ਉਤੇ ਦਸਮ ਗੁਰੂ ਦੇ ਮਾਮਾ ਕ੍ਰਿਪਾਲ ਸਿੰਘ ਸਣੇ ਬਾਬਾ ਅਜੀਤ ਸਿੰਘ ਦਿੱਲੀ ਤੋਂ ਆਏ ਅਤੇ ਵਰਤਮਾਨ ਸਥਿਤੀ ਤੋਂ ਸਿੰਘਾਂ ਨੂੰ ਜਾਣੂ ਕਰਵਾ ਕੇ ਅਗੋਂ ਲਈ ਸੁਚੇਤ ਕੀਤਾ ਅਤੇ ਆਪ ਫਿਰ ਦਿੱਲੀ ਪਰਤ ਗਏ।

**ਪੰਥ ਵਿੱਚ ਏਕਤਾ ਕਰਾਉਣਾ :-** ਬਾਬਾ ਬੰਦਾ ਬਹਾਦਰ ਦੇ ਸ਼ਹੀਦ ਹੋਣ (1773 ਬਿ. 1716 ਈ.) ਤੇ ਸਿੰਘਾਂ ਦਾ ਬਲ ਘਟ ਗਿਆ। ਬੰਦਾ ਬਹਾਦਰ ਦੀ ਸ਼ਹੀਦੀ ਤੋਂ ਛੇ ਸਾਲ ਪਿੱਛੋਂ ਸਿੱਖਾਂ ਦੇ ਦੋ ਧੜੇ ਬਣ ਗਏ। ਇੱਕ ਧੜਾ ਅਕਾਲ ਪੁਰਖੀਆਂ (ਤੱਤ ਖਾਲਸਾ-ਨਿਹੰਗ ਸਿੰਘਾਂ) ਦਾ ਸੀ ਜੋ ਦਸਮ ਪਾਤਸ਼ਾਹ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਾ ਸੀ। ਦੂਜਾ ਧੜਾ ਬੰਦਈ ਖਾਲਸਾ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਨੂੰ ਗਿਆਰਵਾਂ ਗੁਰੂ ਮੰਨਦਾ ਸੀ ਤੇ ਉਸ ਸਮੇਂ ਇਸ ਧੜੇ ਦਾ ਨੇਤਾ ਮਹੰਤ ਅਮਰ ਸਿੰਘ ਖੇਮਕਰਨੀਆਂ ਸੀ। ਮਾਤਾ ਸੁੰਦਰੀ ਜੀ ਨੇ ਇਸ ਦਾ ਨਿਬੇੜਾ ਕਰਨ ਲਈ ਦਿੱਲੀ ਤੋਂ ਭਾਈ ਮਨੀ ਸਿੰਘ ਨੂੰ ਚਿੱਠੀ ਲਿਖੀ। ਆਪ ਨੇ ਇਸ ਦਾ ਨਿਪਟਾਰਾ ਸਰੋਵਰ ਵਿੱਚ ਪਰਚੀਆਂ ਪਾ ਕੇ ਕੀਤਾ। ਬੰਦਈਆ ਦੀ ਪਰਚੀ ਡੁੱਬ ਗਈ ਤੇ ਅਕਾਲ ਪੁਰਖੀਆ (ਨਿਹੰਗਾਂ) ਦੀ ਤਰ ਗਈ। ਇਸ 'ਤੇ ਵੀ, ਜਦ ਭਾਈ ਮਨੀ ਸਿੰਘ ਨੇ ਵੇਖਿਆ ਕਿ ਝਗੜਾ ਖ਼ਤਮ ਨਹੀਂ ਹੁੰਦਾ, ਤਾਂ ਲਾਹੌਰਾ ਸਿੰਘ ਨਾਲ ਸਲਾਹ ਕਰਕੇ ਇਹ ਫੈਸਲਾ ਕੀਤਾ ਕਿ ਦੋਹਾਂ ਧਿਰਾਂ ਦੇ ਪਹਿਲਵਾਨਾਂ ਦਾ ਦੰਗਲ ਕਰਵਾਇਆ ਜਾਏ ਅਤੇ ਜਿਸ ਧੜੇ ਦਾ ਪਹਿਲਵਾਨ ਹਾਰ ਜਾਏ, ਉਹ ਆਪਣੀ ਹਾਰ ਮੰਨ ਲਏ। ਇਹ ਫੈਸਲਾ ਦੋਹਾਂ ਧਿਰਾਂ ਨੇ ਪ੍ਰਵਾਨ ਕਰ ਲਿਆ। ਬੰਦਈਆਂ ਵੱਲੋਂ ਸੰਗਤ ਸਿੰਘ ਅਤੇ ਨਿਹੰਗਾਂ ਵਲੋਂ ਮੇਹਰੀ ਸਿੰਘ ਨੇ ਘੋਲ ਕੀਤਾ। ਇਸ ਘੋਲ ਵਿੱਚ ਅਕਾਲ ਪੁਰਖੀਆਂ ਦੀ ਜਿੱਤ ਹੋਈ। ਭਾਈ ਮਨੀ ਸਿੰਘ ਨੇ ਦੋਹਾਂ ਧੜਿਆਂ ਵਿੱਚ ਏਕਤਾ ਕਰਵਾ ਦਿੱਤੀ। ਭਾਈ ਮਨੀ ਸਿੰਘ ਦੀ ਸਿਆਣਪ ਨੂੰ ਮਾਤਾ ਸੁੰਦਰੀ ਜੀ ਵੀ ਮੰਨਦੇ ਸਨ। ਇਸ ਲਈ ਉਨ੍ਹਾਂ ਨੇ ਏਕਤਾ ਕਰਨ ਦੀ ਜ਼ਿੰਮੇਦਾਰੀ ਉਨ੍ਹਾਂ ਦੇ ਸਪੁਰਦ ਕੀਤੀ, ਜਿਸ ਨੂੰ ਉਨ੍ਹਾਂ ਨੇ ਬੜੀ ਸੁਚੱਜਤਾ ਨਾਲ ਨਿਭਾ ਕੇ ਮਾਤਾ ਜੀ ਨੂੰ ਏਕਤਾ ਹੋ ਜਾਣ ਬਾਰੇ ਸੂਚਿਤ ਕੀਤਾ।

**ਦੀਵਾਲੀ ਦਾ ਪੁਰਬ :-** ਕੁਝ ਸਮਾਂ ਇਸ ਤਰ੍ਹਾਂ ਬੀਤ ਗਿਆ। ਫਿਰ ਅਚਾਨਕ ਦਿੱਲੀ ਵਿੱਚ ਇੱਕ ਘਟਨਾ ਵਾਪਰੀ। ਬਾਬਾ ਅਜੀਤ ਸਿੰਘ ਨੂੰ ਹੋਰ ਸੱਠ ਜੁਝਾਰੂ ਸਿੰਘਾਂ ਸਹਿਤ ਦਿੱਲੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਮਾਤਾ ਸੁੰਦਰੀ ਜੀ ਬਾਬਾ ਅਜੀਤ ਸਿੰਘ ਦੇ ਪੁੱਤਰ ਹਠੀ ਸਿੰਘ ਨੂੰ ਨਾਲ ਲੈ ਕੇ ਦਿੱਲੀਓਂ (ਭਰਤਗੜ੍ਹ ਦੇ ਰਸਤੇ ਮਥਰਾ ਨੂੰ) ਨਿਕਲ ਗਏ। ਇਸ ਤਰ੍ਹਾਂ ਸਿੱਖਾਂ ਉਪਰ ਹਰ ਪਾਸਿਓਂ ਮੁਸੀਬਤਾਂ ਦੇ ਪਹਾੜ ਟੁਟ ਪਏ। ਸਿੰਘ ਇਧਰ ਉਧਰ ਪਰਬਤਾਂ ਵੱਲ ਚਲੇ ਗਏ। ਭਾਈ ਮਨੀ ਸਿੰਘ ਸਾਰਿਆਂ ਖ਼ਤਰਿਆਂ ਦੇ ਬਾਵਜੂਦ ਅੰਮ੍ਰਿਤਸਰ ਰਹਿ ਕੇ ਸਿੱਖਾਂ ਨੂੰ ਧੀਰਜ ਦਿੰਦੇ ਰਹੇ। ਉਦੋਂ ਭਾਈ ਮਨੀ ਸਿੰਘ ਦੀ ਆਯੂ 90 ਵਰ੍ਹਿਆਂ ਦੀ ਹੋ ਚੁੱਕੀ ਸੀ। ਸੰਮਤ 1790 ਬਿ. (1733 ਈ.) ਦੀ ਦੀਵਾਲੀ ਦਾ ਪੁਰਬ ਨੇੜੇ ਆ ਚੁੱਕਾ ਸੀ। ਉਸ ਨੂੰ ਮਨਾਉਣ ਲਈ ਭਾਈ ਸਾਹਿਬ ਲਾਹੌਰ ਗਏ ਅਤੇ ਸੁਬੇਗ ਸਿੰਘ, ਸੂਰਤ ਸਿੰਘ ਆਦਿ ਲਾਹੌਰ ਨਿਵਾਸੀ ਨਾਮੀ ਸਿੰਘਾਂ ਰਾਹੀਂ ਉਨ੍ਹਾਂ ਨੇ ਦੀਵਾਲੀ ਦਾ ਮੇਲਾ ਕਰਨ ਲਈ ਸੂਬੇ (ਜ਼ਕਰੀਆ ਖਾਨ) ਨਾਲ ਗੱਲ ਤੋਰੀ। ਸੂਬੇ ਨੇ ਮੇਲੇ ਦੀ ਇਜਾਜ਼ਤ ਦੇਣ ਬਦਲੇ ਜਜ਼ੀਆ (ਕਰ) ਮੰਗਿਆ। ਭਾਈ ਸਾਹਿਬ ਜਜ਼ੀਏ ਦੀ ਰਕਮ ਮੇਲੇ ਉਪਰੰਤ ਦੇਣੀ ਪੱਕੀ ਕਰਕੇ ਵਾਪਸ ਅੰਮ੍ਰਿਤਸਰ ਪਰਤੇ ਅਤੇ ਚਿੱਠੀਆਂ ਰਾਹੀਂ ਸਾਰਿਆਂ ਸਿੱਖਾਂ ਨੂੰ ਦੀਵਾਲੀ ਦੇ ਮੇਲੇ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਨਿਮੰਤ੍ਰਿਤ ਕੀਤਾ। ਇਧਰ ਮੀਣਿਆਂ ਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਅਤੇ ਸੂਬੇ ਨੂੰ ਉਕਸਾਇਆ।

ਇਸ ਸਥਿਤੀ ਬਾਰੇ ਲਾਹੌਰ ਨਿਵਾਸੀ ਸਿੰਘ ਵੀ ਸੁਚੇਤ ਸਨ। ਸਾਰੀ ਸਾਜ਼ਿਸ਼ ਦਾ ਪਤਾ ਲੱਗਣ 'ਤੇ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਤੁਰੰਤ ਸੂਚਿਤ ਕੀਤਾ। ਮੁਸਲਮਾਨ ਅਧਿਕਾਰੀਆਂ ਦੀ ਨੀਅਤ ਨੂੰ ਵੇਖ ਕੇ ਭਾਈ ਮਨੀ ਸਿੰਘ ਨੇ ਤੁਰੰਤ ਚਿੱਠੀਆਂ ਲਿਖਕੇ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਵਰਜ ਦਿੱਤਾ। ਫਲਸਰੂਪ, ਦੀਵਾਲੀ ਦੇ ਪੁਰਬ 'ਤੇ ਨੇੜੇ ਤੇੜੇ ਦੀ ਸੰਗਤ ਦਰਸ਼ਨਾਂ ਲਈ ਆਈ, ਪਰ ਜੁਝਾਰੂ ਖਾਲਸਾ ਦੂਰ ਹੀ ਰਿਹਾ। ਫੌਜਦਾਰ (ਲਖਪਤ ਰਾਇ) ਵਿਅਰਥ ਵਿੱਚ ਝਖ ਮਾਰ ਕੇ ਵਾਪਸ ਪਰਤ ਗਿਆ। ਇਸ ਅਵਸਰ 'ਤੇ ਦਰਬਾਰ ਸਾਹਿਬ ਵਿੱਚ ਚੜ੍ਹਤ ਬਹੁਤ ਘਟ ਚੜ੍ਹੀ, ਜਿਸ ਕਰਕੇ ਕਰ ਦੀ ਰਕਮ ਅਦਾ ਨਾ ਕੀਤੀ ਜਾ ਸਕੀ।

ਸੂਬੇ ਨੂੰ ਕਰ ਨਾ ਮਿਲਣ ਕਾਰਨ ਉਸ ਨੇ ਭਾਈ ਮਨੀ ਸਿੰਘ ਦੀ ਜਵਾਬ-ਤਲਬੀ ਕੀਤੀ। ਭਾਈ ਮਨੀ ਸਿੰਘ ਨੇ ਸਥਿਤੀ ਸਪੱਸ਼ਟ ਕਰਨ ਲਈ ਭਾਈ ਭੂਪਤਿ ਸਿੰਘ ਅਤੇ ਭਾਈ ਗੁਲਜ਼ਾਰਾ ਸਿੰਘ ਨੂੰ ਲਾਹੌਰ ਭੇਜਿਆ ਤਾਂ ਜੋ ਸੂਬੇ ਨੂੰ ਸੂਚਿਤ ਕਰਨ ਕਿ ਸੰਗਤ ਘਟ ਆਉਣ ਕਰਕੇ ਚੜ੍ਹਤ ਘਟ ਚੜ੍ਹੀ ਹੈ, ਇਸ ਲਈ ਕਰ ਦੀ ਰਕਮ ਅਦਾ ਕਰਨਾ ਸੰਭਵ ਨਹੀਂ ਹੈ। ਹਾਂ, ਵਿਸਾਖੀ ਦੇ ਪੁਰਬ ਤੋਂ ਬਾਅਦ ਇਹ ਕਰਮ ਭੇਜੀ ਜਾ ਸਕੇਗੀ। ਪਰ ਸ਼ਾਸਕਾਂ ਨੂੰ ਵਿਸਾਖੀ ਦੇ ਪੁਰਬ ਨੂੰ ਸਹੀ ਢੰਗ ਨਾਲ ਮਨਾਉਣ ਲਈ ਮਨ ਵਿੱਚੋਂ ਕੁਟਲਤਾ ਨੂੰ ਤਿਆਗਣਾ ਹੋਵੇਗਾ, ਨਹੀਂ ਤਾਂ ਰਕਮ ਦੀ ਵਿਵਸਥਾ ਕਰ ਸਕਣਾ ਸੰਭਵ ਨਹੀਂ ਹੋ ਸਕੇਗਾ। ਦੋਵੇਂ ਸਿੰਘ ਲਾਹੌਰ ਪਹੁੰਚ ਕੇ ਨਿਵਾਸੀ ਸਿੰਘਾਂ ਨੂੰ ਨਾਲ ਲੈ ਕੇ ਸੂਬੇ ਪਾਸ ਗਏ ਅਤੇ ਸਾਰੀ ਸਥਿਤੀ ਕਹਿ ਸੁਣਾਈ। ਸੂਬੇ ਨੇ ਕੁਰਾਨ ਦੀ ਕਸਮ ਚੁੱਕ ਕੇ ਪਰਸਪਰ ਮੇਲ ਅਤੇ ਸ਼ਾਂਤੀ ਦਾ ਵਿਸ਼ਵਾਸ ਦਿਵਾਇਆ। ਸਿੰਘਾਂ ਨੇ ਦਸ ਦਿਨਾਂ ਲਈ ਵਿਸਾਖੀ ਦਾ ਪੁਰਬ ਮਨਾਉਣ ਲਈ ਦਸ ਹਜ਼ਾਰ ਰੁਪਏ ਦੇਣੇ ਕਰਕੇ ਪ੍ਰਵਾਨਗੀ ਲਿਖਤੀ ਰੂਪ ਵਿੱਚ ਪ੍ਰਾਪਤ ਕਰ ਲਈ। ਦੋਹਾਂ ਸਿੰਘਾਂ ਨੇ ਪਰਤ ਕੇ ਸਾਰੀ ਗੱਲ ਭਾਈ ਮਨੀ ਸਿੰਘ ਨੂੰ ਦੱਸੀ।

**ਵਿਸਾਖੀ ਦਾ ਪੁਰਬ :-** ਪੰਜ ਮਹੀਨਿਆਂ ਦਾ ਸਮਾਂ ਬੀਤਣ ਉਪਰੰਤ ਵਿਸਾਖੀ ਦਾ ਪੁਰਬ ਆ ਗਿਆ। ਨੇੜੇ ਤੇੜੇ ਦੀਆਂ ਸੰਗਤਾਂ ਹੀ ਆਈਆਂ, ਪਰ ਜੁਝਾਰੂ ਖਾਲਸਾ ਦੂਰ ਰਿਹਾ ਕਿਉਂਕਿ ਭਾਈ ਮਨੀ ਸਿੰਘ ਨੂੰ ਪਹਿਲਾਂ ਹੀ ਖਬਰ ਮਿਲ ਚੁੱਕੀ ਸੀ ਕਿ ਲਖੂ (ਲਖਪਤ ਰਾਇ) ਨਾਂ ਦੇ ਵਜ਼ੀਰ ਨੂੰ ਲਾਹੌਰ ਦੇ ਸੂਬੇ ਨੇ ਸਿੱਖਾਂ ਨੂੰ ਕੁਚਲਣ ਲਈ ਫੌਜ ਸਹਿਤ ਰਾਮ ਤੀਰਥ ਠਹਿਰਾ ਰਖਿਆ ਸੀ। ਪਰ ਸਿੰਘਾਂ ਦੇ ਨਾ ਆਉਣ ਕਰਕੇ ਹਾਕਮਾਂ ਦੀ ਸਾਰੀ ਸਾਜ਼ਿਸ਼ ਵਿਅਰਥ ਸਿੱਧ ਹੋਈ। ਇਸ 'ਤੇ ਸਭ ਵੈਰੀਆਂ ਨੇ ਰਲ ਕੇ ਸੂਬੇ ਦੇ ਕੰਨ ਭਰੇ ਕਿ ਬੁਕਲ ਦੇ ਸੱਪ ਵਰਗੇ ਸਿੱਖਾਂ ਦੇ ਮੁਖੀਏ ਭਾਈ ਮਨੀ ਸਿੰਘ ਨੂੰ ਜਲਦੀ ਖਤਮ ਕਰਨਾ ਚਾਹੀਦਾ ਹੈ। ਫਲਸਰੂਪ ਲਾਹੌਰ ਦੀ ਫੌਜ ਨੇ ਅੰਮ੍ਰਿਤਸਰ ਨੂੰ ਘੇਰ ਲਿਆ ਅਤੇ ਭਾਈ ਮਨੀ ਸਿੰਘ ਆਦਿ ਨਾਮੀ ਸਿੱਖਾਂ ਨੂੰ ਫੜ ਕੇ ਲਾਹੌਰ ਲੈ ਗਏ। ਇਸ ਤੋਂ ਇਲਾਵਾ ਹੋਰ ਨੇੜੇ ਤੇੜੇ ਦੇ ਸਿੱਖ ਵੀ ਫੜ ਲਏ ਗਏ ਅਤੇ ਸਭ ਸਿੱਖਾਂ ਦੇ ਘਰ ਬਾਰ ਲੁਟ ਲਏ ਗਏ।ਸਭ ਪਾਸੇ ਹਾਹਾਕਾਰ ਮਚ ਗਿਆ। ਸਥਿਤੀ ਅਨੁਕੂਲ ਨਾ ਵੇਖ ਕੇ ਸੁਖਾ ਸਿੰਘ ਵਰਗੇ ਜੁਝਾਰੂ ਸਿੰਘ ਜੈਪੁਰ ਵੱਲ ਚਲ ਗਏ। ਲਾਹੌਰ ਦੇ ਸੂਬੇ ਨੇ ਅੰਮ੍ਰਿਤ ਸਰੋਵਰ ਮਿੱਟੀ, ਹਡ, ਚੰਮ ਆਦਿ ਨਾਲ ਪੂਰ ਦਿੱਤਾ।

**ਸ਼ਹਾਦਤ :-** ਲਾਹੌਰ ਦੇ ਜ਼ੇਲਖਾਨੇ ਵਿੱਚ ਭਾਈ ਮਨੀ ਸਿੰਘ ਸਿੰਘਾਂ ਨੂੰ ਨਿੱਤਪ੍ਰਿਤ ਕਥਾ ਸੁਣਾਂਦੇ ਰਹੇ। ਸੂਬੇ ਨੇ ਭਾਈ ਮਨੀ ਸਿੰਘ ਨੂੰ ਬੁਲਾ ਕੇ ਕਿਹਾ ਕਿ ਉਸ ਪਾਸ ਨਿੱਤ ਸਿੱਖ ਆਉਂਦੇ ਜਾਂਦੇ ਰਹਿੰਦੇ ਹਨ, ਉਹ ਉਨ੍ਹਾਂ ਸਾਰਿਆਂ ਨੂੰ ਪਕੜਾ ਦੇਵੇ ਨਹੀਂ ਤਾਂ ਉਸ ਦੀ ਆਪਣੀ ਸ਼ਾਮਤ ਆਵੇਗੀ। ਉੱਤਰ ਵਜੋਂ ਭਾਈ ਮਨੀ ਸਿੰਘ ਨੇ ਰੋਹ ਵਿੱਚ ਆ ਕੇ ਕਿਹਾ:-

ਮਨੀ ਸਿੰਘ ਤਬ ਇਮ ਕਹਿਯੋ : 'ਸੁਣੇ ਬਹਾਦਰ ਖਾਨ।ਨਿਸ ਦਿਨ ਬੋਲੋਂ ਝੂਠ ਤਉਂ, ਖਾ ਕੇ ਕਸਮ ਕੁਰਾਨ।198।

ਝੂਠ ਬੋਲਣਾ ਖਾਨ ਜੀ।ਨਹਿ ਸਿੰਘਨ ਕਾ ਕਾਮ।ਕੱਟ ਜਾਏ ਅੰਗ ਅੰਗ ਭੀ, ਦੇਣਾ ਦਗਾ ਹਰਾਮ।199।

ਹੋਰਨਾਂ ਮੁੱਖੀ ਸਿੰਘਾਂ ਨੇ ਵੀ ਡੱਟ ਕੇ ਭਾਈ ਮਨੀ ਸਿੰਘ ਦਾ ਸਾਥ ਦਿੱਤਾ। ਸੂਬੇ ਨੇ ਭਾਈ ਗੁਲਜ਼ਾਰ ਸਿੰਘ, ਭਾਈ ਭੂਪਤਿ ਸਿੰਘ, ਭਾਈ ਮੁਹਕਮ ਸਿੰਘ, ਭਾਈ ਚੈਨ ਸਿੰਘ, ਭਾਈ ਕੀਰਤ ਸਿੰਘ, ਭਾਈ ਆਲਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਸੰਗਤ ਸਿੰਘ, ਭਾਈ ਕਾਨ੍ਹ ਸਿੰਘ ਆਦਿਕ ਮੁੱਖੀ ਸਿੰਘਾਂ ਨੂੰ ਭਾਈ ਮਨੀ ਸਿੰਘ ਸਹਿਤ ਬਹੁਤ ਕਸ਼ਟ ਅਤੇ ਦੁੱਖ ਦਿੱਤੇ ਅਤੇ ਅੰਤ ਸੰਮਤ 1791 (1734 ਈ.) ਹਾੜ ਸੁਦੀ ਪੰਚਮੀ ਨੂੰ ਭਾਈ ਮਨੀ ਸਿੰਘ ਨੂੰ ਹੋਰ ਸਿੰਘਾਂ ਸਹਿਤ ਨਿਖਾਸ ਚੌਂਕ (ਜਿਥੇ ਹੁਣ ਗੁਰਦੁਆਰਾ ਸ਼ਹੀਦ ਗੰਜ ਹੈ), ਵਿੱਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਇਸ ਤਰ੍ਹਾਂ ਭਾਈ ਮਨੀ ਸਿੰਘ ਨੇ 90 ਵਰ੍ਹਿਆਂ ਦੀ ਉਮਰ ਵਿੱਚ ਬੰਦ ਬੰਦ ਕਟਵਾਕੇ ਆਪਣੀ ਸ਼ਹਾਦਤ ਦਿੱਤੀ। ਭਾਈ ਮਨੀ ਸਿੰਘ ਦੇ ਸੰਮਤ 1791 (1734) ਈ. ਵਿੱਚ ਬੰਦ ਬੰਦ ਕੱਟੇ ਜਾਣ ਦੀ ਘਟਨਾ ਨਾਲ ਲਗਭਗ ਸਾਰੇ ਇਤਿਹਾਸਕਾਰ ਅਤੇ ਭੱਟ-ਵਹੀਆਂ ਸਹਿਮਤ ਹਨ।

**ਪਰਿਵਾਰ :-** ਭੱਟ-ਵਹੀਆਂ ਅਨੁਸਾਰ ਭਾਈ ਮਨੀ ਸਿੰਘ ਨੇ ਦੋ ਵਿਆਹ ਕੀਤੇ ਸਨ। ਪਹਿਲੀ ਪਤਨੀ ਸੀਤੋ ਬਾਈ ਤੋਂ ਉਨ੍ਹਾਂ ਦੇ ਘਰ ਸੱਤ ਪੁੱਤਰ ਪੈਦਾ ਹੋਏ-ਚਿਤ੍ਰ ਸਿੰਘ, ਬਚਿਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ ਅਤੇ ਗੁਰਬਖਸ਼ ਸਿੰਘ, ਦੂਜੀ ਪਤਨੀ ਖੇਮੀਂ ਤੋਂ ਤਿੰਨ ਪੁੱਤਰ ਪੈਦਾ ਹੋਏ-ਭਗਵਾਨ ਸਿੰਘ, ਬਲਰਾਮ ਸਿੰਘ ਅਤੇ ਦੇਸਾ ਸਿੰਘ। ਇਨ੍ਹਾਂ ਵਿੱਚੋਂ ਸੀਤੋ ਬਾਈ ਦੀ ਕੁੱਖੋਂ ਪੈਦਾ ਹੋਏ ਪੰਜ ਪੁੱਤਰਾਂ-ਬਚਿਤ੍ਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ ਦੀ ਸ਼ਹੀਦੀ 1705 ਈ. ਵਿੱਚ ਭਾਈ ਸਾਹਿਬ ਦੇ ਜੀਉਂਦੇ ਜੀਅ ਹੀ ਹੋ ਗਈ ਸੀ ਅਤੇ ਚਿਤ੍ਰ ਸਿੰਘ ਅਤੇ ਗੁਰਬਖਸ਼ ਦੀ ਸ਼ਹੀਦੀ ਭਾਈ ਸਾਹਿਬ ਦੇ ਨਾਲ 1734 ਈ. ਵਿੱਚ ਲਾਹੌਰ ਵਿੱਚ ਹੋਈ ਸੀ। ਭਾਈ ਮਨੀ ਸਿੰਘ ਦੀ ਸੰਤਾਨ ਵਲੋਂ ਸਮੇਂ ਸਮੇਂ ਬਲੀਦਾਨਾਂ ਦੀ ਇਸ ਲੜੀ ਵਿੱਚ ਆਪਣੇ ਸਿਰ ਪਰੋ ਕੇ ਇਸ ਲੜੀ ਦੀ ਲੰਬਾਈ ਵਧਾਈ ਜਾਂਦੀ ਰਹੀ ਹੈ। ਇਸ ਤਰ੍ਹਾਂ ਭਾਈ ਮਨੀ ਸਿੰਘ ਦਾ ਸਾਰਾ ਪਰਿਵਾਰ ਦ੍ਰਿੜ੍ਹਤਾ ਨਾਲ ਆਪਣਾ ਧਾਰਮਿਕ ਕਰਤੱਵ ਨਿਭਾਂਦਾ ਰਿਹਾ ਹੈ ਅਤੇ ਸ਼ਹੀਦੀਆਂ ਦੇ ਕੇ ਆਪਣਾ ਗੌਰਵ ਵਧਾਂਦਾ ਰਿਹਾ ਹੈ।

**ਦਰਬਾਰ ਸਾਹਿਬ ਦੇ ਤੀਜੇ ਗ੍ਰੰਥੀ :-** ਭਾਈ ਮਨੀ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੀਜੇ ਗ੍ਰੰਥੀ ਸਨ। ਪਹਿਲੇ ਬਾਬਾ ਬੁੱਢਾ ਜੀ ਅਤੇ ਦੂਜੇ ਭਾਈ ਗੁਰਦਾਸ ਜੀ ਸਨ। ਭਾਈ ਗੁਰਦਾਸ ਤੋਂ ਬਾਅਦ ਅਤੇ ਭਾਈ ਮਨੀ ਸਿੰਘ ਤੋਂ ਪਹਿਲਾਂ ਭਾਵੇਂ ਦਰਬਾਰ ਸਾਹਿਬ ਉਤੇ ਸੋਢੀ ਹਰਿ ਜੀ ਦਾ ਅਧਿਕਾਰ ਰਿਹਾ, ਪਰ ਉਹ ਗ੍ਰੰਥੀ ਨਾਲੋਂ ਗੱਦੀਦਾਰ ਅਧਿਕ ਸੀ ਅਤੇ ਸਿੱਖ ਧਰਮ ਦੀ ਮਰਯਾਦਾ ਵਿਰੁੱਧ ਉਸ ਨੇ ਉਥੋਂ ਦੀ ਵਿਵਸਥਾ ਖਰਾਬ ਕਰ ਰੱਖੀ ਸੀ, ਇਸ ਲਈ ਭਾਈ ਗੁਰਦਾਸ ਤੋਂ ਬਾਅਦ ਸਹੀ ਅਰਥਾਂ ਵਿੱਚ ਤੀਜੇ ਗ੍ਰੰਥੀ ਭਾਈ ਮਨੀ ਸਿੰਘ ਹੀ ਸਨ। ਆਪਣੇ ਗ੍ਰੰਥੀ-ਕਾਲ ਵਿੱਚ ਅਤੇ ਉਸ ਤੋਂ ਪਹਿਲਾਂ ਭਾਈ ਸਾਹਿਬ ਦੀ ਅਧਿਕ ਰੁੱਚੀ ਗੁਰੂ ਗ੍ਰੰਥ ਸਾਹਿਬ ਆਦਿ ਦੀ ਕਥਾ ਕਰਕੇ ਸਿੱਖ ਸਿਧਾਂਤਾਂ ਅਤੇ ਪਰੰਪਰਾਵਾਂ ਦਾ ਵਿਸ਼ਲੇਸ਼ਣ ਕਰਨ ਦੀ ਰਹੀ। ਉਹ ਕਥਾ-ਵਾਰਤਾ ਨੂੰ ਧਰਮ ਪ੍ਰਚਾਰ ਦਾ ਇੱਕ ਪ੍ਰਭਾਵਕਾਰੀ ਅੰਗ ਸਮਝਦੇ ਸਨ। ਇਸ ਲਈ ਆਪਣੇ ਯੁਗ ਵਿੱਚ ਉਨ੍ਹਾਂ ਨੂੰ ਵਿਦਵਾਨ ਵਜੋਂ 'ਗਿਆਨੀ' ਕਹਿ ਕੇ ਸਨਮਾਨਿਆ ਜਾਂਦਾ ਸੀ। ਕਥਾ ਕਰਨ ਤੋਂ ਇਲਾਵਾ ਉਹ ਗੁਰਬਾਣੀ ਦੇ ਅਰਥ ਵੀ ਪੜ੍ਹਾਂਦੇ ਸਨ। ਉਨ੍ਹਾਂ ਤੋਂ ਪੜ੍ਹਨ ਵਾਲਿਆਂ ਦੀ ਸ਼ਿਸ਼-ਪਰੰਪਰਾ ਵੀ ਗਿਆਨੀ ਸੰਪ੍ਰਦਾਇ ਅਖਵਾਈ, ਜਿਸ ਦੀਆਂ ਅਗੋਂ ਕਈ ਉਪ-ਸ਼ਾਖਾਵਾਂ ਹੁੰਦੀਆਂ ਗਈਆਂ। ਇਸ ਗਿਆਨੀ ਸੰਪ੍ਰਦਾਇ ਦੀ ਇੱਕ ਬੰਸਾਵਲੀ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੀ ਇੱਕ ਹੱਥ-ਲਿਖਤ (ਨੰ. 7090) ਵਿੱਚ ਸੁਰੱਖਿਅਤ ਹੈ ਅਤੇ ਜਿਸ ਦਾ ਪਾਠ ਇਸ ਪ੍ਰਕਾਰ ਹੈ :-

ਸ਼ਬਦ ਅਰਥ ਦਸਵੀਂ ਪਾਤਸ਼ਾਹੀ ਤੇ ਭਾਈ ਮਨੀ ਸਿੰਘ ਨੇ ਪੜ੍ਹੇ, ਤਿਨਾ ਤੇ ਭਾਈ ਗੁਰਦਿਆਲ ਸਿੰਘ ਨੇ, ਤਿਨਾ ਤੇ ਭਾਈ ਗੁਰਬਖਸ਼ ਸਿੰਘ ਨੇ, ਤਿਨ ਤੇ ਭਾਈ ਅੰਮਨ ਸਿੰਘ ਨੇ, ਤਿਨ ਤੇ ਭਾਈ ਸੂਰਤ ਸਿੰਘ ਨੇ, ਤਿਨ ਤੇ ਭਾਈ ਕੌਲ ਸਿੰਘ ਨੇ, ਤਿਨਾ ਤੇ ਭਾਈ ਰਾਮ ਸਿੰਘ ਤੇ ਭਾਈ ਚੰਦਾ ਸਿੰਘ ਨੇ, ਤਿਨਾ ਤੇ ਭਾਈ ਦਇਆ ਸਿੰਘ...।

ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪੜ੍ਹੋ ਪੁਸਤਕ, ਭਾਈ ਮਨੀ ਸਿੰਘ , ਜੀਵਨ ਤੇ ਰਚਨਾ, ਲੇਖਕ ਡਾ.ਰਤਨ ਸਿੰਘ ਜੱਗੀ, ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ,1993

**ਸੋਸ਼ਲ ਮੀਡੀਆ ਉਤੇ ਬਹੁਤ ਸਾਰੀਆਂ ਝੂਠੀਆਂ ਖ਼ਬਰਾਂ ਹੁੰਦੀਆਂ ਹਨ, ਇਹਨਾਂ ਉਤੇ ਵਿਸ਼ਵਾਸ ਨਾ ਕਰੋ ਅਤੇ ਹੋਰ ਕਿਸੇ ਨੂੰ ਅੱਗੇ ਨਾ ਭੇਜੋ। ਜਿਵੇਂ ਕੋਈ ਚਾਹੁੰਦਾ ਹੈ, ਤੱਥਾਂ ਦੇ ਬਿਨਾ ਆਪਣੀ ਖ਼ਬਰ ਸੋਸ਼ਲ ਮੀਡੀਆ ਉਤੇ ਪਾ ਦਿੰਦਾ ਹੈ।**


ਸਿੱਖਾਂ ਲਈ ਪਰਖ ਦੀ ਘੜੀ

ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗੇ ਕੌਮੀ ਇਨਸਾਫ ਮੋਰਚੇ ਨੂੰ ਹਟਾਉਣ ਲਈ ਕੀਤੀ ਜਾ ਰਹੀ ਧੱਕੇਸ਼ਾਹੀ ਤੋਂ ਖਿਲਾਫ ਅਤੇ ਮੋਰਚੇ ਨੂੰ ਬਚਾਉਣ ਲਈ ਆਪਣਾ ਫਰਜ਼ ਸਮਝਦੇ ਹੋਏ 18 ਅਪ੍ਰੈਲ ਨੂੰ ਕਾਫਲੇ ਬੰਨ੍ਹਕੇ ਮੋਰਚੇ ਵਿੱਚ ਪੁੱਜੋ ਜੀ।

ਵੱਲੋਂ :- ਕੌਮੀ ਇਨਸਾਫ ਮੋਰਚਾ ਸੰਘਰਸ਼ ਕਮੇਟੀ

ਬੇਨਤੀ :- ਲੋਕ ਹਿੱਤ ਮਿਸ਼ਨ B K U ਪੰਜਾਬ

## ਪ੍ਰਕਾਸ਼ ਉਤਸਵ 'ਤੇ ਵਿਸ਼ੇਸ਼

# ਕੀ ਧੰਨਾ ਭਗਤ ਪੱਥਰ ਜਾਂ ਮੂਰਤੀ ਪੂਜਕ ਸਨ ?

ਬਲਬਿੰਦਰ ਸਿੰਘ
ਸਿਡਨੀ (ਅਸਟ੍ਰੇਲੀਆ)



ਭਾਈ ਕਾਨ੍ਹ ਸਿੰਘ ਅਨੁਸਾਰ ਭਗਤ ਧੰਨਾ ਦਾ ਜਨਮ ਟਾਂਕ ਦੇ ਇਲਾਕੇ ਧੁਆਨ ਪਿੰਡ ਵਿਚ ਸੰਮਤ 1473 ਵਿਚ ਹੋਇਆ। ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਆਸਾ ਅਤੇ ਧਨਾਸਰੀ ਵਿਚ ਦਰਜ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਕੁੱਝ ਪ੍ਰਚਾਰਕ ਅਤੇ ਕਥਾਵਾਚਕ ਭਗਤ ਧੰਨਾ ਬਾਰੇ ਕਹਿੰਦੇ ਹਨ ਕਿ ਆਪ ਨੇ ਸਾਲ ਗ੍ਰਾਮ ਪੱਥਰ) ਦੀ ਪੂਜਾ ਕਰਕੇ ਪ੍ਰਭੂ ਦੀ ਪ੍ਰਾਪਤੀ ਕੀਤੀ।

1) ਭਗਤ ਬਾਣੀ ਅਨੁਸਾਰ, 'ਭਗਤ ਧੰਨਾ ਦੇ ਪਿਤਾ ਦਾ ਨਾਮ ਮਾਹੀ ਸੀ। ਇਨ੍ਹਾਂ ਦਾ ਇਲਾਕਾ ਮਾਰਵਾੜ ਸੀ। ਆਪ ਮਾਮੂਲੀ ਜਿਮੀਦਾਰ ਸਨ। ਕਿਸੇ ਬ੍ਰਾਹਮਣ ਕੋਲੋਂ ਸਾਲਗਰਾਮ ਲੈ ਕੇ ਪੂਜਾ ਕਰਨ ਲੱਗੇ। ਜਦੋਂ ਕੋਈ ਫਲ ਪ੍ਰਪਤ ਨਾ ਹੋਇਆ ਤਾਂ ਸਾਲਗਰਾਮ ਉਸ ਨੇ ਬ੍ਰਾਹਮਣ ਨੂੰ ਮੋੜ ਦਿੱਤਾ। ਕਹਿਣ ਲੱਗੇ ਕਿ ਸਾਲਗ੍ਰਾਮ ਮੇਰੇ ਨਾਲ ਗੁੱਸੇ ਹੈ, ਮੇਰੀ ਰੋਟੀ ਨਹੀਂ ਖਾਂਦਾ। ਬ੍ਰਾਹਮਣ ਨੇ ਅਸਲ ਗੱਲ ਦੱਸੀ ਕਿ ਭਾਈ ਇਹ ਤਾਂ ਪੱਥਰ ਹੈ, ਇਹ ਖਾਂਦਾ ਪੀਂਦਾ ਕੁਝ ਨਹੀਂ, ਰੱਬ ਤਾਂ ਹੋਰ ਹੈ।

2) ਭਾਈ ਕਾਨ੍ਹ ਸਿੰਘ ਜੀ ਅਨੁਸਾਰ, 'ਸਵਾਮੀ ਰਾਮਾਨੰਦ ਤੋਂ ਕਾਂਸ਼ੀ ਜਾ ਕੇ ਗੁਰ ਦੀਖਿਆ ਲਈ, ਪਹਿਲੀ ਉਮਰ ਵਿਚ ਇਹ ਮੂਰਤੀ ਪੂਜਕ ਰਹੇ ਪਰ ਅੰਤ ਨੂੰ ਅਕਾਲ ਪੁਰਖ ਦਾ ਉਪਾਸ਼ਕ ਹੋ ਕੇ ਪਰਮਪਦ ਦਾ ਅਧਿਕਾਰੀ ਬਣੇ।' (ਪੰਨਾ 673 ਮਹਾਨ ਕੋਸ਼)

3) ਇੱਕ ਪ੍ਰਚਲਤ ਕਹਾਣੀ ਦਾ ਜਿਕਰ ਭਾਈ ਗੁਰਦਾਸ ਵੀ ਦਸਵੀਂ ਵਾਰ ਦੀ 13ਵੀਂ ਪਉੜੀ ਵਿਚ ਜਿਕਰ ਕਰਦੇ ਹੋਏ ਲਿਖਦੇ ਹਨ -

ਬ੍ਰਾਹਮਣੁ ਪੂਜੇ ਦੇਵਤੇ, ਧੰਨਾ ਗਊ ਚਰਾਵਣ ਆਵੈ॥ ਧੰਨੈ ਡਿਠਾ ਚਲਿਤ ਏਹੁ, ਪੂਛੈ ਬ੍ਰਾਹਮਣ ਆਖਿ ਸੁਣਾਵੈ॥ ਠਾਕੁਰ ਦੀ ਸੇਵਾ ਕਰੇ, ਜੋ ਇਛੈ ਸੋਈ ਫਲ ਪਾਵੈ। ਧੰਨਾ ਕਰਦਾ ਜੋਦੜੀ, ਮੈਂ ਭਿ ਦੇਹ ਇੱਕ, ਜੇ ਤੁਧ ਭਾਵੈ॥ ਪਥਰੁ ਇੱਕ ਲਪੇਟਿ ਕਰਿ, ਦੇ ਧੰਨੈ ਨੋ ਗੈਲ ਛੁਡਾਵੈ॥ ਠਾਕੁਰ ਨੋ ਨ੍ਹਾਵਾਲਿਕੈ, ਛਾਹਿ, ਰੋਟੀ ਲੈ ਭੋਗੁ ਚੜ੍ਹਾਵੈ॥ ਹਥਿ ਜੋੜਿ ਮਿਨਤਾਂ ਕਰੈ ਪੈਰੀ ਪੈ ਪੈ ਬਹੁਤ ਮਨਾਵੈ॥ ਹਉਂ ਭੀ ਮੁਹੁ ਨਾ ਜੁਠਾਲਸਾਂ, ਤੂੰ ਰੁਠਾ ਮੈਂ ਕਿਹੁ ਨਾ ਸੁਖਾਵੈ॥ ਗੋਸਾਈ ਪਰਤਖਿ ਹੋਇ, ਰੋਟੀ ਖਾਇ, ਛਾਹਿ ਮੁਹਿ ਲਾਵੈ॥ ਭੋਲਾ ਭਾਉ ਗੋਬਿੰਦੁ ਮਿਲਾਵੈ॥13॥

ਇਕ ਬ੍ਰਾਹਮਣ ਕਈ ਦੇਵਤਿਆਂ ਅਤੇ ਪੱਥਰ ਦੀਆਂ ਮੂਰਤ ਦੀ ਪੂਜਾ ਕਰਦਾ ਸੀ। ਧੰਨਾ ਉੱਥੇ ਗਊਆਂ ਚਾਰਨ ਆਉਂਦਾ ਸੀ। ਧੰਨਾ ਉਸ ਨੂੰ ਦੇਖਕੇ ਪੁੱਛਣ ਲੱਗਾ, 'ਇਹ ਕੀ ਕਰਦੇ ਹੋ ਬ੍ਰਾਹਮਣ ਨੇ ਉੱਤਰ ਦਿੱਤਾ,'ਠਾਕੁਰ ਦੀ ਪੂਜਾ ਕਰਦਾ ਹਾਂ ਇਸ ਨਾਲ ਮਨੋ ਕਾਮਨਾ ਪੂਰੀ ਹੋ ਜਾਂਦੀ ਹੈ।'

ਧੰਨਾ ਮਿੰਨਤ ਕਰਨ ਲੱਗਾ ਕਿ ਇੱਕ ਠਾਕੁਰ (ਸਾਲਗ੍ਰਾਮ ਦਾ ਪੱਥਰ) ਉਸ ਨੂੰ ਵੀ ਦੇ ਦਿਓ। ਤਾਂ ਇੱਕ ਸਾਲ ਗ੍ਰਾਮ ਦੇ ਕੇ ਬ੍ਰਾਹਮਣ ਨੇ ਧੰਨੇ ਤੋਂ ਖਹਿੜਾ ਛੁਡਾਇਆ। ਧੰਨੇ ਨੇ ਠਾਕੁਰ ਨੂੰ ਇਸ਼ਨਾਨ ਕਰਵਾ ਕੇ ਉਸ ਅੱਗੇ ਰੋਟੀ ਅਤੇ ਲੱਸੀ ਭੋਗ ਲਈ ਰੱਖੀ। ਜਦ ਠਾਕੁਰ ਨੇ ਰੋਟੀ ਨਾ ਖਾਧੀ ਤਾਂ ਧੰਨਾ ਹੱਥ ਜੋੜ ਕੇ ਮਿੰਨਤਾਂ ਅਤੇ ਡੰਡੌਤ ਕਰਕੇ ਠਾਕੁਰ ਨੂੰ ਮਨਾਉਣ ਲੱਗਾ ਅਤੇ ਕਹਿਣ ਲੱਗਾ, 'ਜਦੋਂ ਤੱਕ ਤੂੰ ਭੋਜਨ ਨਹੀਂ ਛਕਦਾ ਤਾਂ ਮੈਂ ਭੀ ਮੂੰਹ ਜੂਠਾ ਨਹੀਂ ਕਰਾਂਗਾ। ਜਦੋਂ ਤੂੰ ਰੁੱਸਿਆ ਹੋਵੇ ਤਾਂ ਮੈਨੂੰ ਕੁਝ ਵੀ ਚੰਗਾ ਨਹੀਂ ਲਗਦਾ।' ਇਸ ਤਰ੍ਹਾਂ ਠਾਕੁਰ ਨੇ ਪਰਤੱਖ ਹੋ ਕੇ ਰੋਟੀ ਖਾਧੀ ਅਤੇ ਲੱਸੀ ਪੀਣ ਲੱਗਾ। ਭੋਲਾ ਭਾ ਗੋਬਿੰਦ ਮਿਲਾ ਦੇਂਦਾ ਹੈ।

ਨੋਟ: ਭਾਈ ਗੁਰਦਾਸ ਇਸ ਵਾਰ ਰਾਹੀਂ ਪੱਥਰ ਵਿੱਚੋਂ ਰੱਬ ਦੇ ਪ੍ਰਗਟ ਹੋਣ ਦੀ ਪੁਸ਼ਟੀ ਨਹੀਂ ਕਰ ਰਹੇ। ਉਹ ਲੋਕ ਕਥਾ ਦਾ ਇਸ ਵਾਰ ਵਿਚ ਬਿਆਨ ਕਰ ਰਹੇ ਹਨ। ਵਾਰ ਵਿਚ ਕਿਸੇ ਇਕ ਉੱਘੇ ਕਾਰਨਾਮੇ ਦਾ ਵਰਨਣ ਹੁੰਦਾ ਹੈ। ਸਾਰੀ ਕਹਾਣੀ ਨਹੀਂ ਹੁੰਦੀ।


ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਗੁਰੂ ਹੈ। ਇਸ ਵਿਚ ਕੋਈ ਆਪਾ ਵਿਰੋਧੀ ਭਾਵ ਦਰਜ ਨਹੀਂ ਹੈ। ਜਿਵੇਂ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਭਗਤ ਧੰਨਾ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਭੀ ਮੂਰਤੀ ਪੂਜਾ ਦੀ ਪੁਸ਼ਟੀ ਨਹੀਂ ਕੀਤੀ ਗਈ ਬਲਕਿ ਇਸ ਦਾ ਵਿਰੋਧ ਕੀਤਾ ਗਿਆ ਹੈ। ਇਸ ਸੰਬੰਧੀ ਭਗਤ ਧੰਨਾ ਜੀ ਦੀ ਬਾਣੀ ਰਾਂਹੀ ਆਓ ਦੇਖੀਏ ਉਨ੍ਹਾਂ ਦੇ ਵਿਚਾਰ -

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥1॥ ਰਹਾਉ ॥ ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥1॥ ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥ ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ॥2॥ ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥ ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥3॥ ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ॥ ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥4॥1॥

(ਗੁਰੂ ਗ੍ਰੰਥ ਸਾਹਿਬ, ਪੰਨਾ 487)

ਪ੍ਰੋਫੈਸਰ ਸਾਹਿਬ ਸਿੰਘ ਇਸ ਸ਼ਬਦ ਦੇ ਅਰਥ ਇਸ ਤਰ੍ਹਾਂ ਕਰਦੇ ਹਨ, ਮਾਇਆ ਦੇ ਮੋਹ ਵਿਚ ਭਟਕਦਿਆਂ ਕਈ ਜਨਮ ਲੰਘ ਜਾਂਦੇ ਹਨ, ਇਹ ਸਰੀਰ ਨਾਸ਼ ਹੋ ਜਾਂਦਾ ਹੈ, ਮਨ ਭਟਕਦਾ ਰਹਿੰਦਾ ਹੈ ਤੇ ਧਨ ਵੀ ਟਿਕਿਆ ਨਹੀਂ ਰਹਿੰਦਾ। ਲੋਭੀ ਜੀਵ ਜ਼ਹਿਰ ਰੂਪੀ ਪਦਾਰਥਾਂ ਦੇ ਲਾਲਚ ਵਿਚ, ਕਾਮ ਵਾਸ਼ਨਾ ਵਿਚ, ਰੰਗਿਆ ਰਹਿੰਦਾ ਹੈ, ਅਤੇ ਰਸ ਦੇ ਮਨ ਵਿਚੋਂ ਅਮੋਲਕ ਪ੍ਰਭੂ ਵਿਸਰ ਜਾਂਦਾ ਹੈ॥2॥ ਰਹਾਉ॥

ਹੇ ਕਮਲੇ ਮਨ! ਇਹ ਜ਼ਹਿਰ ਰੂਪੀ ਫਲ ਤੈਨੂੰ ਮਿੱਠੇ ਲਗਦੇ ਹਨ, ਤੈਨੂੰ ਸੋਹਣੀ ਵਿਚਾਰ ਨਹੀਂ ਫੁਰਦੀ, ਗੁਣਾਂ ਵਿਚੋਂ ਹਟ ਕੇ ਹੋਰ ਹੋਰ ਕਿਸਮ ਦੀ ਪ੍ਰੀਤ ਤੇਰੇ ਅੰਦਰ ਵਧ ਰਹੀ ਹੈ, ਅਤੇ ਤੇਰਾ ਜਨਮ ਮਰਨ ਦਾ ਤਾਣਾ ਤਣਿਆ ਜਾ ਰਿਹਾ ਹੈ ॥2॥



ਹੇ ਮਨ! ਤੂੰ ਜੀਵਨ ਦੀ ਜੁਗਤਿ ਸਮਝ ਕੇ ਇਹ ਜੁਗਤ ਆਪਣੇ ਅੰਦਰ ਪੱਕੀ ਨਾ ਕੀਤੀ, ਤ੍ਰਿਸ਼ਨਾ ਵਿਚ ਸੜਦੇ ਤੈਨੂੰ ਜਮਾਂ ਦਾ ਜਾਲ, ਜਮਾਂ ਦੇ ਫਾਹੇ ਪੈ ਗਏ ਹਨ। ਹੇ ਮਨ! ਤੂੰ ਵਿਸ਼ੇ ਰੂਪ ਜ਼ਹਿਰ ਦੇ ਫਲ ਹੀ ਇੱਕਠੇ ਕਰਕੇ ਸਾਂਭਦਾ ਰਹਿ, ਤੇ ਅਜਿਹਾ ਸਾਂਭਦਾ ਰਿਹਾ ਕਿ ਤੈਨੂੰ ਪਰਮ ਪੁਰਖ ਪ੍ਰਭੂ ਭੁੱਲ ਗਿਆ ॥2॥

ਜਿਸ ਮਨੁੱਖ ਨੂੰ ਗੁਰੂ ਨੇ ਗਿਆਨ ਦਾ ਪ੍ਰਵੇਸ਼ ਰੂਪ ਧਨ ਦਿੱਤਾ ਉਸ ਦੀ ਸੁਰਤ ਪ੍ਰਭੂ ਵਿਚ ਜੁੜ ਗਈ। ਉਸ ਦੇ ਅੰਦਰ ਸ਼ਰਧਾ ਬਣ ਗਈ, ਉਸਦਾ ਮਨ ਪ੍ਰਭੂ ਨਾਲ ਇੱਕ ਮਿੱਕ ਹੋ ਗਿਆ, ਉਸਨੂੰ ਪ੍ਰਭੂ ਦਾ ਪਿਆਰ, ਪ੍ਰਭੂ ਦੀ ਭਗਤੀ ਚੰਗੀ ਲੱਗੀ, ਉਸ ਦੀ ਸੁੱਖ ਨਾਲ ਸਾਂਝ ਬਣ ਗਈ, ਉਹ ਮਾਇਆ ਵੱਲੋਂ ਚੰਗੀ ਤਰ੍ਹਾਂ ਰੱਜ ਗਿਆ। ਤੇ ਬੰਧਨਾ ਤੋਂ ਮੁਕਤ ਹੋ ਗਿਆ॥3॥

ਜਿਸ ਮਨੁੱਖ ਦੇ ਅੰਦਰ ਪ੍ਰਭੂ ਦੀ ਸਰਬ ਵਿਆਪਕ ਜੋਤਿ ਟਿਕ ਗਈ, ਉਸਨੇ ਮਾਇਆ ਵਿਚ ਨਾ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਿਆ। ਮੈਂ ਧੰਨੇ ਨੇ, ਭੀ ਉਸ ਪ੍ਰਭੂ ਦਾ ਨਾਮ ਧਨ ਲੱਭ ਲਿਆ ਹੈ ਜੋ ਸਾਰੀ ਧਰਤੀ ਦਾ ਆਸਰਾ ਹੈ, ਮੈਂ ਧੰਨਾ ਭੀ ਸੰਤ ਜਨਾ ਨੂੰ ਮਿਲਕੇ ਪ੍ਰਭੂ ਵਿਚ ਲੀਨ ਹੋ ਗਿਆ ਹਾਂ॥

ਭਗਤ ਧੰਨਾ ਜੀ ਆਪਣੀ ਜ਼ਬਾਨੀ ਇਹ ਕਹਿ ਰਹੇ ਹਨ ਕਿ ਮੈਨੂੰ ਗੁਰੂ ਨੇ ਨਾਮ ਧਨ ਦਿੱਤਾ ਅਤੇ ਸੰਤਾਂ ਦੀ ਸੰਗਤ ਵਿਚ ਮੈਨੂੰ ਪ੍ਰਭੂ ਲੱਭਾ। ਕੱਚੀਆਂ ਪਿੱਲੀਆਂ ਕਹਾਣੀਆਂ ਦਾ ਆਸਰਾ ਲੈ ਕੇ ਸਾਡੇ ਪ੍ਰਚਾਰਕ ਕਹਿ ਰਹੇ ਹਨ ਕਿ ਧੰਨੇ ਨੇ ਇੱਕ ਬ੍ਰਾਹਮਣ ਤੋਂ ਸਾਲਗ੍ਰਾਮ ਲੈਕੇ ਉਸ ਦੀ ਪੂਜਾ ਕੀਤੀ, ਉਸ ਠਾਕੁਰ ਪੂਜਾ ਤੋਂ ਧੰਨੇ ਨੂੰ ਪ੍ਰਮਾਤਮਾ ਮਿਲਿਆ। ਇਹ ਸੱਚ ਨਹੀਂ ਹੈ।

ਅਸੀਂ ਦੇਖਣਾ ਹੈ ਕਿ ਅਸੀਂ ਆਪਣੇ ਗੁਰੂ ਤੇ ਭਰੋਸਾ ਰੱਖਣਾ ਹੈ ਜਾਂ ਇਨ੍ਹਾਂ ਮਨ ਘੜਤ ਕਹਾਣੀਆਂ ਤੇ, ਸਾਡਾ ਵਿਸ਼ਵਾਸ਼ ਪੂਰਨ ਗੁਰੂ, ਗੁਰੂ ਗ੍ਰੰਥ ਸਾਹਿਬ ਤੇ ਹੋਣਾ ਚਾਹੀਦਾ ਹੈ। ਇਸ ਗੱਲ ਨੂੰ ਹੋਰ ਵਧੇਰੇ ਸਪਸ਼ਟ ਕਰਨ ਵਾਸਤੇ, ਗੁਰੂ ਗ੍ਰੰਥ ਦੇ ਰਚਾਇਤਾ, ਗੁਰੂ ਅਰਜਨ ਪਾਤਸ਼ਾਹ ਨੇ ਭੀ ਇਸੇ ਰਾਗ ਵਿਚ, ਇਸੇ ਹੀ ਪੰਨੇ ਤੇ ਇਸੇ ਸ਼ਬਦ ਦੇ ਨਾਲ ਆਪ ਇਕ ਸ਼ਬਦ ਉਚਾਰਿਆ ਅਤੇ ਦੱਸਿਆ ਕਿ ਭਗਤ ਨਾਮ ਦੇਵ, ਕਬੀਰ, ਰਵਿਦਾਸ ਅਤੇ ਸੈਣ ਦੀ ਸੁਣੀ ਹੋਈ ਸ਼ੋਭਾ ਸੁ ਕੇ ਭਗਤ ਧੰਨਾ ਭੀ ਪ੍ਰਭੂ ਭਗਤੀ ਵਿਚ ਜੁੜ ਗਿਆ ਅਤੇ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਮਿਲਾਪ ਪ੍ਰਭੂ ਨਾਲ ਹੋ ਗਿਆ। ਪੂਰਾ ਸ਼ਬਦ ਇਸ ਤਰ੍ਹਾਂ ਹੈ -

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥ ਆਢ1 ਦਾਮ ਕੋ ਛੀਪਰੋ ਹੋਇਓ ਲਾਖੀਣਾ3 ॥1 ॥ ਰਹਾਉ ॥ ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥1 ॥ ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥2 ॥ ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥3 ॥ ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥4 ॥2 ॥ (ਗੁਰੂ ਗ੍ਰੰਥ ਸਾਹਿਬ, ਪੰਨਾ 487)

ਭਗਤ ਨਾਮ ਦੇਵ ਜੀ ਦਾ ਮਨ ਸਦਾ ਰੱਬ ਨਾਲ ਜੁੜਿਆ ਰਹਿੰਦਾ ਸੀ। ਉਸ ਹਰ ਵੇਲੇ ਦੀ ਯਾਦ ਦੀ ਬਰਕਤ ਨਾਲ ਅੱਧੀ ਕੌਡੀ ਦਾ ਗਰੀਬ ਛੀਂਬਾ ਮਾਨੋ ਲੱਖ ਪਤੀ ਬਣ ਗਿਆ ਹੋਵੇ। ਉਸ ਨੂੰ ਕਿਸੇ ਦੀ ਮੁਥਾਜੀ ਨਾ ਰਹੀ ।ਰਹਾਉ॥

ਕੇਵਲ ਕਪੜਾ ਉਣਨ, ਤਾਣਾ, ਤਣਨ, ਦੀ ਲਗਨ ਛੱਡਕੇ ਕਬੀਰ ਨੇ ਪ੍ਰਭੂ ਚਰਨਾਂ ਨਾਲ ਲਗਨ ਲਾ ਲਈ, ਨੀਵੀ ਜਾਤ ਦਾ ਗਰੀਬ ਜੁਲਾਹਾ ਸੀ, ਹੁਣ ਗੁਣਾਂ ਦਾ ਸਮੁੰਦਰ ਬਣ ਗਿਆ॥2॥

ਰਵਿਦਾਸ ਪਹਿਲਾਂ ਨਿਤ ਮਰੇ ਹੋਏ ਪਸ਼ੂ ਢੋਣ ਵਿੱਚ ਸ਼ਾਮਿਲ ਸੀ ਪਰ ਹੁਣ ਉਸ ਨੇ ਮਾਇਆ ਦਾ ਮੋਹ ਛੱਡ ਦਿੱਤਾ, ਸਾਧ ਸੰਗਤਿ ਕਰਕੇ ਉਘਾ ਹੋ ਗਿਆ, ਉਸ ਨੂੰ (ਭੀ) ਰੱਬ ਦੇ ਦਰਸ਼ਨ ਹੋ ਗਏ ॥2॥ ਪਹਿਲਾਂ ਸੈਣ ਜਾਤ ਦਾ ਨਾਈ ਲੋਕਾਂ ਦੀਆਂ ਬੁੱਤੀਆਂ (ਭਾਵ ਛੋਟੇ ਛੋਟੇ ਕੰਮ ਕਰਨ) ਵਿੱਚ ਮਸਤ ਸੀ, ਉਹ ਰੱਬ ਦੀ ਭਗਤੀ ਕਰਨ ਲੱਗ ਪਿਆ ਉਸ ਦੀ ਘਰ ਘਰ ਸ਼ੋਭਾ ਹੋ ਤੁਰੀ, ਉਸ ਦੇ ਹਿਰਦੇ ਵਿਚ ਰੱਬ ਵਸ ਗਿਆ। ਇਸ ਤਰ੍ਹਾਂ ਉਹ ਹੁਣ ਭਗਤਾਂ ਵਿਚ ਗਿਣੇ ਜਾਣ ਲੱਗੇ ॥3॥

ਇਸ ਤਰ੍ਹਾਂ ਦੀਆਂ ਕਹਾਣੀਆਂ ਸੁਣ ਕੇ ਜਦੋਂ ਗਰੀਬ ਧੰਨਾ ਭੀ ਸੱਚੇ ਦਿਲੋਂ ਰੱਬ ਦੀ ਭਗਤੀ ਕਰਨ ਲੱਗ ਪਿਆ ਤਾਂ ਉਸ ਨੂੰ ਪ੍ਰਮਾਤਮਾ ਦੇ ਸ਼ਾਖਿਆਤ ਦੀਦਾਰ ਹੋਏ ਅਤੇ ਉਹ ਵੱਡੇ ਭਾਗਾਂ ਵਾਲੇ ਬਣ ਗਏ ॥4 ॥2 ॥

ਜੇ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਹਾਂ, ਜੇ ਸਾਨੂੰ ਆਪਣੇ ਗੁਰੂ ਤੇ ਭਰੋਸਾ ਹੈ ਤਾਂ ਗੁਰੂ ਗ੍ਰੰਥ ਦੀ ਬਾਣੀ ਤੇ ਹੀ ਭਰੋਸਾ ਕਰਨਾ ਪਵੇਗਾ। ਜਿੱਥੋਂ ਸਾਨੂੰ ਅਸਲੀਅਤਾਂ ਦਾ ਪਤਾ ਲੱਗ ਜਾਵੇਗਾ। ਲੋਕਾਂ ਦੀਆਂ ਬਣਾਈਆਂ ਸਾਖੀਆਂ ਦਾ ਆਸਰਾ ਛੱਡਣਾ ਪਏਗਾ। ਸਾਨੂੰ ਯਕੀਨ ਹੈ ਕਿ ਭਗਤ ਧੰਨਾ ਜੀ ਨੇ ਕੇਵਲ ਬ੍ਰਹਮ ਦੀ ਭਗਤੀ ਕਰਕੇ ਪ੍ਰਭੂ ਨਾਲ ਇਕ ਮਿਕ ਹੋਏ। ਗੁਰੂ ਕ੍ਰਿਪਾ ਕਰਨ ਸਾਨੂੰ ਧੰਨੇ ਭਗਤ ਦੇ ਕਹੇ ਸ਼ਬਦਾਂ ਤੇ ਹੀ ਭਰੋਸਾ ਰਹੇ।

# ਸਿਹਤ ਤੇ ਸੁੰਦਰਤਾ



# ਛਾਤੀ ਵਿਚ ਹੋਣ ਵਾਲੇ 5 ਤਰ੍ਹਾਂ ਦੇ ਦਰਦਾਂ ਨੂੰ ਨਜ਼ਰਅੰਦਾਜ਼ ਨਾ ਕਰੋ ਨਹੀਂ ਤਾਂ ਹੋ ਸਕਦੈ ਹਾਰਟ ਅਟੈਕ

ਛਾਤੀ ਦੇ ਦਰਦ ਦੀਆਂ ਕਈ ਕਿਸਮਾਂ ਹਨ। ਇਹ ਦਰਦ ਕਈ ਵਾਰ ਅਚਾਨਕ ਬਹੁਤ ਗੰਭੀਰ ਹੋ ਜਾਂਦਾ ਹੈ ਅਤੇ ਫਿਰ ਜਲਦੀ ਹੀ ਗਾਇਬ ਹੋ ਜਾਂਦਾ ਹੈ। ਨਾਲ ਹੀ, ਕਈ ਵਾਰ ਇਹ ਥੋੜ੍ਹੇ ਸਮੇਂ ਲਈ ਹੁੰਦਾ ਹੈ ਅਤੇ ਹਲਕਾ ਹੁੰਦਾ ਹੈ। ਇਹੀ ਕਾਰਨ ਹੈ ਕਿ ਲੋਕ ਅਕਸਰ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਕਈ ਲੋਕਾਂ ਨੂੰ ਦਰਦ ਤੋਂ ਇਲਾਵਾ ਛਾਤੀ ਵਿੱਚ ਜਲਣ ਵੀ ਮਹਿਸੂਸ ਹੋ ਸਕਦੀ ਹੈ।



ਜ਼ਿਆਦਾਤਰ ਛਾਤੀ ਦਾ ਦਰਦ ਮਾਮੂਲੀ ਹੁੰਦਾ ਹੈ ਅਤੇ ਕੋਈ ਖਾਸ ਖਤਰਾ ਨਹੀਂ ਹੁੰਦਾ, ਪਰ ਕੁਝ ਮਾਮਲਿਆਂ ਵਿੱਚ, ਦਰਦ ਗਰਦਨ ਅਤੇ ਜਬਾੜੇ ਵਿੱਚ ਅਤੇ ਫਿਰ ਇੱਕ ਜਾਂ ਦੋਵੇਂ ਬਾਹਾਂ ਦੇ ਪਿੱਛੇ ਜਾਂ ਹੇਠਾਂ ਤੱਕ ਫੈਲ ਸਕਦਾ ਹੈ। ਜੇਕਰ ਤੁਸੀਂ ਇਸ ਤਰ੍ਹਾਂ ਦਾ ਦਰਦ ਮਹਿਸੂਸ ਕਰ ਰਹੇ ਹੋ ਤਾਂ ਇਸ ਨੂੰ ਬਿਲਕੁਲ ਵੀ ਨਜ਼ਰਅੰਦਾਜ਼ ਨਾ ਕਰੋ, ਕਿਉਂਕਿ ਇਹ ਦਰਦ ਦਿਲ ਨਾਲ ਜੁੜੀਆਂ ਸਮੱਸਿਆਵਾਂ ਦਾ ਸਿੱਧਾ ਕਾਰਨ ਹੋ ਸਕਦਾ ਹੈ। ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਨਾਲ ਦਿਲ ਦੇ ਦੌਰੇ ਅਤੇ ਸਟ੍ਰੋਕ ਦਾ ਖ਼ਤਰਾ ਵਧ ਸਕਦਾ ਹੈ।

ਅਜਿਹੀ ਸਥਿਤੀ ਵਿੱਚ, ਛਾਤੀ ਦੇ ਦਰਦ ਦੀਆਂ ਵੱਖ-ਵੱਖ ਕਿਸਮਾਂ ਅਤੇ ਇਸ ਨਾਲ ਜੁੜੀਆਂ ਬਿਮਾਰੀਆਂ ਨੂੰ ਜਾਣਨਾ ਜ਼ਰੂਰੀ ਹੈ। ਅੱਜ ਇਸ ਲੇਖ ਵਿਚ ਅਸੀਂ ਤੁਹਾਨੂੰ ਛਾਤੀ ਦੇ ਦਰਦ ਦੀਆਂ ਵੱਖ-ਵੱਖ ਕਿਸਮਾਂ ਬਾਰੇ ਦੱਸਾਂਗੇ-

## ਦਿਲ ਨਾਲ ਸਬੰਧਤ ਛਾਤੀ ਦਾ ਦਰਦ

ਛਾਤੀ ਵਿੱਚ ਦਰਦ ਆਮ ਤੌਰ 'ਤੇ ਦਿਲ ਦੀ ਬਿਮਾਰੀ ਨਾਲ ਜੁੜਿਆ ਹੁੰਦਾ ਹੈ, ਪਰ ਦਿਲ ਦੀ ਬਿਮਾਰੀ ਵਾਲੇ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਉਹਨਾਂ ਨੂੰ ਹਲਕੀ ਬੇਅਰਾਮੀ ਦਾ ਅਨੁਭਵ ਹੁੰਦਾ ਹੈ, ਜਿਸ ਨੂੰ ਉਹ ਅਸਲ ਵਿੱਚ ਦਰਦ ਦੇ ਰੂਪ ਵਿੱਚ ਵਰਣਨ ਨਹੀਂ ਕਰਨਗੇ। ਅਜਿਹੀ ਸਥਿਤੀ ਵਿੱਚ, ਦਿਲ ਦੇ ਦੌਰੇ ਜਾਂ ਕਿਸੇ ਹੋਰ ਦਿਲ ਦੀ ਸਮੱਸਿਆ ਕਾਰਨ ਛਾਤੀ ਵਿੱਚ ਬੇਚੈਨੀ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ-

ਉਲਟੀਆਂ

ਠੰਡਾ ਪਸੀਨਾ

ਸਾਹ ਲੈਣ ਵਿੱਚ ਮੁਸ਼ਕਲ

ਤੇਜ਼ ਦਿਲ ਦੀ ਧੜਕਣ

ਚੱਕਰ ਆਉਣੇ ਜਾਂ ਕਮਜ਼ੋਰੀ

ਛਾਤੀ ਵਿੱਚ ਦਬਾਅ, ਭਾਰੀਪਨ, ਜਲਣ, ਜਾਂ ਜਕੜਨ

ਕੁਚਲਣਾ ਜਾਂ ਝੁੱਭਣ ਵਾਲਾ ਦਰਦ ਜੋ ਪਿੱਠ, ਗਰਦਨ, ਜਬਾੜੇ, ਮੋਢਿਆਂ, ਅਤੇ ਇੱਕ ਜਾਂ ਦੋਵੇਂ ਬਾਹਾਂ ਤੱਕ ਫੈਲ ਜਾਂਦਾ ਹੈ

ਦਰਦ ਜੋ ਕੁਝ ਮਿੰਟਾਂ ਤੋਂ ਵੱਧ ਰਹਿੰਦਾ ਹੈ, ਗਤੀਵਿਧੀ ਨਾਲ ਵਿਗੜ ਜਾਂਦਾ ਹੈ, ਕੁਝ ਸਮੇਂ ਬਾਅਦ ਦੂਰ ਹੋ ਜਾਂਦਾ ਹੈ ਅਤੇ ਵਾਪਸ ਆ ਜਾਂਦਾ ਹੈ।

## ਛਾਤੀ ਦੇ ਦਰਦ ਦੀਆਂ ਹੋਰ ਕਿਸਮਾਂ

ਇਹ ਦੱਸਣਾ ਮੁਸ਼ਕਲ ਹੋ ਸਕਦਾ ਹੈ ਕਿ ਛਾਤੀ ਵਿੱਚ ਦਰਦ ਦਿਲ ਨਾਲ ਸਬੰਧਤ ਹੈ ਜਾਂ ਕਿਸੇ ਹੋਰ ਕਾਰਨ ਹੈ। ਅਜਿਹੀ ਸਥਿਤੀ 'ਚ ਤੁਸੀਂ ਦਰਦ ਨੂੰ ਪਛਾਣ ਕੇ ਇਸ ਦਾ ਪਤਾ ਲਗਾ ਸਕਦੇ ਹੋ। ਆਮ ਤੌਰ 'ਤੇ, ਦਿਲ ਦੀ ਸਮੱਸਿਆ ਕਾਰਨ ਛਾਤੀ ਵਿੱਚ ਦਰਦ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ ਜੇਕਰ ਤੁਸੀਂ ਹੇਠ ਲਿਖੇ ਲੱਛਣਾਂ ਦਾ ਅਨੁਭਵ ਕਰਦੇ ਹੋ:

ਨਿਗਲਣ ਵਿੱਚ ਮੁਸ਼ਕਲ

ਦਰਦ ਜੋ ਕਈ ਘੰਟਿਆਂ ਤੱਕ ਰਹਿੰਦਾ ਹੈ

ਦਰਦ ਜੋ ਤੁਹਾਡੇ ਸਰੀਰ ਦੀ ਸਥਿਤੀ ਬਦਲਣ 'ਤੇ ਬਿਹਤਰ ਜਾਂ ਬਦਤਰ ਹੋ ਜਾਂਦਾ ਹੈ।

ਖੱਟਾ ਸੁਆਦ ਜਾਂ ਭੋਜਨ ਦਾ ਮੂੰਹ ਵਿੱਚ ਵਾਪਸ ਆਉਣ ਦੀ ਭਾਵਨਾ।

ਦਰਦ ਜੋ ਡੂੰਘੇ ਸਾਹ ਲੈਣ ਜਾਂ ਖੰਘ ਨਾਲ ਵਧਦਾ ਹੈ

ਦਿਲ ਦੀ ਜਲਨ ਦੇ ਕਲਾਸਿਕ ਲੱਛਣ - ਛਾਤੀ ਦੀ ਹੱਡੀ ਦੇ ਪਿੱਛੇ ਇੱਕ ਦਰਦਨਾਕ, ਜਲਣ ਦੀ ਭਾਵਨਾ - ਦਿਲ ਜਾਂ ਪੇਟ ਦੀਆਂ ਸਮੱਸਿਆਵਾਂ ਕਾਰਨ ਹੋ ਸਕਦੀ ਹੈ।

* * * * * * * * * *

# * ਚੂੰਢੀਆਂ–ਪੋਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਅਕਾਲੀਆਂ ਨੇ ਭਾਜਪਾ ਨਾਲ ਗੱਠਜੋੜ ਕਰ ਕੇ ਆਪਣੇ ਫ਼ਾਇਦੇ ਹੀ ਕੱਢੇ- ਰਵਨੀਤ ਬਿੱਟੂ**

-ਕੋਈ ਮਰੇ ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।



***ਪਟਿਆਲਾ ਤੋਂ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਨੂੰ ਕਰਨਾ ਪਿਆ ਕਿਸਾਨਾਂ ਦੇ ਡਟਵੇਂ ਵਿਰੋਧ ਦਾ ਸਾਹਮਣਾ- ਇਕ ਖ਼ਬਰ**

-ਤੇਰੀ ਤੋੜ ਕੇ ਛੱਡਣਗੇ ਗਾਨੀ, ਨੀ ਸੋਨੇ ਦੇ ਤਵੀਤ ਵਾਲ਼ੀਏ।



***ਸਿਕੰਦਰ ਸਿੰਘ ਮਲੂਕਾ ਦੇ ਨੂੰਹ-ਪੁੱਤਰ ਦੇ ਭਾਜਪਾ ਜਾਣ ਨਾਲ਼ ਅਕਾਲੀ ਦਲ ਦੀਆਂ ਵਧੀਆਂ ਧੜਕਣਾਂ- ਇਕ ਖ਼ਬਰ**

-ਵਧੀਆਂ ਧੜਕਣਾਂ ਨਾਲ ਹੀ ਪੰਜਾਬ ਬਚਾਉਣ ਵਾਲਾ ਸ਼ੇਰ ਮੰਜੀ 'ਤੇ ਪੈ ਗਿਆ।



***ਸਾਬਕਾ ਕੇਂਦਰੀ ਮੰਤਰੀ ਚੌਧਰੀ ਬਿਰੇਂਦਰ ਸਿੰਘ ਨੇ ਛੱਡੀ ਭਾਜਪਾ- ਇਕ ਖ਼ਬਰ**

-ਦਿਲ ਦਿਤਾ ਨਹੀਂ ਸੀ, ਠੋਕਰਾਂ ਲਵਾਉਣ ਲਈ।



***ਚੋਣ ਐਲਾਨਨਾਮੇ ਦੇ ਮੁੱਦੇ 'ਤੇ ਭਾਜਪਾ ਅਤੇ ਕਾਂਗਰਸ ਪ੍ਰਧਾਨ ਆਹਮੋ-ਸਾਹਮਣੇ- ਇਕ ਖ਼ਬਰ**

-ਭੂਆ ਭਤੀਜੀ ਲੜੀਆਂ, ਵਿਚ ਦਰਵਾਜ਼ੇ ਦੇ।



***ਭਾਜਪਾ 'ਚ ਸ਼ਾਮਲ ਹੋਏ ਰਿੰਕੂ 'ਤੇ ਵਰ੍ਹੇ ਮੁੱਖ ਮੰਤਰੀ ਭਗਵੰਤ ਮਾਨ- ਇਕ ਖ਼ਬਰ**

-ਕਿਤੇ 'ਕੱਲੀ ਬਹਿ ਕੇ ਸੋਚੀਂ ਨੀਂ, ਅਸੀਂ ਕੀ ਨਹੀਂ ਕੀਤਾ ਤੇਰੇ ਲਈ।

***ਸਰਹੱਦ ਪਾਰ ਤੋਂ ਨਸ਼ਾ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼- ਇਕ ਖ਼ਬਰ**

-ਕਦੇ ਬੰਦਰਗਾਹਾਂ ਰਾਹੀਂ ਚਲਦੇ ਨੈੱਟਵਰਕ ਦਾ ਵੀ ਪਰਦਾ ਕਰੋ ਫਾਸ਼ ਸਾਬ।



***ਕਿਸਾਨਾਂ ਦੀ ਗੱਲ ਛੱਡ ਕੇ ਕਿਸਾਨ ਜਥੇਬੰਦੀਆਂ ਕਰ ਰਹੀਆਂ ਹਨ ਰਾਜਨੀਤੀ- ਹਰਜੀਤ ਗਰੇਵਾਲ**

-ਕੀ ਗੱਲ ਰਾਜਨੀਤੀ ਕਰਨ ਦਾ ਠੇਕਾ ਸਿਰਫ਼ ਤੁਹਾਡੇ ਕੋਲ ਹੀ ਹੈ।



***ਹੁਣ ਭਾਜਪਾ ਵਲੋਂ ਬਾਦਲ ਅਕਾਲੀ ਦਲ ਨੂੰ ਵੱਡਾ ਸਿਆਸੀ ਝਟਕਾ ਦੇਣ ਦੀ ਤਿਆਰੀ- ਇਕ ਖ਼ਬਰ**

-ਨਾ ਯਾਰ ਹੋਰ ਝਟਕਾ ਨਾ ਦਿਉ ਅਜੇ, ਪਹਿਲੇ ਝਟਕੇ ਨਾਲ਼ ਹੀ ਬੰਦਾ ਡਿਗ ਪਿਐ ਮੰਜੇ 'ਤੇ।



***ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਕੇਜਰੀਵਾਲ ਨਾਲ ਨਹੀਂ ਹੋਣ ਦਿਤੀ ਭਗਵੰਤ ਮਾਨ ਅਤੇ ਸੰਜੇ ਸਿੰਘ ਦੀ ਮੁਲਾਕ-ਾਤ- ਇਕ ਖ਼ਬਰ**

-ਟੁੱਟ ਪੈਣੇ ਨੇ ਜਲੇਬੀ ਮਾਰੀ, ਅੱਖ ਵਿਚ ਤੇਲ ਪੈ ਗਿਆ।

***ਐਸ. ਬੀ. ਆਈ. ਨੇ ਆਰ.ਟੀ.ਆਈ. ਐਕਟ ਤਹਿਤ ਚੋਣ ਬਾਂਡਾਂ ਦੇ ਵੇਰਵੇ ਦੇਣ ਤੋਂ ਕੀਤਾ ਇਨਕਾਰ- ਇਕ ਖ਼ਬਰ**

-ਜ਼ਰਾ ਸਮਝ ਨਾ ਆਉਂਦੀ ਮੂਲ ਤੈਨੂੰ, ਸਿਰ ਕੂੜ ਦੀ ਪੰਡ ਉਠਾਵਨਾਂ ਏਂ।



***ਅਕਾਲੀ ਦਲ ਬਾਦਲ ਨੇ ਸਿਕੰਦਰ ਸਿੰਘ ਮਲੂਕਾ ਨੂੰ ਮੌੜ ਹਲਕੇ ਦੇ ਇੰਚਾਰਜ ਦੇ ਅਹੁਦੇ ਤੋਂ ਹਟਾਇਆ- ਇਕ ਖ਼ਬਰ**

-ਚਿੱਠੀ ਆ ਗਈ ਜ਼ੋਰਾਵਰ ਦੀ, ਛੁੱਟਿਆ ਤ੍ਰਿੰਞਣਾਂ ਦਾ ਕੱਤਣਾ।

***ਕੌਮ ਪ੍ਰੋਗਰਾਮ ਉਡੀਕਦੀ ਰਹੀ ਤੇ 'ਜਥੇਦਾਰ' ਮਸਲੇ ਦੱਸ ਕੇ ਤੁਰਦੇ ਬਣੇ- ਇਕ ਖ਼ਬਰ**

-ਸਾਨੂੰ ਜਿਵੇਂ ਮਾਲਕਾਂ ਨੇ ਲਿਖ ਕੇ ਦਿਤਾ ਉਵੇਂ ਹੀ ਸੰਗਤਾਂ ਨੂੰ ਸੁਣਾ ਦਿਤਾ।



***ਅਕਾਲੀ ਦਲ ਬਾਦਲ ਨੇ ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾਂ ਨੂੰ ਦਿਤੀ ਟਿਕਟ- ਇਕ ਖ਼ਬਰ**

-ਇਕੱਤਰ ਕੀਤੀ ਰਿਪੋਰਟ ਨੂੰ ਖੁਰਦ ਬੁਰਦ ਕਰਨ ਦਾ ਆਖਰ ਇਨਾਮ ਤਾਂ ਮਿਲਣਾ ਹੀ ਸੀ।



***ਕਾਂਗਰਸ, ਭਾਜਪਾ ਅਤੇ 'ਆਪ' ਦੀ ਪ੍ਰਮਿੰਦਰ ਸਿੰਘ ਢੀਂਡਸਾ ਨੇ ਕੀਤੀ ਆਲੋਚਨਾ- ਇਕ ਖ਼ਬਰ**

-ਬਸ ਆਲੋਚਨਾ ਕਰਨ ਜੋਗੇ ਹੀ ਰਹਿ ਗਏ, ਹੋਰ ਪੱਲੇ ਕੀ ਰਹਿ ਗਿਆ।

* * * * * * * * *

# ਨਾਨਕ ਜਾਣੇ ਚੋਜ਼ ਨਾ ਤੇਰੇ

ਲੇਖਿਕਾ
ਬਲਵਿੰਦਰ ਕੌਰ ਚਾਹਲ (ਸਾਊਥਾਲ)



(ਗੁਰੂ ਨਾਨਕ ਦੇਵ) ਤਾਂ ਪ੍ਰਮੇਸ਼ਰ ਨੂੰ ਆਖਦੇ ਹਨ ਕਿ ਮੈਨੂੰ ਤੇਰੇ ਕਰਤਵਾਂ ਦੀ ਸਾਰ ਨਹੀਂ, ਪੂਰਨ ਰੂਪ ਵਿੱਚ ਉਹ ਪ੍ਰਭੂ ਨੂੰ ਮੰਨਦੇ ਹਨ। ਪਰ ਅਸੀਂ ਇਹ ਅਰਥ ਕੱਢਦੇ ਹਾਂ ਕਿ ਅਸੀਂ ਗੁਰੂ ਨਾਨਕ ਜੀ ਤੇਰੇ ਚੋਜ਼ ਨਹੀਂ ਜਾਣਦੇ। ਪੁਰਾਤਨ ਸਮਾਂ ਤਾਂ ਬੇਸਮਝੀ ਦਾ ਪਸ਼ੂ ਪ੍ਰੇਤ ਬੁੱਧੀ ਦਾ ਸੀ ਤਾਂ ਹੀ ਕੀ ਕੀ ਕਹਿਰ ਉਦੋਂ ਹੁੰਦੇ ਸਨ, ਪਰ ਗੁਰੂ ਕਾਲ ਤਾਂ ਬੜਾ ਸੁਘੜਤਾ ਵਾਲਾ ਸੀ, ਕਿਵੇਂ ਧਰਮਾਂ ਦੇ ਲਿਖਤੀ ਪੁਸਤਕਾਂ ਦੇ ਰੂਪ ਵਿੱਚ, ਕਲਮਾਂ, ਦੁਆਤਾਂ, ਸਿਆਹੀ, ਕਾਗਜ਼ ਆਦਿ, ਫੇਰ ਲੇਖਕ ਇਹ ਸਭ ਪਹਿਲਾਂ ਉਪਲਬਧ ਸੀ ਜਦੋਂ ਗੁਰੂ ਜੀ ਸੰਸਾਰ 'ਤੇ ਪ੍ਰਗਟ ਹੋਏ ਉਦੋਂ ਬਹੁਤ ਸੁਧਾਰ ਆ ਚੁੱਕੇ ਸਨ, ਗੁਰੂ ਜੀ ਕਿਉਂਕਿ ਹਿੰਦੂ (ਉਸ) ਵੇਲੇ ਸਨਾਤਨ ਪ੍ਰਥਾ ਚੱਲਦੀ ਸੀ, ਸਭ ਰਲ੍ਹ ਮਿਲ ਕੇ ਕੁਦਰਤ ਦੇ ਸੋਮਿਆਂ ਦੀ ਪੂਜਾ ਕਰਿਆ ਕਰਦੇ ਸਨ, ਸਭ ਧਰਮ ਹੀ ਕਿਸੇ ਨੇ ਕਿਸੇ ਰੂਪ ਵਿੱਚ, ਪਰ ਜਦੋਂ ਸਾਂਝੇ ਭਾਈਚਾਰੇ, ਰਹਿਣੀ ਬਹਿਣੀ ਬੋਲੀ ਭਾਸ਼ਾ ਭੀ ਉਹੀ ਉਦੋਂ ਸੰਸਾਰ ਅੱਜ ਵਾਂਗੂ ਇਕ ਪਿੰਡ ਨਹੀਂ ਸੀ, ਵਸੀਲੇ ਨਹੀਂ ਸਨ ਫੇਰ ਵੀ ਦੁਨੀਆਂ ਦੇ ਹਿੱਸਿਆਂ ਵਿੱਚ ਪਸਰਦੇ ਗਏ ਧਰਮ ਇਕ ਦੂਜੇ ਤੋਂ ਲੈਂਦੇ ਦਿੰਦੇ ਗਏ ਤੇ ਪਰ ਪਹਿਲੀ ਧਾਰਮਿਕ ਪੁਸਤਕ (ਹਿੰਦੂ ਗੀਤਾ) ਪਰ ਭਾਸ਼ਾ ਸੰਸਕ੍ਰਿਤ, ਈਸਾਈ ਮੱਤ ਵੱਖਰੀ ਜਿਹੀ ਅੰਗ੍ਰੇਜ਼ੀ, ਕੁਝ ਦੂਨੀਆਂ ਭਾਸ਼ਾ ਵਿੱਚੋਂ ਅੱਖਰ ਲਿਖੀ ਆਪਣੀ, ਹੁਣ ਸੰਸਕ੍ਰਿਤ ਕੇਵਲ ਵਿਦਵਾਨ ਪੰਡਤ ਹੀ ਪੜ੍ਹਦੇ ਸਨ (ਪੰਡਤ ਅੱਖਰ ਅੱਜ ਭੀ ਅੰਗ੍ਰੇਜ਼ਾਂ ਵਿੱਚ ਪ੍ਰਚੱਲਤ ਹੈ) ਪਰ ਪੇਂਡੂ ਵਿਚਾਰੇ ਬ੍ਰਾਹਮਣ ਤਾਂ ਉਨ੍ਹਾਂ ਹੱਥੋਂ ਦੁਬੱਲੇ ਜਾਂਦੇ ਸਨ ਜਿਮੇ ਅੱਜ ਸਾਨੂੰ ਆਹ ਪ੍ਰਚਾਰਕ, ਹੁਣ (ਗੁਰੂ ਨਾਨਕ ਦੇਵ ਜੀ) ਦਾ ਸਫਰ ਆ ਰਿਹਾ ਹੈ, ਹਰ ਧਰਮ, ਕਬੀਲੇ, ਨਸਲ ਵਿੱਚ ਕੁਰੀਤਾਂ ਘੁਸੜ ਹੀ ਜਾਂਦੀਆਂ ਕੁਦਰਤਾਂ ਦੇ ਰੰਗ, ਨਸਲਾਂ, ਧਰਮਾਂ ਵਿੱਚ ਬਦਲ ਇਸੇ ਸੰਦਰਭ ਵਿੱਚ ਹਰ ਧਰਮ ਨੇ ਆਪਣੀਆਂ ਮੱਢਲੀਆਂ ਪੁਸਤਕਾਂ ਮਗਰੋਂ ਹੋਰ ਨਾਮਾਂ ਥੱਲੇ ਵੱਖਰੇ ਕਿਤਾਬਚੇ ਛਾਪੇ ਹਿੰਦੂ ਵੇਦ ਉਪਨਿਸ਼ਦ ਆਦਿ ਬਾਈਬਲ ਤੋਂ ਹੋਰ ਕੁਰਾਨ ਤੋਂ ਹੋਰ ਸਿੱਖਾਂ ਨੇ ਭੀ ਦੇਖ ਲਵੋ ਪ੍ਰਕਾਸ਼, ਗੁ: ਪ੍ਰਕਾਸ਼, ਹੋਰ ਪਤਾ ਨਹੀਂ ਕਿੰਨੇ ਕੁ ਅੱਜ ਉਨ੍ਹਾਂ ਤੋਂ ਕਥਾ ਹੋ ਰਹੀਆਂ ਹਨ, ਤਰੈਯਾ ਚਰਿੱਤਰ, ਬਚਿੱਤਰ ਨਾਟਕ ਭੀ ਅਪਣਾਈ ਫਿਰਦੇ ਨੇ (ਗੁਰੂ ਗੋਬਿੰਦ ਸਿੰਘ) ਜੋੜਕੇ, ਫਰੋਲ ਕੇ ਦੇਖੋ ਕਿ ਕੀ ਉਹ ਧਰਮ ਕਸਵੱਟੀ 'ਤੇ ਪੂਰਾ ਉਤਰਦੇ ਹਨ ਜਿੰਨਾ ਸਿੱਖ ਧਰਮ ਸਰਲ ਸਾਦਾ ਸੀ ਉਨਾ ਹੀ ਗੁੰਝਲਦਾਰ ਕਰ ਧਰਿਆ।

**ਪਾਂਧਿਆਂ ਦੀ ਰੀਸ**:– (ਗੁਰੂ ਨਾਨਕ ਦੇਵ ਜੀ) ਤਾਂ ਕੁਰੀਤਾਂ, ਕੁਰਹਿਤਾਂ ਦੇ ਅਲੋਚਕ ਤੇ ਸੁਧਾਰ ਹਾਮੀ ਅਸੀਂ ਅੱਜ ਸਭ ਮੋੜ ਲਿਆਏ ਗੁਰੂ ਜੀ ਦੀ ਲੜਾਈ ਬ੍ਰਾਹਮਣਾਂ ਨਾਲ ਨਹੀਂ ਪਾਂਧਿਆਂ ਨਾਲ ਸੀ ਜੋ ਢਕੌਂਸਲੇ ਲਾ ਕੇ ਰੋਜ਼ੀ ਰੋਟੀ ਦੇ ਸਾਧਨ ਬਣਾ ਰਹੇ ਸਨ, ਪਰ ਪੰਡਤ ਜਾਤੀ ਵੰਡ ਵਿੱਚ ਵਿਸ਼ਵਾਸੀ ਸਨ ਤੇ ਖੱਤਰੀ (ਗੁਰੂ ਜੀ) ਆਪਣੀ ਜਾਤ ਨੂੰ ਨੀਮੀ ਨਹੀਂ ਸਨ ਮੰਨਦੇ ਭਾਵੇਂ ਹੋਰਾਂ ਨੂੰ ਉਸ ਬਸਤੇ ਵਿੱਚ ਰਹਿਣ ਦਿਉ, ਆਹ ਸੀ ਅਸਲੀ ਖੁੰਦਕ ਅੱਗੋਂ ਫੇਰ ਰਾਜ ਭਾਗ ਨਾਲ ਟਕਰਾਅ, ਭਾਵੇਂ ਕਿ ਰਾਜਾ ਹਰ ਵਰਗ ਨੂੰ ਸਹੂਲਤਾਂ ਪ੍ਰਦਾਨ ਤਾਂ ਕਰਦਾ ਸੀ, ਪਰ ਸਭ ਖੁਸ਼ ਨਹੀਂ ਹੁੰਦੇ, ਅੱਜ ਭੀ ਸਰਕਾਰੋ ਜੋ ਲਾਭਕਾਰੀ ਹੈ ਗੁਣਵਾਨ ਜੋ ਵਾਂਝੇ ਉਹ ਵਿਰੋਧੀ ਫੇਰ ਯੁੱਧ ਅਰੰਭ ਹੁੰਦਾ ਹੈ, ਅੱਜ ਨਿੰਦਕ, ਵੈਸੇ ਸਾਰਾ ਦਿਨ ਗੁਰੂ ਜਪੀ ਜਾਂਦੇ ਨੇ ਪਰ ਉਨ੍ਹਾਂ ਦੀ ਸਿੱਖਿਆ ਨਹੀਂ ਮੰਨਣੀ, ਆਪਸੀ ਸਾੜ੍ਹਾ ਅੱਜ ਗੁਰੂ ਕਾਲ ਦੀਆਂ ਸਾਖੀਆਂ ਬਣਾ ਲਈਆਂ ਜੋ ਹੁਣ ਦਾ ਵਿਦਵਾਨੀ (ਨੌਜਵਾਨ) ਮੰਨਣ ਨੂੰ ਤਿਆਰ ਨਹੀਂ, ਕਥਾਵਾਚਕ ਸੁਣੋ:– ਜੀ ਗੁਰੂ ਸਾਹਬ ਨੇ ਆਪਣੀ ਉਮਰ ਦੇ ਦਿੱਤੀ, ਜੀ ਜੀਊਂਦੇ ਰੱਖਣ ਲਈ, ਫੇਰ ਮ੍ਰਿਤਕ ਕੋ ਜੀਵਾਲਨ ਹਾਰ ਤਾਂ ਮੈਨੂੰ ਕਿਸੇ ਨੇ ਆਖਿਆ ਕਿ ਜੇਕਰ ਹੁਣ ਇਨ੍ਹਾਂ ਨੂੰ ਪੁੱਛੇ ਕੋਈ ਕਿ ਭਾਈ ਬਾਲ ਗੁਰੂ ਬੀਮਾਰੀ ਨਾਲ 8 ਸਾਲ ਦੀ ਆਯੂ ਵਿੱਚ ਪ੍ਰਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਬਾਲ, ਆਪ ਪਹਿਲਾਂ ਭੀ ਗੁਰੂ ਸਾਹਬ ਛੋਟੀ ਉਮਰੇ ਤਾਂ ਫੇਰ ਇਹ ਕੌਤਕ ਕਿਉਂ ਨਾ ਵਾਪਰਿਆ ? ਪਰ ਇਹ ਕਥਾਵਾਚਕਾਂ ਨੇ ਤਾਂ ਧਰਮ ਤੋਂ ਇਕ ਦਿਨ ਮੂੰਹ ਮੋੜ ਹੋਰ ਧਰਮ ਬਣਵਾ ਦੇਣਾ ਹੈ, ਇਹ ਸਭ ਡੇਰੇਵਾਦ ਦੀ ਦੇਣ ਹੈ ਆਹ ਪਿੰਦਰਪਾਲ ਦੀ ਸੁਣੋ ਕਹਿੰਦਾ ਮੇਰੀ ਤਾਂ ਸਭ ਤੋਂ ਪ੍ਰਭਤਾ ਨਾਨਕਸਰੀਆਂ ਨੇ ਕੀਤੀ ਸੀ, ਮੈਨੂੰ ਸਮਝ ਨੀ ਆਉਂਦੀ ਕਿ ਕੀਰਤਨ ਇੰਨਾ ਰਸ ਭਿੰਨਾ ਹੁੰਦਾ ਸੀ ਕਿ ਸੁਨਣ ਤੋਂ ਮਨ ਉਕਤਾਉਂਦਾ ਨਹੀਂ ਸੀ, ਹੁਣ ਉਹ ਕੀਰਤਨੀਏ ਭੀ ਨਹੀਂ ਰਹੇ, ਹਾਂ ਜੋ ਜਥੇ ਨਿੱਜੀ ਹਨ ਉਹ ਠੀਕ ਹਨ ਪਰ ਆਹ ਜੋ ਅਕੈਡਮੀਆਂ ਵਾਲੇ ਇਹ ਕੀਰਤਨ ਨਹੀਂ ਆਪਣੀ ਕਲਾ ਦਾ ਦਿਖਾਵਾ ਕਰਦੇ ਹਨ, ਕਿਵੇਂ ਅੱਡ ਸੀਨ ਕਰਦੇ ਹਨ, ਅਸੀਂ ਸ਼ਬਦ ਸੁਨਣਾ ਕਿ ਤੁਹਾਡਾ ਮੂੰਹ ਦੇਖਣਾ ਕਿਵੇਂ ਬਣਾ ਰਹੇ ਹੋ ਫੇਰ ਕੋਈ ਉਪਰ ਨੂੰ ਹੀ ਦੇਖੀ ਜਾਊ ਭਾਈ ਸਹਿਜ ਨਾਲ ਸੰਗਤਾਂ ਨੂੰ ਜੋੜੋ ਸਮਝ ਆਵੇ ਕੁਝ ਪੱਲੇ ਪਵੇ। ਹੁਣ ਮੈਂ ਆਵਾਂ ਕੁਝ ਆਪਣੀ ਅਵੱਲੀ ਜਿਹੀ ਆਦਤ ਵੱਲ, ਲਿਖਤ ਵਿੱਚ ਦੋ ਨੁਕਤੇ ਲਉ ਜੀ ਅੱਜ ਕੱਲ ਖਿੱਚੋਤਾਣ ਦਾ ਕਾਰਨ ? ਕੌਣ ਕਿਹੜੀ ਧਰਮ ਨਸਲ ਵਿੱਚੋਂ ਆਇਆ ਹਿੰਦੂ ਸਾਖੀ, ਕ੍ਰਿਸ਼ਨ ਸੁਦਾਮਾਂ ਬਾਲਪਨ ਦੇ ਮਿੱਤਰ ਕ੍ਰਿਸ਼ਨ ਜੀ ਤਾਂ ਭਗਵਾਨ ਬਣ ਗਏ ਪਰ ਗਰੀਬ ਸੁਦਾਮਾ ਰੋਟੀ ਤੋਂ ਭੀ ਆਹਰੀ, ਪਤਨੀ ਕਹਿੰਦੀ ਸੁਣਾਂਦਾ ਸੈਂ ਮੇਰਾ ਆੜੀ ਸੀ, ਜਾਹ ਜਾ ਕੇ ਮਿਲ ਸ਼ਾਇਦ ਆਪਾਂ ਭੀ ਸੋਖੇ ਹੋ ਜਾਈਏ ਚਲੋ ਜੀ ਸੁਦਾਮਾਂ ਕਹਿੰਦਾ ਫੇਰ ਸੱਤੂ ਦੇਹ ਲੜ ਬੰਨ ਤੇ ਮੈਂ ਉਹਨੂੰ ਯਾਦ ਕਰਾਊਂ, ਦਰਬਾਰ ਜਾ ਵੜਿਆ, ਦਰਬਾਰੀ ਹੱਕੇ ਬੱਕੇ ਇਹ ਕੌਣ, ਖੈਰ ਜਾ ਕੇ ਕਹਿੰਦੇ ਭਗਵਾਨ ਜੀ ਇਕ ਫਟੇ ਪੁਰਾਣੇ ਕੱਪੜੇ ਮੰਗਤਾ ਜਿਹਾ ਆਪ ਨੂੰ ਮਿਲਣ ਲਈ ਆਖ ਰਿਹਾ ਹੈ, ਕ੍ਰਿਸ਼ਨ ਜੀ ਕਹਿੰਦੇ ਲੈ ਆਉ ਸੁਦਾਮੇ ਨੂੰ ਦੇਖ ਗਲਵਕੜੀ ਪਾ ਕੋਲ ਬਠਾ ਹੁਕਮ ਦਿੱਤੇ ਇਹਨੂੰ ਨਹਾ ਧੋ ਕੱਪੜੇ ਬਦਲੋ ਰੱਥ ਗੱਤੀਆਂ ਭਰ ਇਹਦੇ ਘਰ ਹਰ ਚੀਜ਼ ਪਚਾਵੋ ਫੇਰ ਕੋਈ ਮਹਿਲ ਵਿੱਚ ਇਹ ਨੂੰ ਉਤਾਰੋ ਯਾਨੀ ਮਿੱਤਰਤਾ, ਨਾਲ ਹੀ ਮੇਰੀ ਦਲੀਲ: ਨਉਂ ਸੁਦਾਮਾ ਹੈ ਉਧਰ ਮੁਸਲਮਾਨ ਸਦਾਮ ਹੁਸੈਨ, ਬਹੁਤੇ ਨਉਂ ਹਰ ਧਰਮ ਦੇ ਮਿਲਦੇ ਜੁਲਦੇ ਹਨ ਉਹ ਸਮੇਂ ਦੀ ਰਹਿਣੀ ਬਹਿਣੀ ਭਾਈਚਾਰਾ ਬੋਲੀ ਭਾਸ਼ਾ ਸਭ ਜਾਤਾਂ ਵਿੱਚ ਮਿਲਦੀਆਂ ਹਨ ਤਾਂ ਕੀ ਇਹ ਆਖੀ ਜਾਵੋ ਤੁਸੀਂ ਸਾਡੇ ਵਿੱਚੋਂ ਨਿਕਲੇ ਹੋ ਸਭ ਹੀ ਨਿਕਲੇ ਪਰ ਏਕਸ ਕੇ ਬਾਲਕ ਹੀ ਹਾਂ।

ਝਗੜਾ ਕਿਵੇਂ ਨਿਬੜੂ ਪੜ੍ਹੋ ਨੋਟ ਸੂਝ ਖ਼ਾਲਸਾ ਪ੍ਰਗਟ ਨਹੀਂ ਸਥਾਪਤ ਕੀਤਾ ਸੀ ਭਾਈ। ਜੇਕਰ ਧਰਮ ਰਾਜ ਨੂੰ ਰੋਹ–ਹਿਰਖ ਚੜ੍ਹ ਗਿਆ ਕਿ ਰਚਨਾ ਮੇਰੀ ਹੈ ਤੇ ਇਹ ਐਮੇ ਹੀ ਤੁਸੀਂ ਸਾਡੇ ਵਿੱਚੋਂ ਨਿਕਲੇ ਉਹਨੇ ਫੇਰ ਜੇਕਰ ਬਾਦਰਾਂ ਦੇ ਜਬਾਨ ਤੇ ਬੋਲਣ ਲਾ ਤੇ (ਸਭ ਉਥੋਂ ਨਿਕਲੇ) ਅਤੇ ਬਾਦਰਾਂ ਨੇ ਚੱਕ ਲਈਆਂ ਛੜੀਆਂ ਕਿ ਆਉ ਐਧਰ ਤੁਹਾਨੂੰ ਦੱਸੀਏ ਕਿ ਤੁਸੀਂ ਸਭ ਕੀਹਦੇ ਵਿੱਚੋਂ ਨਿਕਲੇ ਤਾਂ ਘਮਸਾਨ ਪੈ ਜੂ, ਲੱਗ ਜਾਣਗੇ ਮਾਂ ਦੀ ਭੈਣ ਦੀ ਕਰਨ, ਹੁਣ ਮੇਰਾ ਦੂਜਾ ਨੁਕਤਾ:– ਹਿੰਦੂ ਮਾਤਾ ਦੇ ਮੰਦਰ, ਮਾਤਾ ਮਾਤਾ ਹਰ ਵੇਲੇ ਤੇ ਸਿੱਖ ਕਹਿੰਦੇ ਅਸਾਡੇ ਗੁਰੂ ਨੇ ਤੀਮੀਆਂ ਨੂੰ ਬਰਾਬਰਤਾ ਤੇ ਨਾਲ ਹੀ ਸੋ ਕਿਉਂ ਮੰਦਾ ਆਖੀਏ ਪਰ ਫੇਰ ਮਾਂ, ਭੈਣ, ਧੀ ਦੀਆਂ ਤਾਂ ਹਰ ਵੇਲੇ ਗਾਲ੍ਹਾਂ ਕਿਉਂ ਕੱਢਦੇ ਹੋ, ਮੈਂ ਸੋਚਿਆ ਕਿ ਹਰ ਚੀਜ਼ ਵਿੱਚ ਬਦਲਾਅ ਕੋਈ ਚੀਜ਼ ਭੀ ਸਥਿਰ ਨਹੀਂ ਰਹਿੰਦੀ ਭਾਈ ਫੇਰ ਹੁਣ ਬਦਲੋ, ਆਖਣ ਲੱਗੋ ਤੁਹਾਡਾ ਪਿਉ, ਦਾਦਾ, ਭਾਈ, ਪੁੱਤ ਬਰਾਬਰ ਦੇ ਹੱਕ ਨਾਲੇ ਤੀਮੀਆਂ ਖੁਸ਼। ਜੇਕਰ ਮੇਰੀਆਂ ਆਹ ਦਲੀਲਾਂ ਕੁਬੱਲੀਆਂ ਲੱਗਣ ਤੇ ਆਖੋ ਕਿ ਆਹ ਕੀ ਮੂਰਖਤਾ ਲਿਖ ਧਰੀ ਇਸ ਕਮ੍ਹਲੀ ਨੇ ਕੋਈ ਨੀ ਆਪਾਂ ਸਾਰੀਆਂ ਵਸਤਾਂ ਨਾ ਖਰੀਦਦੇ ਹਾਂ ਨਾ ਵਰਤਦੇ, ਇਸ ਕਰਕੇ ਕਿਹੜਾ ਮੁੱਲ ਲੱਗਾ ਪਰ੍ਹਾਂ ਸਿੱਟ ਦਿਉ, ਤੇ ਮੈਨੂੰ ਬਖ਼ਸ਼ ਦਿਉ ਪਰ ਮੈਂ ਇਹ ਇਕ ਅਣਹੋਣੀ ਜਿਹੀ ਦੀ ਭਵਿੱਖ ਬਾਣੀ ਕੀਤੀ ਹੈ, ਕਦੇ ਜਰੂਰ ਪੂਰੀ ਤਾਂ ਹੋਵੇਗੀ, ਦੁਨੀਆਂ 'ਤੇ ਭਾਅ ਦੀ ਇੰਨੀ ਬਣੀ ਹੈ ਜਿਮੇ ਜਦੋਂ ਅਤਿ ਦੀ ਗਰਮੀ ਹੋਣੀ ਤਾਂ ਕਹਿਣਾ ਮੀਂਹ ਪਊਗਾ, ਇਹੀ ਮੇਰੀ ਕਲਪਨਾ ਹੈ, **ਅੱਜ ਪੱਤਰਕਾਰ, ਲੇਖਕ, ਬੁੱਧੀਮਾਨ, ਸ਼ਾਤਰ ਸਭ ਬਹੁਗਿਣਤੀ ਦਾ ਰੁੱਖ ਦੇਖ ਕੇ ਸੌਦਾ ਵੇਚਦੇ ਹਨ** ਸੌਦੇ ਲਈ ਤਾਂ ਵਾਜਵ ਹੈ ਪਰ ਸਮਾਜ ਨੂੰ ਸੇਧ ਦੇਣੀ, ਅਗਾਂਹ ਕਰਨਾ ਪ੍ਰਿਥਮ ਫਰਜ਼ ਹੁੰਦਾ ਸੀ ਪਰ ਹੁਣ ਤਾਂ ਹਵਾ ਤੇ ਛੱਜ ਨੇ ਤਾਂ ਹੀ ਤਾਂ ਜੋ ਹੁਣ ਗੰਦ ਸੋਸ਼ਲ ਮੀਡੀਏ ਨੇ ਪਾਇਆ ਇਹਦੀ ਜ਼ਿੰਮੇਵਾਰੀ ਸਾਡੀ ਭੀ ਸੀ ਕਿ ਤੱਥ, ਸੱਚ ਆਧਾਰਿਤ ਸਾਹਮਣੇ ਰੱਖੀਏ ਆਪੇ ਲੋਕੀ ਮਸਖਰਿਆਂ ਨੂੰ ਭੰਡਣ।

ਦੇਸ਼ ਕੌਮ ਤੇ ਭਾਈਚਾਰਾ ਤਰੱਕੀ ਕਿਵੇਂ ਤੇ ਸੰਸਾਰ 'ਤੇ ਰਾਜ ਕਿਵੇਂ ਕੀਤਾ, ਨਿੱਕੀ ਜਿਹੀ ਸਤਰ ਹੈ, ਜਦੋਂ ਅਸੀਂ ਇਥੇ ਆਏ ਤਾਂ ਕੀ ਦੇਖਿਆ ਹਰ ਕਾਮੇ ਦੇ ਹੱਥੀਂ ਅਖ਼ਬਾਰ ਹੋਣਾ ਸਵੇਰੇ ਕੰਮ 'ਤੇ ਜਾਂਦਿਆਂ, ਮਜ਼ਦੂਰ ਤਬਕਾ ਤਾਂ ਸੰਨ ਹੀ ਫੜੀ ਫਿਰਦਾ ਸੀ, ਮੇਰੇ ਪਤੀ ਨੇ ਤਾਂ ਘਰ ਹੀ ਗਾਰਡੀ–ਅਨ ਲਵਾਇਆ ਸੀ, ਪਰ ਮੈਂ ਕੰਮ 'ਤੇ ਹੀ ਟੈਲੀਗਰਾਫ ਪੜ੍ਹ ਲੈਂਦੀ ਸੀ ਲਿਖਤ ਤੋਂ ਭਾਵ ਕਿ ਇਸ ਨਸਲ ਨੇ ਸਾਰੇ ਸੰਸਾਰ 'ਤੇ ਰਾਜ ਕੀਤਾ ਆਪਣਾ ਧੁਰਾ ਖ਼ਬਰਾਂ ਦੇਖਣਾ ਰੱਖਿਆ, ਇਕ ਅਸੀਂ ਹਾਂ ਪਤਾ ਹੀ ਨਹੀਂ ਕਿ ਅਖ਼ਬਾਰ ਦੀ ਕੀ ਮਹੱਤਤਾ ਹੈ, ਹੁਣ ਤਾਂ ਚੈਨਲਾਂ 'ਤੇ ਰੌਣਕਾਂ, ਜੋ ਮਰਜੀ ਊਤ–ਪਤਾਣ ਬੋਲੀ ਜਾਵੋ, ਕਿਹੜਾ ਕਿਸੇ ਨੇ ਸਾਂਭ ਕੇ ਰੱਖਣਾ ਹੈ ਨਾਲੇ ਵਿਰੋਧ, ਨਿੰਦਾ ਤੇ ਭੰਡਣ 'ਤੇ ਜੋਰ, ਨਾ ਪਤਾ ਕੌਣ ਕੀ ਕਹਿ ਗਿਆ ਉਹੀ ਹਾਲਤ ਅੱਜ ਧਰਮ ਕੌਮ ਭਾਈਚਾਰੇ ਦੀ ਹੈ। ਅਸੀਂ ਬਰਤਾਂਤ ਜੀ ਰਾਜ ਲੈਣਾ ਹੈ ਮਹਾਰਾਜਾ ਵਰਗਾ ਰਾਜ ਚਾਹੀਦਾ ਏ, ਕੀ ਸਾਡਾ ਚਰਿੱਤਰ ਹੈ ਰਾਜ ਵਾਲਾ ਕੀ ਅਸੀਂ ਦੂਜੀਆਂ ਕੌਮਾਂ ਵੱਲ ਸਵੱਲੀ ਨਜ਼ਰ ਰੱਖਦੇ ਹਾਂ ਮੈਂ ਇਕ ਜਾਣਕਾਰੀ ਕਦੋਂ ਦੀ ਸੋਚਦੀ ਹਾਂ ਕਿ ਬਾਬਾ ਬੰਦਾ ਬਹਾਦਰ ਦਾ ਰਾਜ ਕਦੋਂ ਤੇ ਕਿਹੜੇ ਕਿਹੜੇ ਖਿੱਤੇ 'ਤੇ ਸੀ, ਸਬੂਤ ਤੇ ਤੱਥ ਸਹੀ ਹੋਣ ਮਹਾਰਾਜਾ ਰਣਜੀਤ ਸਿੰਘ ਵਾਂਗੂ ਜੀ ਦਿੱਲੀ ਤੱਕ ਸੀ, ਭਾਈ ਇਹ ਤਾਂ ਮਾਲਵੇ ਵਿੱਚ ਨਹੀਂ ਸੀ ਤੇ ਦਿੱਲੀ ਫੇਰ ਕਿਧਰ ਦੀ ਤੇ ਕਿਹੜੀ ਰਾਜਧਾਨੀ ਸੀ ਤੇ ਸਿੱਕਾ ਭੀ ਲੋਕਾਂ ਨੂੰ ਦਿਖਾਉ, ਇਤਿਹਾਸ ਦੀ ਸਹੀ ਜਾਣਕਾਰੀ ਦੇਵੋ, ਲਉ ਹੁਣ ਫੇਰ ਸੁਣੋ ਅੰਮ੍ਰਿਤਪਾਲ ਕਾਂਡ ਲਈ ਚੇਤਨਾ ਯਾਤਰਾ ਸਾਬੋ ਕੀ ਤਲਵੰਡੀ ਤੋਂ ਜਲੂਸ ਆ ਕੇ ਅਕਾਲ ਤਖ਼ਤ 'ਤੇ ਸਮਾਪਤ, ਕੀ ਹਾਲੇ ਚੇਤੰਨਤਾ ਦੀ ਕਸਰ ਹੈ, ਵਿਦੇਸ਼ੀ ਡੰਕੇ ਵੱਜਦੇ ਨੇ ਫੇਰ ਜੇਕਰ ਸ਼੍ਰੋਮਣੀ ਕਮੇਟੀ ਨੇ ਕੱਢਣਾ ਸੀ ਤਾਂ ਜਿਹੜੀ ਪੰਜ ਮੈਂਬਰੀ ਕਮੇਟੀ ਸੀ ਉਹ ਕੀ ਘੁਲ੍ਹਾੜੀ ਜੋੜਨੀ ਸੀ, ਕਿਉਂ ਉਹ ਨਾ ਅਗਵਾਈ ਕਰੇ, ਜੇਕਰ ਅਕਾਲ ਤਖ਼ਤ ਦਾ ਜਥੇਦਾਰ ਹੁਕਮ ਕਰਦਾ ਸੀ, ਫੇਰ ਮਾਤਾ ਕਿਉਂ ਮੂਹਰੇ ਹੁਣ ਕਹਿੰਦੇ ਗ੍ਰਿਫਤਾਰ ਕਰ ਲਈ ਪਰ ਨਉਂ ਕੇਵਲ ਮਾਤਾ ਦਾ ਹੀ ਲੈਂਦੇ ਨੇ ਨਾਲ ਤਾਂ ਤਿੰਨ ਚਾਚੇ, ਚਾਚੀ, ਭੂਆ ਸਾਰੇ ਸਨ, ਇਧਰ ਆਹ ਅੰਬਰ ਦਾ ਧੂਤੂ ਤਾਂ ਸਾਹ ਹੀ ਨਹੀਂ ਲੈਂਦਾ ਸਰਕਾਰ ਨੂੰ ਭੰਡਣ ਤੋਂ, ਬੋਲੀ ਭਾਈ ਸਾਹਬ ਭਾਈ ਅੰਮ੍ਰਿਤਪਾਲ ਸਿੰਘ ਕਿਹੜਾ ਹਾਥੀ ਡੰਗਤਾ ਸੀ, ਹਾਂ ਸਾਰੇ ਪੰਜਾਬ ਵਿੱਚ ਗੁਰੂ ਗ੍ਰੰਥ ਸੜਕਾਂ 'ਤੇ ਫੇਰਿ–ਆ, ਇਹ ਬੇਅਦਬੀ ਦਾ ਤਾਂ ਸੋਗ ਨਹੀਂ ਬੱਸ ਜੀ ਸਰਕਾਰ ਭੰਡੋ, ਦੂਜੇ ਅਦਾਰੇ ਭੰਡੋ, ਹੁਣ ਹੋਰ ਸੁਣੋ ਆਹ ਦੂਜਾ ਚੈਨਲ ਪੰਜਾਬ ਦੀ ਸਿਆਸਤ ਕਿੱਡਾ ਵੱਡਾ ਸੁਝਾਅ ਜੀ ਅਕਾਲੀ ਦਲ ਅੰਮ੍ਰਿਤਪਾਲ ਨੂੰ ਖਡੂਰ ਸਾਹਬ ਤੋਂ ਟਿਕਟ ਦੇਵੇ ਕਿਉਂ ? ਉਹ ਅਕਾਲੀ ਦਲ ਦਾ ਮੈਂਬਰ ਹੈ, ਤੁਹਾਡੀ ਆਪਣੀ ਵਾਰਸ ਪੰਜਾਬ ਜਥੇਬੰਦੀ ਤੇ ਤੁਸੀਂ ਆਪ ਖੜ੍ਹਾ ਕਰੋ, ਕੱਲ੍ਹ ਨੂੰ ਤੁਸੀਂ ਤਾਂ ਆਖੋਗੇ ਕ੍ਰਿਸ਼ਨ ਭਗਵਾਨ ਦੇ ਮੁੰਡੇ ਨੂੰ ਟਿਕਟ ਜਸਵੀਰ ਸਿੰਘ ਰੋਡੇ ਦੇ ਮੁੰਡੇ ਨੂੰ ਬਾਕੀ ਫੇਰ ਬੰਦੀ ਸਿੰਘਾਂ ਨੂੰ ਤਾਂ ਅਕਾਲੀ ਦਲ ਲੰਗਰ ਲਾਵੇ,

**ਬਾਕੀ ਹਿਸਾ ਸਫਾ 44 ਤੇ ਪੜ੍ਹੋ →**

43 ਸਫ਼ੇ ਦੀ ਬਾਕੀ

ਦਲੀਲ ਜੀ ਜੇ ਅਕਾਲੀ ਦਲ ਨੇ ਪੰਥਕ ਮੁੱਦੇ ਚੁੱਕਣੇ ਹਨ ਬੱਸ ਆਹੀ ਪੰਥ ਹੈ ਗੱਲ ਕੀ ਇਹ ਢਕਵੰਝ ਨਾਲ ਚੈਨਲ ਚੱਲਣ ਤੇ ਇਨ੍ਹਾਂ ਦੀ ਵਾਹ ਵਾਹ, ਕਦੀ ਇਕ ਦੂਜੇ ਦੇ ਵਿਰੋਧੀ ਸਨ ਉਥੇ ਭੀ ਕੋਈ ਆਹ ਅਕਾਲੀ ਸਿੰਘ ਬੀਬੀ ਦੇ ਨਾਲ ਹੀ ਫੜ ਕੇ ਅੰਦਰ ਕਰਤਾ ਸੂਤਰ ਕਹਿੰਦੇ ਸੱਚ ਨਹੀਂ ਜੇਕਰ ਯਾਤਰਾ ਦੀ ਆਗਿਆ ਲਈ ਸੀ ਤਾਂ ਇਹ ਕਿਉਂ? ਕੀ ਸਾਡੇ ਦੇਸ਼ ਵਿੱਚ ਇਸ ਤਰ੍ਹਾਂ ਆਵਾਗਉਣ ਸੜਕਾਂ 'ਤੇ ਰੋਕਾਂ ਲੱਗਦੀਆਂ ਹਨ, ਕਾਨੂੰਨ ਅਵਸਥਾ ਫੇਰ ਕੀ ਸਰਕਾਰ ਵਗਾੜ ਰਹੀ ਹੈ ਜਾਂ ਇਹ ਸਭ ਲੋਕ, ਮੇਰਾ ਮੰਨਣਾ ਹੈ ਇਹ ਅਸਲ ਵਿੱਚ ਕਾਂਗਰਸੀ ਹਨ ਅਕਾਲੀ ਦਲ ਵੈਰੀ, ਅੱਜ ਦੇ ਨਹੀਂ ਪਹਿਲਾਂ ਤੋਂ ਹੀ ਹਨ, ਮੈਂ ਇਸ ਸੋਚ ਤੋਂ ਲਾਂਭੇ ਨਹੀਂ ਹੋ ਸਕਦੀ ਕਿ ਸਿੱਖ (ਗੁਰੂ ਗ੍ਰੰਥ) ਨੂੰ ਵਰਤ ਰਹੇ (ਸਾਧਾਰਨ) ਨਹੀਂ ਇਹ ਆਗੂ ਬਣੇ, ਅੰਮ੍ਰਿਤਪਾਲ ਭੀ ਮੋਨਾ ਸੀ ਪਰ ਆ ਕੇ ਜੀ ਵਾਰਸ ਪੰਜਾਬ ਦੇ ਅਤੇ ਫੇਰ ਅੰਮ੍ਰਿਤ ਅਭਿਲਾਸ਼ੀ ਅੰਤ (ਗੁਰੂ ਗ੍ਰੰਥ) ਚੁੱਕ ਕੇ ਜਿਮੇ ਡੁੱਬਰ ਪਾਇਆ, ਉਹ ਸੰਤਾਪ ਮਾਰ ਰਿਹਾ ਹੈ ਹਾਲੇ ਭੀ ਪਸ਼ਚਾਤਾਪ ਕਰਨ ਦੀ ਥਾਂ ਸਗੋਂ ਉਪਰਦੜੀਆਂ ਮਾਰ ਰਹੇ ਹਨ ਸਾਨੂੰ ਪ੍ਰਮਾਤਮਾਂ ਬਖ਼ਸ਼ ਨਹੀਂ ਰਿਹਾ ਮੰਨਦੀ ਹਾਂ ਮਾਪਿਆਂ ਲਈ ਸਹਿਣਾ ਕਠਿਨ ਹੈ, ਪਰ ਅਵੱਲੇ ਰਾਹ ਤੁਰਨਾ ਭੀ ਭਲਾ ਨਹੀਂ, ਤੈਂ ਵੱਖਰੀ ਕੋਈ ਨਾ ਗੱਲ ਕੀਤੀ, ਭਗਵੰਤ ਮਾਨ ਨੇ ਭੀ ਪੁਲਸੀਆ ਵਿਧਾਇਕ ਲਿਆ ਸ਼ਾਇਦ ਸੋਚੋ, ਹੁਣ ਅੰਮ੍ਰਿਤਸਰ ਅਕਾਲੀ ਦਲ ਨੇ ਗੈਂਗਸਟਰ ਦਾ ਪਿਤਾ ਤੇ ਪੁਲਸ ਇੰਸਪੈਕਟਰ ਭੁੱਲਰ ਚੁੱਕ ਲਿਆ, ਸ਼ਾਇਦ ਉਹਦਾ ਪੁੱਤਰ ਭੀ ਹਾਲੇ ਜੇਲ੍ਹ ਵਿੱਚ ਸੁਣਦੇ ਸੀ ਜੈ ਪਾਲ ਤਾਂ ਐਨਕਾਊਂਟਰ ਵਿੱਚ ਮਾਰਿਆ ਗਿਆ ਸੀ, ਪਿਉ ਨੇ ਬੜੀ ਹਾਲ ਦੁਹਾਈ ਮਚਾਈ ਸੀ, ਪੁਲਸੀਆ ਕਰਕੇ ਹੁਣ ਚੋਣ ਵਿੱਚ ਮੋਦੀ ਸਾਹਬ ਕਹਿੰਦੇ ਸਿੱਖ ਕਾਂਗਰਸ ਦਾ ਕੀਤਾ ਅਤਿਆਚਾਰ ਭੁੱਲ ਨਹੀਂ ਸਕਦੇ ਪਰ ਉਹ ਤਾਂ ਉਹਦੀ ਗੱਲ ਨੀ ਕਰਦੇ, ਭਾਵੇਂ ਕਾਂਗਰਸ ਦਾ ਕਹਿਰ, ਕਿਸਾਨਾਂ ਦੀ ਲਹਿਰ ਜੋ ਇਸ ਵੇਲੇ ਤੁਹਾਡੇ ਵਿਰੁੱਧ ਜ਼ੋਰਾਂ 'ਤੇ ਹੈ। ਸੱਚ ਤਾਂ ਇਹ ਹੈ ਕਿ ਕਿਸਾਨ ਤਾਂ ਹਨ ਹੀ ਕਾਂਗਰਸ ਦੇ ਯੂਨੀਅਨਾਂ ਕਰਕੇ ਚਲੋ ਹੁਣ ਮੋਦੀ ਸਾਹਬ ਦੀ ਬਾਦਸ਼ਾਹਤ, ਕੇਜਰੀਵਾਲ ਦੀ ਅਦਾਲਤ ਤੋਂ ਰਾਹਤ ਨਾ ਮਿਲਣ 'ਤੇ ਬਿਆਨ ਅਦਾਲਤਾਂ ਕਾਨੂੰਨ ਨਾਲ ਚੱਲਦੀਆਂ ਹਨ ਸਿਆਸਤ ਨਾਲ ਨਹੀਂ, ਇਹ ਇੰਕਸ਼ਾਫ ਕਰਨਾ ਕਿਉਂ ਪਿਆ? ਅੰਦਰੋ ਤਾਂ ਪਤਾ ਹੈ ਜੱਜ ਸਿਆਸਤਾਂ ਦੇ ਹੀ ਗੀਗੇ ਹਨ ਮੈਂ ਬਹੁਤ ਵਰ੍ਹੇ ਪਹਿਲਾਂ ਕਿਹਾ ਸੀ ਸਾਡੇ ਦੇਸ਼ ਵਿੱਚ ਕਚਹਿਰੀਆਂ ਵਿੱਚ ਲਿਖਿਆ ਸੀ (Court of Justice) ਇਥੇ ਇੰਨਸਾਫ ਹੈ? ਲਿਖਣਾ ਬਣਦਾ ਹੈ (Court of Judgement) ਇਹ ਫੈਸਲੇ ਹਨ ਜੱਜਾਂ ਦੇ, ਮੈਂ ਕੇਜਰੀਵਾਲ ਦੇ ਹੱਕ ਵਿੱਚ ਨਹੀਂ ਸਿਧਾਂਤਕ ਗੱਲ ਲਿਖਦੀ ਹਾਂ, ਦੂਜਾ ਮੁੱਦਾ ਆਹ ਤਿੰਨ ਕੁ ਅੰਬਰ ਅਡੰਬਰ ਦੇ ਧੂਤੂ ਤੁਖਣੇ ਦਿੰਦੇ ਹੀ ਰਹਿੰਦੇ ਹਨ ਹੁਣ ਜੀ ਚੇਤਨਾ ਮਾਰਚ (ਅੰਮ੍ਰਿਤ-ਪਾਲ) ਧਿਰ ਦਾ ਦਬਕਾ ਭਲਾ ਚੇਤਨਾ ਦੀ ਕਸਰ ਹੈ ਸਾਰੀ ਦੁਨੀਆਂ 'ਤੇ ਡੰਕੇ ਵੱਜਦੇ ਨੇ ਇਹ ਹਾਲੇ ਹੁਣ ਤਖਤਾਂ 'ਤੇ ਜਾ ਕੇ ਆਏ ਹੁਣ ਫੇਰ ਬੰਸਰੀ ਜੀ ਚੁੱਕੀ ਜੋ ਪੱਤਰਕਾਰ ਬਣਿਆ ਹੈ ਇਹਨੇ ਨਿਰਮਲ ਸਿੰਘ ਰਾਗੀ ਦੀ ਮੌਤ 'ਤੇ ਭੂਚਾਲ ਲਿਆਂਦਾ ਹੁਣ ਬਰਸੀ 'ਤੇ ਜੀ ਯਾਦਗਾਰ ਨਹੀ ਬਣਾਈ, ਲੱਗਦਾ ਪੰਜਾਬ ਤਾਂ ਯਾਦਗਾਰ ਗਾਹ ਬਣਜੂ ਹੋਰ ਥਾਂ ਤਾਂ ਰਹਿਣੀ ਨਹੀਂ ਹਾਲੇ ਇਹ ਸਿਵਾ ਠੰਡਾ ਨਹੀਂ ਕੀਤਾ ਸ਼੍ਰੋਮਣੀ ਕਮੇਟੀ ਦੁਆਲੇ ਹੋ ਗਿਆ ਜੀ ਚੇਤਨਾ ਮਾਰਚ ਕਿਉਂ ਨਹੀਂ ਕੱਢਿਆ ਭਲਿਆ ਮਾਨਸਾ ਕਿੰਨੇ ਕੁ ਮਾਰਚ ਹੀ ਕੱਢੀ ਜਾਣੇ ਨੇ, ਪੁਲਸ ਫੇਰ ਬੱਸ ਇਸੇ ਕਾਸੇ 'ਤੇ ਰਹੂ ਕਾਨੂੰਨ ਕੀ ਕਰਨੇ ਨੇ ਜਦੋਂ ਮੰਨਣੇ ਹੀ ਨਹੀਂ, ਸ਼੍ਰੋਮਣੀ ਕਮੇਟੀ ਨੂੰ ਤਾਂ ਮਜਬੂਰ ਕਰਦੇ ਨੇ ਮਤੇ ਪਾਸ ਕਰਕੇ ਭੇਜੇ ਤਾਂ ਭੁੱਖ ਹੜਤਾਲ ਇਕੱਤਰਤਾ ਵਿੱਚ ਬਣਾ ਕੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜੇ ਉਹਨੇ ਅੱਗੋਂ ਸ਼੍ਰੋਮਣੀ ਕਮੇਟੀ ਦੇ ਗੱਲ੍ਹ ਪਾ ਤੇ ਇਹ ਅਸਲ ਵਿੱਚ ਪੰਥਕ ਧਿਰਾਂ ਨਹੀਂ ਤਮਾਸ਼ਬੀਨ ਜੱਥੀਆਂ ਨੇ, ਲੱਖਾ ਸਿਧਾਣਾ, ਭਾਨਾ ਸਿੱਧੂ ਤੇ ਅੰਮ੍ਰਿਤਸਰ ਅਕਾਲੀ ਦਲ ਹੁਣ ਦਾ ਬੁਲਾਰਾ ਬਲੇਅਰ ਹੁਣ ਲੋਕ ਸਭਾ ਦਾ ਟਿਕਟ, ਪੁਤਲੀ ਡਾਂਸ ਇਕ ਲਿਖਾਂ ਕਿ ਕਾਂਗਰਸੀ ਪ੍ਰਚਾਰ ਕਿ ਸ: ਸਿਮਰਨਜੀਤ ਸਿੰਘ ਮਾਨ ਦੇ ਨਾਲੇ ਰੁੜ੍ਹ ਸਿੰਘ ਨੇ ਅੰਗ੍ਰੇਜ਼ਾਂ ਤੋਂ ਜਗੀਰਾਂ ਲਈ ਦਾਅਵਤਾਂ ਤੇ ਨਾਲ ਸੁੰਦਰ ਸਿੰਘ ਮਜੀਠਾ ਜੀ ਡਾਇਰ ਨੂੰ ਖਾਣਾ ਨੰਬਰ ਜੱਲ੍ਹਿਆਂਵਾਲਾ ਸਾਕਾ ਕਾਂਗਰਸੀ ਸਿਆਸਤ ਸੀ ਇਕੱਠ ਸਿੱਖਾਂ ਦਾ ਇਹ ਨਹੀਂ, ਪ੍ਰਾ-ਪੇਗੰਡਾ ਹੈ, ਹੁਣ ਕੀ ਕੀ ਕਰਦੇ ਨੇ ਇਹੀ ਲੋਕ ਸਨ ਉਦੋਂ ਭੀ ਕਾਂਗਰਸ ਹਾਵੀ ਸੀ ਤੇ ਸਭ ਵਸੀਲੇ ਸਿੱਖ ਵਿਰੁੱਧ ਸਨ ਕੋਈ ਗੱਦਾਰੀ ਨੀ ਰੁੜ੍ਹ ਸਿੰਘ ਦੀ ਤੇ ਮਜੀਠੇ ਦੀ, ਕਰਨੀ ਭਰਨੀ ਪੈਂਦੀ ਹੈ, ਅਕਾਲੀ ਦਲ 'ਤੇ ਤੁਹਮਤਾਂ ਪਹਿਲਾਂ ਤੋਂ ਲਾ ਰਹੇ ਹਨ ਹੁਣ ਭੀ ਕਰੀ ਜਾਂਦੇ ਨੇ ਕੇਜਰੀਵਾਲ ਨੇ ਜੋ ਊਧਮ ਪੰਜਾਬ ਵਿੱਚ ਮਚਾਇਆ ਸੀ, ਮੂਹਰੇ ਆ ਗਿਆ ਹਾਲੇ ਭੀ ਪੰਥ ਦੋਖੀ ਹੀ ਹਨ, ਮੋਦੀ ਸਾਹਬ ਭੀ ਹੁਣ ਬਹੁਤ ਘੁਮੰਡੀ ਬਣ ਚੁੱਕੇ ਹਨ ਚੰਗਾ ਨੀ ਪਰ ਸਾਡੇ ਬੰਦੇ ਭੀ ਆਪਣੇ ਸੂਬੇ ਦਾ ਗਮ ਨਹੀਂ ਬਾਹਰਲੇ ਵਿੱਚ ਹੀ ਭੱਜਦੇ ਨੇ ਹੁਣ ਕਿਸਾਨ ਕਿਧਰ ਕਿਧਰ ਜਲੂਸ ਕੱਢਦੇ ਫਿਰਦੇ ਨੇ, ਖੱਟ ਕੀ ਲਿਆ? ਮੀਡੀਆ ਜੀ ਦਿੱਲੀ ਦਾ ਆਪ ਵਜੀਰ ਅਸਤੀਫਾ ਦੇ ਗਿਆ ਕਾਰਨ ਪਤਾ ਹੀ ਹੈ ਡਰਦੇ ਪਰ ਤੁਹਾਨੂੰ ਕੀ ਲਉ ਚੜ੍ਹ ਜੂ ਪੰਜਾਬ ਸਥਿਤੀ ਵਿਚਾਰੋ ਕਿ ਅੱਗੋਂ ਕੀ ਕਰਨਾ ਹੈ ਜੋ ਇਨ੍ਹਾਂ ਅਲਾਮਤਾਂ ਤੋਂ ਛੁਟਕਾਰਾ ਪਵੇ, ਹਰ ਦਿਨ ਧਰਨੇ ਉਧਰ ਧਰਮ ਵਾਲੇ ਨਗਰ ਕੀਰਤਨ ਬੁਰਾ ਨਾ ਮਨਾਇਉ ਦੋਨੋ ਹੀ ਨੌਜਵਾਨਾਂ ਨੂੰ ਰੁਜ਼ਗਾਰ ਰਹਿਤ ਤੇ ਫੇਰ ਨਸ਼ੇੜੀ ਬਨਣ ਦੇ ਰਾਹ 'ਤੇ ਜਦੋਂ ਵਿਹਲੇ ਇਨ੍ਹਾਂ ਥਾਵਾਂ 'ਤੇ ਤੁਰੇ ਫਿਰਨ ਤਾਂ ਕੰਮ ਹੋਵੇ ਭੀ ਤਾਂ ਕਰਨਾ ਕਦੋਂ? ਨਾ ਸ਼੍ਰੋਮਣੀ ਕਮੇਟੀ ਤੇ ਨਾ ਹੀ ਯੂਨੀਅਨ ਆਗੂ ਸੁਹਿਰਦ, ਐਥੇ ਭੀ ਥਾਂ ਥਾਂ ਧਰਮ ਦੁਆਰੇ ਫੇਰ ਭੀ ਪਾਲਕੀਆਂ ਸੜਕਾਂ 'ਤੇ, ਮੇਲੇ ਪਾਰਕਾਂ ਵਿੱਚ ਲਾਵੋ, ਨਾ ਕਿ ਧਰਮ ਨੂੰ ਵਰਤੋ ਗੋਲਕ ਲਈ ਤੇ ਸ਼ੋਹਰਤ ਲਈ, ਸੰਗਤ ਨੂੰ ਧਰਮ ਗਿਆਨ ਮਿਲਦਾ ਉਥੋਂ ਕੌਣ ਕੀਰਤਨ ਕਰਦਾ ਹੈ ਸਟਾਲਾਂ ਤੋਂ ਲਵੋ ਸਿੱਟੋ, ਭੱਜੋ ਧੱਕੇ ਮਾਰੋ, ਕੋਈ ਭੀ ਮੀਡੀਆ ਧਾਰਮਿਕ ਪੱਖ ਨਹੀਂ ਘੋਖਦਾ ਬੱਸ ਮੂਰਤਾਂ ਦਿਖਾ ਕੇ ਪੈਸੇ, ਦੂਜੇ ਦੇਸ਼ਾਂ ਵਿੱਚ ਜਾ ਕੇ (ਇਟਲੀ, ਜਰਮਨੀ, ਫਰਾਂਸ) ਭੀ ਲਾ ਆਏ ਕੱਢੋ ਜਲੂਸ ਫੇਰ ਸਿਆਸੀਆਂ ਬਗੈਰ ਗਤੀ ਨਹੀਂ, ਪ੍ਰਬੰਧਕਾਂ ਨੇ ਆਪਣੇ ਰਿਸ਼ਤੇ ਜੋ ਗੰਢਨੇ ਹੁੰਦੇ ਨੇ, ਮੈਂ ਤਾਂ ਇਸ ਤੋਂ ਇਹ ਅਨੁਮਾਨ ਲਾਇਆ ਹੈ ਕਿ ਇਥੋਂ ਦੀ ਪਨੀਰੀ ਤਾਂ ਆਵਾਜਾਰ ਹੋ ਰਹੀ ਹੈ, ਬੱਸ ਨਵੀਂ ਆਮਦ ਦਾ ਅਨੰਦ ਸਾਨੂੰ ਇਨ੍ਹਾਂ ਦੇ ਵੀਜ਼ੇ ਲੱਗਣ ਦਾ ਕੀ ਲਾਭ ਸਾਡੇ ਬੱਚੇ ਤਾਂ ਵਿਚਾਰੇ ਪ੍ਰੇਸ਼ਾਨ ਹੋ ਰਹੇ ਹਨ ਕਿ ਆਹ ਕੀ ਕਰਦੇ ਨੇ ਸਾਡੇ ਧਰਮ ਰੱਖਿਅਕ ਗੁਰਦੁਆਰਿਆਂ ਵਿੱਚ ਗਿਣਤੀ ਯੂਰਪੋਂ ਆਏ ਤੇ ਪੰਜਾਬੋ ਤੇ ਹਰਿਆਣੇ ਤੋਂ ਵੀਜ਼ੇ ਦੀ ਹੈ, ਹੁਣ ਲੰਗਰਾਂ ਦਾ ਭੀ ਸੇਵਾਦਾਰਾਂ ਦੀ ਘਾਟ। ਫ਼ਾਹਾ ਵੱਢ ਹੁੰਦਾ ਹੈ ਤੇ ਅਨਜਾਣ ਜੋ ਜੀ ਕਰਦਾ ਦਾਲਾਂ ਭਾਜੀਆਂ ਵਿੱਚ ਪਾਈ ਜਾਂਦੇ ਨੇ ਮਸਾਲੇ ਮਿਹਦੇ ਲਈ ਖਰਾਬ ਪਰ ਪ੍ਰਬੰਧਕ ਕੀ ਕਰਨ ਹਾਂ ਲਾਂਗਰੀਆਂ ਨੂੰ ਨਸੀਹਤ ਤਾਂ ਦੇ ਸਕਦੇ ਨੇ ਕਿ ਭਾਈ ਪੰਜਾਬੀ ਲੰਗਰ ਸਾਦਾ ਰੱਖੋ ਨਹੀਂ ਤਾਂ ਤਨਖਾਹ ਕੱਟਾਂਗੇ, ਪਰ ਕਿਥੇ ਜੀ? ਚਲੋ ਮੈਂ ਤਾਂ ਆਪਣਾ ਜੁੰਮਾਂ ਕਰਨਾ ਹੀ ਹੈ। ਪ੍ਰਭੂ ਸਿਹਤ ਸਬਰ ਸੰਤੋਖ ਬਖ਼ਸ਼ੇ।

## ਵਿਸ਼ੇਸ਼ ਨੁਕਤੇ ਸਿੱਖ ਮੰਚ ਲਈ

ਖਿਮਾਂ ਕਰਨਾ ਪਰਚਾ ਪਰਖ ਨਾਲ ਇਕ ਹੋਰ ਪੰਨਾ ਵਧਾ ਰਹੀ ਹਾਂ, ਮੈਂ ਸੋਚਦੀ ਹਾਂ ਇਹ ਲੋੜ ਹੈ। ਨੰਬਰ ਇਕ ਆਪ ਜੀ ਦੇ ਸੰਪਾਦਕੀ ਲੇਖ ਵਿੱਚ ਇਕ ਸਤਰ:- ਪੁਲਸ ਨੂੰ ਲੋੜ ਨੀ ਜੱਜ ਤੇ ਜਲਾਦ ਬਨਣ ਦੀ, ਮਹੱਤਵਪੂਰਵਕ ਹੈ ਪਰ ਕੀ ਸਿੱਖਾਂ ਨੂੰ ਆਪੇ ਸਜਾ ਤੇ ਸੋਧਾ ਲਾਉਣ ਦੀ ਪ੍ਰਥਾ ਕਬੂਲ ਹੈ। ਦੂਜਾ ਸਿੱਖ ਸੰਸਥਾਵਾਂ ਉਤੇ ਵਪਾਰੀ ਵਰਗ ਭਾਰੂ ਪਹਿਲਾਂ ਕੇਸਰੀ ਲਹਿਰ ਚਲਾ ਕੇ ਕੱਪੜਾ ਵੇਚਿਆ, ਹੁਣ ਫੇਰ ਦੇਖੋ ਜੀ 325ਵਾਂ ਸਾਜਨਾ ਦਿਵਸ ਹਰ ਘਰ 'ਤੇ ਝੰਡਾ ਲਾਉ ਤੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਟਰੱਕ ਲੱਦ 'ਤੇ ਗੁਰਦੁਆਰਿਆਂ ਵਿੱਚ ਵੰਡਣ ਲਈ, ਉਧਰ ਹੱਟੀਆਂ ਵਾਲੇ ਕਹਿੰਦੇ ਜੀ ਬੜੇ ਵਿੱਕ ਰਹੇ ਹਨ ਇਹ ਪ੍ਰਧਾਨ ਮੱਕੜ ਵੇਲੇ ਬਹੁਤੀ ਵਧੀ, ਪਹਿਲਾਂ ਭੀ ਕੜਾਹ ਪ੍ਰਸ਼ਾਦ ਵਿਕਰੀ, ਪਿੰਨੀ ਪ੍ਰਸ਼ਾਦ ਵਿਕਰੀ, ਗੱਲ ਕੀ ਧਰਮ ਨਾਲ ਜੋੜ ਕੇ ਵਪਾਰ ਵਿੱਚ ਵਾਧਾ, ਤੀਜਾ ਨੁਕਤਾ ਹੈ ਪਰਚੇ ਵਿੱਚ ਸਰਵਜੀਤ ਸਿੰਘ ਸੈਕਰਾਮੈਂਟੋ ਲੇਖ ਪੜ੍ਹਕੇ ਬੌਂਦਲ ਹੀ ਗਈ ਪਰ ਨਾਲ ਹੀ ਤਸੱਲੀ ਹੋ ਗਈ ਕਿ ਗੁਰੂ ਕਾਲ ਵਿੱਚ ਭੀ ਲਿਖਾਰੀ ਕਿੱਤਾਕਾਰੀ ਸਨ ਹੈਰਾਨੀ ਨਹੀਂ ਹੋਈ ਪੜ੍ਹਕੇ ਮਨਘੜਤ ਸਾਖੀਆਂ ਹਨ ਤੇ ਗੁਰੂ-ਵਿਰੋਧ ਭੀ ਬਹੁਤ ਸੀ, ਪਤਾ ਨਹੀਂ ਕਿੰਨੇ ਕੁ ਕਿਤਾਬਚੇ ਨੇ ਹੁਣ ਪੱਤ ਉਧੜ ਰਹੇ ਹਨ ਕਿ ਕਿਸੇ ਦਾ ਕੋਈ ਸੱਚ ਤੱਥ ਮੂਲ ਘੱਟ ਹੀ ਹੈ, ਲੇਖਕ ਹੁਣ ਪੜਚੋਲ ਕਰਨ ਲੱਗੇ ਹਨ ਤੇ ਨਿਕਾਰ ਰਹੇ ਹਨ ਕੋਈ ਕਹਿੰਦਾ ਜੀ ਉਹ ਲਿਖਤ ਤਾਂ ਦਰਿਆ ਵਿੱਚ ਸਿੱਟ ਦਿੱਤੀ ਸੀ, ਬਾਲੇ ਦੀ ਸਾਖੀ ਭੀ ਕਲਪਤ ਹੈ ਆਦਿ, ਹੁਣ ਦੇਖੋ ਕੋਈ ਹੰਦਾਲ ਭੀ ਹੋਇਆ ਤੇ ਉਹਦੀ ਕਿਸੇ ਪੁਸਤਕ ਨੂੰ ਹੰਦਾਲ ਗ੍ਰੰਥ ਭੀ ਲਿਖ ਧਰਿਆ, ਪੜ੍ਹਕੇ ਚੱਕਰ ਖਾਂਦਾ ਹੈ ਮਨ ਕਿ ਸਿੱਖ ਧਰਮ ਦੀ ਪ੍ਰਥਾ ਵਿੱਚ ਕਿੰਨੇ ਕੁ ਆਹ ਕਿਤਾਬਚੇ ਹਨ, ਮੇਰਾ ਨਿਰਣਾ ਹੈ ਕਿ ਜੇਕਰ ਕੇਵਲ ਗੁਰੂ ਗ੍ਰੰਥ ਨੂੰ ਹੀ ਪ੍ਰਚਾਰਕ ਧੁਰਾ ਰੱਖਣ ਸਾਖੀਆਂ ਛੱਡਣ ਕੋਈ ਭਾਈ ਗੁਰਦਾਸ, ਨੰਦ ਲਾਲ, ਸੰਤੋਖ ਸਿੰਘ, ਨਾਭਾ, ਭੰਗੂ ਜਾਂ ਨਵੇਂ ਲੇਖਕ ਕੇਵਲ ਹੀ ਮੰਨੇ ਜਾਣ, ਧਰਮ ਰਹੂ। ਧਰਮ ਧੁਰੇ ਨਾਲ ਹੀ ਚੱਲਦਾ ਹੈ ਜਦੋਂ ਧੁਰੇ ਮਧੋਲੋ ਜਾਣ ਤਾਂ ਹਾਲ ਕਈ ਹੋਰ ਕੌਮਾਂ ਦਾ ਭੀ ਹਾਲ ਦੇਖ ਲੈਣਾ ਉਚਿਤ ਹੈ, ਹਿੰਦੂ ਪੰਡਤ ਤਾਂ ਧਰਮ ਨੂੰ ਪਾਲਦੇ ਸਨ ਪਰ ਪਾਧੇ ਆਪ ਨੂੰ ਬੱਸ ਆਹ ਹੀ ਹਾਲ ਅੱਜ ਸਾਡਾ ਹੈ, ਪਤਾ ਨਹੀਂ ਕਿਉਂ ਸਾਡਾ ਤਾਂ ਪ੍ਰਚਾਰ ਸੰਪੂਰਨ ਨਹੀਂ ਲਿਖਤਾਂ ਅਧੂਰੀਆਂ ਫੇਰ ਸੰਗਤਾਂ ਨੂੰ ਜੀ ਗੁਰੂ ਗ੍ਰੰਥ ਸਾਡਾ ਸਭ ਕੁਝ ਕਿਉਂ ਫੇਰ ਕਥਾ ਬਾਣੀ ਗੁਰਬਾਣੀ ਦੀ ਨਹੀਂ ਹੋ ਰਹੀ?

ਹੁਣੇ ਮੈਨੂੰ ਇਕ ਮੇਰੇ ਅਜੀਜ਼ ਨੇ ਰਾਜ਼ੀ ਬਾਜੀ ਲਈ ਟੈਲੀਫੂਨ ਕੀਤਾ ਨਾਲ ਹੀ ਕਹਿੰਦਾ ਅੰਟੀ ਇਕ ਗੱਲ ਦੱਸੀਂ ਕਿ ਸਿੱਖ ਵਿਚਾਰਧਾਰਾ ਤਾਂ ਕਹਿੰਦੀ ਹੈ ਕਿ ਗੁਰਬਾਣੀ ਜਾਂ ਗੁਰੂ ਗ੍ਰੰਥ ਵਿੱਚ ਇਕ ਹੋਰ ਅੱਖਰ ਲਾਮ, ਕੰਨਾ, ਬਿੰਦੀ ਆਦਿ ਲੱਗ ਨਹੀਂ ਸਕਦੇ ਤਾਂ ਫੇਰ ਸੋਧ ਅਰਥ ਸੁਧਾਰ ਯਾਨੀ ਪਹਿਲੇ ਗੁਰੂ ਸਧਾਰੂ ਸਨ ਤਾਂ ਫੇਰ ਸੋਧਾ ਕਿਵੇਂ ਬਣ ਗਿਆ, ਇਹ ਅਸੀਂ ਗਰੁੱਪ ਵਿੱਚ ਇਕ ਦਿਨ ਬਹਿਸ ਕੀਤੀ ਕਿ ਇਹ ਕੀ ਅਨੋਮਲੀ ਹੈ? ਮੈਂ ਕਿਹਾ ਮੇਰੀ ਸਮਝ ਤਾਂ ਇਹ ਕਹਿੰਦੀ ਹੈ ਇਹ ਸਾਧਾਰਨ ਸਿੱਖ ਪ੍ਰਥਾ ਨਹੀਂ ਹੈ ਇਕ ਖਾਸ ਫਿਰਕੇ ਦੀ ਆਪਣੀ ਵਿਧੀ ਹੈ, ਉਨ੍ਹਾਂ ਦੀ ਆਪਣੀ ਬੋਲੀ ਹੈ ਤੇ ਟੋਲੀ ਹੈ ਨਾਲੇ ਪਹਿਲਾਂ ਇਹ ਵੱਖਰੇ ਰੂਪ ਵਿੱਚ ਸੀ ਹੁਣ ਹੋਰ ਵਿੱਚ, ਰਹੀ ਗੱਲ ਇਹ ਦਸਮੇਂ ਗੁਰੂ ਦੀ ਵਿਚਾਰਧਾਰਾ ਸੀ ਮੈਂ ਕੁਝ ਕਹਿਣਾ ਨਹੀਂ ਚਾਹੁੰਦੀ ਮੇਰੇ ਦੁਆਲੇ ਡਾਂਗ ਚੱਕ ਲੈਣਗੇ ਪਰ ਮੈਂ ਸਹਿਮਤ ਹਾਂ ਕਿ ਸਾਧਾਰਨ ਸਿੱਖ ਧਰਮ ਵਿੱਚ ਅਜਿਹੀ ਕੋਈ ਮਰਿਯਾਦਾ ਨੂੰ ਥਾਂ ਨਹੀਂ ਸੀ, ਹੁਣ ਕਈ ਫਿਰਕੇ, ਸਾਧੂ ਸੰਪਰਦਾਵਾਂ ਤੇ ਜਥੇ ਬਣੇ ਨੇ ਤੇ ਆਪਣਾ ਆਪਣਾ ਵਿਧਾਨ ਲਾਗੂ ਕਰੀ ਜਾਂਦੇ ਨੇ, ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਇਨ੍ਹਾਂ ਦੇ ਮੂਹਰੇ ਲਿਫ ਜਾਂਦੀ ਹੈ, ਇਹ ਹੋਰ ਸ਼ੋਰ ਮਚਾ ਦਿੰਦੇ ਨੇ, ਮੈਂ ਤਾਂ ਇਹੀ ਸਲਾਹ ਦੇਉਂਗੀ ਕਿ ਤੁਸੀਂ ਆਪਣਾ ਇਸ਼ਟ ਸੰਭਾਲੋ, ਪ੍ਰਮਾਤਮਾਂ ਵਿੱਚ ਵਿਸ਼ਵਾਸੀ ਹੋਵੋ, ਵਿਅਕਤੀ ਪੂਜਾ ਉਚਿਤ ਨਹੀਂ, ਖੁਸ਼ ਰਹੋ, ਬਖ਼ਸ਼ਿਸ਼ਾਂ ਮਾਣੋ।

**ਬਲਵਿੰਦਰ ਕੌਰ ਸਾਊਥਾਲ**

*** ਲੇਖਕਾਂ ਨੂੰ ਬੇਨਤੀ ਹੈ ਕਿ ਅਜਿਹੇ ਲੇਖ ਲਿਖੋ, ਤੇ ਸਾਹਿਤ ਰਚੋ, ਜਿਹਨਾਂ ਦੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਆਂ ਦੀ ਸਰਬ-ਪੱਖੀ ਉਨਤੀ, ਤਰੱਕੀ ਹੋਵੇ ਅਤੇ ਲੋਕਾਂ ਦਾ ਬੌਧਿਕ ਵਿਕਾਸ ਹੋਵੇ। ਕੇਵਲ ਨਿੰਦਿਆ ਕਰਨ ਵਾਲੀ ਨੀਤੀ ਤੋਂ ਗੁਰੇਜ਼ ਕੀਤਾ ਜਾਵੇ। ਜੇ ਕਿਸੇ ਵਿਅਕਤੀ ਵਿਸ਼ੇਸ਼ ਦੇ ਗਲਤ ਜਾਂ ਸਮਾਜ ਵਿਰੋਧੀ ਕੰਮਾਂ ਦੀ ਵਿਆਖਿਆ ਕਰਨੀ ਬਹੁਤ ਜ਼ਰੂਰੀ ਹੋਵੇ ਤਾਂ ਉਹ ਤੱਥਾਂ ਅਤੇ ਸਬੂਤਾਂ 'ਤੇ ਅਧਾਰਿਤ ਹੋਵੇ।**

# ਸੋਲੀਹੁੱਲ ਦੇ ਸ਼ਾਪਿੰਗ ਮਾਲ ਵਿੱਚ ਵਿਸਾਖੀ ਸਮਾਗਮ



ਖਾਲਸਾਈ ਝੰਡੇ ਸਮੇਤ ਸਿੱਖ ਪਹਿਰਾਵਾ ਅਤੇ ਸਿੱਖ ਸੰਗੀਤ ਨਾਲ ਜੁੜੀਆਂ ਨਿਸ਼ਾਨੀਆਂ ਦੀ ਪ੍ਰਦਰਸ਼ਨੀ ਅਤੇ ਗੱਤਕਾ ਖੇਡਦੇ ਨੌਜਵਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇਸ ਵਾਰ ਯੂ ਕੇ ਦੇ ਵੱਡੇ ਸਟੋਰਾਂ ਵੱਲੋਂ ਸਿੱਖ ਭਾਈਚਾਰੇ ਦੀਆਂ ਖੁਸ਼ੀਆਂ ਵਿੱਚ ਸ਼ਾਮਿਲ ਹੁੰਦਿਆਂ ਵਿਸਾਖੀ ਮਨਾਈ ਜਾ ਰਹੀ ਹੈ। ਇੱਥੋਂ ਦੇ ਮਸ਼ਹੂਰ ਸਟੋਰ ਜੌਹਨ ਲਿਊਇਸ ਨੇ ਵਿਸਾਖੀ ਦੀਆਂ ਖੁਸ਼ੀਆਂ ਸਾਝੀਆਂ ਕਰਦਿਆਂ ਸਟੋਰ ਵਿੱਚ ਖਾਲਸਾਈ ਝੰਡੇ ਸਮੇਤ ਸਿੱਖ ਪਹਿਰਾਵਾ ਅਤੇ ਸਿੱਖ ਸੰਗੀਤ ਨਾਲ ਜੁੜੀਆਂ ਨਿਸ਼ਾਨੀਆਂ ਨੂੰ ਪ੍ਰਦਰਸ਼ਿਤ ਕੀਤਾ ਹੈ।

ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਪ੍ਰਧਾਨ ਕੁਲਦੀਪ ਸਿੰਘ ਨੇ ਦੱਸਿਆ ਕਿ ਮਿਡਲੈਂਡ ਦੇ ਇਲਾਕੇ ਸੋਲੀਹੁੱਲ ਦੇ ਟੱਚਵੁੱਡ ਸ਼ਾਪਿੰਗ ਸੈਂਟਰ ਵਿਖੇ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਸਬੰਧੀ ਵਿਸ਼ੇਸ਼ ਗੁਰੂ ਨਾਨਕ ਗੁਰਦੁਆਰਾ ਸਮੈਦਿਕ, ਖ਼ਾਲਸਾ ਜੱਥਾ, ਗੁਰੂ ਨਾਨਕ ਏਡ, ਆਰਮੀ ਸਿੱਖ, ਵਾਹਿਗੁਰੂ ਫਾਊਂਡੇਸ਼ਨ ਆਦਿ ਦੇ ਸਹਿਯੋਗ ਨਾਲ ਸਮਾਗਮ ਕਰਵਾਏ ਗਏ। ਇਸ ਮੌਕੇ ਗੁਰਬਾਣੀ ਕੀਰਤਨ ਅਤੇ ਸਿੱਖ ਧਰਮ ਬਾਰੇ ਵਿਚਾਰਾਂ ਹੋਈਆਂ । ਨੌਜਵਾਨਾਂ ਵੱਲੋਂ ਗੱਤਕੇ ਦੇ ਜੌਹਰ ਵਿਖਾਏ ਗਏ। ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਗੈਰ ਸਿੱਖਾਂ ਨੂੰ ਸਿੱਖ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਗੁਰੂ ਕਾ ਲੰਗਰ ਵਰਤਾਇਆ ਗਿਆ। ਉਹਨਾ ਦੱਸਿਆ ਕਿ ਲੰਡਨ ਦੇ ਮਸ਼ਹੂਰ ਸ਼ਾਪਿੰਗ ਸੈਂਟਰ ਵਿਖੇ ਵੈਸਟਫੀਲਡ ਵਿਖੇ ਵੀ ਵਿਸਾਖੀ ਸਮਾਗਮ 27 ਅਪ੍ਰੈਲ ਨੂੰ ਕਰਵਾਏ ਜਾ ਰਹੇ ਹਨ।

## ਇਟਲੀ ਵਿਚ ਇੱਕ ਹੋਰ ਪੰਜਾਬੀ ਸਤਪਾਲ ਸਿੰਘ ਦਾ ਹੋਇਆ ਕਤਲ, ਇਟਾਲੀਅਨ ਬੰਦੇ ਨੇ ਨਸ਼ੇ ਦੀ ਹਾਲਤ ਵਿਚ ਮਾਰੀ ਗੋਲੀ


ਮ੍ਰਿਤਕ ਸਤਨਾਮ ਸਿੰਘ ਤੇ ਕਾਤਲ ਯੂਸੇਪੇ ਵੈਲੇਤੀ

ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਸ਼ਹਿਰ ਬਰੇਸ਼ੀਆ ਵਿਚ ਰਹਿ ਰਹੇ ਸਤਪਾਲ ਸਿੰਘ (55) ਪਿੰਡ ਟਾਹਲੀ ਦਾ ਬੀਤੀ ਰਾਤ ਇੱਕ ਇਟਾਲੀਅਨ ਵਿਅਕਤੀ ਯੂਸੇਪੇ ਵੈਲੇਤੀ (75) ਵਲੋਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ, ਸਤਪਾਲ ਸਿੰਘ ਆਪਣੇ ਪਿੱਛੇ ਪਤਨੀ ਸਮੇਤ 2 ਪੁੱਤਰ ਛੱਡ ਗਏ ਹਨ, ਪ੍ਰਾਪਤ ਜਾਣਕਾਰੀ ਅਨੁਸਾਰ 13 ਅਪ੍ਰੈਲ ਸ਼ਨੀਵਾਰ ਵਾਲੇ ਦਿਨ ਸਤਪਾਲ ਸਿੰਘ ਸ਼ਾਮ ਨੂੰ ਆਪਣੇ ਘਰ ਵਿਚ ਮੌਜੂਦ ਸੀ, ਜਦੋਂ ਉਥੇ ਉਸ ਦਾ ਇੱਕ ਜਾਣਕਾਰ ਇਟਾਲੀਅਨ ਯੂਸੇਪੇ ਵੇਲੇਤੀ ਉਮਰ 75 ਸਾਲ ਆਇਆ ਜੋ ਨਸ਼ੇ ਦੀ ਹਾਲਤ ਵਿਚ ਸੀ, ਕੁਝ ਬਹਿਸਬਾਜੀ ਤੋਂ ਬਾਦ ਉਸ ਵਲੋਂ ਸਤਪਾਲ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿੱਤਾ, ਤੇ ਘਰ ਤੋਂ ਬਾਹਰ ਜਾ ਕੇ ਯੂਸੇਪੇ ਵਲੋਂ ਖੁਦ ਨੂੰ ਗੋਲੀ ਮਾਰ ਲਈ, ਸਤਪਾਲ ਸਿੰਘ ਦੀ ਮੌਕੇ ਤੇ ਹੀ ਮੌਤ ਹੋ ਗਈ ਜਦੋਂ ਕਿ ਯੂਸੇਪੇ ਨੂੰ ਜਖਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਹਾਲਤ ਸਥਿਰ ਹੈ, ਇਹ ਖਬਰ ਅੱਗ ਵਾਗੂੰ ਜਲਦੀ ਹੀ ਬਰੇਸ਼ੀਆ ਵਿਚ ਫੈਲ ਗਈ ਤੇ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ, ਕਿਉਂਕਿ ਉਸ ਦਿਨ ਬਰੇਸ਼ੀਆ ਵਿਚ ਨਗਰ ਕੀਰਤਨ ਹੋਇਆ ਸੀ ਸਤਪਾਲ ਸਿੰਘ ਵੀ ਨਗਰ ਕੀਰਤਨ ਵਿਚ ਸ਼ਾਮਿਲ ਹੋਣ ਤੋਂ ਆਪਣੇ ਘਰ ਵਾਪਿਸ ਪਰਤਿਆ ਹੀ ਸੀ ਕਿ ਇਹ ਭਾਣਾ ਵਰਤ ਗਿਆ, ਸਤਪਾਲ ਸਿੰਘ ਪਿੰਡ ਟਾਹਲੀ ਜੋ ਕਿ ਕਾਫੀ ਸਮੇਂ ਤੋਂ ਇਟਲੀ ਵਿਚ ਆਪਣੇ ਪ੍ਰੀਵਾਰ ਸਮੇਤ ਰਹਿ ਰਿਹਾ ਸੀ, ਪੂਰੇ ਇਲਾਕੇ ਵਿਚ ਖਬਰ ਸੁਣ ਕੇ ਦਹਿਸ਼ਤ ਪੈ ਗਈ, ਗੁਰੂ ਘਰ ਦੀਆਂ ਕਮੇਟੀਆਂ ਵਲੋਂ ਅਤੇ ਗੁਰਦੁਆਰਾ ਸਾਹਿਬ ਫਲੈਰੋ ਦੀ ਕਮੇਟੀ ਵਲੋਂ ਘਟਨਾ ਦੀ ਨਿੰਦਾ ਕੀਤੀ ਗਈ ਅਤੇ ਸਤਪਾਲ ਸਿੰਘ ਦੇ ਪ੍ਰੀਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਪ੍ਰਮਾਤਮਾ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਅਤੇ ਵਿਛੜੀ ਰੂਹ ਨੂੰ ਆਪਣੇ ਚਰਨ੍ਹਾ ਵਿਚ ਨਿਵਾਸ ਬਖਸ਼ੇ। ਜਿਕਰਯੋਗ ਹੈ ਕਿ ਇਹ ਅਜਿਹੀ ਤੀਸਰੀ ਘਟਨਾ ਹੋ ਗਈ ਹੈ, ਇਸ ਤੋਂ ਪਹਿਲਾਂ ਇੱਕ ਹੋਰ ਭਾਰਤੀ ਦਾ ਵੀ ਬਰੇਸ਼ੀਆ ਵਿਖੇ ਕੁਝ ਲੋਕਾਂ ਵਲੋਂ ਚਾਕੂ ਮਾਰ ਕੇ ਕਤਲ ਕਰ ਦਿੱਤਾ ਸੀ ਅਤੇ ਇੱਕ ਹੋਰ ਘਟਨਾ ਨੋਵੇਲਾਰਾ ਰੀਜੋਮੀਲਿਆ ਸਾਇਡ ਤੇ ਇੱਕ ਗੁਰਸਿੱਖ ਪੰਜਾਬੀ ਵਿਅਕਤੀ ਦਾ ਕੁਝ ਲੁਟੇਰੇ ਕਿਸਮ ਦੇ ਲੋਕਾਂ ਵਲੋਂ ਲੁੱਟ ਖੋਹ ਕਰਨ ਉਪਰੰਤ ਹਰਪਾਲ ਸਿੰਘ ਦਾ ਕਤਲ ਕਰ ਦਿਤਾ ਗਿਆ ਸੀ।

## ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਹੋਈ ਗੋਲੀਬਾਰੀ ਵਿੱਚ ਇਕ ਬੱਚੀ ਦੀ ਮੌਤ ਤੇ 7 ਜਖਮੀ *ਜਖਮੀਆਂ ਵਿਚੋਂ 2 ਬੱਚਿਆਂ ਦੀ ਹਾਲਤ ਗੰਭੀਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸ਼ਿਕਾਗੋ (ਇਲੀਨੋਇਸ) ਵਿਚ ਇਕ ਪਰਿਵਾਰਕ ਸਮਾਗਮ ਦੌਰਾਨ ਬਾਹਰ ਖੜੇ ਬੱਚਿਆਂ ਉਪਰ ਚਲਾਈਆਂ ਗੋਲੀਆਂ ਦੇ ਸਿੱਟੇ ਵਜੋਂ ਇਕ 8 ਸਾਲਾ ਲੜਕੀ ਦੀ ਮੌਤ ਹੋਣ ਤੇ 7 ਹੋਰਨਾਂ ਦੇ ਜਖਮੀ ਹੋਣ ਦੀ ਖਬਰ ਹੈ। ਜਖਮੀਆਂ ਵਿਚ ਇਕ ਤੇ ਸੱਤ ਸਾਲ ਦੇ ਦੋ ਲੜਕੇ ਵੀ ਸ਼ਾਮਿਲ ਹਨ । ਪੁਲਿਸ ਅਨੁਸਾਰ ਲੜਕੀ ਜਿਸ ਦੇ ਸਿਰ ਵਿਚ ਗੋਲੀ ਵੱਜੀ ਸੀ, ਮੌਕੇ ਉਪਰ ਹੀ ਦਮ ਤੋੜ ਗਈ। ਸ਼ਿਕਾਗੋ ਪੁਲਿਸ ਡਿਪਟੀ ਚੀਫ ਡਾਨ ਜਰੋਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਇਕ ਤੇ ਸੱਤ ਸਾਲ ਦੇ ਲੜਕਿਆਂ ਦੇ ਇਕ ਤੋਂ ਵਧ ਗੋਲੀਆਂ ਵੱਜੀਆਂ ਹਨ ਜਿਨਾਂ ਦੀ ਹਾਲਤ ਗੰਭੀਰ ਹੈ। ਬਾਕੀ 5 ਜਖਮੀਆਂ ਵਿਚ 19 ਤੋਂ 40 ਸਾਲਾਂ ਦੇ ਵਿਅਕਤੀ ਸ਼ਾਮਿਲ ਹਨ ਜਿਨਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਜਰੋਮ ਨੇ ਕਿਹਾ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਨਹੀਂ ਹੈ। ਉਨਾਂ ਕਿਹਾ ਕਿ ਘਟਨਾ ਦਾ ਕਾਰਨ ਸਪੱਸ਼ਟ ਨਹੀਂ ਹੈ ਪਰੰਤੂ ਇਸ ਵਿਚ 3 ਨਿਰਦੋਸ਼ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ ਹੈ। ਉਨਾਂ ਕਿਹਾ ਕਿ ਮੌਕੇ ਦੇ ਗਵਾਹਾਂ ਅਨੁਸਾਰ 2 ਸ਼ੂਟਰ ਪੈਦਲ ਹੀ ਆਏ ਸਨ। ਅਜੇ ਤੱਕ ਸ਼ੱਕੀ ਹਮਲਾਵਰਾਂ ਦੀ ਪਛਾਣ ਨਹੀਂ ਹੋਈ ਤੇ ਨਾ ਹੀ ਕਿਸੇ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਪੁਲਿਸ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਘਟਨਾ ਸਬੰਧੀ ਕੋਈ ਜਾਣਕਾਰੀ ਹੈ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।

## ਕੌਮੀ ਇਨਸਾਫ਼ ਮੋਰਚੇ ਵੱਲੋਂ ਸਮੂਹ ਸਿੱਖ ਸੰਗਤ ਨੂੰ ਹਾਜ਼ਰੀ ਭਰਨ ਦੀ ਬੇਨਤੀ





ਕੌਮੀ ਇਨਸਾਫ ਮੋਰਚੇ ਵੱਲੋਂ ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕੇ ਜੋ 18 ਅਪ੍ਰੈਲ ਨੂੰ ਜੋ ਪੰਜਾਬ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਹਾਈ ਕੋਰਟ ਵੱਲੋਂ ਕੌਮੀ ਇਨਸਾਫ ਮੋਰਚੇ ਨੂੰ ਚੱਕਣ ਦੇ ਆਰਡਰ ਹੋਏ ਹਨ ਸੋ ਉਹਨਾਂ ਵਿੱਰੁਧ ਡੱਟ ਕੇ ਖੜ੍ਹਣ ਲਈ ਮੋਰਚੇ ਵਿੱਚ ਪੱਕੇ ਤੋਰ ਉੱਤੇ ਬਾਪੂ ਗੁਰਚਰਨ ਸਿੰਘ ਜੀ ਹੋ ਗਏ ਹਨ ਬਾਕੀ ਮੈਂਬਰ ਸਾਹਿਬਾਨਾਂ ਅਤੇ ਸਿੱਖ ਸੰਗਤਾਂ ਨੂੰ ਬੇਨਤੀ ਹੈ ਕੇ ਆਪ ਜੀ ਵੀ ਆਪਣਾ ਫਰਜ ਸਮਝ ਕੇ ਮੋਰਚੇ ਵਿੱਚ ਪੱਕੇ ਤੋਰ ਤੇ ਹਾਜਰੀ ਭਰੋ ਜੀ ।

## ਅਮਰੀਕਾ ਵਿਚ ਸ਼ਟਲ ਬੱਸ ਲੋਕਾਂ 'ਤੇ ਚੜੀ, ਇਕ ਮੌਤ ਤੇ ਅਨੇਕਾਂ ਹੋਰ ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਹਵਾਈ ਰਾਜ ਵਿਚ ਹੋਨੋਲੂਲੂ ਕਰੂਜ਼ ਟਰਮੀਨਲ 'ਤੇ ਇਕ ਸ਼ਟਲ ਬੱਸ ਅਚਾਨਕ ਤੁਰ ਪਈ ਤੇ ਲੋਕਾਂ ਉਪਰ ਜਾ ਚੜੀ ਜਿਸ ਦੇ ਸਿੱਟੇ ਵਜੋਂ ਇਕ ਵਿਅਕਤੀ ਦੀ ਮੌਤ ਹੋਣ ਤੇ ਅਨੇਕਾਂ ਹੋਰਨਾਂ ਦੇ ਜਖਮੀ ਹੋਣ ਦੀ ਖਬਰ ਹੈ। ਪੁਲਿਸ ਤੇ ਕਾਰਨੀਵਾਲ ਕਰੂਜ਼ ਲਾਈਨ ਅਨੁਸਾਰ ਕਰੂਜ਼ ਪੋਰਟ ਬੱਸ ਇਕ ਘਾਟ ਨੇੜੇ ਖੜੀ ਸੀ ਕਿ ਉਹ ਅਚਾਨਕ ਤੁਰ ਪਈ। ਡਰਾਈਵਰ ਨੇ ਫੁਰਤੀ ਵਰਤ ਕੇ ਬੱਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰੰਤੂ ਕਾਹਲੀ ਵਿਚ ਬਰੇਕ ਲਾਉਣ ਦੀ ਬਜਾਏ ਉਸ ਨੇ ਗੈਸ ਪੈਡਲ ਨੂੰ ਦਬਾਅ ਦਿੱਤਾ। ਬੱਸ ਅੱਗੇ ਖੜੇ ਲੋਕਾਂ ਉਪਰ ਚੜ ਗਈ। ਪੁਲਿਸ ਨੇ ਕਿਹਾ ਹੈ ਕਿ ਕੁਲ 11 ਲੋਕ ਜ਼ਖਮੀ ਹੋਏ ਹਨ ਜਿਨਾਂ ਵਿਚੋਂ 5 ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਦ ਕਿ ਬਾਕੀਆਂ ਨੇ ਹਸਪਤਾਲ ਦਾਖਲ ਹੋਣ ਤੋਂ ਨਾਂਹ ਕਰ ਦਿੱਤੀ। ਉਹ ਠੀਕ ਠਾਕ ਹਨ। ਕਾਰਨੀਵਾਲ ਕਰੂਜ਼ ਲਾਈਨ ਅਨੁਸਾਰ ਇਸ ਹਾਦਸੇ ਵਿਚ ਜ਼ਖਮੀ ਹੋਏ 9 ਵਿਅਕਤੀ ਕਾਰਨੀਵਾਲ ਮਿਰਾਕਲ ਸ਼ਿੱਪ ਤੋਂ ਉਤਰੇ ਸਨ ਜਿਨਾਂ ਵਿਚੋਂ ਇਕ ਔਰਤ ਦੀ ਮੌਤ ਹੋ ਗਈ ਜਦ ਕਿ ਉਸ ਦਾ ਪਤੀ ਜ਼ਖਮੀ ਹੋ ਗਿਆ। ਪੁਲਿਸ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਕੀਤੀ ਜਾਵੇਗੀ ਪਰੰਤੂ ਇਸ ਸਮੇ ਲੱਗਦਾ ਹੈ ਕਿ ਰਫਤਾਰ ਹਾਦਸੇ ਦਾ ਕਾਰਨ ਨਹੀਂ ਹੈ।

# ਪਾਠਕਾਂ ਦੇ ਪੱਤਰ

TO, H. S. Mander
Editor, Panjab Times,
24 Cotton Brook Road,
Derby DE23 8YJ, UK.

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਬੇਨਤੀ ਹੈ ਚਲੋ ਚੈਨਲ ਤਾਂ ਦੱਸ਼ਣਾਂ ਦੇ ਮਾਰੇ ਘੁੰਡ ਕੱਢ ਲੈਂਦੇ ਨੇ ਪਰ ਕੀ ਅਖ਼ਬਾਰਾਂ ਨੂੰ ਇਹ ਗੁਰੂ ਘਰ ਸਾਲ ਦਾ ਇਕ ਅੱਧਾ ਇਸ਼ਤਿਹਾਰ ਦਿੰਦੇ ਨੇ

ਸੰਪਾਦਕ ਜੀਉ, ਬੜੀਆਂ ਉਮੰਗਾਂ ਨਾਲ ਦਿਨ ਤਿਓਹਾਰ ਆਉਂਦੇ ਨੇ, ਪਰ ਜਦੋਂ ਮਨਾਏ ਜਾਣ ਦੇ ਢੰਗ ਬੇਢਵੇ ਹੋਣ ਤਾਂ ਖੁਸ਼ੀ ਦੀ ਥਾਂ ਰੋਹ ਚੜ੍ਹਦਾ ਹੈ, ਸੰਖੇਪ: ਵਿਸਾਖੀ ਦਾ ਮਹੀਨਾ ਭਾਵੇਂ ਦੋ ਮਹੀਨੇ ਹੀ ਹੋ ਜਾਣੇ ਹਨ ਦੇਖੋ ਨਗਰ ਕੀਰਤਨ ਮੈਂ ਆਪਣੇ ਸ਼ਹਿਰ ਦੀ ਗੱਲ ਹੀ ਕਰੂੰਗੀ ਭਾਵੇਂ ਹਨ ਤਾਂ ਸਭ ਇਸੇ ਲੜੀ ਕੜੀ ਵਿੱਚ ਸਵੇਰ 8 ਵਜੇ ਤੋਂ 6.30 ਤੱਕ ਬੱਸਾਂ ਬੰਦ ਪਹਿਲਾਂ 11 ਵਜੇ ਤੋਂ ਹੁੰਦੀਆਂ ਸਨ ਹੁਣ ਤਰੱਕੀ ਚਲੋ ਸਿੱਖ ਤਾਂ ਧਰਮ ਮੰਨਦੇ ਹੋਣਗੇ ਭਾਵੇਂ (ਮੇਲਾ ਹੀ ਹੈ) ਪਰ ਦੂਜੇ ਭਾਈਚਾਰੇ ਡਰਦੇ ਨੀ ਕੁਸਕਦੇ ਬਿੱਲਾ ਲੱਗੂ ਦੁਖੀ ਤਾਂ ਬਹੁਗਿਣਤੀ ਸਿੱਖੀ ਭੀ ਹਨ, ਮੈਨੂੰ ਤਾਂ ਜਦੋਂ ਇਹ ਨੋਟਿਸ ਲੱਗਿਆ ਤਿੰਨ ਫੂਨ ਆਏ ਕਿ ਆਹ ਕੀ ਜਾ ਕੇ ਦੇਖ, ਖੈਰ ਬੇਟੀ ਗਈ ਤੇ ਪੁਸ਼ਟੀ ਕਰਤੀ, ਮੈਂ ਗੁਰੂ ਘਰ, ਕੌਂਸਲ, ਪੁਲਸ ਆਦਿ ਨੂੰ ਅਗਾਹ ਕੀਤਾ ਪਰ ਉੱਤਰ ਕਿਥੋਂ ਮੈਂ ਭਾਵੇਂ ਇਸ ਵਾਰੀ ਆਪ ਨਹੀਂ ਗਈ ਬੇਟੀ ਗਈ ਤੇ ਆ ਕੇ ਰਿਪੋਰਟ ਦਿੱਤੀ, ਪਹਿਲਾਂ ਇਕ ਬਾਰੋ ਦਾ ਮੇਅਰ ਸੱਦਦੇ ਸੀ, ਇਸ ਵਾਰੀ ਦੋਹ ਦੇ ਕਿਉਂਕਿ ਟਰੱਸਟੀ ਜੋ 11 ਬਣਾਏ ਤੇ ਹੇਸਲੋਅ ਦੇ ਬਾਰੋ ਵਾਲੇ ਭੀ ਅਸੀਂ ਲਾਹੇ ਲੈਣੇ ਹਨ ਸੱਦੇ ਹੁਣ ਨਾ ਤਾਂ ਕਿਸੇ ਚੈਨਲ ਨੇ ਨਾ ਹੀ ਅਖ਼ਬਾਰ ਦੇ ਪੱਤਰਕਾਰਾਂ ਨੇ ਇਹ ਸੂਚੀ ਮੰਗਣੀ ਹੈ ਕਿ ਇਸ ਵਾਰੀ ਕੀ ਫੇਰ 80 ਹਜ਼ਾਰੀ ਪ੍ਰਬੰਧ ਸੀ ਸਗੋਂ ਟਰੱਸਟੀ ਬੋਲਣ ਇਹ ਜੀ ਸਹੂਲਤ ਲਈ ਰੱਖਿਆ ਲਈ, ਮੈਂ ਲਿਖਦੀ ਜਾਵਾਂ ਕਿ ਪੱਤਰਕਾਰ ਤਾਂ ਅਜਿਹੀ ਸਥਿਤੀ ਵਿੱਚ ਪ੍ਰਬੰਧਕਾਂ ਨੂੰ ਸਵਾਲਾਂ ਨਾਲ ਪੁੱਛ ਧਰਦੇ ਨੇ ਪਰ ਅਫ਼ਸੋਸ ਸਾਡੇ ਤਾਂ ਜੀ ਪ੍ਰਬੰਧ ਬੜਾ ਚੰਗਾ ਪ੍ਰਧਾਨ ਸਕੱਤਰ ਜਗਤ ਤੋਂ ਉਪਰ ਸਿਆਣੇ ਇਕ ਪ੍ਰਬੰਧਕਾਂ ਦੇ ਨੇੜੇ ਵਾਲਾ ਕਹਿੰਦਾ ਜੀ ਸਾਡਾ ਸਕੱਤਰ ਤਾਂ ਦਿਨੇ ਰਾਤ ਕੰਮ ਕਰਦਾ ਹੈ ਮੈਂ ਕਿਹਾ ਰੱਬ ਦਾ ਭਗਤ ਹੈ ਬਈ ਨੀਂਦ ਨਹੀਂ ਆਉਂਦੀ, ਕਦੇ ਕਿਸੇ ਦੀ ਸੁਣਨੀ ਹੀ ਨਹੀਂ, ਕੀ ਚੈਨਲ ਕੀ ਰੇਡੀਓ ਭਾਈਚਾਰੇ ਦੀ ਧੁੰਨ ਹੁੰਦੇ ਹਨ ਪਰ ਇਹ ਤਾਂ ਜਿਮੇ ਕੌਂਸਲਰ ਕੌਂਸਲ ਦੇ ਸੈਮੀ ਕਰਮਚਾਰੀ ਹਨ ਨਾ ਕਿ ਲੋਕਾਂ ਦੇ। ਇਸੇ ਤਰ੍ਹਾਂ ਅਖ਼ਬਾਰੀ ਖ਼ਬਰਾਂ ਲਿਆਉਣੇ ਤਾਂ ਸੁੰਘ ਕੇ ਸੂਹਾਂ ਕੱਢਦੇ ਨੇ ਨਾ ਕਿ ਆਹ ਪ੍ਰਧਾਨ ਜੀ, ਸਕੱਤਰ ਜੀ ਜਰਾ ਦੱਸਿਉ ਕੀ ਛਾਪੀਏ, ਇਹ ਕਿਸੇ ਭੀ ਪੱਤਰਕਾਰ ਦਾ ਕਿੱਤਾ ਨੀ ਹੁੰਦਾ, ਤਾਂ ਹੀ ਤਾਂ ਹੁਣ ਲੋਕ ਸੰਤਾਪੇ ਪਏ ਨੇ ਡਰਦੇ ਬੋਲਦੇ ਨੀ, ਲੋਕ ਆਪ ਨੀ ਬੋਲਦੇ ਹੁੰਦੇ ਤੁਹਾਡੇ ਸਾਡੇ ਵਰਗੇ ਮੂਹਰੇ ਹੁੰਦੇ ਹਨ ਜਾਂ ਚਾਹੀਦੇ ਹਨ ਪਰ ਸਾਨੂੰ ਤਾਂ ਗਰਜਾਂ ਨੇ ਹੀ ਮਾਰ ਲਿਆ, ਮੈਂ ਤਾਂ ਦੁਖੀ ਹਾਂ ਕਿ ਜੇਕਰ ਕੋਈ ਅਵਾਮ ਦੀ ਧੁੰਨ ਬਾਹਰ ਨਹੀਂ ਕੱਢੂ ਤਾਂ ਸਮਾਜ-ਭਾਈਚਾਰਾ ਤੇ ਜੀਵਨ ਕਿਥੇ ਵੱਜੂ ਜਾ ਕੇ ਕੋਈ ਮੇਅਰ, ਕੌਂਸਲਰ, ਐਮ.ਪੀ. ਕਦੀ ਸੁਣਿਆ ਹੈ ਆਪਣੀ ਪਾਰਟੀ ਦੀਆਂ ਮਾਰੂ ਨੀਤੀਆਂ ਵਿਰੁੱਧ ਕੁਸਕਦਾ ਕੀ ਫੇਰ ਲੋਕਾਂ ਨੇ ਅਰਕ ਕਾਹਜਵੈਨ ਰੱਖਣਾ ਹੈ ਕਿ ਢਿੱਡ ਦੁਖਦੇ 'ਤੇ ਚਮਚਾ ਲੈ ਲਵਾਂਗੇ, ਕੀ ਜਿੰਨਾਂ ਲੋਕਾਂ ਨੇ ਲੋਕ ਹਿੱਤਾਂ ਲਈ ਝੰਡੇ ਚੁੱਕੇ ਸਦਾਈ ਸਨ ਮੈਂ ਸਭ ਨੂੰ ਹੀ ਡਰਪੋਕ ਭੀ ਤੇ ਖ਼ੁਦਗਰਜ਼ ਸਮਝਦੀ ਹਾਂ ਨਹੀਂ ਕੀ ਕਾਰਨ ਹੈ ਕਿ ਪੱਤਰਕਾਰ ਦੀ ਕਲਮ ਤੋਂ ਤਾਂ ਕੰਬ ਜਾਂਦੇ ਸੀ ਅਗਲੇ ਹੁਣ ਪੱਤਰਕਾਰ ਕੰਬਦੇ ਨੇ ਕਿ ਕਿਧਰੇ ਅਗਲੇ ਸਾਡਾ ਦਾਣਾ ਫੱਕਾ ਨਾ ਲਕੋ ਦੇਣ, ਬੇਨਤੀ ਹੈ ਚਲੋ ਚੈਨਲ ਤਾਂ ਦੱਸ਼ਣਾਂ ਦੇ ਮਾਰੇ ਘੁੰਡ ਕੱਢ ਲੈਂਦੇ ਨੇ ਪਰ ਕੀ ਅਖ਼ਬਾਰਾਂ ਨੂੰ ਇਹ ਗੁਰੂ ਘਰ ਤਾਂ ਸਾਲ ਦਾ ਇਕ ਅੱਧਾ ਇਸ਼ਤਿਹਾਰ ਦਿੰਦੇ ਨੇ ਮੇਰਾ ਮੰਨਣਾ ਹੈ ਕਿ ਜੇਕਰ ਤੁਸੀਂ ਇਨ੍ਹਾਂ ਦੀਆਂ ਮੂਰਤਾਂ ਤੋਂ ਪਾਸਾ ਵੱਟੋ ਸੰਗਤ ਦੀ ਛਾਪੋ, ਸੰਗਤ ਕਿਤੇ ਵੱਧ ਅਖ਼ਬਾਰ ਨੂੰ ਖਰੀਦੂ ਤੇ ਪ੍ਰਸ਼ੰਸਾ ਕਰੂ ਨਾਲੇ ਆਮ ਜਨਤਾ ਵਿੱਚ ਅਖ਼ਬਾਰ ਹਰਮਨ ਪਿਆਰਾ ਹੋਊ, ਨ੍ਹੇਰੀ ਵਾਂਗੂ ਖ਼ਬਰ ਫੈਲੂ ਕਿ ਫਲਾਣਾ ਅਖ਼ਬਾਰ ਦਿੰਦਾ ਸੱਚੀਆਂ ਖ਼ਬਰਾਂ ਤੇ ਇਹ ਭੀ ਭੱਜਣਗੇ ਮਗਰ, ਗੁੱਸਾ ਨਾ ਕਰਿਉ ਮੈਂ ਤੁਹਾਨੂੰ ਵੱਡਾ ਤਾਹਨਾ ਮਾਰਿਆ, ਕਰੋ ਸੰਗਤਾਂ ਦੀ ਸੇਵਾ ਮਿਲੂ ਮੇਵਾ।



-ਬਲਵਿੰਦਰ ਕੌਰ ਸਾਊਥਾਲ

### ਵਿਸ਼ੇਸ਼ ਨੋਟ :

**ਲਿਖਾਰੀ ਅਤੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੀ ਲਿਖਤ ਭੇਜਣ ਸਮੇਂ ਆਪਣਾ ਨਾਮ, ਟੈਲੀਫੋਨ ਨੰਬਰ ਤੇ ਐਡਰੈੱਸ ਜ਼ਰੂਰ ਲਿਖੋ। ਅੱਗੇ ਤੋਂ ਤੁਸੀਂ ਕੋਈ ਵੀ ਲਿਖਤ ਭੇਜਦੇ ਹੋ, ਜੇਕਰ ਪੂਰਾ ਪਤਾ ਨਹੀਂ ਦਿੱਤਾ ਗਿਆ ਤਾਂ ਲਿਖਤ ਛਾਪੀ ਨਹੀਂ ਜਾਵੇਗੀ।**

-ਸੰਪਾਦਕ

## ਪੰਥ ਅਤੇ ਪੰਜਾਬੀਅਤ ਦੇ ਹੱਕਾਂ ਹਿੱਤਾਂ ਲਈ ਸੰਘਰਸ਼ਸ਼ੀਲ ਆਗੂ ਸ੍ਰ: ਸਿਮਰਨਜੀਤ ਸਿੰਘ ਮਾਨ ਅਤੇ ਪਾਰਟੀ ਦਾ ਸਾਥ ਦੇਣ ਦੀ ਅਪੀਲ - ਸ਼ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ.

ਲੰਡਨ - ਭਾਰਤ ਵਿੱਚ ਲੋਕ ਸਭਾ ਚੋਣਾਂ ਦਾ ਐਲਾਨ ਹੋਇਆ ਹੈ।ਮਨੂੰਵਾਦੀ ਨਤੀਆਂ ਤਹਿਤ ਤੇਜੀ ਨਾਲ ਡਿਕਟੇਟਰਸ਼ਿੱਪ ਅਤੇ ਹਿੰਦੂ ਰਾਸ਼ਟਰ ਵੱਲ ਵੱਧ ਰਹੀ ਬੀ. ਜੇ. ਪੀ. ਜਿਸ ਤਰ੍ਹਾਂ ਸਮੁੱਚੇ ਸਰਕਾਰੀ ਤੰਤਰ ਨੂੰ ਜਾਇਜ਼ 'ਤੇ ਨਜਾਇਜ਼ ਢੰਗ ਨਾਲ ਵਰਤ ਕੇ ਵਿਰੋਧੀ ਧਿਰਾਂ ਨੂੰ ਖਤਮ ਕਰ ਰਹੀ ਹੈ ਅਤੇ ਜੋ ਈ. ਵੀ. ਐਮ. ਨੂੰ ਲੈ ਕੇ ਦੋਸ਼ ਲੱਗਦੇ ਹਨ ਇਹ ਸਾਰਾ ਵਰਤਾਰਾ ਸ਼ੁੱਭ ਭਵਿੱਖ ਦਾ ਸੰਕੇਤ ਨਹੀਂ ਹੈ।ਬੀਤੇ 76 ਸਾਲਾਂ ਤੋਂ ਰਾਜ ਕਰਦੀਆਂ ਆ ਰਹੀਆਂ ਪਾਰਟੀਆਂ ਨੇ ਪੰਥ, ਪੰਜਾਬ ਅਤੇ ਪੰਜਾਬੀਅਤ ਦੇ ਨਾਲ ਜੋ ਸਲੂਕ ਕੀਤਾ ਹੈ ਉਹ ਸਭ ਦੇ ਸਾਹਮਣੇ ਹੈ।

ਬਦਲਾਅ ਦਾ ਨਾਹਰਾ ਲੈ ਕੇ ਕੁੱਝ ਸਾਲਾਂ ਤੋਂ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ ਨੂੰ ਪੰਜਾਬ ਵਾਸੀਆਂ ਨੇ ਇੱਥੋਂ ਤੱਕ ਕੇ ਖਾਲਿਸਤਾਨ ਦੇ ਦਿਗੱਜ ਮੁਦਈ ਕਹਾਉਂਦੇ ਆਗੂਆਂ ਅਤੇ ਪਾਰਟੀਆਂ ਨੇ ਬੇਇੰਤਹਾ ਹਮਾਇਤ ਦਿੱਤੀ ਸਿੱਟੇ ਵਜੋਂ ਪੰਜਾਬ ਵਿੱਚ 92 ਐਮ. ਐਲ. ਏ. ਜਿੱਤਾ ਕੇ ਸਰਕਾਰ ਬਣਾ ਦਿੱਤੀ। ਇਸ ਯੂ ਟਰਨ ਸਰਕਾਰ ਨੇ ਪੰਥ, ਪੰਜਾਬ ਅਤੇ ਪੰਜਾਬੀਅਤ ਦਾ ਕੀ ਸਵਾਰਿਆ ਅਤੇ ਭਵਿੱਖ ਵਿੱਚ ਕੀ ਉਮੀਦ ਹੈ ਇਸ ਬਾਰੇ ਹੁਣ ਕਿਸੇ ਨੂੰ ਕੋਈ ਸ਼ੱਕ ਨਹੀਂ ਰਹਿਣਾ ਚਾਹੀਦਾ।ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰ ਸਿੰਘ ਮੰਗੂਵਾਲ, ਪ੍ਰਧਾਨ ਯੂਥ ਵਿੰਗ ਵਰਿੰਦਰਜੀਤ ਸਿੰਘ ਖਹਿਰਾ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਸਭ ਨੂੰ ਅਪੀਲ ਹੈ ਕੇ ਪੰਥ, ਪੰਜਾਬ ਅਤੇ ਪੰਜਾਬੀਅਤ ਲਈ ਨਿਰੰਤਰ ਦਲੇਰੀ ਨਾਲ ਸੰਘਰਸ਼ਸ਼ੀਲ ਸਟੇਟਸਮੈਨ ਆਗੂ ਸ੍ਰ: ਸਿਮਰਨਜੀਤ ਸਿੰਘ ਮਾਨ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰਾਂ ਨੂੰ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਤਨ, ਮਨ 'ਤੇ ਧੰਨ ਨਾਲ ਸਾਥ ਦੇ ਕੇ ਜਿਤਾਉ ਜੀ। ਰੂਸ ਤੇ ਯੂਕਰੇਨ ਦੀ ਲੜਾਈ, ਇਜ਼ਰਾਇਲ ਦੀ ਫਲਸਤੀਨ ਨਾਲ ਲੜਾਈ 'ਤੇ ਉਸ ਵਿੱਚ ਇਰਾਨ ਦੀ ਸਿੱਧੀ ਅਤੇ ਕਈ ਦੇਸ਼ਾਂ ਦੀ ਅਸਿੱਧੀ ਸ਼ਮੂਲੀਅਤ ਕਾਰਨ ਤੀਜੀ ਸੰਸਾਰ ਜੰਗ ਲੱਗਣ ਦੇ ਜੋਰ ਸ਼ੋਰ ਨਾਲ ਉੱਠ ਰਹੇ ਖਦਸ਼ਿਆਂ ਦੇ ਚੱਲਦੇ ਬਹੁਚਰਚਿਤ ਨਿਊ ਵਰਲਡ ਆਰਡਰ ਵਿੱਚ ਕਦੋਂ ਕੀ ਤਬਦੀਲੀ ਆ ਜਾਵੇ ਪਤਾ ਨਹੀਂ।ਵਰਲਡ ਆਰਡਰ ਬੀਤੇ ਸਮੇਂ ਵਿੱਚ ਬਣਦੇ ਰਹੇ ਹਨ ਅਤੇ ਭਵਿੱਖ ਵਿੱਚ ਵੀ ਬਣਦੇ ਰਹਿਣਗੇ।

ਅਮਰੀਕਾ ਅਤੇ ਉਸਦੇ ਸਹਿਯੋਗੀ ਦੇਸ਼ਾਂ ਦੇ ਭਾਰਤ ਨਾਲ ਵਰਤਮਾਨ ਸਮੇਂ ਜੋ ਸਬੰਧ ਹਨ ਉਨ੍ਹਾਂ ਨੂੰ ਸੁਖਾਵੇਂ ਬਣਾਉਣ ਲਈ ਭਾਰਤੀ ਮੂਲ ਦੇ ਵਿਦੇਸ਼ੀ ਆਗੂ ਸਰਗਰਮ ਹਨ। ਬੀਤੇ 76 ਸਾਲ ਤੋਂ ਭਾਰਤ ਵਿੱਚ ਸਿੱਖ ਕੌਮ ਸਮੇਤ ਘੱਟ ਗਿਣਤੀ ਕੌਮਾਂ ਅਤੇ ਦਲਿਤ ਭਾਈਚਾਰੇ ਨਾਲ ਜੋ ਸਲੂਕ ਹੁੰਦਾ ਹੈ ਉਸ ਤੋਂ ਦੁਨੀਆਂ ਭਰ ਦੇ ਸ਼ਕਤੀਸ਼ਾਲੀ ਦੇਸ਼ 'ਤੇ ਸੰਸਥਾਵਾਂ ਅਣਜਾਣ ਨਹੀਂ ਹਨ ਬੱਸ ਆਪਣੇ ਹਿੱਤਾਂ ਨੂੰ ਪਹਿਲ ਦਿੰਦੇ ਹਨ।

## ਆਇਓਵਾ ਦੀ ਗਵਰਨਰ ਨੇ ਰਾਜ ਵਿੱਚ ਕੁਝ ਗੈਰਕਾਨੂੰਨੀ ਅਪਰਾਧਿਕ ਪ੍ਰਵਾਸੀਆ ਨੂੰ ਗ੍ਰਿਫਤਾਰ ਕਰਨ ਅਤੇ ਦੇਸ਼ ਨਿਕਾਲਾ ਦੇਣ ਦੇ ਬਿੱਲ 'ਤੇ ਦਸਤਖਤ ਕੀਤੇ

ਨਿਊਯਾਰਕ (ਰਾਜ ਗੋਗਨਾ)- ਅਮਰੀਕਾ ਦੇ ਆਇਓਵਾ ਰਾਜ ਵਿੱਚ ਕੁਝ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ ਅਤੇ ਦੇਸ਼ ਨਿਕਾਲਾ ਦੇਣ ਦੇ ਸਬੰਧ ਵਿੱਚ ਰਾਜ ਦੀ ਗਵਰਨਰ ਨੇ ਇਕ ਬਿੱਲ ਤੇ ਦਸਤਖਤ ਕੀਤੇ ਹਨ। ਇਸ ਕਾਨੂੰਨ ਦਾ ਮਤਲਬ ਉਨ੍ਹਾਂ ਲੋਕਾਂ ਲਈ ਅਪਰਾਧਿਕ ਦੋਸ਼ ਹੋ ਸਕਦਾ ਹੈ ਜਿਨ੍ਹਾਂ ਕੋਲ ਦੇਸ਼ ਨਿਕਾਲੇ ਦੇ ਆਦੇਸ਼ ਹਨ ਜਾਂ ਜਿਨ੍ਹਾਂ ਨੂੰ ਪਹਿਲਾਂ ਤੋ ਇਸ ਦੇਸ਼ ਵਿੱਚੋਂ ਕੱਢ ਦਿੱਤਾ ਗਿਆ ਸੀ ਹੈ ਜਾਂ ਉਨ੍ਹਾਂ ਨੂੰ ਦੇਸ਼ ਵਿੱਚ ਦਾਖਲੇ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਆਇਓਵਾ ਰਾਜ ਦੀ ਗਵਰਨਰ ਕਿਮ ਰੇਨੋਲਡਜ਼ ਨੇ ਇਸ ਸਬੰਧ ਵਿੱਚ ਇਹ ਵੀ ਕਿਹਾ, ਹੈ ਕਿ ਬਿਡੇਨ ਪ੍ਰਸ਼ਾਸਨ ਸਾਡੇ ਦੇਸ਼ ਦੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਅਸਫਲ ਰਿਹਾ ਹੈ, ਜਿਸ ਨਾਲ ਆਇਓਵਾ ਰਾਜ ਦੀ ਸੁਰੱਖਿਆ ਖਤਰੇ ਵਿੱਚ ਹੈ।ਬੁੱਧਵਾਰ ਨੂੰ ਗਵਰਨਰ ਕਿਮ ਰੇਨੋਲਡਜ਼ ਦੁਆਰਾ ਕਾਨੂੰਨ ਵਿੱਚ ਦਸਤਖਤ ਕੀਤੇ ਗਏ ਇਸ ਬਿੱਲ ਦੇ ਤਹਿਤ ਸੰਯੁਕਤ ਰਾਜ ਵਿੱਚ ਦਾਖਲੇ ਤੋਂ ਇਨਕਾਰ ਕੀਤਾ ਗਿਆ ਹੈ। ਇਹ ਕਾਨੂੰਨ, ਜੋ 1 ਜੁਲਾਈ ਤੋਂ ਲਾਗੂ ਹੁੰਦਾ ਹੈ, ਨੇ ਆਇਓਵਾ ਦੇ ਪ੍ਰਵਾਸੀ ਭਾਈਚਾਰਿਆਂ ਵਿੱਚ ਚਿੰਤਾ ਵਧਾ ਦਿੱਤੀ ਹੈ ਅਤੇ ਇਸ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ, ਇਸ ਬਾਰੇ ਕਾਨੂੰਨੀ ਮਾਹਰਾਂ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਵਿੱਚ ਸਵਾਲ ਖੜੇ ਕੀਤੇ ਹਨ। ਇਹ ਟੈਕਸਾਸ ਦੇ ਕਾਨੂੰਨ ਦੇ ਹਿੱਸੇ ਨੂੰ ਵੀ ਦਰਸਾਉਂਦਾ ਹੈ ਜੋ ਵਰਤਮਾਨ ਵਿੱਚ ਅਦਾਲਤ ਵਿੱਚ ਬਲੌਕ ਕੀਤਾ ਗਿਆ ਹੈ।

ਆਇਓਵਾ ਅਤੇ ਦੇਸ਼ ਭਰ ਵਿੱਚ, ਰਿਪਬਲਿਕਨ ਨੇਤਾਵਾਂ ਨੇ ਰਾਸ਼ਟਰਪਤੀ ਜੋਅ ਬਿਡੇਨ 'ਤੇ ਸੰਘੀ ਇਮੀਗ੍ਰੇਸ਼ਨ ਕਾਨੂੰਨ ਨੂੰ ਲਾਗੂ ਕਰਨ ਲਈ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ ਹੈ, ਜਿਸ ਨਾਲ ਰਿਪਬਲਿਕਨ ਗਵਰਨਰ ਟੈਕਸਾਸ ਅਤੇ ਵਿਧਾਨ ਸਭਾਵਾਂ ਵਿੱਚ ਕਈ ਤਰ੍ਹਾਂ ਦੀਆਂ ਰਾਜ-ਪੱਧਰੀ ਰਣਨੀਤੀਆਂ ਦਾ ਪ੍ਰਸਤਾਵ ਦੇਣ ਲਈ ਫੌਜ ਭੇਜਣ ਲਈ ਅਗਵਾਈ ਕਰਦੇ ਹਨ। ਰੇਨੋਲਡਜ਼ ਨੇ ਬਿੱਲ 'ਤੇ ਦਸਤਖਤ ਕਰਨ ਤੋਂ ਬਾਅਦ ਇੱਕ ਬਿਆਨ ਵਿੱਚ ਕਿਹਾ, ਬਿਡੇਨ ਪ੍ਰਸ਼ਾਸਨ ਸਾਡੇ ਦੇਸ਼ ਦੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਬਹੁਤ ਜ਼ਿਆਦਾ ਅਸਫਲ ਰਿਹਾ ਹੈ, ਜਿਸ ਨਾਲ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਗਿਆ ਹੈ। "ਇਹ ਬਿੱਲ ਆਇਓਵਾ ਕਾਨੂੰਨ ਲਾਗੂ ਕਰਨ ਵਾਲੇ ਨੂੰ ਉਹ ਕਰਨ ਦੀ ਸ਼ਕਤੀ ਦਿੰਦਾ ਹੈ ਜੋ ਉਹ ਕਰਨ ਲਈ ਤਿਆਰ ਨਹੀਂ ਹੈ।

# ਕਵਿਤਾ

ਡਾ. ਮੁਹਿੰਦਰ ਸਿੰਘ ਰਾਏ



ਹੈ ਤੱਕੜੀ ਹੱਥ ਬਾਂਦਰਾਂ ਆਈ,
ਝੂਠਾ ਸੌਦਾ ਤੋਲ ਰਹੇ ਨੇ।
ਮੁਫ਼ਤ ਦਿਆਂਗੇ ਬਿਜਲੀ ਪਾਣੀ
ਆਟਾ ਦਾਲ ਹੈ ਘਰ ਪਹੁੰਚਾਣੀ
ਖ਼ਜ਼ਾਨੇ ਨੂੰ ਇਹਨਾਂ ਸੰਨ੍ਹ ਲਾਣੀ
ਫਿਰ ਆਈ ਹੈ ਲੋਟੂ ਢਾਣੀ,
ਊਟ-ਪਟਾਂਗ ਬੋਲ ਰਹੇ ਨੇ।
ਹੈ ਤੱਕੜੀ ਹੱਥ ਬਾਂਦਰਾਂ ਆਈ,
ਝੂਠਾ ਸੌਦਾ ਤੋਲ ਰਹੇ ਨੇ।
ਕਹਿੰਦੇ ਹਨ ਖ਼ਜ਼ਾਨਾ ਭਰਿਆ
ਲਾਹ ਦਿਆਂਗੇ ਕਰਜ਼ਾ ਚੜ੍ਹਿਆ
ਫਿਰ ਕੇਂਦਰ ਕੋਲੋਂ ਕਰੋੜਾਂ ਫੜਿਆ
ਜੋ ਇਸ਼ਤਿਹਾਰਾਂ ਉੱਤੇ ਮੜ੍ਹਿਆ
ਨਿੱਤ ਨਵੇਂ ਬਹਾਨੇ ਟੋਲ਼ ਰਹੇ ਨੇ।
ਹੈ ਤੱਕੜੀ ਹੱਥ ਬਾਂਦਰਾਂ ਆਈ,
ਝੂਠਾ ਸੌਦਾ ਤੋਲ ਰਹੇ ਨੇ।
ਵਿਜੀਲੈਂਸ ਤੋਂ ਛਾਪੇ ਮਰਵਾਉਂਦੇ
ਵਿਰੋਧੀਆਂ ਨੂੰ ਅੰਦਰ ਕਰਵਾਉਂਦੇ
ਸਮਾਜ ਸੁਧਾਰਕਾਂ ਤੇ ਐਨ ਐਸ ਏ ਲਾਉਂਦੇ
'ਆਪ' ਜਦ ਈ ਡੀ ਦੇ ਸਿਕੰਜੇ ਵਿੱਚ ਆਉਂਦੇ
ਤਾਂ ਹੁਣ ਖੁੱਲ੍ਹ ਇਹਨਾਂ ਦੇ ਪੋਲ ਰਹੇ ਨੇ।
ਹੈ ਤੱਕੜੀ ਹੱਥ ਬਾਂਦਰਾਂ ਆਈ,
ਝੂਠਾ ਸੌਦਾ ਤੋਲ ਰਹੇ ਨੇ।
ਅਕਾਲੀ ਹਨ ਹੁਣ ਸਤ੍ਹਾ ਤੋਂ ਬਾਹਰ
ਬੰਦੀ ਸਿੰਘ ਅਤੇ ਕਿਸਾਨੀ ਦੇ ਵਾਰ ਵਾਰ
ਰਹੇ ਹਨ ਉਹ ਮੁੱਦੇ ਉਭਾਰ
ਪਰ ਸਤ੍ਹਾ ਵੇਲੇ ਨਾ ਲਈ ਕੋਈ ਸਾਰ
ਹੁਣ ਪੰਥਕ ਪੱਤੇ ਫਰੋਲ ਰਹੇ ਨੇ।
ਹੈ ਤੱਕੜੀ ਹੱਥ ਬਾਂਦਰਾਂ ਆਈ,
ਝੂਠਾ ਸੌਦਾ ਤੋਲ ਰਹੇ ਨੇ।
ਪੰਜਾਬ ਨਾਲ ਜੇ ਐਨਾ ਹੀ ਪਿਆਰ
ਕੁਰਸੀ ਮੋਹ ਨੂੰ ਦਿਓ ਵਿਸਾਰ
ਪਰਿਵਾਰ-ਵਾਦ ਨੂੰ ਕੱਢੋ ਬਾਹਰ
ਲਿਆਵੋ ਕੋਈ ਨਵਾਂ ਸਰਦਾਰ
ਬਦਲ ਲਈ ਵੱਜ ਢੋਲ ਰਹੇ ਨੇ।
ਹੈ ਤੱਕੜੀ ਹੱਥ ਬਾਂਦਰਾਂ ਆਈ,
ਝੂਠਾ ਸੌਦਾ ਤੋਲ ਰਹੇ ਨੇ।
ਕੱਲ ਪਾਰਟੀ ਲਈ ਸਨ ਜੋ ਵਫ਼ਾਦਾਰ
ਉਹ ਨਿਕਲੇ ਭੌਰਿਆਂ ਵਰਗੇ ਯਾਰ
ਰਹੇ ਬਦਲ ਕੇ ਦਲ ਉਡਾਰੀ ਮਾਰ
ਜਿਸਨੂੰ ਕੱਢਦੇ ਸੀ ਗਾਲਾਂ ਚਾਰ
ਗਾ ਕੇ ਉਸਦੇ ਸੋਹਲੇ ਬੋਲ ਰਹੇ ਨੇ
ਹੈ ਤੱਕੜੀ ਹੱਥ ਬਾਂਦਰਾਂ ਆਈ,
ਝੂਠਾ ਸੌਦਾ ਤੋਲ ਰਹੇ ਨੇ।
ਕੰਮ ਕੇਂਦਰ ਦਾ ਖਿੱਲਾਂ ਪਾਉਣਾ
ਤੁਹਾਡੀ ਤੱਕੜੀ ਛਾਬਾ ਖੋਹਣਾ
ਕੇਂਦਰੀਕਰਨ ਦਾ ਜਾਲ ਵਿਛਾਉਣਾ
ਇੱਕ ਨੇਸ਼ਨ ਇੱਕ ਵੋਟ ਕਰਾਉਣਾ
'ਰਾਏ' ਹੱਕ ਦੇਣ ਨੂੰ ਕਰ ਟਾਲ਼-ਮਟੋਲ਼ ਰਹੇ ਨੇ
ਹੈ ਤੱਕੜੀ ਹੱਥ ਬਾਂਦਰਾਂ ਆਈ,
ਝੂਠਾ ਸੌਦਾ ਤੋਲ ਰਹੇ ਨੇ।

# ਕਾਵਿ-ਕਿਆਰੀ


## ਫੰਦਾ ਬਣਾ

ਪਰਮਿੰਦਰ ਸਿੰਘ ਸਿੱਧੂ



**ਟਾਹਣੀ ਨਾਲੋਂ ਟੁੱਟ ਚੁੱਕਾ ਹੋਵਾਂ, ਫੁੱਲ ਭਾਵੇਂ ਪੱਤਾ ਸੁੱਕਾ ਹੋਵਾਂ**
**ਪਰ ਪੈਰਾਂਵਿੱਚ ਰਹਾਂ ਚੁੱਭਦਾ, ਰਾਹਾਂਦਾ ਨਾ ਕੰਡਾ ਬਣਾ !**
ਦਿਨ ਨੂੰਮੈਂ ਕਾਲੀ ਰਾਤ ਕਹਾਂ, ਮੋਢੇ ਅਰਥੀ ਨੂੰ ਬਰਾਤ ਕਹਾਂ
ਮੱਤ ਮੇਰੀ ਤੇ ਪੈਜੇ ਪਰਦ,ਾ ਐਸਾ ਭਗਤ ਨਾ ਅੰਧਾ ਬਣਾ !
ਜ਼ਾਲਮ ਲਈ ਤਲਵਾਰ ਬਣਾ, ਕ੍ਰਿਪਾ ਲਈ ਕਿਰਪਾਨ ਬਣਾ
ਪਰ ਜੋ ਚੱਲੇ ਦੋਗਲੀ ਨੀਤੀ ਤੇ, ਦੋ-ਧਾਰੀ ਨਾ ਖੰਡਾ ਬਣਾ !
ਧਰਮ-ਧੁਰਮ ਨੂੰ ਛੱਡ ਪਰ੍ਹਾਂ, ਜਾਤਾਂ ਵਾਲਾ ਫਾਹਾ ਵੱਡ ਪਰ੍ਹਾਂ
ਜੀਹਨੂੰ ਕਹਿੰਦੇ ਨੇ ਬਸ ਇੱਕੋ ਏ, ਉਸ ਰੱਬ ਦਾ ਬੰਦਾ ਬਣਾ !
ਮਾੜੇ ਨੂੰ ਸਦਾ ਦੁਵੱਲਾਂ ਮੈਂ, ਤਕੜੇ ਦਾ ਬਣਾ ਦੁਮ-ਛੱਲਾ ਮੈਂ
ਹਾਕਮ ਦਾ ਹੁਕਮ ਵਜਾਵੇ ਜੋ, ਐਸਾ ਨਾ ਕਾਨੂੰਨੀ ਡੰਡਾ ਬਣਾ !
ਜੋਸਾੜੇ ਚਾਰ-ਚੁਫ਼ੇਰੇ ਨੂੰ, ਪਰ ਕਰੇ ਨਾ ਕਦੇ ਦੂਰ ਹਨੇਰੇ ਨੂੰ
ਐਸੀ ਬੇ-ਦਰਦ ਸ਼ਮਾਂ ਦਾ, ਕਦੇ ਨਾ ਯਾਰ ਪਤੰਗਾ ਬਣਾ !
ਮਤਲੱਬ ਕੱਢ ਹੱਸਣਲੋਕੀ, ਮੈਨੂੰਮੂਰਖ ਦੱਸਣਲੋਕੀਂ
ਮੁੜ-ਮੁੜ ਪਛਤਾਉਣਾ ਪੈਜੇ, ਐਨਾ ਵੀ ਨਾ ਚੰਗਾ ਬਣਾ !
ਹੱਥ ਜੋ ਇਜ਼ਤਾਂਨੂੰਪਾਵੇ, ਧੀ-ਪੁੱਤ ਕਿਸੇ ਦਾ ਨਸ਼ੇ ਤੇ ਲਾਵੇ
ਪਰਮਿੰਦਰ ਜਿਹੇ ਪਾਪੀ ਦੇ, ਗਲ ਦਾ ਪਰ ਫੰਦਾ ਬਣਾ !

## ਬਾਦਬਾਨ



ਕੁਲਵੰਤ ਸਿੰਘ 'ਢੇਸੀ'
ਕਾਵੈਂਟਰੀ, ਯੂ ਕੇ

ਨਿੱਤ ਬਦਲਦੇ ਮੌਸਮਾਂ, ਝਖੜਾਂ ਨੇ ਤੈਨੂੰ ਪਰਖਣਾ।
ਬਾਦਬਾਨਾਂ ਨੂੰ ਕਿਵੇਂ ਤੂੰ, ਜਾਣ ਲਈਂ ਹੈ ਵਰਤਣਾ।

ਪਤਾ ਹੈ ਤੈਨੂੰ ਕੋਈ ਨਹੀਂ, ਟੈਂ ਕਿਸੇ ਦੀ ਮੰਨਦਾ,
ਭੁਗਤਣਾ ਪੈਂਦਾ ਹੈ ਐਵੇਂ, ਪੂਛ ਚੁੱਕ ਕੇ ਬੜਕਣਾ।

ਚਲਦੀ ਗੱਡੀ ਦੇ ਜੋ ਵੀ, ਅਰਥ ਨੇ ਉਹ ਜਾਣ ਲਈਂ,
ਤੁਰਦਿਆਂ ਜੇ ਅਟਕਣਾ, ਫਸਿਆਂ ਦਾ ਕੀ ਹੈ ਫੜਕਣਾ।

ਚੰਗਾ ਹੈ ਤੂੰ ਜ਼ਿੰਦਗੀ ਨੂੰ, ਅਗਲਵਾਂਡੇ ਹੋ ਮਿਲੀਂ,
ਬੁਰਾ ਹੁੰਦਾ ਮੌਤ ਤੋਂ ਵੀ, ਵਿਚ ਵਿਚਾਲੇ ਲਟਕਣਾ।

ਕੰਨੀ ਬੁੱਜੇ ਦੇ ਕੇ, ਵਾਹਵਾ ਹੈ ਉਦੋਂ ਈ ਬੀਤਦੀ,
ਭਾਂਡਿਆਂ ਨੇ ਕੱਠੇ ਹੋ ਜੇ, ਖੜਕਣਾ ਹੀ ਖੜਕਣਾ।

ਦਿਲ ਨੂੰ ਦਿਲ ਦਾ ਰਾਹ, ਕੁਰਾਹੇ ਲੈ ਟੁਰੇਂਦਾ ਅਕਸਰਾਂ,
ਬਾਣ ਹੈ ਦਿਲ ਦੀ ਕਿ ਐਵੇਂ, ਥਾਂ ਕੁਥਾਂ ਜਾ ਧੜਕਣਾ।

ਸੁਰ ਸ਼ਬਦ ਸੰਜਵਨੀ ਤਾਂ, ਮੋਏ ਜੀਂਦੇ ਕਰ ਦਏ,
ਖਰਵਿਆਂ ਨੇ ਖੌਰੂ ਪਾ ਕੇ , ਜਾਨ ਨੂੰ ਹੈ ਰੜਕਣਾ।

ਜੀਂਦਿਆਂ ਮੁਕਤੀ ਮਿਲੀ ਨਾ, ਮਰ ਕੇ ਵੀ ਨਾ ਮਿਲੂਗੀ
ਮੱਲੋ ਮੱਲੀ ਕਾਲ਼ ਨੇ ਤਾਂ, ਮੌਰੀਂ ਆ ਕੇ ਕੜਕਣਾ।


ਚੰਗਾ ਲੱਗੇ ਜਾਂ ਨਾ ਲੱਗੇ , ਛਿੰਝ ਹੈ ਇਹ ਜ਼ਿੰਦਗੀ,
ਬੀਰਤਾ ਬੀਰਾਂ ਦੀ 'ਢੇਸੀ', ਮੜਕਣਾ ਹੀ ਮੜਕਣਾ।

* * * * * * * *

ਕਾਵਿ-ਵਿਅੰਗ

## ਆਮ ਚੋਣਾ ਦਾ ਅਰਥ

ਤਰਲੋਚਨ ਸਿੰਘ 'ਦੁਪਾਲ ਪੁਰ'
78146-92724



ਸੱਤਾ ਧਾਰੀਆਂ ਦੇ ਕਾਰੇ ਮਨਮਰਜੀ ਦੇ ਹੁੰਦੇ
ਵੋਟਰ ਵਿਚਾਰੇ ਵਰ੍ਹਿਆਂ ਤੋਂ ਆਏ ਸਹਿੰਦੇ ਨੇ।
'ਭੰਡੀ ਪ੍ਰਚਾਰ' ਜਿਹਦਾ ਕਰ ਕਰ ਜਿੱਤ ਜਾਂਦੇ
ਜਿੱਤੇ ਹੋਏ ਉਹਦੇ ਹੀ ਬਨੇਰੇ ਜਾ ਕੇ ਬਹਿੰਦੇ ਨੇ।
ਇੱਕੋ ਥਾਲ਼ੀ ਵਿੱਚ ਉਂਜ 'ਕੱਠੇ ਬੈਠੇ ਖਾਂਦੇ ਪੀਂਦੇ
ਜਨਤਾ ਦੇ ਸਾਹਵੇਂ ਇੱਕ-ਦੂਜੇ ਨਾਲ਼ ਖਹਿੰਦੇ ਨੇ।
ਡੱਡੂਆਂ ਦੇ ਵਾਂਗ ਜੋ ਟਪੂਸੀਆਂ ਨੇ ਮਾਰੀ ਜਾਂਦੇ
ਹੋ ਕੇ ਬੇ-ਯਕੀਨੇ ਲੋਕ-ਮਨਾਂ ਵਿੱਚੋਂ ਲਹਿੰਦੇ ਨੇ।
ਭੁੱਲ ਕੀਤੀ ਪੋਲੇ ਜਿਹੇ ਮੂੰਹ ਦੇ ਨਾਲ਼ ਆਖ ਦਿੰਦੇ
'ਲੋਕ-ਰੋਹ' ਦੇ ਮਾਰੇ ਜਦੋਂ ਬੁਰੀ ਤਰਾਂ ਢਹਿੰਦੇ ਨੇ।
ਗ਼ਲੇ-ਸੜੇ 'ਆਮ' ਪਏ ਹੋਣ ਇੱਕ ਟੋਕਰੀ 'ਚ
'ਚੰਗਾ ਜਰਾ' ਚੁਣਨੇ ਨੂੰ 'ਆਮ ਚੋਣ' ਕਹਿੰਦੇ ਨੇ!

* * * * * *

## ਹੈ ਸਮਾਂ ਦਸਤਾਰਾਂ ਦਾ

ਬੰਨ੍ਹ ਲਵੋ ਹੁਣ ਸਿਰਾਂ 'ਤੇ, ਹੈ ਸਮਾਂ ਦਸਤਾਰਾਂ ਦਾ,
ਜਦੋਂ ਫ਼ਰਕਣ ਲੱਗਣ ਬੁੱਲ੍ਹ ਤਾਂ, ਹੈ ਸਮਾਂ ਇਜ਼ਹਾਰਾਂ ਦਾ।

ਜਬੈ ਬਾਣ ਲੱਗ ਜਾਵੇ, ਤਾਂ ਰੋਸ ਲਾਜ਼ਮੀ ਜਾਗੇਗਾ,
ਸਮਾਂ ਆ ਜਾਂਦਾ ਜਬਰ ਤੋਂ, ਮੁਨਕਰ ਇਨਕਾਰਾਂ ਦਾ।

ਅੱਤ ਦੇ ਜ਼ੁਲਮ ਦੇ ਅੱਗੇ, ਗੋਡੇ ਟੇਕਣ ਬਾਝੋਂ,
ਅਣਖ ਦੀ ਖਾਤਰ ਚੁੱਕਣਾ, ਬਣਦਾ ਹਥਿਆਰਾਂ ਦਾ।

ਕਿਰਪਾ ਕਿਰਪਾਨ ਦੀ ਹੁੰਦੀ, ਰਾਖੀ ਮਜ਼ਲੂਮ ਲਈ,
ਬੇ ਮਾਅਨੇ ਲਿਸ਼ਕਾਉਣਾ, ਨ੍ਹੀਂ ਕੰਮ ਤਲਵਾਰਾਂ ਦਾ।

ਨੀਵੀਂ ਪਾਣਾ ਨਿਸ਼ਾਨੀ, ਹੈ ਮਜਬੂਰੀ ਦੀ,
ਬੇਸ਼ਰਮੀ ਨਾਲ ਜੀਣਾ, ਹੈ ਕੰਮ ਗ਼ਦਾਰਾਂ ਦਾ।

ਪਿਛਲੱਗ ਤਾਂ ਬਹੁਤੇ ਆਮ, ਟਕਿਆਂ 'ਤੇ ਵਿੱਕ ਜਾਂਦੇ,
ਕੌਮਾਂ ਦੇ ਰਹਿਬਰ ਬਣਨਾ, ਹੈ ਕੰਮ ਸਰਦਾਰਾਂ ਦਾ।

ਝੂਠ ਦਾ ਚਾਰਾ ਚਰਦੇ, ਖ਼ੁਦ ਵੀ ਚਰੇ ਜਾਂਦੇ,
ਵਾਰਸ ਵਿਰਲਾ ਕੋਈ ਲੱਭਦਾ, ਅਣਖੀ ਪਰਿਵਾਰਾਂ ਦਾ।

ਸ਼ਹਾਦਤਾਂ ਕੁਰਬਾਨੀਆਂ, ਵਿਕਦੀਆਂ ਨਹੀਂ ਕਦੀ,
ਸੌਦੇਬਾਜ਼ੀਆਂ ਕਰਨਾ, ਹੈ ਕੰਮ ਗੰਵਾਰਾਂ ਦਾ।

ਬੰਨ੍ਹ ਲਵੋ ਹੁਣ ਸਿਰਾਂ 'ਤੇ, ਹੈ ਸਮਾਂ ਦਸਤਾਰਾਂ ਦਾ,
ਜਦ ਫਰਕਣ ਲੱਗਣ ਬੁੱਲ੍ਹ ਤਾਂ, ਹੈ ਸਮਾਂ ਇਜ਼ਹਾਰਾਂ ਦਾ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

# ਧੀ ਦੀ ਪੜ੍ਹਾਈ ਲਈ ਲੋਨ ਲੈਣ ਗਈ ਔਰਤ ਨਾਲ ਫਾਇਨਾਂਸਰ ਨੇ ਕੀਤਾ ਰੇਪ

## ✪ ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਥਾਣਾ ਸਦਰ ਵਿਚ ਮਾਮਲਾ ਦਰਜ ਕੀਤਾ

ਮੋਗਾ-ਇਥੋਂ ਦੇ ਪਿੰਡ ਜਗਰਾਉਂ ਦੀ ਰਹਿਣ ਵਾਲੀ ਇੱਕ ਵਿਧਵਾ ਔਰਤ ਨਾਲ ਸਥਾਨਕ ਕੋਰਟ ਕੰਪਲੈਕਸ ਦੇ ਐਡਵੋਕੇਟ ਕੈਬਿਨ ਵਿੱਚ ਇੱਕ ਫਾਇਨਾਂਸਰ ਪਰਮਿੰਦਰਪਾਲ ਸਿੰਘ ਗਰੇਵਾਲ ਵਾਸੀ ਪਿੰਡ ਬਰਸਾਲ ਵੱਲੋਂ ਬਲਾਤਕਾਰ ਕੀਤਾ ਗਿਆ। ਇਸ ਮਾਮਲੇ ਵਿਚ ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਥਾਣਾ ਸਦਰ ਵਿਚ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਨੇ ਸ਼ਰਾਬ ਦੇ ਨਸ਼ੇ ਵਿੱਚ ਔਰਤ ਨਾਲ ਬਲਾਤਕਾਰ ਕੀਤਾ। ਮੁਲਜ਼ਮ ਨੇ ਉਸਦੀ ਧੀ ਦੀ ਪੜ੍ਹਾਈ ਲਈ ਦਿੱਤੇ ਜਾਣ ਵਾਲੇ ਲੋਨ ਦੀ ਫਾਈਲ ਭਰਨ ਲਈ ਹੀ ਉਸ ਔਰਤ ਨੂੰ ਮੋਗਾ ਤੋਂ ਜਗਰਾਉਂ ਬੁਲਾਇਆ ਸੀ। ਪਰ ਸ਼ਰਾਬ ਪੀ ਕੇ ਉਸ ਨੇ ਔਰਤ ਨਾਲ ਬਲਾਤਕਾਰ ਕਰਕੇ ਉਸ ਨੂੰ ਵਾਪਸ ਭੇਜ ਦਿੱਤਾ।

30 ਮਾਰਚ ਦੀ ਘਟਨਾ ਤੋਂ ਬਾਅਦ ਔਰਤ ਨੇ 2 ਅਪ੍ਰੈਲ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਇਸ ਮਾਮਲੇ ਦੀ ਜਾਂਚ ਦੌਰਾਨ ਦੋਸ਼ੀ ਫਾਇਨਾਂਸਰ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਔਰਤ ਨੇ ਪੁਲਿਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਦੱਸਿਆ ਕਿ ਉਹ ਜਗਰਾਉਂ ਵਿੱਚ ਸੁਖਬੀਰ ਸਿੰਘ ਨਾਂ ਦੇ ਵਿਅਕਤੀ ਨੂੰ ਜਾਣਦੀ ਸੀ। ਜੋ ਉਸਦਾ ਮੂੰਹ ਬੋਲਿਆ ਭਰਾ ਹੈ।




ਔਰਤ ਨੇ ਦੱਸਿਆ ਕਿ ਉਸ ਦੀ 13 ਸਾਲ ਦੀ ਬੇਟੀ ਸੀ ਜੋ ਕਿ ਅਜੇ 5ਵੀਂ ਜਮਾਤ ਪਾਸ ਹੋਈ ਸੀ ਅਤੇ ਉਸ ਨੂੰ ਅਗਲੇਰੀ ਪੜ੍ਹਾਈ ਲਈ ਆਪਣੇ ਸਕੂਲ ਵਿਚ ਦਾਖਲੇ ਲਈ ਪੈਸਿਆਂ ਦੀ ਲੋੜ ਸੀ। ਇਸ ਸਬੰਧੀ ਉਸ ਨੇ ਆਪਣੇ ਭਰਾ ਨੂੰ ਕਿਸੇ ਪਾਸੋਂ ਵਿਆਜ 'ਤੇ ਪੈਸੇ ਲੈਣ ਲਈ ਕਿਹਾ ਸੀ, ਉਸ ਨੇ ਦੱਸਿਆ ਕਿ ਉਸ ਨੇ ਫਾਈਨਾਂਸਰ ਨਾਲ ਸਾਰੀ ਗੱਲ ਕੀਤੀ ਹੈ। ਉਹ ਪੈਸੇ ਵਿਆਜ 'ਤੇ ਦੇਵੇਗਾ। ਜਿਸ ਕਾਰਨ ਉਹ 30 ਮਾਰਚ ਨੂੰ ਦੇਰ ਸ਼ਾਮ ਮੋਗਾ ਤੋਂ ਜਗਰਾਉਂ ਆਈ ਸੀ।

ਇਸ ਦੌਰਾਨ ਜਦੋਂ ਫਾਇਨਾਂਸਰ ਨੇ ਫੋਨ ਕੀਤਾ। ਇਸ ਲਈ ਉਨ੍ਹਾਂ ਕਿਹਾ ਕਿ ਉਹ ਅਦਾਲਤ ਦੇ ਅਹਾਤੇ ਵਿੱਚ ਐਡਵੋਕੇਟ ਕਪਿਲ ਦੇ ਕੈਬਿਨ ਵਿੱਚ ਆਉਣ। ਜਿਸ ਤੋਂ ਬਾਅਦ ਉਹ ਕੈਬਿਨ ਨੰਬਰ 248 ਵਿੱਚ ਚਲੇ ਗਈ। ਵਕੀਲ ਕਪਿਲ ਅਤੇ ਮੁਲਜ਼ਮ ਉੱਥੇ ਬੈਠੇ ਸ਼ਰਾਬ ਪੀ ਰਹੇ ਸਨ। ਜਦੋਂ ਉਹ ਕੈਬਿਨ ਪਹੁੰਚੀ ਤਾਂ ਉਸ ਨੂੰ ਬੈਠਣ ਅਤੇ ਉਡੀਕ ਕਰਨ ਲਈ ਕਿਹਾ ਗਿਆ।

ਐਡਵੋਕੇਟ ਕਪਿਲ ਦੇ ਜਾਣ ਤੋਂ ਬਾਅਦ ਦੋਸ਼ੀ ਫਾਈਨਾਂਸਰ ਨੇ ਸ਼ਰਾਬ ਦੇ ਨਸ਼ੇ ਵਿਚ ਉਸ ਨੂੰ ਅੰਦਰ ਬੁਲਾ ਕੇ ਕੈਬਿਨ ਨੂੰ ਤਾਲਾ ਲਗਾ ਦਿੱਤਾ। ਜਿਸ ਤੋਂ ਬਾਅਦ ਉਹ ਉਸ ਨਾਲ ਜ਼ਬਰਦਸਤੀ ਕਰਨ ਲੱਗਾ। ਜਦੋਂ ਉਸਨੇ ਰੌਲਾ ਪਾਇਆ ਤਾਂ ਕੈਬਿਨ ਖਰਾਬ ਹੋਣ ਕਾਰਨ ਉਸਦੀ ਆਵਾਜ਼ ਕੈਬਿਨ ਵਿੱਚ ਗੂੰਜਦੀ ਰਹੀ। ਦੋਸ਼ੀ ਨੇ ਉਸ ਨਾਲ ਬਲਾਤਕਾਰ ਕਰਨ ਤੋਂ ਬਾਅਦ ਉਸ ਨੂੰ ਛੱਡ ਦਿੱਤਾ। ਇਸ ਦੌਰਾਨ ਕੁਝ ਦੇਰ ਬਾਅਦ ਉਸ ਦਾ ਭਰਾ ਬਾਹਰ ਆ ਗਿਆ। ਜੋ ਉਸ ਨੂੰ ਲੈ ਕੇ ਮੋਗਾ ਸਥਿਤ ਉਸ ਦੇ ਘਰ ਛੱਡ ਗਿਆ। ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗੀ। ਜਿਸ ਕਾਰਨ ਉਸ ਨੇ ਘਟਨਾ ਦੇ ਦੋ ਦਿਨ ਬਾਅਦ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ।

ਮਾਮਲਾ ਬਾਬਾ ਤਰਸੇਮ ਸਿੰਘ ਕਤਲ ਕਾਂਡ ਦਾ

# ਪੁਲੀਸ ਨੇ ਦੋ ਹੋਰ ਦੋਸ਼ੀਆਂ ਨੂੰ ਗ੍ਰਿ.ਫਤਾਰ ਕੀਤਾ

ਊਧਮ ਸਿੰਘ ਨਗਰ (ਉਤਰਾਖੰਡ)- ਬਾਬਾ ਤਰਸੇਮ ਸਿੰਘ ਕਤਲ ਕੇਸ ਵਿੱਚ ਦੋ ਹੋਰ ਮਸ਼ਕੂਕਾਂ ਨੂੰ ਪੁਲੀਸ ਨੇ ਗ੍ਰਿਫਤਾਰ ਕੀਤਾ ਹੈ। ਨਾਨਕਮੱਤਾ ਗੁਰਦੁਆਰੇ ਦੇ ਕਾਰਸੇਵਾ ਮੁਖੀ ਬਾਬਾ ਤਰਸੇਮ ਸਿੰਘ ਦਾ 28 ਮਾਰਚ ਨੂੰ ਊਧਮ ਸਿੰਘ ਨਗਰ ਦੇ ਨਾਨਕਮੱਤਾ ਗੁਰਦੁਆਰੇ ਵਿੱਚ ਦੋ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਫੜੇ ਮੁਲਜ਼ਮਾਂ ਦੀ ਪਛਾਣ ਸਤਨਾਮ ਸਿੰਘ ਅਤੇ ਸੁਲਤਾਨ ਸਿੰਘ ਵਜੋਂ ਹੋਈ ਹੈ। ਸੀਨੀਅਰ ਪੁਲੀਸ ਕਪਤਾਨ ਊਧਮ ਸਿੰਘ ਨਗਰ ਮੰਜੂਨਾਥ ਟੀਸੀ ਅਨੁਸਾਰ ਸਤਨਾਮ ਸਿੰਘ ਨੂੰ ਨੇਪਾਲ ਸਰਹੱਦ 'ਤੇ ਅਤੇ ਸੁਲਤਾਨ ਸਿੰਘ ਨੂੰ ਹਰਿਆਣਾ ਤੋਂ ਗ੍ਰਿਫਤਾਰ ਕੀਤਾ ਗਿਆ। ਪੁਲੀਸ ਅਨੁਸਾਰ ਬਾਬਾ ਤਰਸੇਮ ਸਿੰਘ ਦੇ ਕਤਲ ਦਾ ਮਾਸਟਰ ਮਾਈਂਡ ਸੁਲਤਾਨ ਸਿੰਘ ਹੈ। ਉਸ ਨੇ ਕਤਲ ਦੀ ਸਾਜ਼ਿਸ਼ ਰਚੀ ਤੇ ਹੋਰਾਂ ਨੂੰ ਨਾਲ ਰਲਾਇਆ।

ਉਨ੍ਹਾਂ ਨੂੰ ਪੈਸੇ ਅਤੇ ਹਥਿਆਰ ਮੁਹੱਈਆ ਕਰਵਾਏ। ਹੁਣ ਤੱਕ ਬਾਬਾ ਤਰਸੇਮ ਸਿੰਘ ਕਤਲ ਕਾਂਡ ਵਿੱਚ ਸ਼ਾਮਲ ਨੌਂ ਸਾਜ਼ਿਸ਼ਕਾਰਾਂ ਨੂੰ ਗ੍ਰਿ.ਫਤਾਰ ਕੀਤਾ ਜਾ ਚੁੱਕਾ ਹੈ ਅਤੇ ਹਰਿਦੁਆਰ ਦੇ ਭਗਵਾਨਪੁਰ ਇਲਾਕੇ ਵਿੱਚ ਪੁਲੀਸ ਨੇ ਇੱਕ ਮੁਕਾਬਲੇ ਵਿੱਚ ਸ਼ਾਰਪ ਸ਼ੂਟਰ ਨੂੰ ਮਾਰ ਦਿੱਤਾ ਸੀ।

# ਸ਼ਹੀਦ ਬੇਅੰਤ ਸਿੰਘ ਦਾ ਪੁੱਤਰ ਲੜੇਗਾ ਲੋਕ ਸਭਾ ਚੋਣ

## ✪ ਫਰੀਦਕੋਟ ਤੋਂ ਮੈਦਾਨ ਵਿਚ ਨਿੱਤਰਿਆ, ਮਾਨ ਦਲ ਵਲੋਂ ਹਮਾਇਤ



ਚੰਡੀਗੜ੍ਹ-ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧਣ ਵਾਲੇ ਸ਼ਹੀਦ ਬੇਅੰਤ ਸਿੰਘ ਦਾ ਪੁੱਤਰ ਸਰਬਜੀਤ ਸਿੰਘ ਲੋਕ ਸਭਾ ਚੋਣ ਫਰੀਦਕੋਟ ਤੋਂ ਲੜੇਗਾ। ਸਰਬਜੀਤ ਸਿੰਘ ਨੇ ਦੱਸਿਆ ਕਿ ਫਰੀਦਕੋਟ ਦੇ ਕਈ ਲੋਕਾਂ ਨੇ ਉਨ੍ਹਾਂ ਨੂੰ ਚੋਣ ਲੜਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਉਹ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜਨਗੇ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਉਸਦੀ ਹਮਾਇਤ ਕਰ ਦਿਤੀ ਹੈ। ਸਰਬਜੀਤ ਸਿੰਘ ਨੇ 2004 ਦੀ ਲੋਕ ਸਭਾ ਚੋਣ ਬਠਿੰਡਾ ਸੀਟ ਤੋਂ ਲੜੀ ਸੀ। ਇਸ ਚੋਣ 'ਚ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਚੋਣਾਂ 'ਚ ਉਸ ਨੂੰ 1.13 ਲੱਖ ਵੋਟਾਂ ਮਿਲੀਆਂ ਸਨ। ਉਸਨੇ 2007 ਵਿਚ ਬਰਨਾਲਾ ਦੀ ਭਦੌੜ ਸੀਟ ਤੋਂ ਪੰਜਾਬ ਵਿਧਾਨ ਸਭਾ ਦੀ ਚੋਣ ਵੀ ਲੜੀ ਸੀ ਪਰ ਅਸਫਲ ਰਿਹਾ। ਸਰਬਜੀਤ ਸਿੰਘ ਨੇ 2014 ਦੀਆਂ ਲੋਕ ਸਭਾ ਚੋਣਾਂ 'ਚ ਫ਼ਤਹਿਗੜ੍ਹ ਸਾਹਿਬ ਸੀਟ ਤੋਂ ਮੁੜ ਕਿਸਮਤ ਅਜ਼ਮਾਈ ਪਰ ਫਿਰ ਹਾਰ ਗਿਆ। ਉਸ ਦੀ ਮਾਤਾ ਬਿਮਲ ਕੌਰ 1989 ਵਿਚ ਰੋਪੜ ਸੀਟ ਤੋਂ ਸੰਸਦ ਮੈਂਬਰ ਚੁਣੀ ਗਈ ਸੀ। ਤੁਹਾਨੂੰ ਦੱਸ ਦੇਈਏ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ 1 ਜੂਨ ਨੂੰ ਵੋਟਾਂ ਪੈਣਗੀਆਂ।

# ਯੂਕੇ ਨੇ ਵੀਜ਼ਾ ਨਿਯਮ ਕੀਤੇ ਸਖ਼ਤ, ਭਾਰਤੀਆਂ ਨੂੰ ਹੋਵੇਗਾ ਨੁਕਸਾਨ

## ✪ ਵਿਦਿਆਰਥੀ ਨਹੀਂ ਲਿਆ ਸਕਣਗੇ ਪਰਿਵਾਰ, ਸਪਾਂਸਰਸ਼ਿਪ ਫੀਸ ਵਿੱਚ 55% ਤੋਂ ਵੱਧ ਦਾ ਵਾਧਾ ਕੀਤਾ ਗਿਆ

ਲੰਡਨ-ਰਿਸ਼ੀ ਸੁਨਕ ਸਰਕਾਰ ਨੇ ਦੇਸ਼ ਵਿੱਚ ਪ੍ਰਵਾਸੀਆਂ ਦੀ ਆਮਦ ਨੂੰ ਘਟਾਉਣ ਲਈ ਯੂਨਾਈਟਿਡ ਕਿੰਗਡਮ ਵਿੱਚ ਨਵੇਂ ਵੀਜ਼ਾ ਨਿਯਮ ਪੇਸ਼ ਕੀਤੇ ਹਨ। ਇਸ ਵਿੱਚ ਸਪਾਂਸਰਸ਼ਿਪ ਫੀਸ ਵਿੱਚ 55% ਤੋਂ ਵੱਧ ਦਾ ਵਾਧਾ ਕੀਤਾ ਗਿਆ ਹੈ। ਭਾਰਤੀ ਮੂਲ ਦੇ ਲੋਕਾਂ ਸਮੇਤ ਯੂਕੇ ਫੈਮਿਲੀ ਵੀਜ਼ਾ ਲਈ ਸਪਾਂਸਰਸ਼ਿਪ ਦੀ ਮੰਗ ਕਰਨ ਵਾਲੇ ਕਿਸੇ ਵੀ ਵਿਅਕਤੀ ਦੀ ਹੁਣ ਘੱਟੋ-ਘੱਟ ਜੀਬੀਪੀ ਸਾਲਾਨਾ ਤਨਖਾਹ ਹੋਣੀ ਚਾਹੀਦੀ ਹੈ। ਪਹਿਲਾਂ ਇਹ ਜੀਬੀਪੀ ਸੀ। ਅਗਲੇ ਸਾਲ ਇਸ ਆਮਦਨ ਨੂੰ ਵਧਾ ਕੇ 38,700 ਜੀਬੀਪੀ ਕਰ ਦਿੱਤਾ ਜਾਵੇਗਾ। ਇਹ ਪ੍ਰਧਾਨ ਮੰਤਰੀ ਸੁਨਕ ਅਤੇ ਗ੍ਰਹਿ ਸਕੱਤਰ ਜੇਮਸ ਕਲੀਵਰਲੇ ਦੇ ਪੈਕੇਜ ਵਿੱਚ ਆਖਰੀ ਉਪਾਅ ਹੈ।

ਬ੍ਰਿਟੇਨ ਦੇ ਗ੍ਰਹਿ ਦਫਤਰ ਨੇ ਕਿਹਾ ਕਿ ਇਹ ਕਾਨੂੰਨੀ ਪ੍ਰਵਾਸ ਨੂੰ ਘਟਾਉਣ ਅਤੇ ਇਹ ਯਕੀਨੀ ਬਣਾਉਣ ਲਈ ਹੈ ਕਿ ਇੱਥੇ ਆਉਣ ਵਾਲੇ ਲੋਕ ਇੱਥੇ ਟੈਕਸਦਾਤਾਵਾਂ 'ਤੇ ਬੋਝ ਨਾ ਪਾਉਣ। ਕਲੈਵਰੀ ਨੇ ਕਿਹਾ, ਅਸੀਂ ਵੱਡੇ ਪੱਧਰ 'ਤੇ ਪ੍ਰਵਾਸ ਦੇ ਨਾਲ ਇੱਕ ਟਿਪਿੰਗ ਪੁਆਇੰਟ 'ਤੇ ਪਹੁੰਚ ਗਏ ਹਾਂ। ਕੋਈ ਸਧਾਰਨ ਹੱਲ ਜਾਂ ਆਸਾਨ ਫੈਸਲਾ ਨਹੀਂ ਹੈ ਜੋ ਬ੍ਰਿਟਿਸ਼ ਲੋਕਾਂ ਨੂੰ ਸਵੀਕਾਰਯੋਗ ਪੱਧਰ ਤੱਕ ਸੰਖਿਆਵਾਂ ਨੂੰ ਘਟਾ ਦੇਵੇਗਾ। ਅਸੀਂ ਅਸਥਿਰ ਸੰਖਿਆਵਾਂ ਵਿੱਚ ਕਟੌਤੀ ਕਰਨ, ਬ੍ਰਿਟਿਸ਼ ਕਰਮਚਾਰੀਆਂ




ਅਤੇ ਉਹਨਾਂ ਦੀਆਂ ਤਨਖਾਹਾਂ ਦੀ ਸੁਰੱਖਿਆ ਲਈ, ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਟੈਕਸਦਾਤਾਵਾਂ ਨੂੰ ਬਰਤਾਨੀਆ ਵਿੱਚ ਪਰਿਵਾਰਾਂ ਨੂੰ ਲਿਆਉਣ ਵਾਲੇ ਲੋਕਾਂ ਦੁਆਰਾ ਬੋਝ ਨਾ ਪਵੇ, ਅਤੇ ਇੱਕ ਇਮੀਗ੍ਰੇਸ਼ਨ ਪ੍ਰਣਾਲੀ ਤਿਆਰ ਕੀਤੀ ਜਾਵੇ ਜੋ ਭਵਿੱਖ ਲਈ ਸਹੀ ਢੰਗ ਨਾਲ ਭਰੋਸਾ ਕਰ ਸਕੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਸੁਨਕ ਨੇ ਕਿਹਾ ਸੀ ਕਿ ਮੈਨੂੰ ਲਗਦਾ ਹੈ ਕਿ ਇੱਥੇ ਇਹ ਸਿਧਾਂਤ ਸਹੀ ਹੈ ਕਿ ਜੇਕਰ ਲੋਕ ਆਪਣੇ ਪਰਿਵਾਰ ਦੇ ਹਿੱਸੇ ਵਜੋਂ ਇਸ ਦੇਸ਼ ਵਿੱਚ ਆਸ਼ਰਿਤਾਂ ਨੂੰ ਲਿਆ ਰਹੇ ਹਨ ਤਾਂ ਉਹਨਾਂ ਨੂੰ ਉਹਨਾਂ ਦਾ ਸਮਰਥਨ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

### ਵਿਦਿਆਰਥੀਆਂ ਲਈ ਆਪਣੇ ਪਰਿਵਾਰਾਂ ਨੂੰ ਲਿਆਉਣਾ ਲਗਪਗ ਅਸੰਭਵ

ਜ਼ਿਕਰਯੋਗ ਹੈ ਕਿ 2023 ਵਿੱਚ ਲਗਭਗ 3 ਲੱਖ ਲੋਕ ਯੂਕੇ ਵਿੱਚ ਪਰਵਾਸ ਕਰ ਗਏ ਸਨ। ਇਸ ਤੋਂ ਬਾਅਦ ਹੁਣ ਹੋਮ ਆਫਿਸ ਦਾ ਕਹਿਣਾ ਹੈ ਕਿ ਇੰਨੀ ਵੱਡੀ ਇਮੀਗ੍ਰੇਸ਼ਨ ਹੁਣ ਸੰਭਵ ਨਹੀਂ ਹੋਵੇਗੀ। ਸਰਕਾਰ ਨੇ ਪਿਛਲੇ ਸਾਲ ਪੇਸ਼ ਕੀਤੇ ਪੈਕੇਜ ਦੇ ਹਿੱਸੇ ਵਜੋਂ ਕਈ ਵੀਜ਼ਾ ਨਿਯਮਾਂ ਨੂੰ ਸਖ਼ਤ ਕੀਤਾ ਹੈ। ਵਿਦਿਆਰਥੀਆਂ ਅਤੇ ਦੇਖਭਾਲ ਕਰਮਚਾਰੀਆਂ ਲਈ ਪਰਿਵਾਰ ਨੂੰ ਯੂਕੇ ਵਿੱਚ ਲਿਆਉਣਾ ਹੁਣ ਲਗਭਗ ਅਸੰਭਵ ਹੈ।

### ਭਾਰਤੀਆਂ ਦਾ ਹੋਵੇਗਾ ਨੁਕਸਾਨ

ਹੁਨਰਮੰਦ ਵਰਕ ਵੀਜ਼ਾ 'ਤੇ ਸਭ ਤੋਂ ਵੱਧ ਪ੍ਰਵਾਸੀਆਂ ਵਿੱਚ ਭਾਰਤੀ ਸ਼ਾਮਲ ਹਨ - 2021-22 ਵਿੱਚ 13,380 ਭਾਰਤੀ ਯੂਕੇ ਵਿੱਚ ਪਰਵਾਸ ਕਰ ਗਏ, ਜੋ 2022-23 ਵਿੱਚ ਵਧ ਕੇ 21,837 ਹੋ ਗਏ, 63% ਦਾ ਵਾਧਾ। ਮੁੱਖ ਬਿਨੈਕਾਰਾਂ ਅਤੇ ਆਸ਼ਰਿਤਾਂ ਲਈ ਕੁੱਲ ਵੀਜ਼ੇ ਦਾ ਲਗਭਗ 38% ਭਾਰਤੀਆਂ ਨੂੰ ਗਿਆ, ਇਸ ਤੋਂ ਬਾਅਦ ਨਾਈਜੀਰੀਅਨਾਂ ਦਾ 17% ਹੈ।

# ਕਾਂਗਰਸ ਵਿਚ ਟਿਕਟਾਂ ਦੀ ਵੰਡ ਕਾਰਣ ਬਾਗ਼ੀ ਸਰਗਰਮ

## ✪ ਵੱਡਾ ਰੋਸ ਪਟਿਆਲਾ ਤੋਂ ਕਾਂਗਰਸ ਦੇ ਬਾਹਰੋਂ ਲਿਆਂਦੇ ਡਾ. ਗਾਂਧੀ ਵਿਰੁਧ, ਕਈ ਉਮੀਦਵਾਰਾਂ ਉਪਰ ਕਿੰਤੂ



ਪਟਿਆਲਾ- ਕੇਂਦਰੀ ਚੋਣ ਕਮੇਟੀ ਵੱਲੋਂ ਕਾਂਗਰਸੀ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੇ ਜਾਣ ਮਗਰੋਂ ਹੀ ਕਾਂਗਰਸ ਵਿੱਚ ਬਗਾਵਤੀ ਸੁਰ ਉੱਠਣੇ ਸ਼ੁਰੂ ਹੋ ਗਏ ਹਨ। ਵੱਡਾ ਰੋਸ ਪਟਿਆਲਾ ਸੰਸਦੀ ਹਲਕੇ ਅੰਦਰ ਧੁਖਣ ਲੱਗਾ ਹੈ ਜਿੱਥੇ ਕਾਂਗਰਸ ਨੇ ਬਾਹਰੋਂ ਲਿਆਂਦੇ ਡਾ. ਧਰਮਵੀਰ ਗਾਂਧੀ ਨੂੰ ਉਮੀਦਵਾਰ ਬਣਾਇਆ ਹੈ ਤੇ ਸਾਬਕਾ ਵਿਧਾਇਕ ਅਤੇ ਟਕਸਾਲੀ ਨੇਤਾ ਅੰਦਰੋ-ਅੰਦਰੀ ਇਸ ਗੱਲੋਂ ਕਾਫ਼ੀ ਖ਼ਫਾ ਹਨ।


ਅਹਿਮ ਸੂਤਰਾਂ ਅਨੁਸਾਰ ਟਕਸਾਲੀ ਆਗੂਆਂ ਅਤੇ ਸਾਬਕਾ ਵਿਧਾਇਕਾਂ ਤੋਂ ਇਲਾਵਾ ਅਹਿਮ ਵਰਕਰਾਂ ਦਾ ਇੱਕ ਇਕੱਠ 20 ਅਪਰੈਲ ਨੂੰ ਰਾਜਪੁਰਾ ਵਿੱਚ ਬੁਲਾ ਲਿਆ ਗਿਆ ਹੈ ਜਿਸ ਦੀ ਅਗਵਾਈ ਕਾਂਗਰਸੀ ਆਗੂ ਹਰਦਿਆਲ ਕੰਬੋਜ ਕਰ ਰਹੇ ਹਨ। ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਇਸ ਇਕੱਠ ਵਿੱਚ ਵਰਕਰਾਂ ਤੇ ਆਗੂਆਂ ਨਾਲ ਮਸ਼ਵਰੇ ਕੀਤੇ ਜਾਣੇ ਹਨ ਪਰ ਅਸਲ ਵਿੱਚ ਇਹ ਇਕੱਠ ਰੋਸ ਵਜੋਂ ਹੀ ਸੱਦਿਆ ਗਿਆ ਹੈ। ਪਤਾ ਲੱਗਾ ਹੈ ਕਿ ਅੱਜ ਪਟਿਆਲਾ ਵਿੱਚ ਕਾਂਗਰਸ ਦੇ ਟਕਸਾਲੀ ਨੇਤਾਵਾਂ ਦੀ ਇੱਕ ਗੁਪਤ ਮੀਟਿੰਗ ਵੀ ਹੋਈ ਹੈ। ਕਾਂਗਰਸ ’ਤੇ ਇਹ ਰੋਸਾ ਭਾਰੀ ਪੈ ਸਕਦਾ ਹੈ।

ਸੰਗਰੂਰ ਹਲਕੇ ਤੋਂ ਕਾਂਗਰਸ ਨੇ ਸੁਖਪਾਲ ਸਿੰਘ ਖਹਿਰਾ ਨੂੰ ਉਮੀਦਵਾਰ ਬਣਾਇਆ ਹੈ ਜਿਸ ਨੂੰ ਲੈ ਕੇ ਹਲਕਾ ਧੂਰੀ ਤੋਂ ਸਾਬਕਾ ਵਿਧਾਇਕ ਦਲਵੀਰ ਗੋਲਡੀ ਨੇ ਬੀਤੇ ਦਿਨੀਂ ਸੋਸ਼ਲ ਮੀਡੀਆ ’ਤੇ ਲਾਈਵ ਹੋ ਕੇ ਆਪਣੇ ਦਰਦ ਸਾਂਝਾ ਕੀਤਾ ਹੈ। ਭਾਵੇਂ ਉਨ੍ਹਾਂ ਨੇ ਕਾਂਗਰਸ ਨਾਲ ਚੱਲਣ ਦੀ ਗੱਲ ਆਖੀ ਹੈ ਪਰ ਉਨ੍ਹਾਂ ਪਾਰਟੀ ਹਾਈਕਮਾਨ ਅੱਗੇ ਜੋ ਸੁਆਲ ਰੱਖੇ ਹਨ, ਉਸ ਤੋਂ ਲੱਗਦਾ ਹੈ ਕਿ ਸਭ ਅੱਛਾ ਨਹੀਂ ਹੈ। ਉਨ੍ਹਾਂ ਸੁਆਲ ਕੀਤਾ ਹੈ, “ਵੱਡੇ ਲੀਡਰ ਹੋਣ ਦਾ ਪੈਮਾਨਾ ਪੈਸਾ ਹੁੰਦਾ ਹੈ ਜਾਂ ਵਫ਼ਾਦਾਰੀ। ਜਦੋਂ ਜ਼ਿਮਨੀ ਚੋਣ ਵਿਚ ਵੱਡੇ ਚਿਹਰੇ ਦੀ ਲੋੜ ਸੀ, ਉਦੋਂ ਲਿਆਂਦਾ ਨਹੀਂ ਗਿਆ।” ਗੋਲਡੀ ਨੇ ਕਿਹਾ ਕਿ ਉਸ ਦੀ ਪਹਿਲਾਂ ਵੀ ਤਿੰਨ ਵਾਰ ਟਿਕਟ ਕੱਟੀ ਗਈ ਹੈ। ਸੰਗਰੂਰ ਸੰਸਦੀ ਹਲਕੇ ਦੇ ਇੱਕ ਹੋਰ ਸਾਬਕਾ ਵਿਧਾਇਕ ਵੀ ਖਹਿਰਾ ਦੀ ਟਿਕਟ ਤੋਂ ਅੰਦਰੋਂ ਅੰਦਰੀ ਕਾਫ਼ੀ ਔਖ ਵਿੱਚ ਹਨ। ਪਰ ਖਹਿਰਾ ਬਾਗੀਆਂ ਨੂੰ ਮਨਾ ਰਹੇ ਹਨ। ਉਧਰ ਜਲੰਧਰ ਹਲਕੇ ਤੋਂ ਚਰਨਜੀਤ ਚੰਨੀ ਨੂੰ ਉਮੀਦਵਾਰ ਬਣਾਏ ਜਾਣ ਤੋਂ ਪਹਿਲਾਂ ਹੀ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਪਾਰਟੀ ਦੇ ਚੀਫ਼ ਵ੍ਹਿਪ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਕਿਉਂਕਿ ਚੌਧਰੀ ਪਰਿਵਾਰ ਵੀ ਟਿਕਟ ਦਾ ਦਾਅਵੇਦਾਰ ਸੀ। ਬਠਿੰਡਾ ਸੰਸਦੀ ਹਲਕੇ ਤੋਂ ਐਨ ਆਖ਼ਰੀ ਮੌਕੇ ’ਤੇ ਕੇਂਦਰੀ ਚੋਣ ਕਮੇਟੀ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਦਾ ਟਿਕਟ ਕੱਟ ਦਿੱਤਾ ਹੈ। ਉਨ੍ਹਾਂ ਦੀ ਥਾਂ ਬਠਿੰਡਾ ਤੋਂ ਪਾਰਟੀ ਨੇ ਜੀਤਮਹਿੰਦਰ ਸਿੰਘ ਸਿੱਧੂ ਨੂੰ ਟਿਕਟ ਦਿੱਤੀ ਹੈ।

ਬੇਸ਼ੱਕ ਰਾਜਾ ਵੜਿੰਗ ਦੇ ਨੇੜਲੇ ਲੋਕ ਜੀਤਮਹਿੰਦਰ ਸਿੱਧੂ ਦੇ ਇਕੱਠ ਵਿਚ ਦੇਖੇ ਗਏ ਪਰ ਅੰਦਰਖਾਤੇ ਠੀਕ ਮਹਿਸੂਸ ਨਹੀਂ ਕਰ ਰਹੇ ਹਨ। ਸੂਤਰ ਦੱਸਦੇ ਹਨ ਕਿ ਤਲਵੰਡੀ ਸਾਬੋ ਤੋਂ ਹਲਕਾ ਇੰਚਾਰਜ ਖੁਸ਼ਬਾਜ ਜਟਾਣਾ ਦੇ ਵੀ ਜੀਤਮਹਿੰਦਰ ਸਿੱਧੂ ਨਾਲ ਸੁਰ ਨਹੀਂ ਮਿਲ ਰਹੇ। ਖਡੂਰ ਸਾਹਿਬ ਹਲਕੇ ਤੋਂ ਜਸਬੀਰ ਸਿੰਘ ਡਿੰਪਾ ਨੇ ਕਾਂਗਰਸ ਹਾਈਕਮਾਂਡ ਨਾਲ ਮੀਟਿੰਗ ਕਰਕੇ ਆਪਣੇ ਪੈਰ ਪਿਛਾਂਹ ਖਿੱਚ ਲਏ ਹਨ। ਇਸੇ ਤਰ੍ਹਾਂ ਹੀ ਚੰਡੀਗੜ੍ਹ ਕਾਂਗਰਸ ਵਿਚ ਮੁਨੀਸ਼ ਤਿਵਾੜੀ ਦੀ ਟਿਕਟ ਐਲਾਨੇ ਜਾਣ ਤੋਂ ਬਾਗ਼ੀ ਸੁਰ ਤਿੱਖੇ ਹੋ ਗਏ ਹਨ। ਦੇਖਣਾ ਹੋਵੇਗਾ ਕਿ ਕਾਂਗਰਸ ਪਾਰਟੀ ਇਨ੍ਹਾਂ ਬਾਗ਼ੀ ਸੁਰਾਂ ਨਾਲ ਕਿਵੇਂ ਨਜਿੱਠਦੀ ਹੈ।

# ਵਿਸ਼ਵ ਹਿੰਦੂ ਪਰਿਸ਼ਦ ਆਗੂ ਦੇ ਕਤਲ ਕਾਂਡ ਵਿਚ ਦੋ ਦੋਸ਼ੀ ਫੜੇ

## ✪ ਦੋ 32 ਬੋਰ ਦੇ ਪਿਸਤੌਲ ਅਤੇ 16 ਜਿੰਦਾ ਕਾਰਤੂਸ ਬਰਾਮਦ



ਚੰਡੀਗੜ੍ਹ-ਬੀਤੀ ਦਿਨੀਂ ਜ਼ਿਲ੍ਹਾ ਰੋਪੜ ਦੇ ਤਹਿਸੀਲ ਨੰਗਲ ਵਿਚ ਵਿਸ਼ਵ ਹਿੰਦੂ ਪਰਿਸ਼ਦ ਇਕਾਈ ਨੰਗਲ ਦੇ ਪ੍ਰਧਾਨ ਵਿਕਾਸ ਬੱਗਾ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਕੇਸ ਨੂੰ ਰੋਪੜ ਅਤੇ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਸੋਸ਼ਲ ਮੀਡੀਆ ਰਾਹੀਂ ਕਿਹਾ ਕਿ ਪੰਜਾਬ ਪੁਲਸ ਨੇ ਵਿਕਾਸ ਬੱਗਾ ਦਾ ਕਤਲ ਕਰਨ ਵਾਲੇ ਦੋ ਮੁਲਜ਼ਮਾਂ ਮਨਦੀਪ ਕੁਮਾਰ ਤੇ ਸੁਰਿੰਦਰ ਕੁਮਾਰ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਵਾਰਦਾਤ ਵਿਚ ਵਰਤੀ ਗਈ ਇਕ ਟੀ. ਵੀ. ਐੱਸ ਯੁਪਿਟਰ ਸਕੂਟਰੀ, ਦੋ ਹਥਿਆਰ 32 ਬੋਰ ਦੇ ਪਿਸਤੌਲ ਅਤੇ 16 ਜਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਮੁੱਢਲੀ ਪੁੱਛਗਿੱਛ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਲੋਕ ਵਿਦੇਸ਼ੀ ਮਡਿਊਲ ਦਾ ਹਿੱਸਾ ਹਨ। ਜੋ ਕਿ ਪੁਰਤਗਾਲ ਅਤੇ ਹੋਰ ਥਾਵਾਂ ਤੋਂ ਚਲਾਇਆ ਜਾ ਰਿਹਾ ਹੈ। ਇਹ ਦੋਵੇਂ ਵਿਦੇਸ਼ੀ ਖਾੜਕੂਆਂ ਲਈ ਕੰਮ ਕਰ ਰਹੇ ਸਨ। ਇਸ ਦੇ ਬਦਲੇ ਇਨ੍ਹਾਂ ਨੂੰ ਪੈਸਾ ਮਿਲਦਾ ਸੀ। ਫਿਲਹਾਲ ਪੁਲਸ ਵਲੋਂ ਇਸ ਸੰਬੰਧੀ ਹੋਰ ਜਾਂਚ ਕੀਤੇ ਜਾਣ ਦੀ ਗੱਲ ਆਖੀ ਜਾ ਰਹੀ ਹੈ।

# ਭਗਵੰਤ ਮਾਨ ਨੇ ਤਿਹਾੜ ਜੇਲ੍ਹ ਵਿਚ ਕੇਜਰੀਵਾਲ ਨਾਲ ਕੀਤੀ ਮੁਲਾਕਾਤ

## ✪ ਸ਼ੀਸੇ ਦੇ ਪਾਰ ਫੋਨ ’ਤੇ ਗੱਲ ਕਰਵਾਈ ਗਈ ਜਿਵੇਂ ਕਿ ਉਹ ਕੋਈ ਅੱਤਵਾਦੀ ਹੋਣ-ਮਾਨ

ਦਿੱਲੀ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਸ਼ਰਾਬ ਨੀਤੀ ਨਾਲ ਜੁੜੇ ਇੱਕ ਮਾਮਲੇ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ‘ਆਪ’ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨਾਲ ਰਾਜ ਸਭਾ ਮੈਂਬਰ ਸੰਦੀਪ ਪਾਠਕ ਵੀ ਮੌਜੂਦ ਹਨ। ਇਹ ਮੁਲਾਕਾਤ ਕਰੀਬ ਅੱਧਾ ਘੰਟਾ ਚੱਲੀ। ਇਸ ਮੀਟਿੰਗ ਤੋਂ ਪਹਿਲਾਂ ਹੀ ਪੁਲਿਸ ਨੇ ਤਿਹਾੜ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ।

ਮੀਟਿੰਗ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਮੀਡੀਆ ਨਾਲ ਮੁਲਾਕਾਤ ਕਰਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ ਸ਼ੀਸੇ ਦੇ ਪਾਰ ਫੋਨ ’ਤੇ ਗੱਲ ਕਰਵਾਈ ਗਈ ਜਿਵੇਂ ਕਿ ਉਹ ਕੋਈ ਅੱਤਵਾਦੀ ਹੋਣ। ਮਾਨ ਨੇ ਕਿਹਾ ਕਿ ਕੇਜਰੀਵਾਲ ਨੇ ਅੱਤਵਾਦੀਆਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕੇਜਰੀਵਾਲ ਨੇ ਲੋਕਾਂ ਦੀ ਭਲਾਈ ਲਈ ਬਹੁਤ



ਕੰਮ ਕੀਤੇ ਹਨ। ਮਾਨ ਨੇ ਕਿਹਾ ਕਿ ਉਨ੍ਹਾਂ ਨੇ ਮੇਰੇ ਤੋਂ ਪੰਜਾਬ ਦਾ ਹਾਲ ਜਾਣਿਆ ਹੈ।

ਮਾਨ ਨੇ ਕਿਹਾ ਕਿ ਕੇਜਰੀਵਾਲ ਨੂੰ ਆਮ ਸਹੂਲਤਾਂ ਤੋਂ ਵੀ ਵਾਂਝਾ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ, ਮੇਰੀ ਕੇਜਰੀਵਾਲ ਨਾਲ ਹਾਰਡਕੋਰ ਕ੍ਰਿਮਿਨਲ ਵਾਂਗ ਮੁਲਾਕਾਤ ਕਰਵਾਈ ਗਈ। ਮਾਨ ਨੇ ਕਿਹਾ ਕਿ ਆਉਣ ਵਾਲੀ 4 ਜੂਨ ਨੂੰ ਲੋਕਾਂ ਨੂੰ ਇਸ ਦਾ ਸਬਕ ਸਿਖਾਇਆ ਜਾਵੇਗਾ।

# ਅੰਮ੍ਰਿਤਪਾਲ ਸਿੰਘ ਮਾਮਲੇ ਵਿਚ ਰਾਸ਼ਟਰੀ ਸੁਰੱਖਿਆ ਕਾਨੂੰਨ ਮੁੜ ਲਗਾਉਣ ਨੂੰ ਦਿੱਤੀ ਚੁਣੌਤੀ

## ✪ ਇੱਕ ਪ੍ਰਤੀਨਿਧ ਕੇਂਦਰ ਸਰਕਾਰ ਅਤੇ ਸਲਾਹਕਾਰ ਬੋਰਡ ਨੂੰ ਭੇਜਿਆ


ਅੰਮ੍ਰਿਤਸਰ-ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ’ਤੇ ਲਗਾਏ ਗਏ ਰਾਸ਼ਟਰੀ ਸੁਰੱਖਿਆ ਕਾਨੂੰਨ ਦੇ ਮਾਮਲੇ ਵਿਚ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਦੀ ਵਲੋਂ ਐਨਐਸਏ ਨੂੰ ਚੁਣੌਤੀ ਦਿੱਤੀ ਗਈ ਹੈ।ਇਸ ਸਬੰਧੀ ਇੱਕ ਪ੍ਰਤੀਨਿਧ ਕੇਂਦਰ ਸਰਕਾਰ ਅਤੇ ਸਲਾਹਕਾਰ ਬੋਰਡ ਨੂੰ ਭੇਜ ਦਿੱਤਾ ਗਿਆ ਹੈ। ਇਹ ਗੱਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇਸ ਮਾਮਲੇ ਨਾਲ ਸਬੰਧਤ ਕੇਸ ਦੀ ਸੁਣਵਾਈ ਦੌਰਾਨ ਮੁਲਜ਼ਮਾਂ ਦੇ ਵਕੀਲ ਨੇ ਕਹੀ। ਹੁਣ ਸਲਾਹਕਾਰ ਬੋਰਡ ਨੇ ਛੇ ਹਫ਼ਤਿਆਂ ਵਿੱਚ ਇਸ ਸਬੰਧ ਵਿੱਚ ਫੈਸਲਾ ਲੈਣਾ ਹੈ। ਇਸ ਦੇ ਨਾਲ ਹੀ ਉਹ ਇਸ ਤੋਂ ਬਾਅਦ ਅਗਲੀ ਕਾਰਵਾਈ ਕਰਨਗੇ। ਜੇਕਰ ਲੋੜ ਪਈ ਤਾਂ ਇਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ।

ਦਰਅਸਲ, 18 ਮਾਰਚ 2024 ਨੂੰ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ’ਤੇ ਲਗਾਏ ਗਏ ਐਨਐਸਏ ਦੀ ਮਿਆਦ ਖਤਮ ਹੋ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ’ਤੇ ਇਹ ਐਕਟ ਦੁਬਾਰਾ ਲਾਗੂ ਕੀਤਾ ਗਿਆ। ਇਹ ਤੱਥ ਵੀ ਇਸ ਮਾਮਲੇ ਦੀ ਸੁਣਵਾਈ ਦੌਰਾਨ ਹੀ ਸਾਹਮਣੇ ਆਇਆ, ਜਦੋਂ ਕੇਂਦਰ ਅਤੇ ਪੰਜਾਬ ਤੋਂ ਇਸ ਸਬੰਧੀ ਮਾਮਲੇ ਵਿੱਚ ਜਵਾਬ ਮੰਗਿਆ ਗਿਆ। ਇਸ ਦੇ ਨਾਲ ਹੀ ਅੰਮ੍ਰਿਤਪਾਲ ਸਿੰਘ



ਅਤੇ ਉਸਦੇ ਸਾਥੀਆਂ ਦੀ ਤਰਫ਼ੋਂ ਵੀ ਨੁਮਾਇੰਦਗੀ ਭੇਜੀ ਗਈ ਹੈ।

ਸਲਾਹਕਾਰ ਬੋਰਡ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਕੰਮ ਕਰਦਾ ਹੈ। ਇਸ ਨੁਮਾਇੰਦਗੀ ਵਿੱਚ ਦੱਸਿਆ ਗਿਆ ਹੈ ਕਿ ਯੂਏਪੀਏ ਐਕਟ ਕਾਰਨ ਮੁਲਜ਼ਮਾਂ ’ਤੇ ਮੁੜ ਐਨਐਸਏ ਲਾਇਆ ਗਿਆ ਹੈ। ਜਦੋਂ ਕਿ ਮੁੱਖ ਮਾਮਲਿਆਂ ਵਿੱਚ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਉਪਰੋਕਤ ਲੋਕ ਸਾਰੇ ਕੇਸਾਂ ਵਿੱਚ ਦੋਸ਼ੀ ਨਹੀਂ ਹਨ। ਅਜਿਹੀ ਸਥਿਤੀ ਵਿੱਚ ਆਮ ਕਾਨੂੰਨ ਸਹੀ ਹੈ। ਇਸ ਐਕਟ ਦੀ ਕੋਈ ਲੋੜ ਨਹੀਂ ਹੈ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



**ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ**

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their canadian Born and British citizen son. He is 31 years old, 5'11" tall, education Bsc Mathematics and runs his own Business, Girl should be from UK Jatt Sikh family. Work Permit Holder considerable. Please contact UK Times between 8am to 8pm on Mobile: 07723 369240 or reply to ref. 881 (3025)

UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)

# ਵਿਆਹ ਵਿਚ ਦੇਰੀ ਕਾਰਣ ਅਮਰੀਕਾ ਵਿਚ 26 ਤੋਂ 34 ਸਾਲ ਦੀ ਉਮਰ ਦੀਆਂ ਔਰਤਾਂ ਪੀ ਰਹੀਆਂ ਨੇ ਸ਼ਰਾਬ

ਨਵੀਂ ਦਿੱਲੀ-ਅਮਰੀਕਾ ਫੈਸ਼ਨ, ਟੈਕਨਾਲੋਜੀ, ਸਿੱਖਿਆ, ਨਿਰਮਾਣ ਵਰਗੀਆਂ ਕਈ ਚੀਜ਼ਾਂ ਵਿਚ ਦੁਨੀਆ ਵਿਚ ਟਾਪ 'ਤੇ ਹੈ ਪਰ ਕੁਝ ਮਾਮਲਿਆਂ ਵਿਚ ਇੱਥੋਂ ਦੀ ਸਥਿਤੀ ਵੀ ਖਰਾਬ ਹੈ। ਪਿਛਲੇ ਦਸ ਸਾਲਾਂ ਤੋਂ ਇੱਥੇ ਔਰਤਾਂ ਵਿੱਚ ਸ਼ਰਾਬ ਦਾ ਸੇਵਨ ਵੱਧ ਰਿਹਾ ਹੈ। ਜੋ ਕਿ ਕਈ ਗੰਭੀਰ ਸਮੱਸਿਆਵਾਂ ਦਾ ਕਾਰਨ ਵੀ ਬਣ ਰਿਹਾ ਹੈ।

ਇਸ ਮਾਮਲੇ 'ਚ ਮਾਹਿਰਾਂ ਦਾ ਕਹਿਣਾ ਹੈ ਕਿ ਪਹਿਲਾਂ 18 ਤੋਂ 25 ਸਾਲ ਦੇ ਮਰਦ ਜ਼ਿਆਦਾ ਸ਼ਰਾਬ ਪੀਂਦੇ ਸਨ ਪਰ ਹੁਣ ਔਰਤਾਂ ਵੀ ਇਸ 'ਚ ਸ਼ਾਮਲ ਹੋ ਗਈਆਂ ਹਨ। ਹਾਲਾਂਕਿ ਹੁਣ 26 ਤੋਂ 34 ਸਾਲ ਦੀ ਉਮਰ ਦੇ ਲੋਕ ਜ਼ਿਆਦਾ ਸ਼ਰਾਬ ਪੀ ਰਹੇ ਹਨ। ਕੋਲੰਬੀਆ ਯੂਨੀਵਰਸਿਟੀ ਦੀ ਪ੍ਰੋਫੈਸਰ ਕੈਥਰੀਨ ਕੀਜ਼ ਦਾ ਕਹਿਣਾ ਹੈ ਕਿ ਔਰਤਾਂ ਹੁਣ ਪਿਛਲੇ ਦਹਾਕਿਆਂ ਦੇ ਮੁਕਾਬਲੇ ਦੇਰ ਨਾਲ ਵਿਆਹ ਕਰ ਰਹੀਆਂ ਹਨ। ਅਜਿਹੇ ਵਿਚ ਔਰਤਾਂ ਜ਼ਿਆਦਾ ਮਾਤਰਾ 'ਚ ਸ਼ਰਾਬ ਪੀਣ ਲਈ ਜ਼ਿਆਦਾ ਸਮਾਂ ਬਿਤਾਉਂਦੀਆਂ ਹਨ, ਜਿਸ ਨੂੰ ਕੈਥਰੀਨ ਹਾਈ-ਰਿਸਕ ਟਾਈਮ ਕਹਿੰਦੇ ਹਨ।

1950 ਵਿੱਚ ਵਿਆਹ ਦੀ ਔਸਤ ਉਮਰ ਔਰਤਾਂ ਲਈ 20 ਸਾਲ ਅਤੇ ਮਰਦਾਂ ਲਈ 22 ਸਾਲ ਸੀ। ਸਾਲ 2023 ਵਿੱਚ ਇਸ ਵਿੱਚ ਵਾਧਾ ਹੋਇਆ। ਹੁਣ ਮਰਦਾਂ ਦੀ ਉਮਰ 30.2 ਹੈ ਜਦਕਿ ਔਰਤਾਂ ਦੀ ਉਮਰ 28.4 ਹੈ। ਜਦੋਂ ਔਰਤਾਂ ਵਿੱਚ ਜ਼ਿਆਦਾ ਸ਼ਰਾਬ ਪੀਣ ਦਾ ਕਾਰਨ


**✪ ਜਾਮਾ ਹੈਲਥ ਫੋਰਮ ਵਿੱਚ ਪ੍ਰਕਾਸ਼ਿਤ ਇੱਕ ਖੋਜ ਅਨੁਸਾਰ ਸ਼ਰਾਬ ਕਾਰਨ ਹੋਣ ਵਾਲੀਆਂ ਬਿਮਾਰੀਆਂ ਅਤੇ ਮੌਤਾਂ ਵੀ ਵੱਧੀਆਂ**

ਜਾਣਨ ਦੀ ਕੋਸ਼ਿਸ਼ ਕੀਤੀ ਗਈ ਤਾਂ ਕਈ ਗੱਲਾਂ ਸਾਹਮਣੇ ਆਈਆਂ। ਸਭ ਤੋਂ ਵੱਡਾ ਕਾਰਨ ਇਹ ਹੈ ਕਿ ਔਰਤਾਂ ਨੂੰ ਹੁਣ ਮਰਦਾਂ ਨਾਲੋਂ ਜ਼ਿਆਦਾ ਜਾਂ ਜ਼ਿਆਦਾ ਸ਼ਰਾਬ ਪੀਣ ਲਈ ਨਿਰਣਾ ਨਹੀਂ ਕੀਤਾ ਜਾਂਦਾ ਹੈ।

ਜਾਮਾ ਹੈਲਥ ਫੋਰਮ ਵਿੱਚ ਪ੍ਰਕਾਸ਼ਿਤ ਇੱਕ ਖੋਜ ਅਨੁਸਾਰ ਇਸ ਕਾਰਨ ਔਰਤਾਂ ਵਿੱਚ ਸ਼ਰਾਬ ਕਾਰਨ ਹੋਣ ਵਾਲੀਆਂ ਬਿਮਾਰੀਆਂ ਅਤੇ ਮੌਤਾਂ ਵੀ ਵੱਧ ਰਹੀਆਂ ਹਨ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਦੋ ਦਹਾਕਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰਨ ਤੋਂ ਬਾਅਦ ਪਤਾ ਲੱਗਾ ਹੈ ਕਿ ਸ਼ਰਾਬ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਔਰਤਾਂ 'ਚ 14.7 ਫੀਸਦੀ ਵਧੀ ਹੈ, ਜਦੋਂ ਕਿ ਮਰਦਾਂ 'ਚ ਇਹ ਦਰ 12.5 ਫੀਸਦੀ ਹੈ।

ਇਨ੍ਹਾਂ ਸਮੱਸਿਆਵਾਂ ਬਾਰੇ ਜਾਣਨ ਦੀ ਕੋਸ਼ਿਸ਼ ਕਰਨ 'ਤੇ ਪਤਾ ਲੱਗਾ ਕਿ ਔਰਤਾਂ ਮਰਦਾਂ ਵਾਂਗ ਸ਼ਰਾਬ ਨੂੰ ਜਲਦੀ ਹਜ਼ਮ ਨਹੀਂ ਕਰ ਪਾਉਂਦੀਆਂ। ਸਰੀਰ ਵਿੱਚ ਲੰਬੇ ਸਮੇਂ ਤੱਕ ਇਸ ਦੀ ਮੌਜੂਦਗੀ ਕਈ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ।

# ਅਮਰੀਕਾ ਵਿਚ ਦੋਹਰੇ ਕਤਲਕਾਂਡ ਦੇ ਦੋਸ਼ੀ ਬਰੀਅਨ ਡੋਰਸੀ ਨੂੰ ਲਾਇਆ ਜ਼ਹਿਰ ਦਾ ਟੀਕਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਮਿਸੂਰੀ ਰਾਜ ਵਿਚ 2006 ਵਿਚ ਹੋਏ ਦੋਹਰੇਕਤਲ ਕਾਂਡ ਦੇ ਦੋਸ਼ੀ ਬਰੀਅਨ ਡੋਰਸੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦਿੱਤੀ ਗਈ। ਜੇਲ ਦੇ 70 ਤੋਂ ਵਧ ਅਫਸਰਾਂ ਵੱਲੋਂ ਜੇਲ ਵਿਚ ਉਸ ਦੇ ਚੰਗੇ ਵਿਵਹਾਰ ਨੂੰ ਦੇਖਦੇ ਹੋਏ ਉਸ ਦਾ ਜੀਵਨ ਬਖਸ਼ ਦੇਣ ਦੀ ਕੀਤੀ ਅਪੀਲ ਰਾਜ ਦੇ ਰਿਪਬਲੀਕਨ ਗਵਰਨਰ ਵੱਲੋਂ ਰੱਦ ਕਰ ਦੇਣ ਉਪਰੰਤ ਉਸ ਨੂੰ ਬੀਤੇ ਦਿਨ ਸ਼ਾਮ 6.11 ਵਜੇ ਸਦਾ ਦੀ ਨੀਂਦ ਸੁਆ ਦਿੱਤਾ ਗਿਆ। ਇਹ ਜਾਣਕਾਰੀ ਮਿਸੂਰੀ ਜੇਲ ਵਿਭਾਗ ਨੇ ਦਿੱਤੀ ਹੈ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਡੋਰਸੀ ਦੀ ਮੌਤ ਦੀ ਸਜ਼ਾ ਉਪਰ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਸੀ। ਫਾਂਸੀ ਤੋਂ ਪਹਿਲਾਂ ਆਪਣੇ ਆਖਰੀ ਬਿਆਨ ਵਿਚ ਡੋਰਸੀ ਨੇ ਆਪਣੇ ਸਮਰਥਕਾਂ ਦਾ ਧੰਨਵਾਦ ਕੀਤਾ ਤੇ ਮ੍ਰਿਤਕਾਂ ਸਾਰਾਹ ਬੋਨੀ ਤੇ ਬੈਨਜਾਮਿਨ ਬੋਨੀ ਦੇ ਪਰਿਵਾਰ ਤੋਂ ਮੁਆਫੀ ਮੰਗੀ। ਡੋਰਸੀ ਨੂੰ ਆਪਣੀ ਭਤੀਜੀ ਸਾਰਾਹ ਬੋਨੀ ਤੇ ਉਸ ਦੇ ਪਤੀ ਬੈਨਜਾਮਿਨ ਦੀ ਹਤਿਆ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।

# ਅਮਰੀਕਾ ਵਿਚ ਲਾਪਤਾ ਭਾਰਤੀ ਵਿਦਿਆਰਥੀ ਦੀ ਮਿਲੀ ਲਾਸ਼ * ਭਾਰਤ ਵਿਚ ਫੋਨ ਕਰਕੇ ਮੰਗੀ ਗਈ ਸੀ ਫਿਰੌਤੀ



ਮੁਹੰਮਦ ਅਬਦੁਲ ਅਰਫਾਤ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੀ ਕਲੀਵਲੈਂਡ ਯੁਨੀਵਰਸਿਟੀ ਵਿਚ ਇਨਫਰਮੇਸ਼ਨ ਟੈਕਨਾਲੋਜੀ ਵਿਚ ਮਾਸਟਰ ਡਿਗਰੀ ਕਰ ਰਹੇ 21 ਸਾਲਾ ਭਾਰਤੀ ਵਿਦਿਆਰਥੀ ਮੁਹੰਮਦ ਅਬਦੁਲ ਅਰਫਾਤ ਜੋ ਪਿਛਲੇ ਮਹੀਨੇ ਤੋਂ ਲਾਪਤਾ ਸੀ, ਦੀ ਲਾਸ਼ ਮਿਲਣ ਦੀ ਖਬਰ ਹੈ। ਉਹ ਪਿਛਲੇ ਮਹੀਨੇ 7 ਮਾਰਚ ਤੋਂ ਆਪਣੇ ਪਰਿਵਾਰ ਦੇ ਸੰਪਰਕ ਵਿਚ ਨਹੀਂ ਸੀ ਤੇ ਉਸ ਨੂੰ ਛੱਡਣ ਬਦਲੇ ਭਾਰਤ ਵਿਚ ਉਸ ਦੇ ਪਰਿਵਾਰ ਤੋਂ ਫਿਰੌਤੀ ਮੰਗੀ ਸੀ। ਭਾਰਤ ਦੇ ਕੌਂਸਲੇਟ ਜਨਰਲ ਨਿਊਯਾਰਕ ਨੇ ਸੋਸ਼ਲ ਮੀਡੀਆ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ''ਸਾਨੂੰ ਇਹ ਸੁਣ ਕੇ ਬਹੁਤ ਅਫਸੋਸ ਹੋਇਆ ਹੈ ਕਿ ਮਿਸਟਰ ਮੁਹੰਮਦ ਅਬਦੁਲ ਅਰਫਾਤ ਜਿਸ ਨੂੰ ਲੱਭਣ ਲਈ ਤਲਾਸ਼ੀ ਮੁਹਿੰਮ ਜਾਰੀ ਸੀ, ਕਲੀਵਲੈਂਡ, ਓਹੀਓ ਵਿਚ ਮ੍ਰਿਤਕ ਹਾਲਤ ਵਿਚ ਮਿਲਿਆ ਹੈ। ਅਸੀਂ ਅਰਫਾਤ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾਂ।'' ਕੌਂਸਲੇਟ ਜਨਰਲ ਨੇ ਕਿਹਾ ਹੈ ਕਿ ਉਹ ਸਥਾਨਕ ਏਜੰਸੀਆਂ ਦੇ ਸੰਪਰਕ ਵਿਚ ਹਨ ਤਾਂ ਜੋ ਅਰਫਾਤ ਦੀ ਮੌਤ ਦੀ ਮੁਕੰਮਲ ਜਾਂਚ ਕਰਵਾਈ ਜਾ ਸਕੇ।

ਉਨਾਂ ਕਿਹਾ ਕਿ ਅਰਫਾਤ ਦੀ ਮ੍ਰਿਤਕ ਦੇਹ ਭਾਰਤ ਭੇਜਣ ਲਈ ਪੀੜਤ ਪਰਿਵਾਰ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਅਰਫਾਤ ਦਾ ਪਰਿਵਾਰ ਜੋ ਹੈਦਰਾਬਾਦ ਨੇੜੇ ਮਲਕਜਗਿਰੀ ਜਿਲੇ ਵਿਚ ਰਹਿੰਦਾ ਹੈ, ਨੂੰ ਆਏ ਫੋਨ 'ਤੇ ਦਾਅਵਾ ਕੀਤਾ ਗਿਆ ਸੀ ਕਿ ਅਰਫਾਤ ਨੂੰ ਡਰੱਗ ਤਸਕਰ ਗਿਰੋਹ ਵੱਲੋਂ ਅਗਵਾ ਕਰ ਲਿਆ ਗਿਆ ਹੈ। ਫੋਨ ਕਰਨ ਵਾਲੇ ਨੇ ਉਸ ਦੀ ਰਿਹਾਈ ਬਦਲੇ 1200 ਡਾਲਰ ਦੀ ਮੰਗ ਕੀਤੀ ਸੀ। ਅਰਫਾਤ ਦੇ ਪਿਤਾ ਮੁਹੰਮਦ ਸਲੀਮ ਨੇ ਕਿਹਾ ਕਿ ਉਸ ਨੂੰ 17 ਮਾਰਚ ਨੂੰ ਆਏ ਫੋਨ 'ਤੇ ਧਮਕੀ ਦਿੱਤੀ ਗਈ ਸੀ ਕਿ ਜੇਕਰ ਪੈਸੇ ਨਾ ਦਿੱਤੇ ਗਏ ਤਾਂ ਅਰਫਾਤ ਦੀਆਂ ਕਿਡਨੀਆਂ ਵੇਚ ਦਿੱਤੀਆਂ ਜਾਣਗੀਆਂ। ਅਰਫਾਤ ਪੜਨ ਲਈ ਮਈ 2023 ਵਿਚ ਅਮਰੀਕਾ ਆਇਆ ਸੀ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਕਾਨੂੰਨੀ ਮਾਮਲਿਆਂ ਵਿੱਚ ਫਸਾਉਣ ਦੀ ਸਾਜ਼ਿਸ਼ ਰਚੀ

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਕਾਨੂੰਨੀ ਮਾਮਲਿਆਂ ਵਿੱਚ ਫਸਾਉਣ ਦੀ ਸਾਜ਼ਿਸ਼ ਰਚੀ ਗਈ ਹੈ, ਪਰ ਸਮੇਂ ਸਿਰ ਇਸ ਸਾਜ਼ਿਸ਼ ਦਾ ਪਰਦਾਫਾਸ਼ ਹੋ ਗਿਆ। ਇਹ ਮਾਮਲਾ ਸਿੱਧੂ ਦੀ ਮਾਤਾ ਅਤੇ ਪਿੰਡ ਮੂਸੇ ਦੀ ਸਰਪੰਚ ਚਰਨ ਕੌਰ ਦੇ ਜਾਅਲੀ ਦਸਤਖਤ ਅਤੇ ਮੋਹਰ ਦੀ ਵਰਤੋਂ ਕਰਕੇ ਪੈਨਸ਼ਨ ਲਗਵਾਉਣ ਨਾਲ ਜੁੜਿਆ ਹੈ। ਸਰਪੰਚ ਦੇ ਪਤੀ ਬਕਲੌਰ ਸਿੰਘ ਦੀ ਸ਼ਿਕਾਇਤ ਤੇ ਮਾਨਸਾ ਦੇ ਥਾਣਾ ਸਿਟੀ 2 ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਫਾਜ਼ਿਲਕਾ ਜ਼ਿਲ੍ਹੇ ਦੇ ਲਾਧੂਕਾ ਵਾਸੀ ਪਰਮਜੀਤ ਕੌਰ ਪਤਨੀ ਵੀਰਪਾਲ ਸਿੰਘ ਦੇ ਆਧਾਰ ਕਾਰਡ ਨਾਲ ਛੇੜਛਾੜ ਕੀਤੀ ਗਈ। ਫੋਟੋ ਬਦਲ ਕੇ ਅੰਗਹੀਣ ਸਰਟੀਫਿਕੇਟ ਭੇਜਿਆ ਗਿਆ। ਜਿਸ ਤੇ ਸਰਪੰਚ ਚਰਨ ਕੌਰ ਦੇ ਜਾਅਲੀ ਦਸਤਖਤ ਅਤੇ ਮੋਹਰ ਸੀ। ਜਦੋਂ ਇਸ ਦਾ ਪਤਾ ਲੱਗਾ ਤਾਂ ਇਸ ਦੀ ਜਾਂਚ ਕੀਤੀ ਗਈ। ਇਸ ਦੌਰਾਨ ਪਤਾ ਲੱਗਾ ਕਿ ਪਿੰਡ ਮੂਸੇ ਵਿੱਚ ਪਰਮਜੀਤ ਕੌਰ ਨਾਂ ਦੀ ਕੋਈ ਔਰਤ ਨਹੀਂ ਸੀ। ਇਸ ਤੋਂ ਬਾਅਦ ਬਲਕੌਰ ਸਿੰਘ ਵੱਲੋਂ ਐਸਪੀ ਮਾਨਸਾ ਨੂੰ ਸ਼ਿਕਾਇਤ ਦਿੱਤੀ ਗਈ। ਇਸ ਤੋਂ ਬਾਅਦ ਪੁਲਸ ਨੇ ਜਾਂਚ ਤੋਂ ਬਾਅਦ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।





I don’t go to Specsavers
They come to me
We’re there for people who are unable to get to a Specsavers store too. See if you’re eligible for a home visit at specsavers.co.uk/HomeVisits
Specsavers
For full details, visit specsavers.co.uk/HomeVisits

# ਗ੍ਰੇਵਜ਼ੈਂਡ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਏ ਗਏ

## ਸਰਬੱਤ ਦਾ ਭਲਾ ਮੰਗਦੀਆਂ ਨਾਮ ਬਾਣੀ ਨਾਲ ਜੁੜੀਆਂ ਹਜ਼ਾਰਾਂ ਸਿੱਖ ਸੰਗਤਾਂ ਨੇ ਕੀਤੀ ਸ਼ਮੂਲੀਅਤ



**ਜਾਰੀ ਕਰਤਾ – ਸਮੂਹ ਪ੍ਰਬੰਧਕ ਕਮੇਟੀ, ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ**

Sri Guru Nanak Darbar Gurdwara, Guru Nanak Marg, Gravesend, DA12 1AG. Tel: 01474 350611 / 01474 534121

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਕਾਸ਼ੀ ਵਿਸ਼ਵਨਾਥ ਮੰਦਿਰ ਵਿਚ ਸੁਰੱਖਿਆ ਕਰਮੀਆਂ ਨੂੰ ਭਗਵੇਂ ਪਹਿਰਾਵੇ ਪਹਿਨਾਏ ਗਏ

**✪ ਸੁਰੱਖਿਆ ਫੋਰਸਾਂ ਦਾ ਤਮਾਸ਼ਾ ਬਣਾਉਣ 'ਤੇ ਪੁਲਿਸ ਕਮਿਸ਼ਨਰ 'ਤੇ ਉੱਠੇ ਸਵਾਲ**

**✪ ਵਿਰੋਧੀ ਧਿਰ ਨੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ, ਪਰ ਕੋਈ ਕਾਰਵਾਈ ਨਹੀਂ**



ਉੱਤਰ ਪ੍ਰਦੇਸ਼ ਦੇ ਬਨਾਰਸ ਵਿਚ ਸਥਿਤ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਰ ਕੰਪਲੈਕਸ ਵਿਖੇ ਪੁਲਸ ਹੁਣ ਤਮਾਸ਼ਾ ਬਣ ਕੇ ਰਹਿ ਗਈ ਹੈ। ਬਨਾਰਸ ਦੀ ਸਰਕਾਰ ਨੇ ਸੁਰੱਖਿਆ ਗਾਰਡਾਂ ਨੂੰ ਖਾਕੀ ਦੀ ਥਾਂ ਭਗਵਾਂ ਪਹਿਰਾਵਾ ਪਹਿਨਾ ਦਿੱਤਾ ਹੈ। ਸਿਰਫ਼ ਪੁਰਸ਼ ਹੀ ਨਹੀਂ ਬਲਕਿ ਔਰਤ ਪੁਲਿਸ ਮੁਲਾਜ਼ਮ ਵੀ ਭਗਵੇਂ ਪਹਿਰਾਵੇ ਵਿੱਚ ਡਿਊਟੀ ਕਰ ਰਹੇ ਹਨ। ਪੁਲਿਸ ਮੁਲਾਜ਼ਮ ਧੋਤੀ-ਕੁਰਤੇ ਵਿੱਚ ਅਤੇ ਔਰਤ ਪੁਲਿਸ ਮੁਲਾਜ਼ਮ ਭਗਵੇਂ ਰੰਗ ਦੇ ਸਲਵਾਰ ਸੂਟ ਵਿੱਚ ਨਜ਼ਰ ਆ ਰਹੇ ਹਨ। ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿੱਚ ਪਹਿਰੇਦਾਰਾਂ ਦਾ ਨਵਾਂ ਡਰੈੱਸ ਕੋਡ ਇਸ ਲਈ ਸੁਰਖੀਆਂ ਵਿੱਚ ਹੈ, ਕਿਉਂਕਿ ਨਾ ਤਾਂ ਚੋਣ ਕਮਿਸ਼ਨ ਨੇ ਅਧਿਕਾਰੀਆਂ ਨੂੰ ਕੋਈ ਨਿਰਦੇਸ਼ ਜਾਰੀ ਕੀਤੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਅਜਿਹਾ ਕਰਨ ਲਈ ਸਰਕਾਰ ਤੋਂ ਕੋਈ ਆਦੇਸ਼ ਮਿਲਿਆ ਹੈ। ਪੁਲਸ ਦੇ ਡਰੈੱਸ ਕੋਡ ਵਿਚ ਜਲਦਬਾਜ਼ੀ ਵਿਚ ਕੀਤੇ ਗਏ ਬਦਲਾਅ 'ਤੇ ਵਿਰੋਧੀ ਧਿਰ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ ਅਤੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਾਵਨ ਅਸਥਾਨ ਤੋਂ ਲੈ ਕੇ ਪੂਰੇ ਕੰਪਲੈਕਸ ਤੱਕ ਪੁਲਿਸ ਮੁਲਾਜ਼ਮ ਪਿਛਲੇ ਦੋ ਦਿਨਾਂ ਤੋਂ ਭਗਵੇਂ ਰੰਗ ਦੇ ਪਹਿਰਾਵੇ ਪਾ ਕੇ ਪੁਜਾਰੀਆਂ ਦੀ ਤਰ੍ਹਾਂ ਡਿਊਟੀ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਬਨਾਰਸ ਦੇ ਪੁਲਸ ਕਮਿਸ਼ਨਰ ਮੋਹਿਤ ਅਗਰਵਾਲ ਦੇ ਨਿਰਦੇਸ਼ਾਂ 'ਤੇ ਕਈ ਪੁਲਸ ਕਰਮਚਾਰੀ ਭਗਵੇਂ ਪਹਿਰਾਵੇ ਵਿਚ ਅਚਾਨਕ ਮੰਦਰ ਪਹੁੰਚ ਗਏ। ਕੁਝ ਪੁਲਸ ਵਾਲੇ ਪਾਵਨ ਅਸਥਾਨ ਵਿਚ ਤਾਇਨਾਤ ਸਨ ਅਤੇ ਕੁਝ ਗੇਟ 'ਤੇ ਡਿਊਟੀ ਕਰਦੇ ਦੇਖੇ ਗਏ।

09 ਅਪ੍ਰੈਲ, 2024 ਨੂੰ, ਪੁਲਿਸ ਕਮਿਸ਼ਨਰ (ਸੀਪੀ) ਮੋਹਿਤ ਅਗਰਵਾਲ ਨੇ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿਖੇ ਸ਼ਰਧਾਲੂਆਂ ਨੂੰ ਨਿਯੰਤਰਿਤ ਕਰਨ ਲਈ ਇੱਕ ਮੀਟਿੰਗ ਬੁਲਾਈ ਸੀ, ਜਿਸ ਵਿੱਚ ਕਿਹਾ ਗਿਆ ਕਿ ਹੁਣ ਭਗਵੇਂ ਪਹਿਰਾਵੇ ਵਿਚ ਪੁਲਿਸ ਮੁਲਾਜ਼ਮ ਸ਼ਰਧਾਲੂਆਂ ਦੀ ਭੀੜ ਨੂੰ ਕੰਟਰੋਲ ਕਰਨਗੇ। ਦਰਸ਼ਨ ਅਤੇ ਪੂਜਾ ਲਈ ਆਏ ਸ਼ਰਧਾਲੂਆਂ ਨੇ ਜਦੋਂ ਸੁਰੱਖਿਆ ਦਸਤਿਆਂ ਨੂੰ ਭਗਵੇਂ ਰੰਗ ਦੀ ਧੋਤੀ-ਕੁਰਤਾ ਅਤੇ ਸਲਵਾਰ-ਕਮੀਜ ਪਹਿਨੇ ਦੇਖਿਆ ਤਾਂ ਉਨ੍ਹਾਂ ਨੇ ਵੀ ਹੈਰਾਨੀ ਪ੍ਰਗਟਾਈ। ਜਦੋਂ ਉਨ੍ਹਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਆਈਆਂ ਤਾਂ ਕੁਝ ਹੀ ਘੰਟਿਆਂ ਵਿਚ ਵਾਇਰਲ ਹੋ ਗਈਆਂ। ਇਸ ਦੌਰਾਨ ਚਰਚਾ ਸ਼ੁਰੂ ਹੋ ਗਈ ਕਿ ਹੁਣ ਮੰਦਰ ਦੇ ਚੌਗਿਰਦੇ ਤੋਂ ਪੁਲਿਸ ਵਾਲਿਆਂ ਨੂੰ ਹਟਾ ਦਿੱਤਾ ਗਿਆ ਹੈ? ਬਾਅਦ ਵਿਚ ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਧੋਤੀ, ਕੁੜਤਾ ਅਤੇ ਸਕਾਰਫ਼ 'ਚ ਮੌਜੂਦ ਭਗਵਾ ਪਹਿਨੇ ਲੋਕ ਪਾਂਡੇ-ਪੁਰੋਹਿਤ ਨਹੀਂ ਸਗੋਂ ਪੁਲਸ ਵਾਲੇ ਸਨ। ਅਚਾਨਕ ਉਨ੍ਹਾਂ ਦਾ ਡਰੈੱਸ ਕੋਡ ਬਦਲ ਦਿੱਤਾ ਗਿਆ ਹੈ।

ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿੱਚ ਪੁਲਿਸ ਮੁਲਾਜ਼ਮਾਂ ਨੂੰ ਭਗਵਾ ਪਹਿਨਾਉਣ ਦੀ ਮੁਹਿੰਮ ਕਈ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਸੀ। ਪੁਲਿਸ ਪ੍ਰਸ਼ਾਸਨ ਨੇ ਮਾਰਚ 2018 ਵਿੱਚ ਫੈਸਲਾ ਕੀਤਾ ਸੀ ਕਿ ਧੋਤੀ ਅਤੇ ਕੁੜਤਾ ਪਹਿਨਣ ਵਾਲੇ ਪੁਲਿਸ ਕਰਮਚਾਰੀ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਾਵਨ ਅਸਥਾਨ ਦੇ ਸੁਰੱਖਿਆ ਪ੍ਰਬੰਧਾਂ ਦੀ ਕਮਾਨ ਸੰਭਾਲਣਗੇ। ਉਸ ਸਮੇਂ ਵੀ ਮੰਦਰ ਦੇ ਪਾਵਨ ਅਸਥਾਨ ਵਿਚ ਤਾਇਨਾਤ ਪੁਲਸ ਕਰਮਚਾਰੀ ਧੋਤੀ ਅਤੇ ਕੁੜਤੇ ਵਿਚ ਡਿਊਟੀ ਕਰਦੇ ਦੇਖੇ ਗਏ ਸਨ। ਉਸ ਸਮੇਂ ਇਹ ਦਲੀਲ ਦਿੱਤੀ ਗਈ ਸੀ ਕਿ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਾਵਨ ਅਸਥਾਨ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਪੁਲਿਸ ਕਰਮਚਾਰੀਆਂ ਦਾ ਡਰੈੱਸ ਕੋਡ ਬਦਲਿਆ ਗਿਆ ਸੀ।

ਸਮਾਜਵਾਦੀ ਪਾਰਟੀ ਦੇ ਬੁਲਾਰੇ ਮਨੋਜ ਰਾਏ ਧੂਪਚੰਡੀ ਨੇ ਪੁਲਿਸ ਦੇ ਨਵੇਂ ਡਰੈੱਸ ਕੋਡ 'ਤੇ ਇਤਰਾਜ਼ ਜਤਾਉਂਦੇ ਹੋਏ ਚੋਣ ਕਮਿਸ਼ਨ ਨੂੰ ਸ਼ਿਕਾਇਤ ਭੇਜੀ ਹੈ। ਉਹ ਕਹਿੰਦੇ ਹਨ ਕਿ ਨਾ ਪੁਲਿਸ ਕਮਿਸ਼ਨਰ ਮੋਹਿਤ ਅਗਰਵਾਲ ਅਤੇ ਨਾ ਹੀ ਮੰਦਰ ਪ੍ਰਸ਼ਾਸਨ ਨੂੰ ਪੁਲਿਸ ਡਰੈੱਸ ਕੋਡ ਨੂੰ ਬਦਲਣ ਦਾ ਅਧਿਕਾਰ ਹੈ। ਚੋਣਾਂ ਦੌਰਾਨ ਭਗਵੇਂ ਪਹਿਰਾਵੇ ਵਿੱਚ ਪੁਲਿਸ ਮੁਲਾਜ਼ਮਾਂ ਦੀ ਤਾਇਨਾਤੀ ਆਦਰਸ਼ ਚੋਣ ਜ਼ਾਬਤੇ ਦੀ ਸ਼ਰੇਆਮ ਉਲੰਘਣਾ ਹੈ। ਵੈਸੇ ਵੀ ਪੁਲਿਸ ਮੁਲਾਜ਼ਮਾਂ ਨੂੰ ਧੋਤੀ, ਕੁੜਤਾ ਜਾਂ ਪਜਾਮਾ ਪਹਿਨਣ ਲਈ ਭਰਤੀ ਨਹੀਂ ਕੀਤਾ ਜਾਂਦਾ। ਪੁਲਿਸ ਕਮਿਸ਼ਨਰ ਨੇ ਮੰਦਰ ਦੇ ਗਾਰਡਾਂ ਦੇ ਵਿਵਹਾਰ ਨੂੰ ਬਦਲਣ ਦੀ ਬਜਾਏ ਉਨ੍ਹਾਂ ਦਾ ਪਹਿਰਾਵਾ ਬਦਲ ਦਿਤਾ।

ਸਪਾ ਦੇ ਬੁਲਾਰੇ ਮਨੋਜ ਨੇ ਵੀ ਕਿਹਾ, "ਬਨਾਰਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੰਸਦੀ ਖੇਤਰ ਹੈ। ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਰ ਦੇ ਅੰਦਰ ਅਤੇ ਬਾਹਰ ਡਿਊਟੀ 'ਤੇ ਭਗਵੇਂ ਪਹਿਰਾਵੇ ਵਿਚ ਸਿਪਾਹੀਆਂ ਨੂੰ ਤਾਇਨਾਤ ਕਰਨਾ ਅਣਉਚਿਤ ਅਤੇ ਗੈਰ-ਕਾਨੂੰਨੀ ਹੈ। ਇਹ ਚੋਣ ਜ਼ਾਬਤੇ ਦੀ ਉਲੰਘਣਾ ਹੈ। ਪੁਲਿਸ ਕਮਿਸ਼ਨਰ ਦਾ ਵਰਤਾਰਾ ਕਾਫੀ ਹੈਰਾਨੀਜਨਕ ਹੈ।"

ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਸਾਬਕਾ ਮਹੰਤ ਰਾਜੇਂਦਰ ਤਿਵਾੜੀ ਨੇ ਵੀ ਭਗਵੇਂ ਪਹਿਰਾਵੇ ਵਿਚ ਸੁਰੱਖਿਆ ਕਰਮਚਾਰੀਆਂ ਦੀ ਤਾਇਨਾਤੀ 'ਤੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ। ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਟਰੱਸਟ ਅਤੇ ਪੁਲਿਸ ਪ੍ਰਸ਼ਾਸਨ ਦੇ ਇਰਾਦਿਆਂ 'ਤੇ ਸਵਾਲ ਉਠਾਉਂਦੇ ਹੋਏ, ਉਹ ਕਹਿੰਦਾ ਹੈ, "ਇਹ ਧਰਮ ਨਾਲ ਬੇਇਨਸਾਫੀ ਹੈ ਅਤੇ ਸੁਰੱਖਿਆ ਨਾਲ ਖਿਲਵਾੜ ਹੈ। ਇਸ ਨਾਲ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇਗੀ।"

ਸਾਬਕਾ ਮਹੰਤ ਰਾਜੇਂਦਰ ਵੀ ਕਹਿੰਦੇ ਹਨ, "ਸਾਨੂੰ ਲੱਗਦਾ ਹੈ ਕਿ ਪੁਲਿਸ ਕਮਿਸ਼ਨਰ ਮੋਹਿਤ ਅਗਰਵਾਲ ਸੱਤਾਧਾਰੀ ਪਾਰਟੀ ਦੇ ਵਰਕਰ ਵਾਂਗ ਕੰਮ ਕਰ ਰਹੇ ਹਨ। ਦੋ ਦਿਨ ਪਹਿਲਾਂ ਮੰਦਰ ਦੇ ਸਾਹਮਣੇ ਇਤਰਾਜ਼ਯੋਗ ਧਾਰਮਿਕ ਨਾਅਰੇਬਾਜ਼ੀ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਆਖ਼ਰ ਉਹ ਕਿਸ ਨੂੰ ਖੁਸ਼ ਕਰਨਾ ਚਾਹੁੰਦੇ ਹਨ ਅਤੇ ਕਿਸ ਦੀਆਂ ਨਜ਼ਰਾਂ ਵਿਚ ਆਪਣਾ ਅਕਸ ਭਗਤ ਵਰਗਾ ਬਣਾਉਣਾ ਚਾਹੁੰਦੇ ਹਨ? ਕੇਂਦਰੀ ਚੋਣ ਕਮਿਸ਼ਨ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਵੇ ਅਤੇ ਇਸ ਨਵੀਂ ਸਰਕਾਰੀ ਭਗਵਾਂ ਪ੍ਰਣਾਲੀ ਠੋਸਣ ਨੂੰ ਤੁਰੰਤ ਖਤਮ ਕਰੇ। ਨਾਲ ਹੀ ਭਾਜਪਾ ਦੇ ਇਸ਼ਾਰੇ 'ਤੇ ਉਨ੍ਹਾਂ ਦੇ ਹੱਕ ਵਿਚ ਹੁਕਮ ਲਾਗੂ ਕਰਨ ਵਾਲੇ ਕਮਿਸ਼ਨਰ ਕੌਸ਼ਲਰਾਜ ਸ਼ਰਮਾ ਜੋ ਕਈ ਸਾਲਾਂ ਤੋਂ ਬਨਾਰਸ ਵਿੱਚ ਤਾਇਨਾਤ ਹਨ ,ਨੂੰ ਤਬਦੀਲ ਕੀਤਾ ਜਾਵੇ। ਆਖਿਰ ਕੀ ਕਾਰਨ ਹੈ ਕਿ ਚੋਣ ਕਮਿਸ਼ਨ ਨੇ ਅੱਜ ਤੱਕ ਉਨ੍ਹਾਂ ਦਾ ਤਬਾਦਲਾ ਨਹੀਂ ਕੀਤਾ? ਸਾਨੂੰ ਲੱਗਦਾ ਹੈ ਕਿ ਕਮਿਸ਼ਨ ਵਿਚ ਬੈਠੇ ਅਧਿਕਾਰੀ ਨਿਰਪੱਖ ਨਹੀਂ ਹਨ, ਨਹੀਂ ਤਾਂ ਬਨਾਰਸ ਵਿਚ ਡਰੈੱਸ ਕੋਡ ਦੀ ਖੇਡ ਬਿਲਕੁਲ ਨਾ ਹੁੰਦੀ।

ਕਾਸ਼ੀ ਜਰਨਲਿਸਟ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਪ੍ਰਦੀਪ ਸ਼੍ਰੀਵਾਸਤਵ ਨੇ ਪੁਲਿਸ ਦੇ ਨਵੇਂ ਡਰੈੱਸ ਕੋਡ 'ਤੇ ਵੱਡਾ ਸਵਾਲ ਖੜ੍ਹਾ ਕੀਤਾ ਹੈ। ਉਹ ਕਹਿੰਦਾ ਹੈ ਕਿ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਰ ਸਰਕਾਰ ਦੁਆਰਾ ਚਲਾਇਆ ਜਾਂਦਾ ਹੈ। ਇਹ ਕੋਈ ਪ੍ਰਾਈਵੇਟ ਕੰਪਨੀ ਨਹੀਂ ਹੈ ਜੋ ਬਾਊਂਸਰਾਂ ਨੂੰ ਤਾਇਨਾਤ ਕਰਦੀ ਹੈ ਅਤੇ ਉਨ੍ਹਾਂ ਨੂੰ ਕੋਈ ਵੀ ਪਹਿਰਾਵਾ ਪਹਿਨਾਉਂਦੀ ਹੈ ਫ਼ੋਰਸ ਦਾ ਮਜ਼ਾਕ ਉਡਾਉਣਾ ਠੀਕ ਨਹੀਂ ਹੈ। ਲੋਕ ਸਭਾ ਚੋਣਾਂ ਦੇ ਸਮੇਂ ਜਦੋਂ ਸਰਕਾਰ ਦੀਆਂ ਸਾਰੀਆਂ ਸ਼ਕਤੀਆਂ ਚੋਣ ਕਮਿਸ਼ਨ ਨੂੰ ਸੌਂਪੀਆਂ ਗਈਆਂ ਹਨ, ਤਾਂ ਬਨਾਰਸ ਦੇ ਪੁਲਿਸ ਕਮਿਸ਼ਨਰ ਮੋਹਿਤ ਅਗਰਵਾਲ ਨੇ ਇਹ ਮਨਮਾਨੀ ਕਿਉਂ ਅਤੇ ਕਿਵੇਂ ਕੀਤੀ? ਚੋਣਾਂ ਦੌਰਾਨ ਪੁਲਿਸ ਵਾਲਿਆਂ ਨੂੰ ਭਗਵਾ ਪਹਿਨਣ ਦਾ ਅਧਿਕਾਰ ਕਿਸਨੇ ਦਿੱਤਾ? ਡਰੈੱਸ ਕੋਡ ਨੂੰ ਬਦਲਣਾ ਗੈਰ-ਸੰਵਿਧਾਨਕ ਹੈ। ਚੋਣ ਕਮਿਸ਼ਨ ਨੂੰ ਮਨਮਾਨੀ ਕਰਨ ਵਾਲੇ ਪੁਲਿਸ ਅਧਿਕਾਰੀਆਂ ਤੋਂ ਸਪੱਸ਼ਟੀਕਰਨ ਮੰਗਣਾ ਚਾਹੀਦਾ ਹੈ ਅਤੇ ਸਖ਼ਤ ਕਾਰਵਾਈ ਵੀ ਕਰਨੀ ਚਾਹੀਦੀ ਹੈ।

ਪੰਜਾਬ ਟਾਈਮਜ਼ ਅਨੁਸਾਰ ਕੁਝ ਸਾਲ ਪਹਿਲਾਂ ਯੂਪੀ ਦੇ ਤਤਕਾਲੀ ਸੈਰ-ਸਪਾਟਾ ਅਤੇ ਚੈਰੀਟੇਬਲ ਮਾਮਲਿਆਂ ਦੇ ਰਾਜ ਮੰਤਰੀ ਡਾ: ਨੀਲਕੰਠ ਤਿਵਾੜੀ ਦੀ ਪ੍ਰਧਾਨਗੀ ਹੇਠ ਮੰਦਿਰ ਪ੍ਰਸ਼ਾਸਨ ਅਤੇ ਕਾਸ਼ੀ ਵਿਦਵਤ ਪ੍ਰੀਸ਼ਦ ਦੇ ਵਿਦਵਾਨਾਂ ਦੀ ਇੱਕ ਮੀਟਿੰਗ ਤੋਂ ਬਾਅਦ ਉਜੈਨ ਦੇ ਮਹਾਕਾਲ ਮੰਦਿਰ ਦੀ ਤਰਜ਼ 'ਤੇ ਬਨਾਰਸ ਦੇ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਾਵਨ ਅਸਥਾਨ 'ਤੇ ਪਹਿਰਾਵਾ ਕੋਡ ਲਾਗੂ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ। ਉਸ ਸਮੇਂ ਇਹ ਫੈਸਲਾ ਕੀਤਾ ਗਿਆ ਸੀ ਕਿ ਮੰਦਰ ਦੇ ਦਰਸ਼ਨਾਂ ਲਈ ਪੁਰਸ਼ਾਂ ਨੂੰ ਧੋਤੀ-ਕੁਰਤਾ ਅਤੇ ਔਰਤਾਂ ਨੂੰ ਸਾੜ੍ਹੀ ਪਹਿਨਣੀ ਪਵੇਗੀ।

ਕੋਈ ਵੀ ਵਿਅਕਤੀ 'ਜੀਨਸ, ਪੈਂਟ, ਕਮੀਜ਼, ਸੂਟ, ਟਾਈ ਕੋਟ' ਪਾ ਕੇ ਮੰਦਰ ਵਿਚ ਦਾਖਲ ਨਹੀਂ ਹੋ ਸਕੇਗਾ। ਸ਼ਰਧਾਲੂਆਂ ਦੇ ਸਖ਼ਤ ਵਿਰੋਧ ਕਾਰਨ ਮੰਦਰ ਪ੍ਰਸ਼ਾਸਨ ਦੀ ਇਹ ਯੋਜਨਾ ਵੀ ਫੇਲ੍ਹ ਹੋ ਗਈ।

# ਨਿਊਯਾਰਕ ਸਟੇਟ ਅਸੈਂਬਲੀ ਵਿੱਚ ਅਲਬਨੀ ਵਿਖੇ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ-ਟਰਾਂਸ ਨੈਸ਼ਨਲ ਰਿਪਰੈਸ਼ਨ ਦਾ ਮੁੱਦਾ ਵੀ ਜ਼ੋਰ ਸ਼ੋਰ ਨਾਲ ਚੁੱਕਿਆ ਗਿਆ






ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)-ਅੱਜ ਨਿਊਯਾਰਕ ਸਟੇਟ ਦੀ ਅਸੈਂਬਲੀ ਵਿੱਚ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਕ ਬਹੁਤ ਹੀ ਪ੍ਰਭਾਵਸ਼ਾਲੀ ਪ੍ਰੋਗਰਾਮ ਕੀਤਾ ਗਿਆ। ਇਸ ਸਮਾਗਮ ਦੀ ਮੇਜ਼ਬਾਨੀ ਕਰਨ ਵਿੱਚ ਖਾਸ ਤੌਰ ਤੇ ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ (ਡਿਸਟ੍ਰਿਕਟ 36), ਅਤੇ ਉੱਨਾਂ ਦੇ ਨਾਲ ਹੋਰ ਅਸੈਂਬਲੀ-ਮੈਂਬਰ ਗਰੇਸ ਲੀ (ਡਿਸਟ੍ਰਿਕਟ 65), ਖਲੀਲ ਐਂਡਰਸਨ (ਡਿਸਟ੍ਰਿਕਟ 31), ਸਟੀਵਨ ਰਾਗਾ (ਡਿਸਟ੍ਰਿਕਟ 30), ਜੈਫਰੀਅਨ ਔਰਬੀ (ਡਿਸਟ੍ਰਿਕਟ 35), ਜੈਸੀਕਾ ਗੌਨਜਾਲੇਜ (ਡਿਸਟ੍ਰਿਕਟ 34), ਕੈਟਲੀਨਾ ਕਰੂਜ (ਡਿਸਟ੍ਰਿਕਟ 39) ਸ਼ਾਮਲ ਸਨ। ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿੱਚ ਜਿਵੇਂ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਅਤੇ ਅਪ੍ਰੈਲ ਨੂੰ "ਸਿੱਖ ਐਪਰੀਸੀਏਸ਼ਨ ਅਤੇ ਅਵੇਅਰਨੈਸ ਮੰਥ" ਵਜੋਂ ਮਨਾਇਆ ਜਾਂਦਾ ਹੈ।

ਉਸੇ ਤਰਾਂ ਹੀ ਨਿਊਯਾਰਕ ਸਟੇਟ ਦੀ ਅਸੈਂਬਲੀ ਵਿੱਚ ਵਿਸਾਖੀ ਨੂੰ ਸਮਰਪਿਤ ਇਹ ਪ੍ਰੋਗਰਾਮ ਕੀਤਾ ਗਿਆ, ਜਿੱਥੇ ਕਿ ਵਰਲਡ ਸਿੱਖ ਪਾਰਲੀਮੈਂਟ ਵੱਲੋਂ 2015 ਵਿੱਚ ਹੋਏ ਸਰਬੱਤ ਖਾਲਸਾ ਦੇ ਮਤੇ, ਅਤੇ ਜਥੇਦਾਰ ਭਾਈ ਜਗਤਾਰ ਸਿੰਘ ਜੀ ਹਵਾਰਾ ਦੇ ਹੁਕਮਾਂ ਅਨੁਸਾਰ ਹੋਂਦ ਵਿੱਚ ਆਉਣ ਤੋਂ ਬਾਅਦ ਚੱਲ ਰਹੇ ਕੰਮਾਂ ਦੀ ਰੱਜਵੀਂ ਸ਼ਲਾਘਾ ਕੀਤੀ ਗਈ। ਜਿਸ ਤਰਾਂ ਕਿ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਕੋਵਿਡ-19 ਦੇ ਸਮੇਂ ਨਿਊਯਾਰਕ ਤੇ ਹੋਰ ਥਾਵਾਂ ਤੇ ਲੱਖਾਂ ਹੀ ਲੋਕਾਂ ਨੂੰ ਭੋਜਨ ਪਹੁੰਚਾਇਆ ਗਿਆ। ਪੰਜਾਬ ਵਿੱਚ 2019 ਵਿੱਚ ਆਏ ਹੜਾਂ ਤੋ ਬਾਅਦ ਕੀਤੀ ਮਦਦ, ਅਤੇ ਯੂਕਰੇਨ ਵਿੱਚ ਚੱਲ ਰਹੇ ਮੌਜੂਦਾ ਸੰਕਟ ਦੇ ਸਮੇ ਯੂਨਾਈਟਡ ਸਿਖਸ ਨਾਲ ਰਲ ਕੇ ਰਾਹਤ ਕਾਰਜ ਕੀਤੇ ਗਏ। ਇਸ ਤੋਂ ਇਲ-ਾਵਾ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸਿੱਖਿਆ, ਮਨੁੱਖੀ ਅਧਿਕਾਰਾਂ ਹੋਰ ਚੱਲ ਰਹੇ ਕੰਮਾਂ ਦਾ ਵੀ ਅਸੈਬਲੀ ਦੇ ਪਰੋਕਲੇਮੇਸ਼ਨ (ਘੋਸ਼ਣਾ ਪੱਤਰ) ਵਿੱਚ ਜ਼ਿਕਰ ਕੀਤਾ ਗਿਆ।

ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ ਨੇ ਹੋਰ ਅਸੈਂਬਲੀ-ਮੈਂਬਰਾਂ ਦੇ ਸਹਿਯੋਗ ਨਾਲ ਪਿਛਲੇ ਸਮੇਂ ਤੋਂ ਟਰਾਂਸ ਨੈਸ਼ਨਲ ਰਿਪਰੈਸ਼ਨ ਦੇ ਮੁੱਦੇ ਨੂੰ ਵੀ ਜ਼ੋਰ ਨਾਲ ਚੁੱਕਿਆ ਜਾ ਰਿਹਾ ਹੈ, ਜਿਸ ਤਹਿਤ ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਸਿੱਖ ਆਗੂਆਂ ਭਾਈ ਹਰਦੀਪ ਸਿੰਘ ਨਿਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ ਦੇ ਕਤਲ ਕਰਨ ਅਤੇ ਨਾਲ ਹੀ ਵਕੀਲ ਗੁਰਪਤਵੰਤ ਸਿੰਘ ਪੰਨੂ ਤੇ ਹੋਰ ਵੀ ਆਗੂਆਂ ਕਤਲਾਂ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਪਰਦਾਫਾਸ਼ ਹੋਇਆ ਸੀ। ਉਸ ਤੋਂ ਬਾਅਦ

ਇਹਨਾਂ ਅਸੈਂਬਲੀ-ਮੈਂਬਰਾਂ ਵੱਲੋਂ ਸਟੇਟ ਅਸੈਂਬਲੀ ਤੋਂ ਲੈ ਕੇ ਗਵਰਨਰ ਅਤੇ ਪ੍ਰੈਜ਼ੀਡੈਂਟ ਤੱਕ ਇਸ ਮਸਲੇ ਨੂੰ ਪੁਚਾਉਣ ਵਿੱਚ ਅਹਿਮ ਰੋਲ ਨਿਭਾਇਆ ਜਾ ਰਿਹਾ ਹੈ।

ਪ੍ਰੋਗਰਾਮ ਵਿੱਚ ਸ਼ਾਮਲ ਨੁਮਾਇੰਦਿਆਂ ਵਿੱਚ ਕੋਆਰਡੀਨੇਟਰ ਸ. ਹਿੰਮਤ ਸਿੰਘ, ਸੈਲਫ ਡਿਟਰਮੀਨੇਸ਼ਨ ਕਾਊਂਸਿਲ ਦੇ ਸ. ਬਲਜਿੰਦਰ ਸਿੰਘ, ਸ. ਮੱਖਣ ਸਿੰਘ ਰੌਚੈਸਟਰ, ਸ. ਸੁਖਜਿੰਦਰ ਸਿੰਘ ਬਾਜਵਾ, ਸ. ਬਲਜੀਤ ਸਿੰਘ, ਸ. ਚਰਨਜੀਤ ਸਿੰਘ ਸਮਰਾ, ਸ. ਵਰਿੰਦਰ ਸਿੰਘ ਵਿਕੀ, ਬੀਬੀ ਜਸਲੀਨ ਕੌਰ, ਸ. ਮਨਵੀਰ ਸਿੰਘ, ਸ. ਜਗਪ੍ਰੀਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਸਟਾਕਟਨ ਕੈਲੀਫੋਰਨੀਆ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ





## ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਫੌਂਦੀ (ਲਾਤੀਨਾ) ਵਿਖੇ ਕਰਵਾਇਆ ਗਿਆ ਅੰਮ੍ਰਿਤ ਸੰਚਾਰ , ਖੰਡੇ ਵਾਟੇ ਦਾ ਪਾਹੁਲ ਛੱਕ ਕੇ 26 ਪ੍ਰਾਣੀ ਲੱਗੇ ਗੁਰੂ ਦੇ ਲੜ

ਰੋਮ ਇਟਲੀ(ਗੁਰਸ਼ਰਨ ਸਿੰਘ ਸੋਨੀ) ਲਾਸੀਓ ਸੂਬੇ ਦੇ ਜ਼ਿਲ੍ਹਾ ਲਾਤੀਨਾ ਦੇ ਪ੍ਰਸਿੱਧ ਸ਼ਹਿਰ ਫੌਂਦੀ ਵਿਖੇ ਸਥਿਤ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਵਲੋ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਗੁਰਦੁਆਰਾ ਸਾਹਿਬ ਵਿਖੇ ਇਲਾਹੀ ਬਾਣੀ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ। ਇਸ ਮੌਕੇ ਵਿਸ਼ੇਸ ਤੌਰ ਤੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਜਿਸ ਵਿੱਚ 26 ਪ੍ਰਾਣੀਆਂ ਵਲੋ ਖੰਡੇ ਵਾਟੇ ਦਾ ਪਾਹੁਲ ਛੱਕ ਕੇ ਗੁਰੂ ਦੇ ਲੜ ਲੱਗ ਕੇ ਖੁਸੀਆਂ ਪ੍ਰਾਪਤ ਕੀਤੀਆ। ਇਸ ਮੌਕੇ ਪ੍ਰਾਣੀਆਂ ਨੂੰ ਕਮੇਟੀ ਵਲੋ ਕਕਾਰ ਵੀ ਭੇਂਟ ਕੀਤੇ ਗਏ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਇਸ ਸਮਾਗਮ ਵਿੱਚ ਹਾਜਰੀਆਂ ਭਰਨ ਵਾਲੀਆ ਸੰਗਤਾਂ ਦਾ ਧੰਨਵਾਦ ਕੀਤਾ। ਸੰਗਤਾਂ ਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਪ੍ਰਬੰਧਕਾਂ ਵਲੋ ਅੰਮ੍ਰਿਤ ਛੱਕਣ ਵਾਲੇ ਪ੍ਰਾਣੀਆਂ ਨੂੰ ਗੁਰੂ ਘਰ ਦੀ ਬਖਸ਼ਿਸ ਸਿਰਪਾਓ ਦੇ ਕੇ ਸਨਮਾਨ ਕੀਤਾ ਗਿਆ।



# ਬਾਲੀਵੁੱਡ ਵਿਚ ਸਰਦਾਰ ਪਾਤਰ ਪ੍ਰਤੀ ਫਿਰਕਾਪ੍ਰਸਤੀ ਕਿਉਂ ?

// ਰਾਬਿੰਦਰ ਸਿੰਘ //



ਬਾਲੀਵੁੱਡ ਤੋਂ ਇਲਾਵਾ ਹਾਲੀਵੁੱਡ ਵਿਚ ਵੀ ਦਸਤਾਰ ਵਾਲੇ ਪਾਤਰ ਨਜ਼ਰੀਂ ਪਏ। ਬਹੁਤ ਸਾਰਿਆਂ ਨੇ ਸਰਦਾਰ ਪਾਤਰ ਵਾਲੀਆਂ ਫ਼ਿਲਮਾਂ ਵਿਚ ਉਨ੍ਹਾਂ ਦੀ ਸੂਰਮਗਤੀ, ਕੰਮ ਕਰਨ ਦੀ ਭਾਵਨਾ, ਦੇਸ਼ ਪਿਆਰ ਅਤੇ ਵੈਰੀ ਦੇ ਛੱਕੇ ਛੁਡਾਉਣ ਵਾਲੇ ਕਿੱਸੇ ਦੇਖੇ ਪਰ ਬਹੁਤ ਫ਼ਿਲਮਕਾਰਾਂ ਨੇ ਸਰਦਾਰ ਪਾਤਰ ਨੂੰ ਬੜੇ ਹਲਕੇ ਢੰਗ ਨਾਲ ਵੀ ਲਿਆ।

ਜੌਹਨ ਗਲੇਨ ਦੀ ਫ਼ਿਲਮ 'ਔਕਟੋਪਸੀ' (1983) ਵਿਚ ਕਬੀਰ ਬੇਦੀ (ਗੋਬਿੰਦਾ) ਇਕ ਅਹਿਮ ਕਿਰਦਾਰ ਨਿਭਾਉਂਦਾ ਦਿਖਾਈ ਦਿੰਦਾ ਹੈ। ਆਪਣੀ ਤਲਵਾਰ ਨਾਲ ਉਹ ਦੁਸ਼ਮਣ ਦੇ ਛੱਕੇ ਛੁਡਾ ਦਿੰਦਾ ਹੈ। ਇਸੇ ਤਰ੍ਹਾਂ ਇਸਾਬੇਲ ਕੋਇਕਸੈਟ ਦੀ ਫ਼ਿਲਮ 'ਲਰਨਿੰਗ ਟੂ ਡਰਾਈਵ' (2014) ਵਿਚ ਬੇਨ ਕਿੰਗਸਲੇ (ਦਰਵਾਨ ਸਿੰਘ ਤੂਰ) ਹੈ, ਜੋ ਕਿ ਸਿੱਖ ਡਰਾਈਵਰ ਹੈ ਅਤੇ ਫ਼ਿਲਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਲਾਵਾਂ, ਅਤੇ ਹੋਰ ਸਰਦਾਰ ਪਾਤਰ ਦਿਖਾਈ ਦਿੰਦੇ ਹਨ। ਇਸ ਤੋਂ ਇਲਾਵਾ ਪੌਲ ਵਰਹੋਵੇਨ ਦੀ ਫ਼ਿਲਮ 'ਰੋਬੋਕੌਪ' (1987) ਵਿਚ ਵੀ ਸਰਦਾਰ ਪਾਤਰ ਦਿਖਾਈ ਦਿੰਦਾ ਹੈ। ਇਸ ਦਾ ਭਾਵ ਹੈ ਕਿ ਸਰਦਾਰ ਪਾਤਰ ਹਾਲੀਵੁੱਡ ਵਿਚ ਵੀ ਆਪਣੀ ਹੋਂਦ ਰੱਖਦੇ ਹਨ।

ਆਮ ਤੌਰ ਉੱਤੇ ਸਾਡੇ ਦੱਖਣੀ ਜਾਂ ਪੂਰਬੀ ਭਾਰਤੀਆਂ ਨੂੰ ਇਹ ਲਗਦਾ ਹੈ ਕਿ ਸਾਰੇ ਸਰਦਾਰ ਇਕ ਜਿਹੇ ਹੀ ਹੁੰਦੇ ਹਨ। ਇਸ ਗੱਲ ਨੂੰ ਮੂਹਰੇ ਰੱਖ ਕੇ ਕੋਈ ਵੀ ਕਿਰਦਾਰ ਜੇ ਉਸ ਨੇ ਭੇਸ ਬਦਲਣਾ ਹੋਵੇ, ਤਾਂ ਉਹ ਸਰਦਾਰ ਬਣ ਜਾਂਦੇ ਸਨ ਅਤੇ ਨਾਇਕ/ਖਲਨਾਇਕ/ਸਕੇ/ਸੰਬੰਧੀ ਨੂੰ ਇਸ ਬਦਲਵੇਂ ਭੇਸ ਵਿਚ ਧੋਖਾ ਦੇਣ ਵਿਚ ਸਫ਼ਲ ਹੋ ਜਾਂਦੇ ਹਨ। ਜਿਵੇਂ ਸੱਤਿਅਨ ਬੋਸ ਦੀ ਫ਼ਿਲਮ 'ਜੀਵਨ ਮ੍ਰਿਤੂ' (1970) ਵਿਚ ਧਰਮਿੰਦਰ (ਬਿਕਰਮ ਸ਼ੇਰ ਸਿੰਘ) ਭੇਸ ਬਦਲ ਕੇ ਗੁੰਡਿਆਂ ਦਾ ਖ਼ਾਤਮਾ ਕਰਦਾ ਹੈ ਅਤੇ ਰਾਮਾਨੰਦ ਸਾਗਰ ਦੀ ਫ਼ਿਲਮ 'ਚਰਸ' (1976) ਵਿਚ ਧਰਮਿੰਦਰ (ਸੂਰਜ) ਭੇਸ ਬਦਲ ਕੇ ਸਮਗਲਰਾਂ ਨੂੰ ਧੋਖਾ ਦਿੰਦਾ ਹੈ।


'ਸੁਹਾਗ' (ਮਨਮੋਹਨ ਦੇਸਾਈ 1979) ਵਿਚ ਅਮਿਤਾਭ ਬਚਨ ਸਰਦਾਰ ਦਾ ਭੇਸ ਬਦਲ ਕੇ ਗੀਤ ਗਾਉਂਦਾ ਹੈ, 'ਤੇਰੀ ਰੱਬ ਨੇ ਬਨਾ ਦੀ ਜੋੜੀ', 'ਸ਼ਾਲੀਮਾਰ' (ਕ੍ਰਿਸ਼ਨਾ ਸ਼ਾਹ, 1978) ਵਿਚ ਧਰਮਿੰਦਰ ਰਾਜਾ ਬਹਾਦਰ ਸਿੰਘ ਦਾ ਭੇਸ ਧਾਰਦਾ ਹੈ। 'ਗਹਿਰੀ ਚੋਟ' (ਅੰਬਰੀਸ਼ ਸੰਗਲ 1983) ਵਿਚ ਪ੍ਰਵੀਨ ਬਾਬੀ ਸਰਦਾਰ ਬਣ ਕੇ ਰਾਜ ਬੱਬਰ ਨੂੰ ਧੋਖਾ ਦਿੰਦੀ ਹੈ। ਅਜੈ ਕਸ਼ਿਅਪ ਦੀ ਦੋ ਕੈਦੀ (1989) ਵਿਚ ਫਰਹਾ ਆਪਣੀ ਭੈਣ ਨੀਲਮ ਨੂੰ ਲੱਭਣ ਲਈ ਪ੍ਰੇਮ ਸਿੰਘ ਬਨਦੀ ਹੈ। ਡੇਵਿਡ ਧਵਨ ਦੀ ਫ਼ਿਲਮ 'ਬੀਵੀ ਨੰਬਰ ਵੰਨ' (1991) ਵਿਚ ਅਨਿਲ ਕਪੂਰ (ਲਖਨ ਖੁਰਾਣਾ) ਸਰਦਾਰ ਬਣ ਕੇ ਆਪਣੇ ਦੋਸਤ ਪ੍ਰੇਮ ਨੂੰ ਭੁਲੇਖੇ ਵਿਚ ਰੱਖਦਾ ਹੈ। 'ਗੋਪੀ ਕਿਸ਼ਨ' (ਮੁਕੇਸ਼ ਦੁੱਗਲ 1994) ਵਿਚ ਸੁਨੀਲ ਸ਼ੈਟੀ (ਗੋਪੀ) ਭੇਸ ਬਦਲਦਾ ਹੈ ਪਰ ਫਿਰ ਸੁਨੀਲ ਸ਼ੈਟੀ (ਕਿਸ਼ਨ, ਡਬਲ ਰੋਲ ਹੈ) ਗੋਪੀ ਦੀ ਘਰਵਾਲੀ ਚੰਦਾ ਨੂੰ ਧੋਖਾ ਦਿੰਦਾ ਹੈ। 'ਹੱਦ ਕਰਦੀ ਆਪ ਨੇ' (ਮਨੋਜ ਅਗਰਵਾਲ 2000) ਵਿਚ ਗੋਵਿੰਦਾ (ਰਾਜ ਮਲਹੋਤਰਾ) ਸਰਦਾਰ ਬਣ ਕੇ ਜਹਾਜ਼ ਵਿਚ ਰਾਣੀ ਮੁਖਰਜੀ (ਅੰਜਲੀ ਖੰਨਾ) ਨੂੰ ਧੋਖੇ ਵਿਚ ਰੱਖਦਾ ਹੈ ਅਤੇ ਅੰਤ ਵਿਚ ਰਾਣੀ ਮੁਖਰਜੀ ਸਰਦਾਰ ਬਣ ਕੇ ਗੋਵਿੰਦਾ ਨੂੰ ਧੋਖਾ ਦਿੰਦੀ ਹੈ। ਅਨੀਸ ਬਜ਼ਮੀ ਦੀ ਫ਼ਿਲਮ 'ਨੋ ਪ੍ਰੌਬਲਮ' (2010) ਵਿਚ ਸਰਦਾਰਾਂ ਦਾ ਇਕ ਵਿਸ਼ੇਸ਼ ਸੀਨ ਰੱਖਿਆ ਗਿਆ ਹੈ। ਵਿਸਾਖੀ ਦਾ ਤਿਉਹਾਰ ਹੈ ਅਤੇ ਲਗਪਗ ਸਾਰੇ ਹੀ ਕਲਾਕਾਰ ਭੁਲੇਖਾ ਪਾਉਣ ਲਈ ਸਰਦਾਰ ਬਣ ਜਾਂਦੇ ਹਨ। ਸੰਜੇ ਦੱਤ, ਅਨਿਲ ਕਪੂਰ, ਸ਼ਕਤੀ ਕਪੂਰ, ਸੁਨੀਲ ਸ਼ੈਟੀ, ਪਰੇਸ਼ ਰਾਵਲ, ਰਣਜੀਤ, ਅਕਸ਼ੈ ਖੰਨਾ, ਮੁਕੇਸ਼ ਤਿਵਾੜੀ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੀ ਬੇਟੀ ਸਲੋਨੀ ਵੀ (ਟੁਕ ਟੁਕ)। ਇਕ ਗੀਤ ਵੀ ਸਮੂਹ ਸਰਦਾਰਾਂ ਨੇ ਗਾਇਆ ਹੈ, 'ਕੱਦ ਲੰਬਾ, ਚੌੜੀ ਚੈਸਟ ਚੈਸਟ, ਜਿਹੜਾ ਦੇਖੇ ਬੋਲੇ ਬੈਸਟ ਬੈਸਟ, ਓਏ ਵਾਹ ਵਾਹ ਜੱਟ ਦੀ ਨਵਾਬੀ, ਪੰਜਾਬੀ ਮਸਤ ਪੰਜਾਬੀ'। ਸਮੀਰ ਕਾਰਨਿਕ ਦੀ ਫ਼ਿਲਮ 'ਯਮਲਾ ਪਗਲਾ ਦੀਵਾਨਾ' (2011) ਵਿਚ ਵੀ ਭੇਸ ਬਦਲ ਕੇ ਬਾਬੀ ਦਿਓਲ (ਕਰਮਵੀਰ ਸਿੰਘ ਢਿੱਲੋਂ) ਅਤੇ ਧਰਮਿੰਦਰ (ਧਰਮ ਸਿੰਘ ਢਿੱਲੋਂ) ਇਹ ਕਿਰਦਾਰ ਨਿਭਾਉਂਦੇ ਹਨ। ਸੰਜੀਤ ਸ਼ਰਮਾ ਦੀ ਸਾਤ ਉਚੱਕੇ (2016) ਵਿਚ ਮਨੋਜ ਬਾਜਪਾਈ (ਪੱਪੀ) ਆਪਣੇ ਸਾਥੀਆਂ ਨਾਲ ਭੇਸ ਬਦਲ ਕੇ ਖ਼ਜ਼ਾਨਾ ਲੱਭਣ ਜਾਂਦਾ ਹੈ। ਸ਼ਾਂਤਨੂੰ ਬਾਗਚੀ ਦੀ ਫ਼ਿਲਮ 'ਮਿਸ਼ਨ ਮਜਨੂੰ' (2023) ਵਿਚ ਸਿਧਾਰਥ ਮਲਹੋਤਰਾ (ਅਮਨਦੀਪ ਸਿੰਘ ਅਤੇ ਤਾਰਿਕ) ਰਾਅ ਦਾ ਏਜੰਟ ਹੈ ਅਤੇ ਜਦੋਂ ਉਹ ਲਾਹੌਰ ਤੋਂ ਅੰਮ੍ਰਿਤਸਰ ਆਉਣ ਲਗਦਾ ਹੈ, ਤਾਂ ਉਹ ਸਰਦਾਰ ਦਾ ਭੇਸ ਧਾਰ ਕੇ ਸਭ ਨੂੰ ਧੋਖਾ ਦਿੰਦਾ ਹੈ। ਫ਼ਿਲਮ ਵਿਚ ਹੋਰ ਵੀ ਕਈ ਸਰਦਾਰ ਪਾਤਰ ਹਨ।

ਇਨ੍ਹਾਂ ਫ਼ਿਲਮਾਂ ਨੂੰ ਦੇਖਣ ਤੋਂ ਬਾਅਦ ਪਤਾ ਲਗਦਾ ਹੈ ਕਿ ਇਨ੍ਹਾਂ ਵੱਖ-ਵੱਖ ਫ਼ਿਲਮਾਂ ਵਿਚ ਸਰਦਾਰ ਪਾਤਰ ਦਿਖਾਕੇ ਸਿਖਾਂ ਦਾ ਮਜ਼ਾਕ ਉਡਾਇਆ ਗਿਆ। ਕੁਝ ਫਿਲਮਾਂ ਵਿਚ ਬਹੁਤ ਹੀ ਹਾਸੋ ਹੀਣੇ ਅਤੇ ਊਲ-ਜਲੂਲ ਹਰਕਤਾਂ ਕਰਨ ਵਾਲੇ ਸਰਦਾਰ ਪਾਤਰ ਦਿਖਾਏ ਗਏ।

ਅਜਿਹੇ ਪਾਤਰਾਂ ਵਿਚ ਧਰਮੇਸ਼ ਦਰਸ਼ਨ ਦੀ 'ਰਾਜਾ ਹਿੰਦੁਸਤਾਨੀ' (1996) ਵਿਚ ਜਾਨੀ ਲੀਵਰ (ਬਲਵੰਤ ਸਿੰਘ), ਡੇਵਿਡ ਧਵਨ ਦੀ 'ਬੀਵੀ ਨੰਬਰ 1' (1999) ਵਿਚ ਅਨਿਲ ਕਪੂਰ (ਲਖਨ ਖੁਰਾਣਾ), ਡੇਵਿਡ ਧਵਨ ਦੀ 'ਕੁੰਵਾਰਾ' (2000) ਵਿਚ ਜੌਨੀ ਲੀਵਰ (ਗੋਪਾਲ ਆਹੂਜਾ), ਕੁੱਕੂ ਕੋਹਲੀ ਦੀ ਅਨਾੜੀ ਨੰਬਰ 1 (1999) ਵਿਚ ਜੌਹਨੀ ਲੀਵਰ (ਗੁਲੇਰ ਮਹਿੰਦੀ), ਰਾਜ ਕੰਵਰ ਦੀ 'ਬਾਦਲ' (2000) ਵਿਚ ਜਾਨੀ ਲੀਵਰ (ਗੁਲੇਰ ਮਹਿੰਦੀ), ਪ੍ਰਿਆਦਰਸ਼ਨ ਦੀ 'ਹੇਰਾ ਫੇਰੀ' (2000) ਵਿਚ ਓਮ ਪੁਰੀ (ਖੜਕ ਸਿੰਘ), ਡੇਵਿਡ ਧਵਨ ਦੀ 'ਚੋਰ ਮਚਾਏ ਸ਼ੋਰ' (2002) ਵਿਚ ਸ਼ੇਖਰ ਸੁਮਨ (ਗੁਰੂ) ਅਤੇ ਅਬਾਸ ਮਸਤਾਨ ਦੀ 'ਅਜਨਬੀ' (2001) ਵਿਚ ਨਰਿੰਦਰ ਬੇਦੀ (ਲਖਨਪਾਲ)। ਇਹ ਉਦਾਹਰਨਾਂ ਹਨ, ਅਜਿਹੀਆਂ ਹੋਰ ਵੀ ਬਹੁਤ ਫ਼ਿਲਮਾਂ ਹਨ।

ਅਜਿਹੀਆਂ ਫਿਲਮਾਂ ਬਣਾਉਣ ਵਾਲੇ ਫਿਰਕਾਪ੍ਰਸਤ ਹਨ ਜੋ ਸਿਖਾਂ ਦਾ ਮਜਾਕ ਉਡਾਉਣ ਵਿਚ ਆਪਣੀ ਕਾਮਯਾਬੀ ਸਮਝਦੇ ਹਨ। ਵਿਧੂ ਵਿਨੋਦ ਚੋਪੜਾ ਦੀ ਫ਼ਿਲਮ 'ਮਿਸ਼ਨ ਕਸ਼ਮੀਰ' (2000) ਵਿਚ ਸਰਦਾਰ ਪਾਤਰ ਨੂੰ ਬਹੁਤ ਹੀ ਡਰਪੋਕ ਦਿਖਾਇਆ ਗਿਆ। ਇਸੇ ਤਰ੍ਹਾਂ ਅਪੂਰਵਾ ਲਖੀਆ ਦੀ ਫ਼ਿਲਮ 'ਸ਼ੂਟ ਐਟ ਲੋਖੰਡਵਾਲਾ' (2007) ਵਿਚ ਜੂਨ84 ਘਲੂਘਾਰੇ ਤੋਂ ਬਾਅਦ ਕੁਝ ਸਿੱਖ ਖਾੜਕੂਆਂ ਦੇ ਮੁੰਬਈ ਵਿਚ ਬਣਾਏ ਬੇਸ ਕੈਂਪ ਨੂੰ ਖ਼ਤਮ ਕਰਨ ਅਤੇ ਉਨ੍ਹਾਂ ਦੇ ਮੁਕਾਬਲੇ ਨੂੰ ਦਿਖਾਇਆ ਗਿਆ ਹੈ। ਇਸ ਦੀ ਸਿੱਖ ਸੰਗਠਨਾਂ ਵਲੋਂ ਆਲੋਚਨਾ ਵੀ ਕੀਤੀ ਗਈ ਸੀ ਅਤੇ ਫ਼ਿਲਮ ਨੂੰ ਬੈਨ ਕਰਨ ਦੀ ਮੰਗ ਵੀ ਕੀਤੀ ਗਈ ਸੀ।

# ਗੁਰਦੁਆਰਾ ਕਲਗੀਧਰ ਸਾਹਿਬ ਐਸੋ ਲੈਕੋ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕਰਵਾਇਆ ਗਿਆ ਗੁਰਮਿਤ ਸਮਾਗਮ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਉੱਤਰੀ ਇਟਲੀ ਦੇ ਸੂਬਾ ਲੋਂਬਾਰਦੀਆ ਦੇ ਗੁਰਦੁਆਰਾ ਕਲਗੀਧਰ ਸਾਹਿਬ ਐਸੋ ਲੈਕੋ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਇੱਕ ਵਿਸ਼ਾਲ ਗੁਰਮਿਤ ਸਮਾਗਮ ਕਰਵਾਇਆ ਗਿਆ। ਇਸ ਸੰਬੰਧੀ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਲਾਹੀ ਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ। ਜਿਨ੍ਹਾ ਦੇ ਬੀਤੇ ਐਤਵਾਰ ਸੰਪੂਰਨਤਾ ਦੇ ਨਾਲ ਭੋਗ ਪਾਏ ਗਏ । ਭੋਗ ਉਪਰੰਤ ਭਾਈ ਕਸ਼ਮੀਰ ਸਿੰਘ ਵਲੋ ਕਥਾ ਵਿਚਾਰਾਂ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗ੍ਰੰਥੀ ਸਿੰਘ ਭਾਈ ਸੁੱਖਵੰਤ ਸਿੰਘ ਕੋਲੋ ਕੀਰਤਨ ਦੀ ਸਿੱਖਿਆ ਲੈ ਰਹੇ ਬੱਚਿਆ ਵਲੋ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਇਆ ਗਿਆ। ਉਪਰੰਤ ਪੰਥ ਦੇ ਪ੍ਰਸਿੱਧ ਭਾਈ ਸੁਖਵੀਰ ਸਿੰਘ ਭੌਰ ਦੇ ਢਾਡੀ ਜਥੇ ਵਲੋ ਢਾਡੀ ਵਾਰਾਂ ਨਾਲ ਸੰਗਤਾਂ ਨਿਹਾਲ ਕੀਤਾ ਗਿਆ। ਇਸ ਮੌਕੇ ਸੰਤ ਜਰਨੈਲ ਸਿੰਘ ਗੁਰਮੱਖ ਗੱਤਕਾਂ ਅਕੈਡਮੀ ਦੇ ਸਿੰਘਾਂ ਨਲੋ ਗੱਤਕੇ ਦੇ ਜੌਹਰ ਦਿਖਾਏ ਗਏ। ਸੰਗਤਾਂ ਲਈ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਸਮਾਗਮ ਦੇ ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਸਮਾਗਮ ਵਿੱਚ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਸਨਮਾਨਿਤ ਕੀਤਾ ਗਿਆ।

# ਰੋਪੜ ਦੀ ਤਨਵੀਰ ਕੌਰ ਕੈਨੇਡਾ ਵਿਚ ਪੜ੍ਹਾਈ ਮਗਰੋਂ ਟਰੱਕ ਡਰਾਈਵਰ ਬਣੀ

**✪ ਆਰਥਿਕ ਤੌਰ ਉਪਰ ਮਜਬੂਤ ਹੋਣ ਲਈ ਡਰਾਈਵਰੀ ਦਾ ਕਿੱਤਾ ਚੁਣਿਆ**

**✪ ਕੈਨੇਡਾ ਦੀਆਂ 10 ਖ਼ਤਰਨਾਕ ਨੌਕਰੀਆਂ ਵਿੱਚ ਟਰੱਕ ਡਰਾਈਵਰੀ ਵੀ ਸ਼ਾਮਲ**





ਪੰਜਾਬ ਦੇ ਰੋਪੜ ਤੋਂ ਕੈਨੇਡਾ ਸਟੂਡੈਂਟ ਵੀਜ਼ਾ ਉੱਤੇ ਆਈ ਪਿਛਲੇ ਪੰਜ ਸਾਲਾਂ ਤੋਂ ਡਰਾਈਵਿੰਗ ਕਿੱਤੇ ਵਿੱਚ ਜੁੜੀ ਤਨਵੀਰ ਕੌਰ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਉਸ ਨੇ ਆਪਣਾ ਹੌਸਲਾ ਬੁਲੰਦ ਰੱਖਿਆ। ਤਨਵੀਰ ਨੇ ਐੱਮਏ ਤੱਕ ਦੀ ਪੜ੍ਹਾਈ ਪੰਜਾਬ ਵਿੱਚ ਕੀਤੀ ਸੀ। ਉਹ 2017 ਵਿੱਚ ਪੰਜਾਬ ਤੋਂ ਕੈਨੇਡਾ ਆ ਗਈ ਸੀ। ਜਦੋਂ ਉਸਨੇ ਟਰੱਕ ਡਰਾਈਵਰੀ ਕਿੱਤਾ ਅਪਨਾਉਣ ਬਾਰੇ ਘਰਦਿਆਂ ਨੂੰ ਦੱਸਿਆ ਕਿ ਉਹ ਹੋਟਲ ਦੀ ਨੌਕਰੀ ਛੱਡ ਕੇ ਉਸ ਨੇ ਟਰੱਕ ਦਾ ਲਾਇਸੰਸ ਲੈਣ ਬਾਰੇ ਸੋਚਿਆ ਤਾਂ ਉਨ੍ਹਾਂ ਦੇ ਪਿਤਾ ਨੇ ਅਜਿਹਾ ਕਰਨ ਤੋਂ ਰੋਕਿਆ ਕਿ ਕੁੜੀਆਂ ਲਈ ਇਹ ਕਿੱਤਾ ਠੀਕ ਨਹੀਂ ਹੈ, ਕਿਉਂਕਿ ਇਹ ਪੁਰਸ਼ ਪ੍ਰਧਾਨ ਕਿੱਤਾ ਹੈ ਪਰ ਆਖ਼ਰਕਾਰ ਤਨਵੀਰ ਦੀ ਜ਼ਿੱਦ ਤੋਂ ਬਾਅਦ ਪਿਤਾ ਮੰਨ ਗਏ ਅਤੇ ਟਰੱਕ ਦਾ ਲਾਇਸੰਸ ਲੈਣ ਦੀ ਆਗਿਆ ਦੇ ਦਿੱਤੀ। ਤਨਵੀਰ ਕੌਰ ਦੱਸਦੀ ਹੈ ਕਿ ਕੌਮਾਂਤਰੀ ਵਿਦਿਆਰਥੀ ਦੇ ਤੌਰ ਉੱਤੇ ਉਨ੍ਹਾਂ ਨੇ ਸ਼ੁਰੂ ਵਿੱਚ ਇੱਕ ਹੋਟਲ ਵਿੱਚ ਕੰਮ ਕੀਤਾ। ਉਹ ਦੱਸਦੀ ਹੈ ਕਿ ਜਿਸ ਹੋਟਲ ਵਿੱਚ ਉਹ ਕੰਮ ਕਰਦੀ ਸੀ ਉੱਥੇ ਅਕਸਰ ਟਰੱਕ ਆ ਕੇ ਰੁਕਦੇ ਸਨ, ਇਸ ਕਰਕੇ ਟਰੱਕਾਂ ਨੂੰ ਨੇੜਿਓਂ ਦੇਖਣ ਅਤੇ ਡਰਾਈਵਰਾਂ ਦੀਆਂ ਦਿਲਚਸਪ ਗੱਲਾਂ ਸੁਣਕੇ ਉਸ ਦੀ ਇਸ ਕਿੱਤੇ ਵੱਲ ਖਿੱਚ ਵਧੀ। ਟਰੱਕ ਡਰਾਈਵਰੀ ਕਿੱਤੇ ਵੱਲ ਆਪਣੇ ਝੁਕਾਅ ਬਾਰੇ ਤਨਵੀਰ ਦੱਸਦੀ ਹੈ ਕਿ ਮੇਰੇ ਪਿਤਾ ਟਰੱਕ ਡਰਾਈਵਰ ਸਨ, ਪਹਿਲਾਂ ਸਾਡੇ ਆਪਣੇ ਟਰੱਕ ਸਨ। ਫਿਲਹਾਲ ਤਨਵੀਰ ਕੌਰ ਦੇ ਪਿਤਾ ਰੋਪੜ ਵਿੱਚ ਸਰਕਾਰੀ ਨੌਕਰੀ ਕਰਦੇ ਹਨ।

ਤਨਵੀਰ ਕੌਰ ਦੱਸਦੀ ਹੈ ਕਿ ਉਨ੍ਹਾਂ ਨੂੰ ਸ਼ੁਰੂਆਤ ਵਿੱਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਪਣਾ ਤਜਰਬਾ ਸਾਂਝਾ ਕਰਦਿਆਂ ਉਹ ਦੱਸਦੀ ਹੈ ਕਿ ਸ਼ੁਰੂਆਤ ਵਿੱਚ ਮੈਨੂੰ ਪ੍ਰਵਾਨਗੀ ਨਹੀਂ ਮਿਲੀ ਪਰ ਹੌਲੀ-ਹੌਲੀ ਹੁਣ ਹੋਰ ਕੁੜੀਆਂ ਵੀ ਇਸ ਕਿੱਤੇ ਵਿੱਚ ਆ ਰਹੀਆਂ ਹਨ। ਉਹ ਕਹਿੰਦੀ ਹੈ ਕਿ ਇਸ ਕਿੱਤੇ ਦੇ ਵਿੱਚ ਤੁਸੀਂ ਆਪਣੇ ਬੌਸ ਹੋ। ਉਹ ਦੱਸਦੀ ਹੈ ਕਿ ਮੇਰੇ ਲਈ ਆਮਦਨ ਬਹੁਤ ਮਾਅਨੇ ਰੱਖਦੀ ਸੀ, ਮੈਂ ਚਾਹੁੰਦੀ ਸੀ ਕਿ ਮੈਂ ਛੇਤੀ ਤੋਂ ਛੇਤੀ ਆਰਥਿਕ ਤੌਰ 'ਤੇ ਸਥਿਰ ਹਾਲਤ ਵਿੱਚ ਆਵਾਂ, ਇਹ ਵੀ ਇਸ ਕਿੱਤੇ ਵਿੱਚ ਆਉਣ ਦਾ ਇੱਕ ਕਾਰਨ ਸੀ। ਤਨਵੀਰ ਅਨੁਸਾਰ ਲਾਇਸੰਸ ਲੈਣ ਤੋਂ ਬਾਅਦ ਉਸ ਨੇ ਕਈ ਸਾਲ ਤੱਕ ਕੈਨੇਡਾ ਤੋਂ ਅਮਰੀਕਾ ਸਮਾਨ ਲੈ ਕੇ ਜਾਣ ਦਾ ਪੈਂਡਾ ਤੈਅ ਕੀਤਾ ਹੈ। ਤਨਵੀਰ ਕੌਰ ਮੁਤਾਬਕ ਉਸ ਦੇ ਘਰ ਵਾਲੇ ਤਾਂ ਮੰਨ ਗਏ ਪਰ ਕਈ ਰਿਸ਼ਤੇਦਾਰਾਂ ਨੂੰ ਅਜੇ ਵੀ ਉਸ ਦਾ ਕਿੱਤਾ ਪਸੰਦ ਨਹੀਂ ਹੈ, ਪਰ ਉਹ ਆਪਣੇ ਕਿੱਤੇ ਤੋਂ ਖ਼ੁਸ਼ ਹੈ। ਯਾਦ ਰਹੇ ਕਿ ਕੈਨੇਡਾ ਦੀਆਂ 10 ਖ਼ਤਰਨਾਕ ਨੌਕਰੀਆਂ ਵਿੱਚ ਟਰੱਕ ਡਰਾਈਵਰੀ ਵੀ ਸ਼ਾਮਲ ਹੈ।

ਤਨਵੀਰ ਕੌਰ ਦੱਸਦੀ ਹੈ ਕਿ ਕੈਨੇਡਾ ਦੇ ਟਰੱਕਾਂ ਵਿੱਚ ਬਹੁਤ ਸਾਰੀਆਂ ਸੁਵਿਧਾਵਾਂ ਹੁੰਦੀਆਂ ਹਨ ਇਸ ਕਰਕੇ ਸਫਰ ਦੌਰਾਨ ਟਰੱਕ ਹੀ ਘਰ ਬਣ ਜਾਂਦਾ ਹੈ। ਆਪਣਾ ਇੱਕ ਮੁਸ਼ਕਲ ਭਰਿਆ ਤਜਰਬਾ ਸਾਂਝਾ ਕਰਦਿਆਂ ਉਹ ਦੱਸਦੀ ਹੈ ਕਿ ਮੌਸਮ ਕਰਕੇ ਕਈ ਵਾਰ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਬਰਫ਼ਬਾਰੀ ਸਮੇਂ ਅਕਸਰ ਟਰੱਕ ਤਿਲਕ ਜਾਂਦਾ ਹੈ ਅਤੇ ਬਹੁਤ ਹੀ ਧਿਆਨ ਨਾਲ ਇਸ ਨੂੰ ਚਲਾਉਣਾ ਪੈਂਦਾ ਹੈ ਅਤੇ ਕਈ ਵਾਰ ਛੋਟੀ ਗ਼ਲਤੀ ਵੀ ਕਈ ਬਹੁਤ ਮਹਿੰਗੀ ਪੈ ਜਾਂਦੀ ਹੈ।

ਉਹ ਦਸਦੀ ਹੈ ਕਿ ਇੱਕ ਵਾਰੀ ਮੈਂ ਅਮਰੀਕਾ ਤੋਂ ਕੈਨੇਡਾ ਆ ਰਹੀ ਸੀ, ਡਿਟ੍ਰੋਇਟ ਮਿਸ਼ੀਗਨ ਵਿੱਚ ਬਲੈਕ ਆਈਸ ਹੁੰਦੀ ਹੈ ਉੱਥੇ ਟਰੱਕ ਦੀ ਰਫ਼ਤਾਰ ਮਹਿਜ਼ 15 ਕਿਲੋਮੀਟਰ ਸੀ ਪਰ ਫਿਰ ਵੀ ਬਲੈਕ ਆਈਸ ਕਰਕੇ ਉਨ੍ਹਾਂ ਦਾ ਟਰੱਕ ਸੱਜੇ ਪਾਸੇ ਵੱਲ ਘੁੰਮ ਗਿਆ। ਬਹੁਤ ਮੁਸ਼ਕਲ ਨਾਲ ਮੈਂ ਟਰੱਕ ਸੰਭਾਲਿਆ ਅਤੇ ਮੁੜ ਸੜਕ ਉੱਤੇ ਆਈ। ਤਨਵੀਰ ਦੱਸਦੀ ਹੈ ਕਿ ਅਕਸਰ ਟਰੱਕ ਵਿੱਚ ਉਹ ਇਕੱਲੀ ਹੀ ਹੁੰਦੀ ਹੈ ਇਸ ਕਰਕੇ ਇਨ੍ਹਾਂ ਚੁਣੌਤੀਆਂ ਦਾ ਟਾਕਰਾ ਵੀ ਉਸਨੂੰ ਆਪ ਹੀ ਕਰਨਾ ਪੈਂਦਾ ਹੈ।

ਟਰੱਕ ਡਰਾਈਵਰੀ ਦੇ ਕਿੱਤੇ ਤੋਂ ਹੁੰਦੀ ਆਮਦਨ ਬਾਰੇ ਉਹ ਦੱਸਦੀ ਹਨ ਕਿ ਇੱਕ ਡਰਾਈਵਰ ਔਸਤਨ 5 ਹਜ਼ਾਰ ਡਾਲਰ ਕਮਾ ਸਕਦਾ ਹੈ ਅਤੇ ਜੇਕਰ ਟਰੱਕ ਆਪਣਾ ਹੋਵੇ ਤਾਂ ਇਹ ਰਕਮ ਵੱਧ ਵੀ ਹੋ ਸਕਦੀ ਹੈ।ਉਹ ਦੱਸਦੀ ਹੈ ਕਿ ਸੋਸ਼ਲ ਮੀਡੀਆ ਉੱਤੇ ਵੀਡੀਓਜ਼ ਪਾਉਣ ਦਾ ਮਕਸਦ ਹੋਰ ਕੁੜੀਆਂ ਨੂੰ ਪ੍ਰੇਰਿਤ ਕਰਨਾ ਹੈ।

ਤਨਵੀਰ ਦਸਦੀ ਹੈ ਕਿ ਪੈਸੇ ਇਸ ਕਿੱਤੇ ਵਿੱਚ ਜ਼ਿਆਦਾ ਜ਼ਰੂਰ ਹੈ ਪਰ ਪਰਿਵਾਰ ਤੋਂ ਕਈ ਦਿਨ ਤੱਕ ਦੂਰ ਰਹਿਣ ਕਾਰਨ ਇਕੱਲਤਾ ਕਈ ਵਾਰ ਮਾਨਸਿਕ ਤੌਰ ਉਤੇ ਤੰਗ ਕਰਦੀ ਹੈ।

# ਅਦਾਲਤ ਦਿਲਜੀਤ ਦੀ ਚਮਕੀਲਾ 'ਤੇ ਅਧਾਰਿਤ ਫਿਲਮ 'ਤੇ ਬੈਨ ਲਗਾਉਣ ਤੋਂ ਇਨਕਾਰੀ

ਮਰਹੂਮ ਗਾਇਕ ਅਮਰ ਸਿੰਘ ਚਮਕੀਲਾ 'ਤੇ ਅਧਾਰਿਤ ਫਿਲਮ ਦੀ ਰਿਲੀਜ਼ ਦਾ ਰਸਤਾ ਸਾਫ ਹੋ ਗਿਆ ਹੈ। ਹੁਣੇ ਜਿਹੇ ਲੁਧਿਆਣਾ ਕੋਰਟ ਦੇ ਜ਼ਿਲ੍ਹਾ ਜੱਜ ਸ਼ਾਤਿਨ ਗੋਇਲ ਦੀ ਅਦਾਲਤ ਨੇ ਇੱਕ ਪਟੀਸ਼ਨ 'ਤੇ ਸੁਣਵਾਈ ਦੌਰਾਨ ਨੈਟਫਲਿਕਸ 'ਤੇ ਰਿਲੀਜ਼ ਹੋਣ ਵਾਲੀ ਫਿਲਮ 'ਅਮਰ ਸਿੰਘ ਚਮਕੀਲਾ' 'ਤੇ ਰੋਕ ਲਗਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਇਮਤਿਯਾਜ਼ ਅਲੀ ਵੱਲੋਂ ਡਾਇਰੈਕਟ ਕੀਤੀ ਗਈ ਫਿਲਮ ਵਿੱਚ ਦਿਲਜੀਤ ਦੁਸਾਂਝ ਅਤੇ ਪਰਿਣੀਤੀ ਚੌਪੜਾ ਮੁਖ ਭੂਮਿਕਾ ਵਿੱਚ ਹਨ। ਅਮਰ ਸਿੰਘ ਚਮਕੀਲਾ ਦਾ ਕਿਰਦਾਰ ਦਿਲਜੀਤ ਦੁਸਾਂਝ ਨੇ ਕੀਤਾ ਹੈ ਜਦਕਿ ਗਾਇਕ ਦੀ ਦੂਜੀ ਪਤਨੀ ਅਮਰਜੋਤ ਕੌਰ ਦਾ ਰੋਲ ਪਰੀਣਿਤੀ ਚੋਪੜਾ ਨੇ ਨਿਭਾਇਆ ਹੈ।

ਪਟਿਆਲਾ ਦੇ ਈਸ਼ਦੀਪ ਸਿੰਘ ਰੰਧਾਵਾ ਨੇ 8 ਅਪ੍ਰੈਲ ਦੌਰਾਨ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਕੇ ਫਿਲਮ ਦੀ ਰਿਲੀਜ਼ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ।

ਰੰਧਾਵਾ ਨੇ ਦਾਅਵਾ ਕੀਤਾ ਸੀ ਕਿ ਚਮਕੀਲਾ ਦੀ ਪਹਿਲੀ ਪਤਨੀ ਗੁਰਮੇਲ ਕੌਰ ਨੇ ਬਾਇਓਪਿਕ ਦੇ ਵਿਸ਼ੇਸ਼ ਅਧਿਕਾਰ ਉਨ੍ਹਾਂ ਦੇ ਮਰਹੂਮ ਪਿਤਾ ਗੁਰਦੇਵ ਸਿੰਘ ਨੂੰ ਵੇਚੇ ਸਨ। ਜੋ ਪੰਜਾਬੀ ਫਿਲਮ ਸਨਅਤ ਵਿੱਚ




ਡਾਇਰੈਕਟਰ ਅਤੇ ਪਰਡੂਸਰ ਸਨ। ਰੰਧਾਵਾ ਨੇ ਕਿਹਾ ਨਵੰਬਰ 2022 ਵਿੱਚ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਜਿਸ ਦੇ ਬਾਅਦ ਇਸ ਬਾਇਓਪਿਕ 'ਤੇ ਉਨ੍ਹਾਂ ਦਾ ਅਧਿਕਾਰ ਹੈ।

## 8 ਮਾਰਚ 1988 ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ

8 ਮਾਰਚ 1988 ਵਿੱਚ ਗਾਇਕ ਚਮਕੀਲਾ ਅਤੇ ਉਨ੍ਹਾਂ ਦੀ ਪਤਨੀ ਅਮਰਜੋਤ ਕੌਰ ਦਾ ਜਲੰਧਰ ਦੇ ਮੇਹਸਾਮਪੁਰ ਪਿੰਡ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਇਹ ਵਾਰਦਾਤ ਉਸ ਵੇਲੇ ਹੋਈ ਸੀ ਜਦੋਂ ਉਹ ਆਪਣੇ ਬੈਂਡ ਗਰੁੱਪ ਦੇ ਨਾਲ ਸ਼ੋਅ ਕਰਨ ਗਏ ਸਨ। ਚਮਕੀਲਾ ਦੀ ਉਮਰ 28 ਸਾਲ ਸੀ। ਉਨ੍ਹਾਂ ਦਾ ਕਤਲ ਅੱਜ ਵੀ ਅਣਸੁਲਝੀ ਬੁਝਾਰਤ ਹੈ।

# ਜਸਟਿਸ ਜੋਰਾ ਸਿੰਘ ਨੇ 'ਆਪ' ਛੱਡੀ

**✪ ਆਜ਼ਾਦ ਚੋਣ ਲੜਨ ਦਾ ਐਲਾਨ**

ਜਲੰਧਰ-ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਵੱਡਾ ਝਟਕਾ ਲੱਗ ਸਕਦਾ ਹੈ। ਜਸਟਿਸ ਜੋਰਾ ਸਿੰਘ ਨੇ ਫਰੀਦਕੋਟ ਹਲਕੇ ਤੋਂ ਆਜ਼ਾਦ ਚੋਣ ਲੜਨ ਦਾ ਐਲਾਨ ਕੀਤਾ ਹੈ। ਜਸਟਿਸ ਜੋਰਾ ਸਿੰਘ ਕਮਿਸ਼ਨ ਬਰਗਾੜੀ ਬੇਅਦਬੀ ਮਾਮਲੇ ਵਿਚ ਜਾਂਚ ਕਰਨ ਵਾਲਾ ਪਹਿਲਾ ਕਮਿਸ਼ਨ ਸੀ। ਜਸਟਿਸ ਜੋਰਾ ਸਿੰਘ ਨੇ ਆਮ ਆਦਮੀ ਪਾਰਟੀ 'ਤੇ ਹਮਲਾ ਕਰਦੇ ਕਿਹਾ ਕਿ ਆਪ ਪਾਰਟੀ ਵੀ ਅਕਾਲੀ ਦਲ ਤੇ ਕਾਂਗਰਸ ਵਾਂਗ ਜੁਮਲਾ ਪਾਰਟੀ ਬਣ ਕੇ ਰਹਿ ਗਈ ਹੈ।



ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਸਮੇਂ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ ਕਿ ਕਮਿਸ਼ਨ ਦੇ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਜਿਸ ਤੇ ਉਹ ਪੂਰੇ ਨਹੀਂ ਉਤਰੇ। ਜੋਰਾ ਸਿੰਘ ਨੇ ਕਿਹਾ ਕਿ ਉਹ ਹੁਣ ਲੋਕਾਂ ਵਿੱਚ ਆਪਣਾ ਸੰਦੇਸ਼ ਲੈ ਕੇ ਜਾਣਗੇ। ਇਸ ਦੌਰਾਨ ਉਨ੍ਹਾਂ ਭਗਵੰਤ ਮਾਨ ਤੇ ਤੰਜ ਕੱਸਦੇ ਹੋਏ ਕਿਹਾ ਕਿ ਲੋਕ ਚੁਟਕਲੇ ਸੁਣਨਾ ਪਸੰਦ ਨਹੀਂ ਕਰਦੇ। ਲੋਕ ਸਿਰਫ ਵਾਅਦੇ ਪੂਰੇ ਕਰਨ ਵਾਲੀ ਪਾਰਟੀ ਨੂੰ ਪਸੰਦ ਕਰਦੇ ਹਨ।

## ਪਹਿਲਾ ਵੀ ਲੜ ਚੁੱਕੇ ਹਨ ਚੋਣ

ਜਸਟਿਸ ਜੋਰਾ ਸਿੰਘ 2019 ਵਿੱਚ ਆਪ ਪਾਰਟੀ ਦੇ ਉਮੀਦਵਾਰ ਰਹੇ ਚੁੱਕੇ ਹਨ। ਉਹ 2019 ਦੀ ਲੋਕ ਸਭਾ ਦੀ ਚੋਣ ਜਲੰਧਰ ਤੋਂ ਲੜ ਚੁੱਕੇ ਹਨ। ਜਿਸ ਵਿੱਚ ਉਨ੍ਹਾਂ ਨੂੰ 25,467 ਵੋਟਾਂ ਮਿਲੀਆਂ ਸਨ।

# ਰਾਸ਼ਟਰਪਤੀ ਐਵਾਰਡ ਜੇਤੂ ਫ਼ਿਲਮ ਨਿਰਮਾਤਾ ਜਿਸ ਦੀ ਹੁਣ ਪੰਜਾਬ ਦੇ ਮੁੱਦਿਆਂ ਤੇ ''ਤਬਾਹੀ ਰੇਲੋਡਡ'' ਆ ਰਹੀ ਹੈ-ਇਕਬਾਲ ਢਿੱਲੋਂ







ਪੰਜਾਬੀ ਫ਼ਿਲਮਾਂ ਦੀ ਦੁਨੀਆਂ ਵਿੱਚ ਸਭ ਤੋਂ ਜਿਆਦਾ ਚਰਚਿਤ ਇਕਬਾਲ ਸਿੰਘ ਢਿੱਲੋਂ ਹੈ ਜਿਸ ਨੇ ਫ਼ਿਲਮਾਂ ਵੀ ਵੱਖਰੇ ਤਰੀਕੇ ਦੀਆਂ ਬਣਾਈਆਂ ਤੇ ਚਲਣ ਦੇ ਰਿਕਾਰਡ ਵੀ ਇਹਨਾਂ ਨੇ ਬਣਾਏ। ਵਿਵਾਦ ਓਸ ਦੀਆਂ ਫ਼ਿਲਮਾਂ ਨਾਲ ਜੁੜੇ ਪਰ ਬੇਪਰਵਾਹ ਹੋ ਕਿ ਓਹ ਹਰ ਪਾਸੇ ਜਿੱਤ ਪ੍ਰਾਪਤ ਕਰਦਾ ਰਿਹਾ। ਹਿਟ ਤੇ ਹੈ ਹੀ ਉਸਦੀ ਫ਼ਿਲਮ ''ਸ਼ਹੀਦ ਊਧਮ ਸਿੰਘ ਨੂੰ ''ਰਾਸ਼ਟਰਪਤੀ ਐਵਾਰਡ'' ਮਿਲਿਆ ਤੇ ਹੁਣ ਓਸ ਨੇ ਅਨੰਦਪੁਰ ਦੇ ਮਤੇ ਦੀ ਗੱਲ ਕਰਦੀ, ਭ੍ਰਿਸ਼ਟ ਪੰਜਾਬ ਦੀ ਰਾਜਨੀਤਿ ਤੇ ਸਿੱਧੂ ਮੂਸੇ ਵਾਲਾ ਲਈ ਇਨਸਾਫ ਮੰਗਦੀ ਫਿਲਮ ''ਤਬਾਹੀ ਰੇਲੋਡਡ'' ਬਣਾਈ ਹੈ। ਇਸ ਫਿਲਮ ਬਾਬਤ ਗੱਲ ਕਰਨ ਤੋਂ ਪਹਿਲਾਂ ਇਕਬਾਲ ਸਿੰਘ ਢਿੱਲੋਂ ਦੇ ਸ਼ੁਰੂਆਤ ਸ.ਫਰ ਤੇ ਹੋਰ ਖਾਸ ਗੱਲਾਂ ਆਓ ਆਪ ਦੀ ਨਜ਼ਰ ਕਰੀਏ। ''ਮਾਹੀ ਮੁੰਡਾ'' ਪਹਿਲੀ ਫਿਲਮ ਸੀ ਨਹੀਂ ਚਲੀ ਪਰ ਫਿਰ ਧਰਮਿੰਦਰ,ਸ਼ਤਰੂਘਨ ਸਿਨ੍ਹਾ,ਬਲਦੇਵ ਖੋਸਾ ਨੂੰ ਲਿਆ ਤੇ ''ਪੁੱਤ ਜੱਟਾਂ ਦੇ'' ਬਣਾਈ, ਸੁਪਰ ਹਿੱਟ ਰਹੀ। ਫਿਰ ਚਲ ਸੋ ਚਲ, ''ਬਦਲਾ ਜੱਟੀ ਦਾ'' ਨੇ ਰਿਕਾਰਡ ਤੋੜ ਦਿੱਤੇ। ''ਜੱਟ ਜਿਉਣਾ ਮੌੜ'' ਖੂਬ ਚਲੀ। ਪੰਜਾਬ ਦੇ ਕਾਲੇ ਦੌਰ ਦੌਰਾਨ ਸਹੀ ਤੱਥ ਪੇਸ਼ ਕਰਦੀਆਂ ''ਬਾਗੀ ਸੂਰਮੇ'' ''ਸੁੱਖਾ ਤਬਾਹੀ'' ਬਣਾਈਆਂ। ਸਾਰੀਆਂ ਫ਼ਿਲਮਾਂ ਕਾਮਯਾਬ ਰਹੀਆਂ। ''ਬਾਗੀ ਸੂਰਮੇ'' ਵਿਵਾਦ ਹੋਏ ''ਤਬਾਹੀ'' ਤੇ ਵੀ ਪਰ ਇਕਬਾਲ ਢਿੱਲੋਂ ਨਿਰੰਤਰ ਚਲਦੇ ਰਹੇ। ''ਸ਼ਹੀਦ ਊਧਮ ਸਿੰਘ, ਨੇ ਰਾਸ਼ਟਰਪਤੀ ਐਵਾਰਡ ਲਿਆ। ਇਥੇ ਹੀ ਬਸ ਨਹੀਂ ਗੁਰਦਾਸ ਮਾਨ ਦੀ ਪਤਨੀ ਮਨਜੀਤ ਮਾਨ ਨੂੰ ਨਾਇਕਾ ਬਣਾਈਆਂ। ਸਰਵਜੀਤ ਕੌਰ ਨੂੰ ਫਿਲਮੀ ਗਾਇਕਾ, ਸੁਰਿੰਦਰ ਛਿੰਦਾ ਨੂੰ ਫਿਲਮ ਸੰਗੀਤਕਾਰ ਤੇ ਕਲਾਕਾਰੀ ਵਿੱਚ ਸੋਨੂੰ ਸੂਦ, ਕੀਰਤੀ ਸਿੰਘ, ਵਿਸ਼ਾਲ ਸਿੰਘ, ਪੂਜਾ ਸ਼ਾਰਦਾ ਨੂੰ ਅੱਗੇ ਲਿਆਂਦਾ। ਇਕਬਾਲ ਸਿੰਘ ਢਿੱਲੋਂ ਨੇ ਹਰਿਆਣਵੀ ਫਿਲਮ, ''ਛੋਹਰਾ ਹਰਿਆਣੇ ਕਾ ਵੀ'' ਬਣਾਈ। ਹੁਣ ਗੱਲ ਅੱਜ ਦੇ ਪੰਜਾਬ ਤੇ ਤਿਆਰ ਕੀਤੀ ''ਤਬਾਹੀ'' ਬਾਬਤ ਤਾਂ ਇਹ ਫਿਲਮ ਇਕ ਵਾਰ ਵਿਵਾਦ ਵਿਚ ਘਿਰ ਗਈ ਹੈ,ਫਿਲਮ ਸਿੱਧੂ ਮੂਸੇ ਵਾਲਾ ਲਈ ਇਨਸਾ.ਫ ਮੰਗਦੀ ਹੈ, ਕਿਸਾਨ ਮਜ਼ਦੂਰ ਦੇ ਸੰਘਰਸ਼ ਦੀ ਗੱਲ ਕਰਦੀ, ਤੇਜ਼ੀ ਨਾਲ ਹੋ ਰਹੇ ਪੰਜਾਬ ਵਿੱਚ ਧਰਮ ਬਦਲੀ ਤੇ ਹੈ। ਫ਼ਿਲਮ ਨੇਤਾ ਲੋਕਾਂ ਵਲੋਂ ਕੀਤੀ ਜਾਂਦੀ ਲੁੱਟ ਤੇ ਰੰਗੀਨੀਆਂ ਤੇ ਹੈ। ਫਿਲਮ ਵਿੱਚ ਵਿਸ਼ਵਾਸ ਯੋਗ ਸੂਤਰਾਂ ਅਨੁਸਾਰ ਮੁੱਖ ਪਾਤਰ ਤੇ ਵਿਦੇਸ਼ੀ ਦੋਸਤ ਕੌਣ ਨੇ ਦਰਸ਼ਕ ਸਮਝ ਜਾਣਗੇ ਕਿਉ ਕਿ ਓਹਨਾਂ ਦਾ ਪਹਿਰਾਵਾ ਤੇ ਦਿੱਖ ਹੂ ਬ ਹੂ ਓਹਨਾਂ ਵਰਗੀ ਹੈ ਗੱਲ ਕਿ ਨੇਤਾ ਲੋਕਾਂ ਨੂੰ ਚੁਭੇਗੀ ਤੇ ਫਿਲਮ ਦੀ ਰਲੀਜ਼ ਰੋਕਣ ਦੇ ਉਪਰਾਲੇ ਹੋਣਗੇ। ਸੰਗੀਤ ਓਸ ਦੀਆਂ ਫ਼ਿਲਮਾਂ ਦਾ ਸਦਾ ਹਿੱਟ ਰਿਹਾ ਏ '''ਤਬਾਹੀ ਰੇਲੋਡਡ'' ਵਿੱਚ ਨਸੀਬੋ ਦਾ ਹਿੱਟ ਗੀਤ ''ਇਸ਼ਕ ਬੁਢਾਪੇ ਦਾ'' ਸ਼ਾਮਿਲ ਹੈ। ਗੱਲ ਕੀ ਨਵੇਂ ਪਰ ਪ੍ਰਤਿਭਾ ਵਾਲੇ ਸਟਾਰ ਲੈਣ ਉਪਰੰਤ ਬਲਬੀਰ ਟਾਂਡਾ ਨਾਲ ਮਿਲ ਕਿ ਫਿਲਮ ''ਤਬਾਹੀ ਰੇਲੋਡਡ'' ਬਣਾਈ ਹੈ ਪਰ ਇਸ ਫਿਲਮ ਦੇ ਰਾਹ ਵਿੱਚ ਕਈ ਕੰਡੇ ਖਿਲਾਰੇ ਜਾ ਰਹੇ ਹਨ। ਇਹ ਵੀ ਸਹੀ ਹੈ ਕਿ ਸਵਰਨ ਸਿੰਘ, ਪੂਜਾ, ਸਿਮਰਪਾਲ, ਜਰਮਨ ਮੱਲ੍ਹੀ, ਸੁੱਚੀ ਬਿਰਗੀ,ਰਾਜ ਕੌਸ਼ਲ ਨਾਲ ਬਣੀ ''ਤਬਾਹੀ ਰੇਲੋਡਡ'' ਲਈ ਇਕਬਾਲ ਸਿੰਘ ਢਿੱਲੋਂ ਤਿਆਰ ਏ ਤੇ ਅਗਲੀ ਫਿਲਮ ਪਾਕਸਤਾਨੀ ਸੁਪਰ ਫਿਲਮ ''ਮੌਲਾ ਜੱਟ'' ਦੇ ਲੇਖਕ ਨਾਸਿਰ ਅਦੀਬ ਨੇ ਲਿਖੀ ਹੈ। ਇਕਬਾਲ ਢਿੱਲੋਂ ਦਾ ਇਹ ਪੱਕਾ ਅਸੂਲ ਏ ਆਲੋਚਨਾ ਦੀ ਪਰਵਾਹ ਨਹੀਂ ਪਰ ਓਹ ਲੋਕ ਮਨੋਰੰਜਨ ਵੀ ਕਰੇਗਾ ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ''ਤਬਾਹੀ ਰੇਲੋਡਡ'' ਜਿਹੀਆਂ ਫ਼ਿਲਮਾਂ ਬਣਾਉਂਦਾ ਰਹੇਗਾ। ਹੁਣ ਓਹ ਪਾਕਸਤਾਨੀ ਫ਼ਿਲਮ ''ਮੌਲਾ ਜੱਟ'' ਦੇ ਲੇਖਕ ਕੋਲੋਂ ''ਬਦਲਾ ਜੱਟੀ ਦਾ'' ਦਾ ਅਗਲਾ ਭਾਗ ਲਿਖਵਾ ਰਹੇ ਨੇ ਤੇ ਫਿਲਮ ਜਲਦੀ ਆਏਗੀ।

-ਪੇਸ਼ਕਸ਼ : ਅੰਮ੍ਰਿਤ ਪਵਾਰ






## ਕਾਲੇ ਰੰਗ ਦੇ ਝੋਟੇ ਨਾਲ ਗ਼ਦਰ ਮਚਾਉਣ 19 ਅਪ੍ਰੈਲ ਨੂੰ ਆ ਰਹੇ ਨੇ ਯੋਗਰਾਜ ਸਿੰਘ



ਤਿਆਰ ਰਹੇ ਈਦ ਮੁਬਾਰਕ ਕਹਿ ਲਓ, ਜੱਫੀਆਂ ਪਾ ਖ਼ੁਦਾ ਦੇ ਇਨਸਾਨਾਂ ਨਾਲ, ਮਨਾਓ ਵੈਸਾਖੀ ਤੇ ਫ਼ਿਰ 19 ਅਪ੍ਰੈਲ ਨੂੰ ਸਿਨੇਮਾ ਘਰਾਂ ਵਿੱਚ ਆਓ ਤੇ ਦੇਖਣਾ ਕਿ ਸ਼ਹਨਸ਼ਾਹ ਏ ਪੰਜਾਬੀ ਫ਼ਿਲਮਾਂ ਯੋਗਰਾਜ ਸਿੰਘ ਪਰਦੇ ਤੇ ਆਪਣੇ ਕਾਲੇ ਰੰਗ ਦੇ ਝੋਟੇ ਨਾਲ ਨਜ਼ਰ ਆਉਣਗੇ। ਫੋਟੋ ਤੁਸੀਂ ਦੇਖ ਲਓ ਝੋਟਾ ਅਰਥਾਤ ਮੱਝ ਦਾ ਹਸਬੈਂਡ, ਕਮਾਲ ਦਾ ਕਿਰਦਾਰ ਫ਼ਿਲਮ ਏ ''ਸ਼ਾਇਰ'' ਉਦੇ ਪ੍ਰਤਾਪ ਸਿੰਘ ਦੀ ਨਿਰਦੇਸ਼ਤ ਕੀਤੀ ਹੋਈ ਹੈ। ਯੋਗਰਾਜ ਸਿੰਘ ਕਿੰਜ ਬਣਾਉਂਦੇ ਨੇ ਝੋਟੇ ਨੂੰ ਸ਼ਾਇਰ ਤੇ ਸਰਤਾਜ ਨੂੰ ਸ਼ਾਇਰ ਬਣਾਉਣ ਦੀ ਗਾਥਾ ਵੀ ਯੋਗਰਾਜ ਸਿੰਘ ਸੁਣਾ ਦੇਣਗੇ। ਯੋਗਰਾਜ ਸਿੰਘ ਦਾ ਪਹਿਰਾਵਾ ਦੇਖ ਵੱਖੀਆਂ ਟੁੱਟ ਜਾਣੀਆਂ ਹਨ। ਸਤਿੰਦਰ ਸਰਤਾਜ ਦੇ ਨਾਲ ਨੀਰੂ ਬਾਜਵਾ ਹੈ। ਯੋਗਰਾਜ ਸਿੰਘ ਦੇ ਦਮ ਤੇ ''ਸ਼ਾਇਰ,'' ਸਿਨੇਮਾ ਘਰਾਂ ਵਿੱਚ ਹਿੱਟ ਹੋਏਗੀ। ਆਖ਼ਿਰ ਯੋਗਰਾਜ ਸਿੰਘ ਅੱਜ ਵੀ ਸਟਾਰ ਹੈ ਤੇ ਫਿਰ ਕਾਲੇ ਰੰਗ ਦਾ ਸ਼ਿੰਗਾਰ ਕੀਤਾ ਝੋਟਾ ਤੇ ਨਾਲ ਯੋਗਰਾਜ ਸਿੰਘ ਪਹਿਨ ਕਿ ਜਲਸਾ ਸਿਨੇਮਾ ਘਰਾਂ ਵਿੱਚ ਪੂਰਾ ਜਲਸਾ ਲਾਓਣ ਵਾਲੇ ਹਨ। ''ਗੋਰਿਆਂ ਨੂੰ ਦਫਾ ਕਰੋ'' ਯੋਗਰਾਜ ਸਿੰਘ ਦੇ ਕਿਰਦਾਰ ਨੇ ਫੱਟੇ ਚੱਕ ਦਿੱਤੇ ਸੀ ਤੇ ਹੁਣ ਓਹ ਤੇ ਓਹਨਾਂ ਦਾ ਝੋਟਾ ਗ਼ਦਰ ਪਾਏਗਾ। -ਅੰਮ੍ਰਿਤ ਪਵਾਰ

# ਉੱਤਰੀ ਇਟਲੀ ਦੇ ਨੋਵੇਲਾਰਾ ਵਿਖੇ ਸਜਾਇਆ ਗਿਆ ਵਿਸ਼ਾਲ ਅਲੌਕਿਕ ਨਗਰ ਕੀਰਤਨ

## ✪ ਸਤਿ ਸ਼੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜਿਆ ਅਸਮਾਨ







ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- 13 ਅਪ੍ਰੈਲ 2024 ਨੂੰ ਇਟਲੀ ਦੀ ਧਰਤੀ 'ਤੇ ਗੁਰਦੁਆਰਾ ਸਿੰਘ ਸਭਾ, ਨੋਵੇਲਾਰਾ ਵਿਖੇ ਵਿਸ਼ਾਲ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਸਾਹਿਬ ਵਿਖੇ ਪਿਛਲੇ 3 ਦਿਨਾਂ ਤੋਂ ਲਗਾਤਾਰ ਨਗਰ ਕੀਰਤਨ ਦੀਆਂ ਤਿਆਰੀਆਂ ਜ਼ੋਰਾਂ ਤੇ ਸਨ। ਸੰਗਤਾਂ ਵਿੱਚ ਭਾਰੀ ਉਤਸ਼ਾਹ ਸੀ।

13 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਕਥਾ ਵਿਚਾਰਾਂ ਹੋਈਆਂ ਅਤੇ ਢਾਡੀ ਜੱਥੇ ਵੱਲੋਂ ਦੀਵਾਨ ਸਜਾਏ ਗਏ। ਅਰਦਾਸ ਬੇਨਤੀ ਉਪਰੰਤ ਤਕਰੀਬਨ 1.00 ਵਜੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁੰਦਰ ਸਜਾਈ ਪਾਲਕੀ ਵਿੱਚ ਸ਼ੁਸ਼ੋਭਿਤ ਹੋਏ। ਸੰਗਤਾਂ ਨੇ ਖੁੱਲ੍ਹੇ ਦਰਸ਼ਨ ਦੀਦਾਰੇ ਕੀਤੇ। ਤਕਰੀਬਨ ਦੁਪਹਿਰ 2.00 ਵਜੇ ਪੰਜ ਨਿਸ਼ਾਨਚੀ ਸਿੰਘਾਂ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਨੇ ਚਾਲੇ ਪਾਏ। ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸੁੰਦਰ ਸਜਾਈ ਪਾਲਕੀ ਦੇ ਪਿੱਛੇ-ਪਿੱਛੇ ਗੁਰੂ ਜਸ ਕਰ ਰਿਹਾ ਸੀ ਅਤੇ ਪਿੱਛੇ ਗਤਕੇ ਵਾਲੇ ਸਿੰਘ ਖ਼ਾਲਸੇ ਦੇ ਮਾਰਸ਼ਲ ਆਰਟ ਗਤਕੇ ਦੇ ਜੌਹਰ ਦਿਖਾ ਰਹੇ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਨਗਰ ਕੀਰਤਨ ਨੋਵੇਲਾਰਾ ਸ਼ਹਿਰ ਦੇ ਸੈਂਟਰ ਵਿੱਚ ਦੀ ਹੁੰਦਾ ਹੋਇਆ ਅਤੇ ਵੱਖ-ਵੱਖ ਥਾਂਵਾਂ 'ਤੇ ਰੁਕ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਅਤੇ ਸ਼ਹਿਰ ਦੀ ਪਰਿਕ੍ਰਮਾ ਕਰਦਾ ਹੋਇਆ ਸਮਾਪਤੀ ਵੱਲ ਵੱਧਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਪਹੁੰਚਿਆ। ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਖੇ ਸਟੇਜ ਤੋਂ ਢਾਡੀ ਜੱਥਾ ਬੀਰ ਰਸੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰ ਰਿਹਾ ਸੀ। ਇਲਾਕਾ ਨਿਵਾਸੀ ਸੰਗਤਾਂ ਵੱਲੋਂ ਆਈਆਂ ਸੰਗਤਾਂ ਲਈ ਵੱਖ-ਵੱਖ ਪ੍ਰਕਾਰ ਦੇ ਭੋਜਨ ਦੇ ਲੰਗਰ ਲਗਾਏ ਗਏ ਸਨ ਸੋ ਸਾਰਾ ਦਿਨ ਹੀ ਵਰਤਦੇ ਰਹੇ। ਸਮਾਪਤੀ ਵੇਲੇ ਸ਼ਹਿਰ ਦੀ ਮੇਅਰ ਏਲੇਨਾ ਕਰਲੈਤੀ ਨੇ ਸਿੱਖ ਸੰਗਤਾਂ ਨੂੰ ਖਾਲਸੇ ਦੇ ਜਨਮ ਦਿਹਾੜੇ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਅਤੇ ਧੰਨਵਾਦ ਕੀਤਾ। ਗੁਰਦੁਆਰਾ ਸਾਹਿਬ ਵੱਲੋਂ ਮੇਅਰ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਤੋਂ ਪਹੁੰਚੇ ਮੁੱਖ ਸੇਵਾਦਾਰਾਂ ਅਤੇ ਲੰਗਰਾਂ ਦੇ ਸਟਾਲ ਲਗਾਉਣ ਵਾਲੇ ਸੇਵਾਦਾਰਾਂ ਨੂੰ ਵੀ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

ਅਖੀਰ ਵਿਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਪਹੁੰਚੇ ਸਾਰੇ ਪਤਵੰਤੇ ਸੱਜਣਾਂ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਕੋਟਾਨਿ ਕੋਟਿ ਸ਼ੁਕਰਾਨਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ ਗਿਆ। ਜਿਹਨਾਂ ਦੀ ਰਹਿਨੁਮਾਈ ਹੇਠ ਸਾਰਾ ਸਮਾਗਮ ਬੇਹੱਦ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਿਆ।

# ਪੰਜਾਬ ਦੀਆਂ ਦੋ ਸਕੀਆਂ ਭੈਣਾ ਨੇ ਇਟਲੀ ਵਿੱਚ ਰੌਸ਼ਨ ਕੀਤਾ ਮਾਪਿਆ ਦਾ ਨਾਮ ਰੌਸ਼ਨ

## ✪ ਇੱਕ ਧੀ ਮੈਨੇਜਮੈਂਟ ਬਿਜਨਸ ਲਾਅ ਵਿੱਚ ਟਾਪਰ ਤੇ ਦੂਜੀ ਏਅਰ ਪੋਰਟ ਤੇ ਨਿਭਾਅ ਰਹੀ ਸੇਵਾ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਕੌਣ ਕਹਿੰਦਾ ਹੈ ਕਿ ਇਟਲੀ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਨੌਕਰੀਆਂ ਨਹੀ ਮਿਲ ਰਹੀਆਂ ਇਟਲੀ ਵਿੱਚ ਭਾਰਤੀ ਭਾਈਚਾਰੇ ਦੀਆਂ ਧੀਆਂ ਆਪਣੀ ਕਾਬਲੀਅਤ ਤੇ ਦ੍ਰਿੜ ਇਰਾਦਿਆਂ ਨਾਲ ਵਿੱਦਿਆਕ ਖੇਤਰਾਂ ਵਿੱਚ ਅਜਿਹੀਆਂ ਲੀਹਾਂ ਪਾ ਰਹੀਆਂ ਹਨ ਜਿਹਨਾਂ ਉਪੱਰ ਤੁਰਨਾ ਸ਼ਾਇਦ ਹੋਰ ਦੇਸ਼ਾਂ ਦੀਆਂ ਕੁੜੀਆਂ ਦੇ ਵੀ ਵੱਸ ਦੀ ਗੱਲ ਨਹੀਂ।

ਇਟਲੀ ਵਿੱਚ ਭਾਰਤੀ ਧੀਆਂ ਦੀ ਕਾਮਯਾਬੀ ਦੀਆਂ ਇਟਾਲੀਅਨ ਲੋਕ ਹੈਰਾਨ ਹੁੰਦੇ ਹੋਏ ਆਪਣੇ ਬੱਚਿਆਂ ਨੂੰ ਉਦਾਹਰਣਾ ਦੇਕੇ ਕਹਿੰਦੇ ਹਨ ਸੱਚ ਵਿੱਚ ਭਾਰਤੀ ਲੋਕ ਚਾਹੇ ਉਹ ਬੱਚੇ ਹਨ ਜਾਂ ਵੱਡੇ ਕੁਝ ਵੀ ਕਰ ਸਕਦੇ ਹਨ ਇਹਨਾਂ ਦੀ ਮਿਹਨਤ ਨੂੰ ਸਲਾਮ ਹੈ। ਅਜਿਹੀਆਂ ਹੀ ਦੋ ਪੰਜਾਬ ਦੀਆਂ ਧੀਆਂ ਨੂੰ ਅਸੀਂ ਆਪਣੇ ਪਾਠਕਾਂ ਨੂੰ ਮਿਲਾਉਣ ਜਾ ਰਹੇ ਹਨ ਜਿਹਨਾਂ ਨੇ ਵਿੱਦਿਆਦਕ ਖੇਤਰ ਵਿੱਚ ਕਾਮਯਾਬੀ ਦੇ ਝੰਡੇ ਗੱਡੇ ਤੇ ਇਹਨਾਂ ਨੂੰ ਵੱਖ-ਵੱਖ ਕੰਪਨੀਆਂ ਨੇ ਕੰਮ ਲਈ ਵੀ ਸੱਦੇ ਪੱਤਰ ਭੇਜ ਦਿੱਤੇ ਹਨ। ਪੰਜਾਬ ਦਾ ਮਾਣ ਵਧਾਉਣ ਵਾਲੀਆਂ ਇਹ ਧੀਆਂ ਹਨ ਪਿੰਡ ਨਡਾਲਾ (ਕਪੂਰਥਲਾ) ਦੇ ਸਰਵਣ ਸਿੰਘ ਤੇ ਜਤਿੰਦਰ ਕੌਰ ਦੀ ਲਾਡਲੀਆਂ ਸੰਤਾਨਾਂ ਅਰਸ਼ਪ੍ਰੀਤ ਕੌਰ (22) ਤੇ ਜਸਕਿਰਨ ਕੌਰ (20) ਹਨ ਜਿਹੜੀਆਂ ਬਚਪਨ ਵਿੱਚ ਹੀ ਇਟਲੀ ਪਰਿਵਾਰ ਨਾਲ ਆ ਵਸੀਆਂ ਸਨ। ਅਰਸ਼ਪ੍ਰੀਤ ਕੌਰ ਤੇ ਹਾਲ ਹੀ ਵਿੱਚ ਪੜ੍ਹਾਈ ਦੇ ਖੇਤਰ ਵਿੱਚ ਮਸ਼ਹੂਰ ਜਾਣੀ ਜਾਂਦੀ ਦੁਨੀਆਂ ਦੇ ਸੱਤਵੇਂ ਨੰਬਰ ਤੇ ਯੂਰਪ ਦੇ ਦੂਜੇ ਨੰਬਰ ਦੀ ਇਟਲੀ ਦੀ ਰਾਜਧਾਨੀ ਰੋਮ ਸਥਿਤ ਯੂਨੀਵਰਸਿਟੀ ਸਪੀਐਨਸਾ ਰੋਮ (ਲਾਤੀਨਾ) ਤੋਂ ਮੈਨੇਜਮੈਂਟ ਬਿਜਨਸ ਲਾਅ ਦੀ ਪੜ੍ਹਾਈ ਵਿੱਚ ਟਾਪ ਕਰਕੇ ਮਾਪਿਆਂ ਦੇ ਨਾਲ ਭਾਰਤ ਦੇਸ਼ ਦਾ ਨਾਮ ਵੀ ਦੁਨੀਆਂ ਭਰ ਵਿੱਚ ਰੁਸ਼ਨਾ ਤੇ ਮਹਿਕਾ ਦਿੱਤਾ ਹੈ। ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਅਰਸ਼ਪ੍ਰੀਤ ਕੌਰ ਨੇ ਪੜ੍ਹਾਈ ਖੇਤਰ ਵਿੱਚ ਇਸ ਮੁਕਾਮ ਤੱਕ ਪਹੁੰਚਾਉਣ ਲਈ ਆਪਣੇ ਮਾਪਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਜਿਹਨਾਂ ਦੀ ਬਦੌਲਤ ਉਹ ਤੇ ਉਸ ਦੀ ਛੋਟੀ ਭੈਣ ਜਸਕਿਰਨਪ੍ਰੀਤ ਕੌਰ ਨੇ ਕਾਮਯਾਬੀ ਦੀਆਂ ਮੰਜ਼ਿਲਾਂ ਸਰ ਕੀਤੀਆਂ ਹਨ ਉਸ ਨੂੰ ਕੰਮ ਲਈ ਕਈ ਕੰਪਨੀਆਂ ਵੱਲੋਂ ਸੰਪਰਕ ਕੀਤਾ ਗਿਆ ਹੈ ਉਸ ਦਾ ਕੰਮ ਦੇ ਨਾਲ-ਨਾਲ ਅੱਗੇ ਬਿਜਨੈੱਸ ਖੇਤਰ ਵਿੱਚ ਮਾਸਟਰ ਡਿਗਰੀ ਕਰਨ ਦੀ ਤਿਆਰੀ ਵੀ ਹੈ। ਇਸ ਮੌਕੇ ਪ੍ਰੈੱਸ ਕਲੱਬ ਨਾਲ ਜਸਕਿਰਨਪ੍ਰੀਤ ਕੌਰ ਨੇ ਆਪਣੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਦੋਨੋਂ ਭੈਣਾਂ ਕਰਮਾਂ ਵਾਲੀਆਂ ਹਨ ਜਿਹਨਾਂ ਨੂੰ ਅਗਾਂਹ ਵਧੂ ਸੋਚ ਦੇ ਧਾਰਨੀ ਮਾਪਿਆਂ ਨੇ ਸਹੀ ਦਿਸ਼ਾ ਨਿਰਦੇਸ਼ ਦੇਕੇ ਇੱਥੋ ਤੱਕ ਪਹੁੰਚਾਇਆ। ਉਸ ਨੇ ਆਪਣੀ ਪੜ੍ਹਾਈ ਪੂਰੀ ਕਰਕੇ ਵਿਸ਼ੇਸ਼ ਕੋਰਸ ਕਰ ਰਾਜਧਾਨੀ ਰੋਮ ਦੇ ਅੰਤਰਾਸ਼ਟਰੀ ਏਅਰਪੋਰਟ ਲਿਓਨਾਰਦੋ ਦਾ ਵਿਨਚੀ ਫਿਊਮੀਚਿਨੋ ਵਿਖੇ ਚੈੱਕ ਇੰਨ ਡਿਸਕ ਤੇ ਨੌਕਰੀ ਸ਼ੁਰੂ ਕਰ ਦਿੱਤੀ ਹੈ। ਇਹਨਾਂ ਦੋਨਾਂ ਕੁੜੀਆਂ ਨੇ ਇਟਲੀ ਪਰਿਵਾਰਾਂ ਨਾਲ ਆਉਣ ਵਾਲੀਆਂ ਕੁੜੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਟਲੀ ਆਕੇ ਪੜ੍ਹਾਈ ਵੱਲ ਉਚੇਚਾ ਧਿਆਨ ਦੇਣ ਜ਼ਰੂਰ ਦੇਣ ਕਿਉਂ ਕਿ ਉਹਨਾਂ ਦੇ ਪੜ੍ਹਨ ਨਾਲ ਇੱਕਲੀਆਂ ਉਹੀ ਨਹੀਂ ਸਗੋਂ ਕਈ ਪਰਿਵਾਰ ਪੜ੍ਹ ਜਾਂਦੇ ਹਨ।

ਸਰਵਣ ਸਿੰਘ ਤੇ ਬੀਬੀ ਜਤਿੰਦਰ ਕੌਰ ਜਿਹੜੇ ਕਿ ਲਾਸੀਓ ਸੂਬੇ ਦੇ ਮਿੰਨੀ ਪੰਜਾਬ ਇਲਾਕੇ ਜ਼ਿਲ੍ਹਾ ਲਾਤੀਨਾ ਦੇ ਸ਼ਹਿਰ ਸਬਾਊਦੀਆ ਵਿਖੇ ਰਹਿੰਦੇ ਹਨ ਉਹਨਾਂ ਨੂੰ ਧੀਆਂ ਦੀ ਮਾਣਮੱਤੀ ਕਾਮਯਾਬੀ ਲਈ ਭਾਈਚਾਰੇ ਤੇ ਇਟਾਲੀਅਨ ਲੋਕਾਂ ਵੱਲੋਂ ਵਿਸ਼ੇ ਵਧਾਈ ਦਿੱਤੀ ਜਾ ਰਹੀ ਹੈ।

# ਉੱਤਰੀ ਇਟਲੀ ਦੇ ਬਰੇਸ਼ੀਆਂ ਵਿਖੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ ਕਵੀ ਦਰਬਾਰ ਦਾ ਕੀਤਾ ਗਿਆ ਆਯੋਜਨ





ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਦਿਹਾੜਾ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਕਾਸਤੇਨਦੋਲੋ (ਬਰੇਸ਼ੀਆ) ਵਿਖੇ ਬੜੀ ਹੀ ਸ਼ਰਧਾਪੂਰਵਕ ਢੰਗ ਨਾਲ ਮਨਾਇਆ ਗਿਆ । ਵਿਸਾਖੀ ਦੇ ਸ਼ੁਭ ਦਿਹਾੜੇ ਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰੀਕ ਸਿੰਘ ਅਤੇ ਸੈਕਟਰੀ ਸੁਖਦੇਵ ਅਤੇ ਮੇਜਰ ਸਿੰਘ ਖੱਖ ਹੋਰਾਂ ਦੇ ਸਹਿਯੋਗ ਸਦਕਾ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਕਵੀਆਂ ਨੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਸ ਕਵੀ ਦਰਬਾਰ ਵਿੱਚ ਸ਼ਾਮਿਲ ਹੋ ਕੇ ਆਪੋ ਆਪਣੀ ਹਾਜਰੀ ਗੁਰੂ ਘਰ ਵਿਖੇ ਲਗਵਾਈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਕਵੀਆਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਜਿਸ ਵਿੱਚ ਸਾਹਿਤ ਸੁਰ ਸੰਗਮ ਸਭਾ ਇਟਲੀ ਦੇ ਕਵੀਆਂ ਵਿਚੋਂ ਸਭ ਤੋਂ ਪਹਿਲਾਂ ਪ੍ਰੋਫੈਸਰ ਜਸਪਾਲ ਸਿੰਘ ਹੋਰਾਂ ਨੇ ਖਾਲਸਾ ਸਾਜਨਾ ਦਿਵਸ ਬਾਰੇ ਵਿਸਥਾਰ ਪੂਰਵਕ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਅਤੇ ਉਪਰੰਤ ਹਰਭਜਨ ਸਿੰਘ ਹੁੰਦਲ ਹੋਰਾਂ ਦੀ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਰਚਨਾ ਵੀ ਪੜੀ। ਸਭਾ ਦੇ ਪ੍ਰਧਾਨ ਬਿੰਦਰ ਕੋਲੀਆਂਵਾਲ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਸ ਵਿਸ਼ੇਸ਼ ਉਪਰਾਲੇ ਲਈ ਧੰਨਵਾਦ ਕੀਤਾ ਅਤੇ ਆਪਣੀਆਂ ਧਾਰਮਿਕ ਰਚਨਾਵਾਂ ਪੜੀਆਂ ,ਰਾਣਾ ਅਠੌਲਾ ਨੇ ਆਪਣੀਆਂ ਲਿਖੀਆਂ ਧਾਰਮਿਕ ਰਚਨਾਵਾਂ ਤਰੰਨੁਮ 'ਚ ਗਾ ਕੇ ਸੰਗਤਾਂ ਨੂੰ ਮੰਤਰਮੁਗਦ ਕੀਤਾ। ਗੀਤਕਾਰ ਸਿੱਕੀ ਝੱਜੀ ਪਿੰਡ ਵਾਲਾ ਨੇ ਦੋ ਧਾਰਮਿਕ ਰਚਨਾਵਾਂ ਜਿਹਨਾਂ ਵਿੱਚੋਂ ਇੱਕ ਆਪਣੀ ਲਿਖੀ ਹੋਈ ਤੇ ਦੂਜੀ ਪ੍ਰਸਿੱਧ ਗੀਤਕਾਰ ਹਰਵਿੰਦਰ ਉਹੜਪੁਰੀ ਦੀ ਲਿਖੀ ਪੰਥ ਖਾਲਸਾ ਦੀ ਸਾਂਝ ਪਾਈ। ਇਸ ਪ੍ਰੋਗਰਾਮ ਦੀ ਮੰਚ ਸੰਚਾਲਨਾ ਦੀ ਸੇਵਾ ਪ੍ਰੇਮਪਾਲ ਸਿੰਘ ਜੀ ਨੇ ਬੜੇ ਹੀ ਵਧੀਆ ਢੰਗ ਨਾਲ ਨਿਭਾਈ ਅਤੇ ਉਹਨਾਂ ਵੀ ਆਪਣੀਆਂ ਧਾਰਮਿਕ ਰਚਨਾਵਾਂ ਪੜੀਆਂ।

ਮੀਤ ਪ੍ਰਧਾਨ ਗੁਰਮੀਤ ਸਿੰਘ ਮੱਲੀ ਤੇ ਉਹਨਾਂ ਦੇ ਸਾਥੀ ਸਿੰਘ ਨੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਧਾਰਮਿਕ ਗੀਤ ਨਾਲ ਹਾਜਰੀ ਲਗਵਾਈ। ਸਭਾ ਦੀਆਂ ਕਵਿੱਤਰੀਆਂ ਵਿੱਚ ਸਤਵੀਰ ਸਾਂਝ ਨੇ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਸੰਖੇਪ ਰੂਪ ਵਿੱਚ ਸਾਂਝ ਪਾਈ ਅਤੇ ਆਪਣੀਆ ਧਾਰਮਿਕ ਰਚਨਾਵਾ ਪੜਨ ਉਪਰੰਤ ਬੱਚਿਆਂ ਨੂੰ ਪੰਜਾਬੀ ਭਾਸ਼ਾ ਦਾ ਗਿਆਨ ਜਰੂਰ ਦੇਣ ਲਈ ਕਿਹਾ। ਕਰਮਜੀਤ ਕੌਰ ਰਾਣਾ ਅਤੇ ਜਸਵਿੰਦਰ ਕੌਰ ਮਿੰਟੂ ਨੇ ਵੀ ਆਪੋ ਆਪਣੀਆਂ ਧਾਰਮਿਕ ਰਚਨਾਵਾਂ ਪੜੀਆ। ਅਖੀਰ ਵਿੱਚ ਦਲਜਿੰਦਰ ਰਹਿਲ ਹੋਰਾਂ ਆਪਣੀ ਧਾਰਮਿਕ ਰਚਨਾ ਨਾਲ ਹਾਜਰੀ ਲਗਵਾਈ ਅਤੇ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ।

# ਬਲੋਨੀਆਂ ਨੇੜੇ ਹੋਏ ਹਾਈਡ੍ਰੋਇਲੈਕਟ੍ਰਿਕ ਐਨਲ ਪਾਵਰ ਪਲਾਂਟ ਵਿੱਚ ਜਬਰਦਸਤ ਧਮਾਕਾ 7 ਕਰਮਚਾਰੀਆਂ ਲਈ ਬਣਿਆ ਕਾਲ

## ✪ ਮੈਨੇਜਮੈਂਟ ਨੇ ਪੀੜਤ ਪਰਿਵਾਰਾਂ ਨੂੰ ਮਦਦ ਵਜੋਂ 20 ਲੱਖ ਯੂਰੋ ਦੀ ਰਾਸ਼ੀ ਦੇਣ ਦਾ ਕੀਤਾ ਐਲਾਨ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਉੱਤਰੀ ਇਟਲੀ ਇਮਿਲੀਆ ਰੋਮਾਨਾ ਸੂਬੇ ਦੇ ਜ਼ਿਲ੍ਹਾ ਬਲੋਨੀਆਂ ਸ਼ਹਿਰ ਬਰਗੀ ਸਥਿਤ ਐਨਲ ਦੇ ਹਾਈਡ੍ਰੋਇਲੈਕ੍ਰਟਿਕ ਪਾਵਰ ਪਲਾਂਟ ਵਿੱਚ ਮੰਗਲਵਾਰ ਹੋਏ ਬੇਸਮੈਂਟ ਦੀ ਨੌਵੀ ਮੰਜ਼ਿਲ ਵਿੱਚ ਲਗਭਗ 40 ਮੀਟਰ ਹੇਠਾਂ ਜਬਰਦਸਤ ਧਮਾਕੇ ਕਾਰਨ ਸਾਰਾ ਪਲਾਂਟ ਹਿਲ ਗਿਆ ਸੀ।

ਇਹ ਧਮਾਕਾ ਜਿਸ ਦਾ ਠੋਸ ਕਾਰਨ ਹਾਲੇ ਜਾਂਚ ਅਧੀਨ ਹੈ ਪਰ ਜਾਂਚ ਕਰਤਾਵਾਂ ਦਾ ਅਨੁਮਾਨ ਹੈ ਕਿ ਇਹ ਧਮਾਕਾ ਟਰਬਾਈਨ ਦੇ ਫੱਟਣ ਕਾਰਨ ਹੋਇਆ ਹੈ ਜਿਸ ਵਿੱਚ 7 ਇਟਾਲੀਅਨ ਲੋਕਾਂ ਦੀ ਮੌਤ ਨਾਲ 7 ਘਰਾਂ ਦੇ ਚਿਰਾਗ ਬੁੱਝ ਗਏ ਤੇ 5 ਲੋਕ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਹਨ। ਧਮਾਕੇ ਦੇ 4 ਦਿਨ ਮਗਰੋਂ ਰਾਹਤ ਕਰਮਚਾਰੀਆਂ ਨੇ ਕਾਫ਼ੀ ਜੱਦੋ-ਜਹਿਦ ਦੇ ਬਾਅਦ ਰਾਤ 7ਵੇਂ ਲਾਪਤਾ ਕਰਮਚਾਰੀ ਦੀ ਵੀ ਲਾਸ਼ ਲੱਭ ਲਈ ਹੈ। ਪਾਵਰ ਪਲਾਂਟ ਦੀ ਬੇਸਮੈਂਟ ਦੀ 9ਵੀਂ ਮੰਜ਼ਿਲ ਵਿੱਚ ਹੋਏ ਧਮਾਕੇ ਕਾਰਨ ਕਈ ਤਰ੍ਹਾਂ ਦੇ ਪਏ ਪਦਾਰਥ ਫੱਟ ਗਏ ਜਿਹਨਾਂ ਵਿੱਚੋਂ ਲੀਕ ਹੋਈਆ ਤੇਲ ਲੁਬਰੀਕਿੰਟ ਪਾਣੀ ਉਪੱਰ ਫੈਲ ਗਿਆ ਤੇ ਬੇਸਮੈਂਟ ਦੀ 8 ਮੰਜ਼ਿਲ ਪੂਰੀ ਤਰ੍ਹਾਂ ਪਾਣੀ ਨਾਲ ਨੱਕੋ-ਨੱਕ ਭਰ ਗਈ ਜਿਸ ਦੇ ਚੱਲਦਿਆਂ ਰਾਹਤ ਕਰਮਚਾਰੀਆਂ ਨੂੰ ਇਸ ਹਾਦਸੇ ਵਿੱਚ ਫਸੇ ਕਰਮਚਾਰੀਆਂ ਨੂੰ ਬਾਹਰ ਲੱਭਣ ਵਿੱਚ ਬਹੁਤ ਹੀ ਪ੍ਰੇਸ਼ਾਨੀ ਦਾ ਸਾਹਮ੍ਹਣਾ ਕਰਨਾ ਪਿਆ। ਰਾਤ ਜਿਸ ਕਰਮਚਾਰੀ ਦੀ ਲਾਸ਼ ਮਿਲੀ ਹੈ ਉਸ ਦਾ ਨਾਮ ਵਿਚੈਂਸੋ ਗਰਜੀਲੋ (68) ਨਾਪੋਲੀ ਦਾ ਰਹਿਣ ਵਾਲਾ ਸੀ ਉਸ ਤੋਂ ਪਹਿਲਾਂ ਅਦਰੀਆਨੋ ਸਕੈਨਡਿਲਾਰੀ (57), ਪਾਉਲੋ ਕਜੀਰਾਘੀ (59), ਅਲਸਾਂਦਰੋ ਦ ਅਦਰੀਆ (36) ਮਾਰੀਓ ਪਿਸਾਨੀ (73), ਵਿਚੈਂਸੋ ਫਰਾਂਨਕੀਨਾ (35) ਤੇ ਪੇਤਰੋਨਿਲ ਪਾਵੇਲ ਤਨਾਜੇ (45) ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ। ਇਸ ਹਾਦਸੇ ਵਿੱਚ 1-2 ਕਰਮਚਾਰੀ ਬਿਲਕੁਲ ਸੁੱਰਖਿਅਤ ਵੀ ਬਚੇ ਹਨ ਕਿਉਂਕਿ ਜਦੋਂ ਧਮਾਕਾ ਹੋਇਆ ਤਾਂ ਉਹ ਫੁਰਤੀ ਨਾਲ ਪਾਵਰ ਪਲਾਂਟ ਵਿੱਚੋ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਏ। ਐਨਲ ਹਾਈਡ੍ਰੋਇਲੈਕਟ੍ਰਿਕ ਪਾਵਰ ਪਲਾਂਟ ਦੀ ਮੈਨੇਜ਼ਮੈਂਟ ਨੇ ਹਾਦਸੇ ਵਿੱਚ ਪੀੜਤ ਪਰਿਵਾਰਾਂ ਨੂੰ 20 ਲੱਖ ਯੂਰੋ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ 2021 ਤੱਕ ਇਟਲੀ ਭਰ ਵਿੱਚ ਅਜਿਹੇ 4,646 ਹਾਈਡ੍ਰੋਇਲੈਕਟ੍ਰਿਕ ਪਾਵਰ ਪਲਾਂਟ ਹਨ ਜਿਹੜੇ ਕਿ ਇਟਲੀ ਖਾਸਕਰ ਉੱਤਰੀ ਇਟਲੀ ਵਿੱਚ ਰਾਸ਼ਟਰੀ ਬਿਜਲੀ ਖਪਤ ਦੇ 14 ਫੀਸਦੀ ਤੋਂ ਵੱਧ ਹਿੱਸੇ ਨੂੰ ਸੰਭਾਲ ਦੇ ਹਨ। ਇਸ ਘਟਨਾ ਦੀ ਇਟਲੀ ਦੀਆਂ ਭਰਾਤਰੀ ਜੱਥੇਬੰਦੀਆਂ ਨੇ ਤਿੱਖੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਮਜ਼ਦੂਰਾਂ ਲਈ ਹੋਰ ਸੁੱਰਖਿਆ ਕਾਨੂੰਨ ਬਣਾਵੇ ਤਾਂ ਜੋ ਕੰਮਾਂ ਦੌਰਾਨ ਮਜਦੂਰਾਂ ਦੀਆਂ ਕੀਮਤੀ ਜਿੰਦਗੀਆਂ ਸੁੱਰਖਿਅਤ ਰਹਿ ਸਕਣ।



# ਫਲਸਤੀਨ ਦੀ ਅਜ਼ਾਦੀ ਲਈ ਅਮਰੀਕਾ ਵਿੱਚ ਫਲਸਤੀਨ ਪ੍ਰਦਰਸ਼ਨਕਾਰੀਆਂ ਵੱਲੋਂ ਮੁਜ਼ਾਹਰੇ

ਸ਼ਿਕਾਗੋ-ਅਮਰੀਕਾ ਦੇ ਇਲਿਨੋਇਸ, ਕੈਲੀਫੋਰਨੀਆ, ਨਿਊਯਾਰਕ ਤੇ ਦਿ ਪੈਸਿਫਿਕ ਨੌਰਥਵੈਸਟ ਵਿੱਚ ਫਲਸਤੀਨ ਪ੍ਰਦਰਸ਼ਨਕਾਰੀਆਂ ਨੇ ਬੀਤੇ ਦਿਨੀਂ ਸੜਕਾਂ ਜਾਮ ਕਰ ਦਿੱਤੀਆਂ ਜਿਸ ਨਾਲ ਦੇਸ਼ ਦੇ ਪ੍ਰਮੁੱਖ ਹਵਾਈ ਅੱਡਿਆਂ, ਗੋਲਡਨ ਗੇਟ ਤੇ ਬਰੁਕਲਿਨ ਪੁਲਾਂ ਅਤੇ ਹਮੇਸ਼ਾ ਵਿਅਸਤ ਰਹਿਣ ਵਾਲੇ ਵੈਸਟ ਕੋਸਟ ਸ਼ਾਹਰਾਹਾਂ ’ਤੇ ਅਸਥਾਈ ਤੌਰ ’ਤੇ ਆਵਾਜਾਈ ਬੰਦ ਹੋ ਗਈ। ਫਲਸਤੀਨ ਦੇ ਸਮਰਥਨ ਵਿੱਚ ਪ੍ਰਦਰਸ਼ਨਾਂ ਦੀ ਅਗਵਾਈ ਕਰ ਰਹੇ ਰਿਫਕਾ ਫਲਾਨੇਹ ਮੁਤਾਬਕ ਸ਼ਿਕਾਗੋ ਵਿੱਚ ਪ੍ਰਦਰਸ਼ਨਕਾਰੀਆਂ ਨੇ ਓਹਾਰੇ ਕੌਮਾਂਤਰੀ ਹਵਾਈ ਅੱਡੇ ਵੱਲ ਜਾਣ ਵਾਲੇ ਅੰਤਰਰਾਜੀ ਰਾਜਮਾਰਗਾਂ ਨੂੰ ਬੰਦ ਕਰ ਕੇ ਉੱਥੇ ਵਿਰੋਧ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਵਿਚੋਂ ਫਲਾਨੇਹ ਨੇ ਇਹ ਵੀ ਕਿਹਾ ਕਿ ਇਹ ਫਲਸਤੀਨ ਨੂੰ ਮੁਕਤ ਕਰਵਾਉਣ ਲਈ ਆਲਮੀ ਆਰਥਿਕ ਨਾਕੇਬੰਦੀ ਦਾ ਹਿੱਸਾ ਸੀ। ਪ੍ਰਦਰਸ਼ਨਕਾਰੀਆਂ ਨੇ ਸਾਂ ਫਰਾਂਸਿਸਕੋ ਖੇਤਰ ਦੇ ਗੋਲਡਨ ਗੇਟ ਬ੍ਰਿਜ ’ਤੇ ਸਾਰੇ ਵਾਹਨਾਂ, ਪੈਦਲ ਜਾ ਰਹੇ ਲੋਕਾਂ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ, ਜਿਸ ਕਰ ਕੇ ਇੱਥੇ ਕਈ ਘੰਟੇ ਆਵਾਜਾਈ ਠੱਪ ਰਹੀ। ਇਸੇ ਤਰ੍ਹਾਂ ਪ੍ਰਦਰਸ਼ਨਕਾਰੀਆਂ ਨੇ ਔਕਲੈਂਡ ਵਿੱਚ ਇੰਟਰਸਟੇਟ 880 ’ਤੇ ਪ੍ਰਦਰਸ਼ਨ ਕੀਤਾ।



# ਵਿਸਾਖੀ ਅਤੇ ਖਾਲ਼ਸਈ ਪਹਿਰੇਦਾਰੀ

ਸ. ਦਲਵਿੰਦਰ ਸਿੰਘ ਘੁੰਮਣ

"ਇਨਹੀ ਕੀ ਕਿਰਪਾ ਸੇ ਸਜੇ ਹਮ ਹੈਂ,
ਨਹੀਂ ਮੋਹ ਸੇ ਗਰੀਬ ਕਰੋਰ ਪਰੇ ॥੨॥



ਵਿਸਾਖੀ ਪੰਜਾਬ ਦੇ ਸਭਿਆਚਾਰਕ ਬਿੰਬ ਨੂੰ ਉਭਾਰਦੀ, ਨਿਖਾਰਦੀ, ਸੁਆਰਦੀ, ਪਸਾਰਦੀ ਹੈ। ਕਿਸਾਨ ਦੇ ਮੱਥੇ ਦੀਆਂ ਲਕੀਰਾਂ ਨੂੰ ਸੋਨ-ਰੰਗੀ ਕਰਦੀ ਹੈ। ਪੰਜਾਬ, ਪੰਜਾਬੀ, ਪੰਜਾਬੀਆਤ ਦੇ ਖਿੜਾ ਨੂੰ ਬਾਹਵਾਂ ਚੁੱਕ ਕੇ ਉਡਾਰੀ ਭਰਦੀ ਮਹਿਸੂਸ ਹੁੰਦੀ ਹੈ।

ਵਿਸਾਖੀ ਅਤੇ ਖਾਲਸੇ ਦੇ ਸਾਜਨਾ ਦਿਵਸ ਨੂੰ ਦੋ ਅਲੱਗ ਅਲੱਗ ਸੋਚਾਂ ਨਾਲ ਤੁਰਨਾ ਪਵੇਗਾ। ਦੋਵੇ ਸੋਚਾਂ ਹੀ ਸਮਾਨ ਅੰਤਰ ਬਰਾਬਰ ਆਪਣੇ ਆਪਣੇ ਅਕੀਦੇ ਦੀ ਪੂਰਤੀ ਕਰਦੀਆਂ ਅੱਗ ਵੱਧਦੀਆਂ ਹਨ। ਇੱਕੋ ਭਗੋਲਿਕ ਖਿੱਤੇ ਦੀ ਤਰਜਮਾਨੀ ਕਰਦੀਆਂ ਹੋਈਆਂ ਆਪਣੇ ਹਾਵ ਭਾਵਾਂ ਨੂੰ ਬੰਨਦੀਆਂ ਹਨ। ਵਿਸਾਖੀ ਦੇ ਦਿਹਾੜੇ, ਰੱਬ ਰੂਪੀ ਕਿਸਾਨ ਦੇ ਇਕ ਆਸ ਨੂੰ ਫਲ ਪ੍ਰਾਪਤੀ ਵੇਲੇ ਖੁਸ਼ੀ ਦੇ ਇਜ਼ਹਾਰ ਨੂੰ ਰੂਪਾਂਤਰ ਕਰਦੀ ਹੈ। ਆਪਣੀ ਔਲਾਦ ਵਾਂਗ ਵੱਧਦੀ ਫਸਲ ਵੇਖ ਕਿਸਾਨ ਦੇ ਅੰਦਰੂਨੀ ਖੁਸ਼ੀ ਖੇੜਿਆਂ ਦੀ ਇਕ ਛਿਮਾਹੀ ਵੰਣਗੀ ਹੈ। ਕਿਸਾਨ ਦੀ ਫਸਲ ਦਾ ਪਹਿਲਾ ਪੀਪਾ ਜਾਂ ਬੋਰੀ ਗੁਰੂਘਰ ਦੇ ਨਾਂ ਤੇ ਵੱਖਰਾ ਰੱਖਣਾ ਉਸ ਦੇ ਅਸੀਮ ਰੱਜੇ ਇੰਨਸਾਨ ਦੀ ਨਿਸ਼ਾਨੀ ਹੈ। ਭੁੱਖੇ ਨੂੰ ਰੱਜ ਕੇ ਸੌਣ ਦੇ ਹਾਮੀ ਦਾ ਸੰਬੋਲਿਕ ਦਿਹਾੜਾ ਹੈ। 13 ਮਾਰਚ ਨੂੰ ਸਿੱਖ ਕਲੰਡਰ ਦੀ ਸ਼ੁਰੂਆਤ ਦਾ ਪਹਿਲਾ ਵੱਡਾ ਤਿਉਹਾਰ ਹੈ। ਬਹੁਤ ਵੱਡੀ ਮਹੱਤਤਾ ਵਾਲੇ ਪਵਿੱਤਰ ਤਿਉਹਾਰ ਨੂੰ ਮਨਾਉਣ ਲਈ ਗੰਧਲਾ ਰੂਪ ਪੇਸ਼ ਕੀਤਾ ਜਾ ਰਿਹਾ ਹੈ। ਭਾਵੇ ਭਾਰਤ ਵਿੱਚ ਹਰ ਤਿਉਹਾਰ ਨੂੰ ਮਨਾਉਣਾ ਉਸ ਦੇ ਅਸਲ ਮੂਲ ਤੋ ਪਿਛਾੜਿਆ ਜਾ ਰਿਹਾ ਹੈ। ਪਰ ਖਾਸ ਕਰਕੇ ਵਿਸਾਖੀ ਅਤੇ ਖਾਲਸੇ ਦੇ ਸਿਰਜ਼ਨਾਂ ਦਿਹਾੜੇ ਉਪਰ ਜੂਆ, ਸ਼ਰਾਬਾਂ ਕਬਾਬਾਂ ਸਮੇਤ ਅਨੇਕਾਂ ਹੋਰ ਗੈਰ-ਸਭਿਅਕ ਕੰਮਾਂ ਵਿੱਚ ਵਾਧਾ ਹੋ ਰਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਵੱਲੋ ਇਸ ਦਿਹਾੜੇ ਨੂੰ ਸਿੱਖੀ ਦੇ ਪਹਿਲੇ ਗੁਰੂ ਜਾਮੇ ਤੋ ਲੈ ਕੇ ਗੁਰੂ ਗ%ਥ ਸਾਹਿਬ ਦੀ ਰਹਿਨੁਮਾਈ ਹੇਠ ਜਨਮ ਦਿਹਾੜੇ ਵੱਜੋ ਸ਼ੁਰੂਆਤ ਕਰਨਾ ਸੀ। ਗੁਰੂ ਸਾਹਿਬ ਵੱਲੋ ਖਾਲਸੇ ਦੀ ਸਥਾਪਨਾ ਦਾ ਟੀਚਾ ਧਰਮ ਅਤੇ ਧਾਰਮਿਕਤਾ ਦੇ ਅਦਰਸ਼ਾ ਲਈ ਪੂਰੇ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਵਿੱਚ ਖਾਲਸਾ ਪੰਥ ਦੇ ਸਾਜ਼ਨਾ ਦਿਵਸ ਲਈ ਇਸੇ ਦਿਹਾੜੇ ਨੂੰ ਚੁਣ ਕੇ " ਸੱਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗ%ਥ " ਦੇ ਹੁਕਮ ਨਾਲ ਦੂਜੀਆਂ ਕੌਮਾਂ ਦੇ ਬਰਾਬਰ ਇਕ ਵਿਲੱਖਣਤਾ ਨੂੰ ਪੇਸ਼ ਕਰਦੀ ਸਿੱਖ ਕੌਮ ਨੂੰ ਸਰਬੱਤ ਦਾ ਭਲਾ ਕਰਨ ਲਈ ਸੰਦੇਸ਼ ਦਿੱਤਾ। ਗਰੀਬ ਗੁਰਬੇ, ਦੱਬੇ ਕੁਚਲੇ, ਨਿਆਸਰੇ, ਨਿਥਾਂਵੇਆਂ ਨੂੰ ਜਾਤੀ ਵਿਤਕਰੇ ਰਹਿਤ ਕਿਰਤ ਕਰੋ, ਨਾਮ ਜੱਪੋ, ਵੰਡ ਛੱਕੋ ਦਾ ਸਿਧਾਂਤ ਬਖਸ਼ਿਆ। ਜਿਸ ਵਿੱਚ ਨਿਰਭਉ, ਨਿਰਵੈਰਤਾ ਨਾਲ ਉਤਮ ਜੀਵਨ ਬਸਰ ਕਰਨ ਦੀ ਇਕਲਾਖੀ ਰਹਿਣੀ ਬਹਿਣੀ ਦਾ ਮੁਦਈ ਬਣਾਇਆ। ਗੁਰੂ ਸਾਹਿਬ ਨੇ ਆਪਣੇ ਇੰਨਸਾਨੀ ਜਾਮੇ ਵਿੱਚ ਹਰ ਪੱਖ ਤੋ ਇਕ ਮਨੁੱਖ ਨੂੰ ਸਮਰੱਥ ਬਣਾਉਣ ਲਈ ਆਪਣੇ ਵੱਖ ਵੱਖ ਰੂਪਾਂ ਵਿੱਚ ਵਿਆਕਤੀਗਤ ਉਦਾਹਰਣਾ ਦੇਣ ਲਈ ਆਪਣੀ ਜੀਵਨ ਦੀਆਂ ਕੁਰਬਾਨੀਆਂ ਤੱਕ ਦਿੱਤੀਆਂ। ਬਹੁਤ ਵੱਡਾ ਅਤੇ ਔਖਾ ਕੌਮੀ ਸਫਰ ਰਿਹਾ ਹੈ। ਅੱਜ ਵੀ ਕੌਮੀ ਮਾਰਗ ਦੇ ਪੈਂਡੇ ਔਖੀਆਂ ਰਾਹਾਂ ਤੇ ਹਨ। ਧਰਮ ਉਪਰ ਰਾਜਨੀਤੀ ਦਾ ਕੁੰਡਾ ਹੋ ਗਿਆ ਹੈ। ਜਿਸ ਨਾਲ ਨਿਘਾਰਤਾ ਵਧੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਗੁਰਬਾਣੀ ਦੀ ਰਚਨਾ ਕੀਤੀ। ਫਾਰਸੀ ਵਿੱਚ ਲਿਖਿਆ ਜ਼ਫਰਨਾਮਾ ਉਹਨਾਂ ਦੀ ਮੁਗਲੀਆ ਸਲਤਨਤ ਨੂੰ ਵੰਗਾਰਦੀ ਉਤਮ ਰਚਨਾ ਸੀ। ਯੁੱਧ, ਧਰਮ, ਨੈਤਿਕਤਾ ਅਤੇ ਨਿਆਂ ਅਧਾਰਿਤ ਲਿਖਿਆ ਜ਼ਫਰਨਾਮਾ ਔਰੰਗਜੇਬ ਦੀ ਜ਼ਮੀਰ ਨੂੰ ਹਲੂਣਾ ਦੇ ਗਿਆ। ਕਲਮ ਦੀ ਤਾਕਤ ਦਾ ਸਾਨੂੰ ਅੰਦਾਜ਼ਾ ਲੱਗ ਜਾਣਾ ਚਾਹਿਦਾ ਹੈ ਕਿ ਕਿਸੇ ਧਰਮ, ਸਭਿਆਚਾਰ ਵਿੱਚ ਲਿਖਣਾ ਅਤੇ ਪੜਣਾ ਕਿਨਾਂ ਮਹੱਤਵ ਰੱਖਦਾ ਹੈ।

ਬਵੰਜ਼ਾ ਕਵੀਆਂ ਦਾ ਸਾਹਿਤਕ ਮੰਡਲ ਉਹਨਾਂ ਦੇ ਦਰਬਾਰ ਦਾ ਸ਼ਿੰਗਾਰ ਸੀ। ਗੁਰੂ ਸਾਹਿਬ ਨੇ ਜਿੰਨਾਂ ਸਿੱਖੀ ਨੂੰ ਸ਼ਬਦ ਨਾਲ ਜੋੜਿਆ ਗਿਆ। ਉਹ ਉਹਨਾਂ ਹੀ ਪੜਣ, ਲਿਖਣ ਤੋ ਦੂਰ ਹੋ ਗਿਆ। ਸ਼ਬਦ, ਅੱਖਰ ਤੋ ਬਣਾਈ ਦੂਰੀ ਆਪਣੇ ਆਪ ਤੋ ਮੁਨਕੱਰ ਹੋਣ ਬਰਾਬਰ ਹੈ। ਸਿੱਖ ਧਰਮ ਦੀ ਵਿਕਾਸ ਅਤੇ ਪਸਾਰ ਬਿਰਤੀ ਸੱਭ ਧਰਮਾਂ ਤੋ ਵੱਖਰੀ ਸਹਿਜ ਅਵਸਥਾ ਹੈ ਜੋ ਬਹੁਤ ਸੂਖਮਤਾ ਨਾਲ ਫੈਲਦੀ ਹੈ। ਅਤੇ ਆਪਣੇ ਮੂਲ ਅਧਾਰ ਦੇ ਆਲੇ ਦੁਆਲੇ ਰਹਿੰਦੀ ਹੈ। ਕਿੰਨੀ ਵੀ ਵਿਗਿਆਨ ਦਾ ਪਸਾਰਾ ਬਣ ਜਾਵੇ। ਪਰ ਗੁਰਬਾਣੀ ਵਿੱਚ ਸਦੀਆਂ ਪਹਿਲਾਂ, ਪਤਾਲਾਂ ਪਤਾਲ ਲੱਖ ਅਗਾਸਾਂ ਦੀ ਰੂਹਾਨੀ ਖੋਜ਼ ਦਰਜ਼ ਹੈ।

ਧਰਮਾਂ, ਕੌਮਾਂ ਉਪਰ ਸਮੇ ਸਮੇ ਸੰਕਟ ਦੇ ਬੱਦਲ ਛਾ ਜਾਦੇ ਹਨ। ਦੁਨਿਆਵੀ ਪਦਾਰਥੀ ਝੱਖੜਾ ਦਾ ਬੋਲਬਾਲਾ ਵੱਧ ਜਾਦਾ ਹੈ ਕੁਝ ਸਮਾਂ ਇਵੇ ਦਾ ਵੀ ਆਇਆ ਕਿ ਸਾਰੀ ਸਿੱਖ ਕੌਮ ਖਤਮ ਹੋ ਗਈ ਦੇ ਐਲਾਨ ਵੀ ਹੋ ਗਏ। ਕੁਝ ਕੁ ਹਜ਼ਾਰਾ ਦੀ ਗਿਣਤੀ ਹੀ ਰਹਿ ਗਈ। ਪਰ ਭਾਈ ਗਰਜ਼ਾ ਸਿੰਘ, ਭਾਈ ਬੋਤਾ ਸਿੰਘ ਨੇ ਲਕੀਰ ਖਿੱਚ ਕੇ ਲਾਏ ਨਾਕਿਆ ਨਾਲ ਆਪਣੀ ਹੋਂਦ ਨੂੰ ਦਰਸਾਉਦੀਆਂ ਮਿਸਾਲਾਂ ਕਾਇਮ ਹੋਈਆਂ। ਇਸ ਕੌਮ ਦਾ ਸੱਭ ਤੋ ਵੱਧ ਨਰਸੰਘਾਰ ਹੋਇਆ ਜੋ ਲਗਾਤਾਰ ਬਦਲਵੇਂ ਰੂਪ ਜਾਰੀ ਹੈ ਪਰ ਸਿੱਖਾਂ ਦੀ ਜਿਉਣ ਸਕਤੀ ਦਾ ਸੋਮਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਵਿੱਚ ਪਿਆ ਹੈ ਜੋ ਇਸ ਦੇ ਪਸਾਰ ਨੂੰ ਰੋਕਣ ਦੇ ਯਤਨਾਂ ਨੂੰ ਰੋਕਦੀ ਹੀ ਨਹੀ ਸਗੋ ਨੰਗਾ ਵੀ ਕਰਦੀ ਹੈ। ਵਿਸ਼ਵ ਦੇ ਸਭ ਤੋਂ ਗਤੀਸ਼ੀਲ ਅਤੇ ਪ੍ਰਗਤੀਸ਼ੀਲ ਧਰਮਾਂ ਵਿੱਚੋਂ ਇੱਕ ਸਿੱਖ ਧਰਮ ਹੈ। ਦੁਨਿਆਂ ਦੇ ਸੱਭ ਧਰਮਾਂ ਵਿੱਚੋ ਸਰਬੱਤ ਦੇ ਭਲੇ ਦੀ ਅਰਦਾਸ ਦਾ ਅਲੰਮਦਾਰੀ ਧਰਮ ਹੈ।

ਗੁਰੂ ਜੀ ਵੱਲੋਂ ਪੰਜ ਪਿਆਰਿਆਂ ਦੇ ਸਿਰ ਮੰਗਣਾ ਧਰਮ ਦੀਆਂ ਨੀਹਾਂ ਨੂੰ ਪੱਕੇ ਪੈਰੀ ਕਰਨਾ ਸੀ।

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥"

ਮਰਨਾ ਕੁਦਰਤੀ ਵਰਤਾਰਾ ਹੈ ਜੋ ਸ਼ੁਰੂ ਜਨਮ ਤੋ ਹੁੰਦਾ ਹੈ ਅਤੇ ਖਤਮ ਮੌਤ ਨਾਲ ਹੋਣਾ ਹੈ। ਮਨੁੱਖੀ ਕਦਰਾਂ ਕੀਮਤਾਂ ਉਸ ਨਿਰਭਉ ਨਿਰਵੈਰ ਦੇ ਸੰਕਲਪ ਵਿੱਚੋ ਪੈਦਾ ਹੋਈਆਂ ਹਨ। ਧਰਮ ਦੀ ਸਾਦਗੀ ਸਮੇ ਨਾਲ ਆਪਣੀਆਂ ਲੋੜ ਅਨੁਸਾਰ ਵਿਕਾਸ, ਪਸਾਰ ਨਾਲ ਮੂਲ ਸਿਧਾਂਤ ਤੋ ਪਰਾਂਹ ਨਹੀ ਹੁੰਦੀ।

ਗੁਰੂ ਗੋਬਿੰਦ ਸਿੰਘ ਜੀ ਨੇ ਪਹੁਲ ਛਕਾਉਣ ਵੇਲੇ ਕਿਹਾ,

"ਖ਼ਾਲਸਾ ਮੇਰੋ ਰੂਪ ਹੈ ਖ਼ਾਸ ਖ਼ਾਲਸੇ ਮਹਿ ਹੌ ਕਰੌ ਨਿਵਾਸ ॥"

ਅਤੇ "ਖ਼ਾਲਸਾ ਗੁਰੂ ਹੈ ਅਤੇ ਗੁਰੂ ਖ਼ਾਲਸਾ ਹੈ।"

ਗੁਰੂ ਜੀ ਆਪ ਪੰਜ ਪਿਆਰੇ ਸਾਹਿਬਾਨ ਤੋ ਅਮ੍ਰਿਤ ਛੱਕ ਕੇ ਉਚ-ਨੀਚ, ਗੁਰੂ-ਚੇਲੇ ਦਾ ਵਿਖਰੇਵਾਂ ਖਤਮ ਕਰਦੇ ਹਨ। ਆਪਣੇ ਸਜ਼ੇ ਹੋਏ ਖਾਲਸਾ ਲਈ ਹੁਕਮ ਵੀ ਮੁਕੱਰਰ ਕਰਦੇ ਹਨ,

ਜਬ ਇਹ ਗਹੈ ਬਿਪ੍ਰਨ ਕੀ ਰੀਤ ॥
ਮੈਂ ਨ ਕਰਉਂ ਇਨਕੀ ਪ੍ਰਤੀਤ ॥

ਗੁਰੂ ਜੀ ਬਿਪਰਵਾਦ ਦਾ ਵਿਰੋਧ ਕਰਦੇ ਹਨ। ਇਸ ਲਈ ਗੁਰੂ ਦੇ ਸਿੱਖ ਵਿੱਚ ਮਨੁੱਖਤਾ ਦੇ ਹਿੱਤ ਪੂਰਤੀ ਲਈ ਦਵੈਸ਼ ਭਾਵਨਾ, ਭਿੰਨ ਭੇਦ, ਵਿਤਕਰਾ ਦੇ ਮੁਹਾਂਦਰੇ ਨੂੰ ਨਕਾਰਿਆ। ਇਸੇ ਲਈ ਗੁਰੂ ਜੀ ਨੇ ਆਪਣੀ ਸਰਵਿਆਪੀ ਹੋਂਦ ਨੂੰ ਹਰ ਸਿੱਖ ਵਿੱਚ ਮੌਜੂਦ ਦੱਸਿਆ।

"ਖ਼ਾਲਸਾ ਮੇਰੋ ਰੂਪ ਹੈ ਖ਼ਾਸ ਖ਼ਾਲਸੇ ਮਹਿ ਹੌ ਕਰੌ ਨਿਵਾਸ ॥"

ਆਉ ਸਾਰੀ ਦੁਨਿਆਂ ਵਿੱਚ ਚੰਗੇ ਲਈ ਅਰਦਾਸ ਕਰੀਏ। ਮਨੁੱਖਤਾ ਦੇ ਹੱਕਾਂ ਦੀ ਪਹਿਰੇਦਾਰੀ ਕਰੀਏ।

*dalvindersinghghuman@gmail.com*





ਭਾਰਤ ਦੇ ਕਿਸਾਨ ਆਲਸੀ ਨਾ ਬਣਨ। ਅੱਗ ਲਾ ਕੇ ਵਾਤਾਵਰਣ ਖਰਾਬ ਨਾ ਕੀਤਾ ਜਾਵੇ। ਵਾਤਾਵਰਣ ਖਰਾਬ ਹੋਣ ਨਾਲ ਲੋਕ ਬਿਮਾਰ ਹੁੰਦੇ ਨੇ ਤੇ ਲੱਖਾਂ ਰੁਪਏ ਬਿਮਾਰੀਆਂ ਦੇ ਇਲਾਜ ਲਈ ਖਰਚ ਹੋ ਜਾਂਦੇ ਹਨ। ਉਹਨਾਂ ਨੂੰ ਸਮਝਾਇਆ ਜਾਵੇ ਕਿ ਅੱਗ ਨਾ ਲਾਓ, ਸਰਕਾਰਾਂ ਵੀ ਅੱਗ ਲਾਉਣ ਵਾਲਿਆਂ ਤੇ ਸਖਤੀ ਕਰਕੇ ਰੋਕਣ ਅਤੇ ਕਿਸਾਨਾਂ ਨੂੰ ਇਸ ਦਾ ਬਦਲਵਾਂ ਪ੍ਰਬੰਧ ਮੁਹੱਈਆ ਕੀਤਾ ਜਾਵੇ।

# ਅਮਰੀਕਾ ਦੀ ਰਾਈਟ ਸਟੇਟ ਯੂਨੀਵਰਸਿਟੀ 'ਚ ਮਨਾਇਆ ਨਵਾਂ ਸਾਲ ਅਤੇ ਵਿਸਾਖੀ, ਸਜਾਈਆਂ ਗਈਆਂ ਦਸਤਾਰਾਂ

## ✪ ਯੂਨੀਵਰਸਿਟੀ ਵਿਖੇ "ਸਿੱਖ ਨਿਊ ਯੀਅਰ ਐਂਡ ਹਾਰਵੈਸਟ ਫੈਸਟੀਵਲ, ਵਿਸਾਖੀ" ਦਾ ਆਯੋਜਨ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਸੂਬੇ ਓਹਾਇਓ ਦੇ ਵਿਸ਼ਵ ਪ੍ਰਸਿੱਧ ਸ਼ਹਿਰ ਡੇਟਨ ਸਥਿਤ ਰਾਈਟ ਸਟੇਟ ਯੂਨੀਵਰਸਿਟੀ ਦੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਸਿੱਖਾਂ ਦੇ ਨਵੇਂ ਸਾਲ, ਖਾਲਸਾ ਸਾਜਨਾ ਦਿਵਸ ਅਤੇ ਵਾਢੀ ਦੇ ਤਿਉਹਾਰ ਵਿਸਾਖੀ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ "ਸਿੱਖ ਨਿਊ ਯੀਅਰ ਐਂਡ ਹਾਰਵੈਸਟ ਫੈਸਟੀਵਲ - ਵਿਸਾਖੀ" ਆਯੋਜਤ ਕੀਤਾ ਗਿਆ। ਇਸ ਦੇ ਆਯੋਜਨ ਵਿੱਚ ਯੂਨੀਵਰਸਿਟੀ ਦੇ ਸਾਬਕਾ ਸਿੱਖ ਵਿਦਿਆਰਥੀਆਂ, ਸਿੱਖ ਸੋਸਾਇਟੀ ਆਫ ਡੇਟਨ ਅਤੇ ਸਿਨਸਿਨਾਟੀ ਦੇ ਸਿੱਖ ਭਾਈਚਾਰੇ ਨੇ ਸਹਿਯੋਗ ਕੀਤਾ ਅਤੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਯੂਨੀਵਰਸਿਟੀ ਦੇ ਇੰਜਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਅਤੇ ਸਿੱਖ ਸਟੂਡੈਂਟ ਐਸੋਸੀਏਸ਼ਨ ਦੇ ਸਲਾਹਕਾਰ ਡਾ. ਕੁਲਦੀਪ ਸਿੰਘ ਰਤਨ ਨੇ ਮਹਿਮਾਨਾਂ ਦਾ ਉਦਘਾਟਨੀ ਭਾਸ਼ਨ ਨਾਲ ਨਿੱਘਾ ਸੁਆਗਤ ਕੀਤਾ ਅਤੇ ਯੂਨੀਵਰਸਿਟੀ ਵਿੱਚ ਸੱਭਿਆਚਾਰਕ ਜਾਗਰੂਕਤਾ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਇਸ ਸਮਾਗਮ ਦੇ ਆਯੋਜਨ ਲਈ ਪ੍ਰਧਾਨ ਹਰਸ਼ਦੀਪ ਸਿੰਘ ਦੀ ਅਗਵਾਈ ਵਿੱਚ ਐਸੋਸੀਏਸ਼ਨ ਦੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। $ਉਹਨਾਂ ਦੱਸਿਆ ਕਿ ਸਿੱਖ ਕੈਲੰਡਰ 'ਚ ਨਵੇਂ ਸਾਲ ਦੀ ਸ਼ੁਰੂਆਤ 14 ਮਾਰਚ ਨੂੰ ਚੇਤ ਮਹੀਨੇ ਨਾਲ ਹੋਈ। ਇਸੇ ਤਰਾਂ ਸਿੱਖ ਕੈਲੰਡਰ ਦੇ ਸਭ ਤੋਂ ਮਹੱਤਵਪੂਰਨ ਦਿਨਾਂ ਵਿੱਚੋਂ ਵਿਸਾਖੀ, ਦੂਜੇ ਮਹੀਨੇ ਵੈਸਾਖ ਦੇ ਪਹਿਲੇ ਦਿਨ (13 ਅਪ੍ਰੈਲ 2024) ਨੂੰ ਮਨਾਇਆ ਜਾਵੇਗੀ। ਇਹ ਪੰਜਾਬ ਵਿੱਚ ਵਾਢੀ ਦਾ ਤਿਉਹਾਰ ਹੈ ਅਤੇ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕੀਤੀ ਸੀ।ਸਮਾਗਮ ਦੇ ਮੁੱਖ ਬੁਲਾਰੇ ਯੂਨੀਵਰਸਿਟੀ ਵਿੱਚ ਧਰਮ ਦੇ ਵਿਸ਼ੇ ਦੇ ਪ੍ਰੋਫੈਸਰ ਡਾ. ਵੈਲਰੀ ਸਟੋਕਰ ਨੇ ਸਿੱਖ ਧਰਮ, ਇਤਿਹਾਸ ਅਤੇ ਵਿਸਾਖੀ ਦੀ ਮਹੱਤਤਾ ਬਾਰੇ ਗਿਆਨ ਭਰਪੂਰ ਜਾਣਕਾਰੀ ਦਿੱਤੀ ਜਿਸ ਵਿੱਚ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ, ਗੁਰਬਾਣੀ ਕੀਰਤਨ, ਖਾਲਸੇ ਦੀ ਸਾਜਨਾ, ਪੰਜ ਪਿਆਰੇ, ਕਕਾਰ, ਅਤੇ ਲੰਗਰ ਵਰਗੇ ਵਿਸ਼ੇ ਸ਼ਾਮਲ ਸਨ। ਉਹਨਾਂ ਮੌਂਟਰੀਅਲ ਕੈਨੇਡਾ ਦੇ ਗੁਰਦੁਆਰੇ ਵਿੱਚ ਲੰਗਰ ਛਕਣ ਦਾ ਆਪਣਾ ਨਿੱਜੀ ਤਜਰਬਾ ਸਾਂਝਾ ਕਰਦੇ ਹੋਏ ਸਿੱਖ ਜੀਵਨ ਢੰਗ ਵਿੱਚ ਸਮਾਨਤਾ ਅਤੇ ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ। ਉਹਨਾਂ ਕਿਹਾ ਕਿ ਸਿੱਖਾਂ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਸਣੇ ਦੁਨੀਆਂ ਭਰ 'ਚ ਮੁਫਤ ਭੋਜਨ (ਲੰਗਰ) ਦੀ ਸੇਵਾ ਕਰਕੇ ਹਰ ਰੋਜ਼ ਲੱਖਾਂ ਲੋਕਾਂ ਨੂੰ ਖਾਣਾ ਖਵਾਇਆ ਜਾ ਰਿਹਾ ਹੈ।

ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਸਮੀਪ ਸਿੰਘ ਗੁਮਟਾਲਾ ਅਨੁਸਾਰ ਅਮਰੀਕਾ ਵਿੱਚ 11 ਸਤੰਬਰ (9/11) ਦੇ ਹਮਲਿਆਂ ਤੋਂ ਬਾਦ ਇਹ ਸਮਾਗਮ ਪਹਿਲੀ ਵਾਰ ਅਪ੍ਰੈਲ 2003 ਵਿੱਚ ਯੂਨੀਵਰਸਿਟੀ ਵਿਖੇ ਆਯੋਜਿਤ ਕੀਤਾ ਗਿਆ ਸੀ। ਅਜਿਹੇ ਸਮਾਗਮਾਂ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਆਏ ਹੋਏ ਮਹਿਮਾਨਾਂ ਨੂੰ ਸਿੱਖਾਂ ਅਤੇ ਇਹਨਾਂ ਦੀ ਵੱਖਰੀ ਪਛਾਣ ਬਾਰੇ ਜਾਗਰੂਕ ਕਰਨ ਸਣੇ ਸਿੱਖਾਂ ਦੇ ਗੌਰਵ ਮਈ ਵਿਰਸੇ ਤੋਂ ਜਾਣੂ ਕਰਾਉਣਾ ਹੈ। ਯੂਨੀਵਰਸਿਟੀ ਦੇ ਵਿਦਿਆਰਥੀ ਹਰਸ਼ਦੀਪ ਸਿੰਘ, ਜੈਸਮੀਨ ਕੌਰ, ਗੁਰਲੀਨ ਕੌਰ, ਹਰਸੀਰਤ ਕੌਰ, ਗਗਨ ਕੌਰ ਅਤੇ ਹਿਮਾਨੀ ਨਾਰੰਗ ਨੇ ਹਰਿਮੰਦਰ ਸਾਹਿਬ, ਕੇਸ਼ ਦੀ ਮਹੱਤਤਾ, ਅਤੇ ਸਿੱਖ ਕੈਲੰਡਰ ਅਤੇ ਸਿੱਖ ਧਰਮ ਸੰਬੰਧੀ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿਚ ਔਰਤ ਦਾ ਸਥਾਨ, ਸੇਵਾ ਦਾ ਸੰਕਲਪ, ਭਾਰਤ ਦੀ ਅਜ਼ਾਦੀ, ਵਿਸ਼ਵ ਜੰਗਾਂ ਤੇ ਅਮਰੀਕਾ ਦੀ ਫੌਜ 'ਚ ਸਿੱਖਾਂ ਦਾ ਯੋਗਦਾਨ ਅਤੇ ਵਿਆਹ ਤੇ ਤਿਉਹਾਰਾਂ ਨੂੰ ਦਰਸਾਉਂਦੀ ਹੋਈ ਇਕ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ ਤਸਵੀਰਾਂ ਤੇ ਪੋਸਟਰਾਂ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸੰਬੰਧਤ ਪੁਸਤਕਾਂ, ਕੜੇ, ਹਰਮੋਨੀਅਮ, ਦਿਲਰੂਬਾ, ਰਬਾਬ ਅਤੇ ਤਬਲੇ ਸਣੇ ਸੰਗੀਤ ਦੇ ਸਾਜ਼ ਵੀ ਪ੍ਰਦਰਸ਼ਿਤ ਕੀਤੇ ਗਏ।



# ਪੱਤਰਕਾਰ ਭਾਈਚਾਰੇ ਵਲੋਂ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ

## ✪ ਢਾਹਾਂ ਕਲੇਰਾਂ ਦੇ ਸਿਹਤ ਤੇ ਸਿੱਖਿਆ ਸੇਵਾਵਾਂ ਦੀ ਸ਼ਲਾਘਾ



ਢਾਹਾਂ ਕਲੇਰਾਂ ਵਿਖੇ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕਰਦੇ ਹੋਏ ਪੰਜਾਬ ਐਂਡ ਚੰਡੀਗਡ ਜਰਨਲਿਸਟ ਯੂਨੀਅਨ ਤੇ ਨੁਮਾਇੰਦੇ

ਬੰਗਾ-ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਬੈਨਰ ਹੇਠ ਡਾ. ਕੁਲਵਿੰਦਰ ਸਿੰਘ ਢਾਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਉਹਨਾਂ ਦੀਆਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਬੈਨਰ ਹੇਠ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ।

ਯੂਨੀਅਨ ਦੇ ਸੂਬਾਈ ਆਗੂ ਇੰਜ. ਹਰਮੇਸ਼ ਵਿਰਦੀ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਜਸਬੀਰ ਸਿੰਘ ਨੂਰਪੁਰ ਨੇ ਕਿਹਾ ਕਿ ਜਿੱਥੇ ਉਕਤ ਟਰੱਸਟ ਸਮਾਜ ਅੰਦਰ ਰਿਆਇਤੀ ਦਰਾਂ 'ਤੇ ਵਧੀਆਂ ਸੇਵਾਵਾਂ ਨਿਭਾਉਣ ਲਈ ਵਿਲੱਖਣ ਪਛਾਣ ਰੱਖਦਾ ਹੈ ਉੱਥੇ ਇਸ ਟਰੱਸਟ ਨਾਲ ਜੁੜੀਆਂ ਡਾ. ਕੁਲਵਿੰਦਰ ਸਿੰਘ ਢਾਹਾਂ ਵਰਗੀਆਂ ਸਮਰਪਿਤ ਸੇਵਾਵਾਂ ਵਾਲੀਆਂ ਸਖਸ਼ੀਅਤਾਂ ਸਤਿਕਾਰ ਦੀਆਂ ਪਾਤਰ ਹਨ। ਇਸ ਮੌਕੇ ਪੱਤਰਕਾਰ ਭਾਈਚਾਰੇ ਵਲੋਂ ਦਿੱਤੇ ਸਨਮਾਨ ਲਈ ਧੰਨਵਾਦ ਕਰਦਿਆਂ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਵਲੋਂ ਅਦਾਰੇ ਦੀਆਂ ਸੇਵਾਵਾਂ ਦੇ ਪ੍ਰਚਾਰ ਪਸਾਰ ਲਈ ਸਦਾ ਨਿੱਘਾ ਸਹਿਯੋਗ ਰਿਹਾ ਹੈ। ਇਸ ਮੌਕੇ ਯੂਨੀਅਨ ਦੀ ਸਥਾਨਕ ਇਕਾਈ ਦੇ ਪ੍ਰਧਾਨ ਸੰਜੀਵ ਭਨੋਟ ਅਤੇ ਜਨਰਲ ਸਕੱਤਰ ਪ੍ਰਵੀਰ ਅੱਬੀ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਚਾਲੀ ਸਾਲ ਦੇ ਸ.ਫਲ ਸ.ਫਰ ਦੀ ਵਧਾਈ ਵੀ ਦਿੱਤੀ।

ਇਸ ਮੌਕੇ ਰਾਕੇਸ਼ ਆਰੋੜਾ, ਸੁਰਿੰਦਰ ਕਰਮ, ਨਵਕਾਂਤ ਭਰੋਮਜਾਰਾ, ਸੁਰਜੀਤ ਮਜਾਰੀ, ਨਰਿੰਦਰ ਮਾਹੀ, ਅਵਤਾਰ ਕਲੇਰ, ਰਾਜ ਮਜਾਰੀ, ਪ੍ਰਭਜੋਤ ਸਿੰਘ, ਅਮਿਤ ਹੰਸ ਤੋਂ ਇਲਾਵਾ, ਜੱਥੇਦਾਰ ਸਤਨਾਮ ਸਿੰਘ ਲਾਦੀਆਂ, ਦ.ਫਤਰ ਸੁਪਰਡੈਂਟ ਮਹਿੰਦਰ ਪਾਲ ਸਿੰਘ, ਮੀਡੀਆ ਸਲਾਹਕਾਰ ਏ ਆਰ.ਆਰ. ਐੱਸ. ਸੰਧੂ ਆਦਿ ਸ਼ਾਮਲ ਸਨ।